19-FEB-PAGE-1.qxd 2/18/2025 10:49 PM Page 1

ਬੁੱਧਵਾਰ, 19 ਫਰਵਰੀ, 2025
8 ਫੱਗਣ { ਨਾਨਕਸ਼ਾਹੀ 556 / ਬਿਕਰਮੀ 2081
ਜਿਲਦ/VOL. : 73
ਅੰਕ/NO. : 260

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • WEDNESDAY, 19 FEBRUARY, 2025 ਜਲੰਧਰ

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

## ਮੁੱਖ ਚੋਣ ਕਮਿਸ਼ਨਰ ਦੀ ਨਿਯੁਕਤੀ ਸੁਪਰੀਮ ਕੋਰਟ ਦੇ ਹੁਕਮਾਂ ਦੀ ਉਲੰਘਣਾ : ਰਾਹੁਲ

**ਨਵੀਂ ਦਿੱਲੀ** : ਕਾਂਗਰਸ ਆਗੂ ਰਾਹੁਲ ਗਾਂਧੀ ਨੇ ਕਿਹਾ ਹੈ ਕਿ ਨਵੇਂ ਮੁੱਖ ਚੋਣ ਕਮਿਸ਼ਨਰ ਦੀ ਚੋਣ ਸੰਬੰਧੀ ਫੈਸਲਾ ਅੱਧੀ ਰਾਤ ਨੂੰ ਲਏ ਜਾਣਾ ਪ੍ਰਧਾਨ ਮੰਤਰੀ ਤੇ ਗ੍ਰਹਿ ਮੰਤਰੀ ਲਈ ਨਿਰਾਦਰਯੋਗ ਤੇ ਅਪਮਾਨਜਨਕ ਹੈ ਅਤੇ ਉਹ ਵੀ ਉਦੋਂ ਜਦੋਂ ਚੋਣ ਦੇ ਪੂਰੇ ਅਮਲ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦਿੱਤੀ ਗਈ ਹੈ।

ਚੇਤੇ ਰਹੇ ਕਿ ਪ੍ਰਧਾਨ ਮੰਤਰੀ ਦੀ ਅਗਵਾਈ ਵਾਲੀ ਚੋਣ ਕਮੇਟੀ, ਜਿਸ ਵਿੱਚ ਲੋਕ ਸਭਾ 'ਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਵੀ ਸਨ, ਦੀ ਬੈਠਕ ਤੋਂ ਕੁਝ ਘੰਟਿਆਂ ਬਾਅਦ ਸਰਕਾਰ ਨੇ ਸੋਮਵਾਰ ਦੇਰ ਰਾਤ ਗਿਆਨੇਸ਼ ਕੁਮਾਰ ਨੂੰ ਨਵਾਂ ਚੋਣ ਕਮਿਸ਼ਨਰ ਨਿਯੁਕਤ ਕਰ ਦਿੱਤਾ ਸੀ। ਰਾਹੁਲ ਨੇ ਹਾਲਾਂਕਿ ਬੈਠਕ ਦੌਰਾਨ ਸੁਪਰੀਮ ਕੋਰਟ ਵਿੱਚ ਜਾਰੀ ਸੁਣਵਾਈ ਦੇ ਹਵਾਲੇ ਨਾਲ ਬੈਠਕ ਮੁਲਤਵੀ ਕਰਨ ਲਈ ਕਿਹਾ ਸੀ। ਰਾਹੁਲ ਨੇ ਬੈਠਕ ਦੌਰਾਨ ਅਸਹਿਮਤੀ ਨੋਟ ਵੀ ਦਰਜ ਕੀਤਾ।

ਰਾਹੁਲ ਨੇ ਐਕਸ 'ਤੇ ਇਕ ਪੋਸਟ ਵਿਚ ਕਿਹਾ—ਅਗਲੇ ਚੋਣ ਕਮਿਸ਼ਨਰ ਦੀ ਚੋਣ ਲਈ ਸੱਦੀ ਬੈਠਕ ਦੌਰਾਨ ਮੈਂ ਪ੍ਰਧਾਨ ਮੰਤਰੀ ਤੇ ਗ੍ਰਹਿ ਮੰਤਰੀ ਕੋਲ ਆਪਣਾ ਵਿਰੋਧ ਵੀ ਦਰਜ ਕੀਤਾ, ਜਿਸ ਵਿੱਚ ਲਿਖਿਆ ਸੀ : ਕਾਰਜਪਾਲਿਕਾ (ਸਰਕਾਰ) ਦੀ ਦਖਲਅੰਦਾਜ਼ੀ ਤੋਂ ਮੁਕਤ ਇੱਕ ਸੁਤੰਤਰ ਚੋਣ ਕਮਿਸ਼ਨ ਦਾ ਸਭ ਤੋਂ ਬੁਨਿਆਦੀ ਪਹਿਲੂ ਚੋਣ ਕਮਿਸ਼ਨਰ ਅਤੇ ਮੁੱਖ ਚੋਣ ਕਮਿਸ਼ਨਰ ● ਬਾਕੀ ਸਫ਼ਾ 2 'ਤੇ

### ਸੁਪਰੀਮ ਕੋਰਟ 'ਚ ਅੱਜ ਸੁਣਵਾਈ

**ਨਵੀਂ ਦਿੱਲੀ** : ਸੁਪਰੀਮ ਕੋਰਟ 2023 ਦੇ ਕਾਨੂੰਨ ਤਹਿਤ ਮੁੱਖ ਚੋਣ ਕਮਿਸ਼ਨਰ ਅਤੇ ਚੋਣ ਕਮਿਸ਼ਨਰਾਂ ਦੀਆਂ ਨਿਯੁਕਤੀਆਂ ਖਿਲਾਫ ਦਾਇਰ ਪਟੀਸ਼ਨਾਂ 'ਤੇ 19 ਫਰਵਰੀ ਨੂੰ ਤਰਜੀਹੀ ਆਧਾਰ 'ਤੇ ਸੁਣਵਾਈ ਕਰੇਗੀ।

ਐੱਨ ਜੀ ਓ ਐਸੋਸੀਏਸ਼ਨ ਫਾਰ ਡੈਮੋਕਰੇਟਿਕ ਰਿਫਾਰਮਜ਼ ਵੱਲੋਂ ਪੇਸ਼ ਵਕੀਲ ਪ੍ਰਸ਼ਾਂਤ ਭੂਸ਼ਣ ਨੇ ਜਸਟਿਸ ਸੂਰੀਆ ਕਾਂਤ ਅਤੇ ਜਸਟਿਸ ਐੱਨ ਕੋਟਿਸ਼ਵਰ ਸਿੰਘ ਦੀ ਬੈਂਚ ਨੂੰ ਦੱਸਿਆ ਕਿ ਸੰਵਿਧਾਨਕ ਬੈਂਚ ਵੱਲੋਂ 2023 ਵਿਚ ਸੁਣਾਏ ਫੈਸਲੇ, ਜਿਸ ਵਿੱਚ ਭਾਰਤ ਦੇ ਚੀਫ ਜਸਟਿਸ ਦੀ ਸ਼ਮੂਲੀਅਤ ਵਾਲੀ ਕਮੇਟੀ ਰਾਹੀਂ ਮੁੱਖ ਚੋਣ ਕਮਿਸ਼ਨਰ ਅਤੇ ਚੋਣ ਕਮਿਸ਼ਨਰਾਂ ਦੀ ਚੋਣ ਅਤੇ ਨਿਯੁਕਤੀ ਦਾ ਨਿਰਦੇਸ਼ ਦਿੱਤਾ ਗਿਆ ਸੀ, ਦੇ ਬਾਵਜੂਦ ਸਰਕਾਰ ਨੇ ਚੀਫ ਜਸਟਿਸ ਨੂੰ ਕਮੇਟੀ 'ਚੋਂ ਬਾਹਰ ਰੱਖਿਆ ਤੇ ਜਮਹੂਰੀਅਤ ਦਾ ਮਖੌਲ ਉਡਾਇਆ।

ਭੂਸ਼ਣ ਨੇ ਕਿਹਾ—ਇਹ ਮਾਮਲਾ 19 ਫਰਵਰੀ ਨੂੰ ਸੂਚੀਬੱਧ ਹੈ ਪਰ ਇਹ ਆਈਟਮ ਨੰਬਰ 41 ਵਜੋਂ ਸੂਚੀਬੱਧ ਹੈ। ਸਰਕਾਰ ਨੇ 2023 ਦੇ ਕਾਨੂੰਨ ਮੁਤਾਬਕ ਮੁੱਖ ਚੋਣ ਕਮਿਸ਼ਨਰ ਤੇ ਚੋਣ ਕਮਿਸ਼ਨਰ ਦੀ ਨਿਯੁਕਤੀ ਕੀਤੀ, ਪਰ ਸੰਵਿਧਾਨਕ ● ਬਾਕੀ ਸਫ਼ਾ 2 'ਤੇ

## ਟਰੱਕ ਨਾਲ ਟਕਰਾ ਕੇ ਬੱਸ ਡਰੇਨ 'ਚ ਡਿੱਗੀ, 5 ਮੌਤਾਂ

**ਫਰੀਦਕੋਟ/ਕੋਟਕਪੂਰਾ (ਐਲਿਗਜੈਂਡਰ ਡਿਸੂਜ਼ਾ/ ਗੁਰਪ੍ਰੀਤ ਸਿੰਘ ਬੇਦੀ/ ਰਛਪਾਲ ਭੁੱਲਰ, ਸ਼ਾਮ ਲਾਲ ਚਾਵਲਾ)**

ਮੰਗਲਵਾਰ ਸਵੇਰੇ ਫ਼ਰੀਦਕੋਟ-ਕੋਟਕਪੂਰਾ ਰੋਡ 'ਤੇ ਨਿਊ ਦੀਪ ਕੰਪਨੀ ਦੀ ਬੱਸ ਟਰੱਕ ਨਾਲ ਟਕਰਾਉਣ ਉਪਰੰਤ ਡਰੇਨ ਵਿੱਚ ਡਿੱਗਣ ਕਾਰਨ 5 ਸਵਾਰੀਆਂ ਦੀ ਮੌਤ ਹੋ ਗਈ, ਜਦਕਿ 30 ਜ਼ਖਮੀ ਹੋ ਗਈਆਂ।ਫਰੀਦਕੋਟ ਦੇ ਵਿਧਾਇਕ ਗੁਰਦਿੱਤ ਸਿੰਘ ਸੇਖੋਂ, ਡਿਪਟੀ ਕਮਿਸ਼ਨਰ ਵਿਨੀਤ ਕੁਮਾਰ ਅਤੇ ਐੱਸ ਐੱਸ ਪੀ ਡਾ ਪ੍ਰੱਗਿਆ ਜੈਨ ਤੁਰੰਤ ਮੌਕੇ 'ਤੇ ਪਹੁੰਚ ਕੇ ਜ਼ਖਮੀਆਂ ਨੂੰ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਤੇ ਹਸਪਤਾਲ ਪਹੁੰਚਾਇਆ।



ਮ੍ਰਿਤਕਾਂ ਵਿੱਚ ਕੇਂਦਰੀ ਵਿਦਿਆਲਿਆ ਸਕੂਲ ਦੀ ਅਧਿਆਪਕਾ ਸਿਮਰਦੀਪ ਕੌਰ ਤੋਂ ਇਲਾਵਾ ਬਲਰਾਜ ਸਿੰਘ ਪਿੰਡ ਚਿਬੜਾਂਵਾਲੀ, ਆਤਮਾ ਰਾਮ ਪਿੰਡ ਚੱਕ ਸ਼ੇਰੇਵਾਲਾ, ਕੌਰ ਸਿੰਘ ਬਠਿੰਡਾ ਰੋਡ ਮੁਕਤਸਰ ਤੇ ਅਣਪਛਾਤਾ ਬਜ਼ੁਰਗ ਸ਼ਾਮਲ ਹਨ। ਵਿਧਾਇਕ ਨੇ ਦੱਸਿਆ ਕਿ 2 ਜ਼ਖ਼ਮੀਆਂ ਨੂੰ ਅੰਮ੍ਰਿਤਸਰ ਰੈਫਰ ਕੀਤਾ ਗਿਆ ਹੈ ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪੁੱਲ 'ਤੇ ਓਵਰਟੇਕ ਕਰਦਿਆਂ ਹਾਦਸਾ ਵਾਪਰਿਆ ਹੈ। ਇਸ ਜਗ੍ਹਾ 'ਤੇ ਬੈਰੀਕੇਡ ਲਗਾਏ ਜਾਣਗੇ ਤਾਂ ਜੋ ਦੁਬਾਰਾ ਅਜਿਹੀ ਘਟਨਾ ਨਾ ਵਾਪਰੇ।

### ਬੱਸ ਖਤਾਨ 'ਚ ਡਿੱਗੀ



ਸ੍ਰੀ ਮੁਕਤਸਰ ਸਾਹਿਬ : ਮਲੋਟ ਮੁੱਖ ਮਾਰਗ ਉੱਪਰ ਮੰਗਲਵਾਰ ਦੁਪਹਿਰੇ ਪਿੰਡ ਮਹਿਰਾਜ ਵਾਲਾ ਕੋਲ ਟਰੱਕ ਦੀ ਫੇਟ ਵੱਜਣ ਕਰਕੇ ਪੰਜਾਬ ਰੋਡਵੇਜ਼ ਦੀ ਮੁਕਤਸਰ ਤੋਂ ਮਲੋਟ ਜਾ ਰਹੀ ਬੱਸ ਸੜਕ ਕੰਢੇ ਖਤਾਨ ਵਿੱਚ ਪਲਟ ਗਈ। ਜਾਨੀ ਨੁਕਸਾਨ ਤੋਂ ਬਚਾਅ ਰਿਹਾ, ਪਰ ਕਈ ਸਵਾਰੀਆਂ ਦੇ ਸੱਟਾਂ ਲੱਗੀਆਂ ਹਨ। ਬੱਸ ਨੂੰ ਕਥਿਤ ਫੇਟ ਮਾਰਨ ਵਾਲੇ ਟਰੱਕ ਦੇ ਡਰਾਈਵਰ ਨੂੰ ਲੋਕਾਂ ਨੇ ਕਾਬੂ ਕਰ ਲਿਆ ਤੇ ਇਸ ਦੌਰਾਨ ਉਸ ਨਾਲ ਖਿੱਚ-ਧੂਹ ਵੀ ਕੀਤੀ।

### ਤਰਨ ਤਾਰਨ ਇਲਾਕੇ 'ਚ ਦੋ ਹਾਦਸਿਆਂ 'ਚ 7 ਮੌਤਾਂ

**ਤਰਨ ਤਾਰਨ** : ਪੱਟੀ ਸੜਕ 'ਤੇ ਮੰਗਲਵਾਰ ਐੱਸ ਡੀ ਐੱਮ ਪੱਟੀ ਦੀ ਗੱਡੀ ਨਾਲ ਟਕਰਾਉਣ ਕਾਰਨ ਇਕ ਪਰਵਾਰ ਦੇ ਤਿੰਨ ਵਿਅਕਤੀਆਂ ਦੀ ਮੌਤ ਹੋ ਗਈ। ਐੱਸ ਡੀ ਐੱਮ ਪ੍ਰੀਤਇੰਦਰ ਸਿੰਘ ਅਤੇ ਉਨ੍ਹਾ ਦਾ ਡਰਾਈਵਰ ਜ਼ਖਮੀ ਹੋ ਗਏ। ਇੰਸਪੈਕਟਰ ਹਰਪ੍ਰੀਤ ਸਿੰਘ ਵਿਰਕ ਅਤੇ ਨਾਇਬ ਤਹਿਸੀਲਦਾਰ ਪੱਟੀ ਲਛਮਣ ਸਿੰਘ ਨੇ ਦੱਸਿਆ ਕਿ ਪ੍ਰੀਤਇੰਦਰ ਸਿੰਘ ਤਰਨ ਤਾਰਨ ਤੋਂ ਪੱਟੀ ਨੂੰ ਆਪਣੀ ਸਰਕਾਰੀ ਗੱਡੀ 'ਤੇ ਆ ਰਹੇ ਸਨ ਕਿ ਲੌਹੁਕਾ ਪਿੰਡ ਨੇੜੇ ਗੱਡੀ ਦਾ ਟਾਇਰ ਫਟ ਜਾਣ ਕਾਰਨ ਡਰਾਈਵਰ ਗੱਡੀ ਤੋਂ ਆਪਣਾ ਕੰਟਰੋਲ ਗਵਾ ਬੈਠਾ ਅਤੇ ਗੱਡੀ ਸਾਹਮਣੇ ਤੋਂ ਆ ਰਹੇ ਮੋਟਰਸਾਈਕਲ ਨਾਲ ਜਾ ਟਕਰਾਈ। ਉਧਰ, ਝਬਾਲ-ਅਟਾਰੀ ਸੜਕ 'ਤੇ ਪਿੰਡ ਦੋਦੇ ਨੇੜੇ ਸ਼ਨਿੱਚਰਵਾਰ ਰਾਤ ਦੋ ਮੋਟਰਸਾਈਕਲਾਂ ਦੀ ਸਿੱਧੀ ਟੱਕਰ ਹੋ ਗਈ। ਟੱਕਰ ਐਨੀ ਭਿਆਨਕ ਸੀ ਕਿ ਦੋਹਾਂ ਮੋਟਰ ਸਾਈਕਲਾਂ 'ਤੇ ਸਵਾਰ ਚਾਰ ਵਿਅਕਤੀਆਂ ਦੀ ਮੌਤ ਹੋ ਗਈ।

### ਪ੍ਰਵਾਸ 'ਤੇ 22-23 ਨੂੰ ਕੌਮਾਂਤਰੀ ਸੈਮੀਨਾਰ

**ਜਲੰਧਰ** : ਪ੍ਰਵਾਸ ਦੇ ਮਸਲੇ 'ਤੇ ਐੱਨ ਆਰ ਆਈ ਸਭਾ ਪੰਜਾਬ ਵੱਲੋਂ ਇੱਥੇ 22-23 ਫਰਵਰੀ ਨੂੰ ਕੌਮਾਂਤਰੀ ਸੈਮੀਨਾਰ ਕਰਵਾਇਆ ਜਾ ਰਿਹਾ ਹੈ। ਸਭਾ ਦੀ ਪ੍ਰਧਾਨ ਬੀਬੀ ਪਰਵਿੰਦਰ ਕੌਰ ਬੰਗਾ ਨੇ ਦੱਸਿਆ ਕਿ ਮੁੱਖ ਮਹਿਮਾਨ ਪੰਜਾਬ ਦੇ ਐੱਨ ਆਰ ਆਈ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਹੋਣਗੇ। ਸਭਾ ਦੇ ਸੀਨੀਅਰ ਵਾਈਸ ਪ੍ਰਧਾਨ ਸਤਨਾਮ ਚਾਨਾ ਮੁਤਾਬਕ ਡਾ. ਪ੍ਰਮੋਦ ਕੁਮਾਰ ਕੁੰਜੀਵਤ ਭਾਸ਼ਣ ਦੇਣਗੇ। ਡਾ. ਗਿਆਨ ਸਿੰਘ, ਸਾਬਕਾ ਡੀ ਆਈ ਜੀ ਗੁਰਪ੍ਰੀਤ ਸਿੰਘ ਤੂਰ, ਜੰਗ ਬਹਾਦਰ ਸਿੰਘ, ਰਣਦੀਪ ਸਿੰਘ, ਪ੍ਰੋ.ਸਿਤਾਨੀ, ਟੋਰਾਂਟੋ ਤੋਂ ਸਾਬਕਾ ਜੱਜ ਇੰਦਰਜੀਤ ਸਿੰਘ ਬੱਲ, ਡਾ. ਕ੍ਰਿਸਟੀਨ ਮੋਲੀਨੇਰ, ਅਨਮੋਲ ਸਵਾਚ, ਡਾ. ਕੰਵਲਜੀਤ ਕੌਰ, ਡਾ. ਜਗੀਰ ਸਿੰਘ ਕਾਹਲੋਂ, ਡਾ. ਸਵਰਾਜ ਸਿੰਘ, ਪ੍ਰੋ. ਪ੍ਰਿਤਪਾਲ ਸਿੰਘ ਸੋਹੀ ਅਤੇ ਕੈਨੇਡਾ, ਇੰਗਲੈਂਡ, ਅਮਰੀਕਾ ਤੇ ਇਟਲੀ ਆਦਿ ਤੋਂ ਕਈ ਹੋਰ ਵਿਦਵਾਨ ਵਿਚਾਰ ਰੱਖਣਗੇ।

### ਸੱਜਣ ਕੁਮਾਰ ਨੂੰ ਮੌਤ ਦੀ ਸਜ਼ਾ ਦੇਣ ਦੀ ਮੰਗ

**ਨਵੀਂ ਦਿੱਲੀ** : ਇਸਤਗਾਸਾ ਧਿਰ (ਪੀੜਤ ਪਰਿਵਾਰ) ਦੇ ਵਕੀਲ ਐੱਚ ਐੱਸ ਫੂਲਕਾ ਨੇ 1984 ਦੇ ਸਿੱਖ ਵਿਰੋਧੀ ਦੰਗਿਆਂ ਨਾਲ ਜੁੜੇ ਕਤਲ ਕੇਸ ਨੂੰ 'ਵਿਰਲਿਆਂ 'ਚੋਂ ਵਿਰਲਾ' ਅਪਰਾਧ ਦੱਸਦੇ ਹੋਏ ਸਾਬਕਾ ਕਾਂਗਰਸੀ ਸੰਸਦ ਮੈਂਬਰ ਸੱਜਣ ਕੁਮਾਰ ਲਈ ਮੌਤ ਦੀ ਸਜ਼ਾ ਮੰਗੀ ਹੈ। ਇਸਤਗਾਸਾ ਧਿਰ ਨੇ ਮੰਗਲਵਾਰ ਲਿਖਤੀ ਹਲਫ਼ਨਾਮੇ ਰਾਹੀਂ ਵਿਸ਼ੇਸ਼ ਜੱਜ ਕਾਵੇਰੀ ਬਵੇਜਾ ਨੂੰ ਸੂਚਤ ਕੀਤਾ। ਉਂਜ ਕਤਲ ਲਈ ਵੱਧ ਤੋਂ ਵੱਧ ਉਮਰ ਕੈਦ ਦੀ ਸਜ਼ਾ ਹੈ। ਸੱਜਣ ਕੁਮਾਰ ਦੇ ਵਕੀਲ ਵੱਲੋਂ ਦਲੀਲਾਂ ਲਈ ਹੋਰ ਸਮਾਂ ਮੰਗਣ ਮਗਰੋਂ ਜੱਜ ਨੇ ਕੇਸ ਦੀ ਅਗਲੀ ਸੁਣਵਾਈ 21 ਫਰਵਰੀ ਲਈ ਮੁਲਤਵੀ ਕਰ ਦਿੱਤੀ।

### ਟੈਸਲਾ ਦੀ ਭਾਰਤ 'ਚ ਐਂਟਰੀ ਛੇਤੀ

**ਨਵੀਂ ਦਿੱਲੀ** : ਅਮਰੀਕੀ ਇਲੈਕਟ੍ਰਿਕ ਕਾਰ ਨਿਰਮਾਤਾ ਕੰਪਨੀ ਟੈਸਲਾ ਨੇ ਭਾਰਤ ਵਿੱਚ ਵਪਾਰਕ ਸੰਚਾਲਨ ਵਿਸ਼ਲੇਸ਼ਕ ਅਤੇ ਗਾਹਕ ਸਹਾਇਤਾ ਮਾਹਰ ਸਮੇਤ ਵੱਖ-ਵੱਖ ਭੂਮਿਕਾਵਾਂ ਲਈ ਭਰਤੀਆਂ ਸ਼ੁਰੂ ਕਰ ਦਿੱਤੀਆਂ ਹਨ। ਕੰਪਨੀ ਦੀ ਵੈੱਬਸਾਈਟ 'ਤੇ ਪੋਸਟਾਂ ਦੇ ਅਨੁਸਾਰ ਅਸਾਮੀਆਂ ਮੁੰਬਈ ਉਪਨਗਰ ਖੇਤਰ ਲਈ ਹਨ। ਇਨ੍ਹਾਂ ਭੂਮਿਕਾਵਾਂ ਵਿੱਚ ਸੇਵਾ ਸਲਾਹਕਾਰ, ਪਾਰਟਸ ਸਲਾਹਕਾਰ ਆਦਿ ਕਈ ਅਹੁਦੇ ਸ਼ਾਮਲ ਹਨ। ਕੀ ਇਹ ਭਰਤੀਆਂ ਭਾਰਤੀ ਬਾਜ਼ਾਰ ਵਿੱਚ ਸ਼ਾਮਲ ਹੋਣ ਦੀਆਂ ਕੰਪਨੀ ਦੀਆਂ ਯੋਜਨਾਵਾਂ ਦਾ ਹਿੱਸਾ ਹਨ ਅਤੇ ਭਾਰਤ ਵਿੱਚ ਵਿਕਰੀ ਸ਼ੁਰੂ ਕਰਨ ਲਈ ਸੰਭਾਵਤ ਸਮਾਂ-ਸੀਮਾ ਬਾਰੇ ਇੱਕ ਈਮੇਲ ਕੀਤੇ ਗਏ ਸਵਾਲ ਦਾ ਜਵਾਬ ਕੰਪਨੀ ਵੱਲੋਂ ਨਹੀਂ ਮਿਲਿਆ। ਭਾਰਤ ਵਿੱਚ ਟੈਸਲਾ ਵੱਲੋਂ ਨਿਯੁਕਤੀ ਕੰਪਨੀ ਦੇ ਸੰਸਥਾਪਕ ਅਤੇ ਅਮਰੀਕੀ ਤਕਨੀਕੀ ਅਰਬਪਤੀ ਐਲਨ ਮਸਕ ਦੀ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਹਾਲ ਹੀ ਵਿੱਚ ਅਮਰੀਕਾ ਦੇ ਦੌਰੇ ਦੌਰਾਨ ਹੋਈ ਮੀਟਿੰਗ ਤੋਂ ਬਾਅਦ ਸਾਹਮਣੇ ਆਈ ਹੈ। ਭਾਰਤੀ ਬਾਜ਼ਾਰ 'ਚ ਟੈਸਲਾ ਦੀ ਸੰਭਾਵਤ ਐਂਟਰੀ ਦਾ ਬੇਸਬਰੀ ਨਾਲ ਇੰਤਜ਼ਾਰ ਕੀਤਾ ਜਾ ਰਿਹਾ ਹੈ। ਅਪ੍ਰੈਲ ਵਿੱਚ ਮਸਕ ਨੇ ਜ਼ਿੰਮੇਵਾਰੀਆਂ ਦਾ ਹਵਾਲਾ ਦਿੰਦੇ ਹੋਏ ਆਖਰੀ ਸਮੇਂ 'ਤੇ ਆਪਣੀ ਪ੍ਰਸਤਾਵਤ ਭਾਰਤ ਯਾਤਰਾ ਨੂੰ ਮੁਲਤਵੀ ਕਰ ਦਿੱਤਾ ਸੀ, ਪਰ ਪ੍ਰਸਤਾਵਤ ਦੌਰੇ ਨੇ ਭਾਰਤ ਵਿੱਚ ਟੈਸਲਾ ਇਲੈਕਟ੍ਰਿਕ ਕਾਰਾਂ ਦੀ ਵਿਕਰੀ ਲਈ ਅੱਗੇ ਵਧਣ ਲਈ ਯੋਜਨਾਵਾਂ ਦੀ ਘੋਸ਼ਣਾ ਕਰਨ ਲਈ ਮਸਕ ਦੀਆਂ ਉਮੀਦਾਂ ਨੂੰ ਵਧਾ ਦਿੱਤਾ ਸੀ।

## ਛੱਤੀਸਗੜ੍ਹ 'ਚ ਆਦਿਵਾਸੀਆਂ ਦਾ ਅੰਨ੍ਹੇਵਾਹ ਕਤਲੇਆਮ ਬੰਦ ਕਰੋ : ਬਰਾੜ

**ਚੰਡੀਗੜ੍ਹ** : ਕੇਂਦਰ ਸਰਕਾਰ ਦੀ ਨੀਤੀ ਅਨੁਸਾਰ ਪਿਛਲੇ ਦਿਨੀਂ ਇਕੋ ਦਿਨ ਵਿਚ ਇਕੋ ਵਕਤ 31 ਵਿਅਕਤੀਆਂ ਨੂੰ ਨਕਸਲੀ ਕਹਿ ਕੇ ਗੋਲੀਆਂ ਨਾਲ ਭੁੰਨ ਦੇਣ ਦੇ ਮਾਨਵ ਅਧਿਕਾਰਾਂ ਨੂੰ ਪੈਰਾਂ ਹੇਠ ਲਿਤਾੜ ਕੇ ਗੈਰ-ਕਾਨੂੰਨੀ ਕਤਲੇਆਮ ਬਾਰੇ ਪੰਜਾਬ ਸੀ ਪੀ ਆਈ ਨੇ ਪ੍ਰਾਂਤ ਵਿਚ ਸਾਰੀਆਂ ਖੱਬੀਆਂ ਅਤੇ ਜਮਹੂਰੀ ਸ਼ਕਤੀਆਂ ਨੂੰ ਰੋਸ ਪ੍ਰਗਟ ਕਰਨ ਦੀ ਅਪੀਲ ਕੀਤੀ ਹੈ। ਪੰਜਾਬ ਸੀ ਪੀ ਆਈ ਦੇ ਸਕੱਤਰ ਸਾਥੀ ਬੰਤ ਸਿੰਘ ਬਰਾੜ ਨੇ ਕਿਹਾ ਕਿ ਹਿੰਸਕ ਕਾਰਵਾਈ ਵਿਚ ਮਾਰੇ ਗਏ 2 ਸੁਰੱਖਿਆ ਬਲਾਂ ਦੇ ਜਵਾਨਾਂ ਦਾ ਬਹਾਨਾ ਬਣਾ ਕੇ ਸੁਰੱਖਿਆ ਬਲਾਂ ਨੇ ਅਮਿਤ ਸ਼ਾਹ ਵੱਲੋਂ ਦਿੱਤੀ ਗਈ ਹੱਲਾਸ਼ੇਰੀ ਕਰਕੇ ਆਦਿਵਾਸੀਆਂ ਦਾ ਕਤਲੇਆਮ ਸ਼ੁਰੂ ਕਰ ਦਿੱਤਾ ਹੈ ਤੇ ਇਕੋ ਸਮੇਂ 31 ਵਿਅਕਤੀਆਂ ਨੂੰ ਗੋਲੀ ਮਾਰ ਦਿੱਤੀ ਗਈ, ਜਿਸ ਵਿਚ 11 ਔਰਤਾਂ ਵੀ ਸ਼ਾਮਲ ਸਨ।



ਸਾਥੀ ਬਰਾੜ ਨੇ ਅੱਗੇ ਕਿਹਾ ਕਿ ਪਿਛਲੇ 40 ਦਿਨਾਂ ਵਿਚ 81 ਵਿਅਕਤੀ ਅਤੇ ਪਿਛਲੇ ਸਾਲ 219 ਵਿਅਕਤੀਆਂ ਦਾ ਕਤਲ ਕੀਤਾ ਗਿਆ, ਇਸ ਪ੍ਰਕਾਰ ਪਿਛਲੇ ਸਾਲ ਤੋਂ ਹੁਣ ਤੱਕ 300 ਵਿਅਕਤੀ ਸੁਰੱਖਿਆ ਬਲਾਂ ਰਾਹੀਂ ਮਾਰੇ ਜਾ ਚੁੱਕੇ ਹਨ।

ਸਾਥੀ ਬਰਾੜ ਨੇ ਦੋਸ਼ ਲਾਇਆ ਕਿ ਕੇਂਦਰੀ ਸਰਕਾਰ ਆਰ ਐੱਸ ਐੱਸ ਦੇ ਫਾਸ਼ੀਵਾਦੀ ਏਜੰਡੇ ਨੂੰ ਅਮਲੀ ਰੂਪ ਦੇਣ ਲਈ ਆਦਿਵਾਸੀਆਂ ਦਾ ਨਰਸੰਹਾਰ ਕਰਨ 'ਤੇ ਤੁਲੀ ਹੋਈ ਹੈ ਅਤੇ ਆਦਿਵਾਸੀਆਂ, ਘੱਟ-ਗਿਣਤੀਆਂ ਤੇ ਦਲਿਤਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਸਾਥੀ ਬਰਾੜ ਨੇ ਅੱਗੇ ਆਖਿਆ ਕਿ ਖੱਬੀਆਂ ਅਤੇ ਜਮਹੂਰੀ ਸ਼ਕਤੀਆਂ ਸੰਵਿਧਾਨ ਦੇ ਦਾਇਰੇ ਵਿਚ ਰਹਿੰਦਿਆਂ ਮਨੁੱਖੀ ਅਧਿਕਾਰਾਂ ਨੂੰ ਮਾਨਤਾ ਦਿੰਦਿਆਂ ਹੋਇਆਂ ਲੋਕ ਮਸਲਿਆਂ ਨੂੰ ਜ਼ੋਰਦਾਰ ਜਨਤਕ ਅੰਦੋਲਨਾਂ ਰਾਹੀਂ ਹੱਲ ਕਰਨ ਅਤੇ ਜਮਹੂਰੀ ਅੰਦੋਲਨ ਨੂੰ ਪੂਰਾ ਕਰਨ ਵਿਚ ਵਿਸ਼ਵਾਸ ਰੱਖਦੀਆਂ ਹਨ, ਪਰ ਕਿਸੇ ਸਰਕਾਰ ਜਾਂ ਅਖੌਤੀ ਸਮਾਜੀ ਆਰ ਐੱਸ ਐੱਸ ਵਰਗੀਆਂ ਸੰਸਥਾਵਾਂ ਨੂੰ ਕਦੀ ਵੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ ਕਿ ਗੈਰ-ਵਿਧਾਨਕ, ਗੈਰ-ਅਦਾਲਤੀ ਕਾਰਵਾਈਆਂ ਰਾਹੀਂ ਮਨੁੱਖੀ ਅਧਿਕਾਰਾਂ ਨੂੰ ਕੁਚਲ ਕੇ ਕਿਸੇ ਨੂੰ ਸਿੱਧਾ ਹੀ ਗੋਲੀ ਮਾਰ ਕੇ ਹੱਤਿਆ ਨੂੰ ਅੰਜਾਮ ਦਿੱਤਾ ਜਾਵੇ ਅਤੇ ਨਾ ਹੀ ਅਜਿਹੀਆਂ ਕਾਰਵਾਈਆਂ ਰਾਹੀਂ ਲੋਕ ਅੰਦੋਲਨਾਂ ਨੂੰ ਦਬਾਇਆ ਜਾ ਸਕਦਾ ਹੈ। ਕੇਂਦਰ ਸਰਕਾਰ ਆਦਿਵਾਸੀਆਂ ਦੇ ਜਲ, ਜੰਗਲ ਅਤੇ ਜ਼ਮੀਨ ਦੇ ਅਧਿਕਾਰਾਂ ਨੂੰ ਖੋਹ ਕੇ ਸਾਰੇ ਸਾਧਨ ਕਾਰਪੋਰੇਟ ਪੂੰਜੀਪਤੀਆਂ ਦੇ ਹਵਾਲੇ ਕਰਨ 'ਤੇ ਤੁਲੀ ਹੋਈ ਹੈ, ਜਦੋਂ ਕਿ ਆਦਿਵਾਸੀ ਆਪਣੇ ਜੀਵਨ-ਨਿਰਬਾਹ ਦੇ ਸਾਧਨਾਂ ਦੀ ਰਾਖੀ ਲਈ ਲੜ ਰਹੇ ਹਨ। ਸਾਥੀ ਬਰਾੜ ਨੇ ਕਿਹਾ ਕਿ ਉਹਨਾਂ ਦੀਆਂ ਜ਼ਿੰਦਗੀਆਂ ਨਾਲ ਜੁੜੇ ਮਸਲਿਆਂ ਨੂੰ ਹੱਲ ਕਰਨ ਦੀ ਬਜਾਏ ਹਿੰਸਾ ਦੀਆਂ ਇੱਕੜ-ਦੁੱਕੜ ਘਟਨਾਵਾਂ ਦਾ ਬਹਾਨਾ ਲੈ ਕੇ ਉਹਨਾਂ ਨੂੰ ਉਜਾੜਨ ਵਿਰੁੱਧ ਜ਼ੋਰਦਾਰ ਸਾਂਝੇ ਐਕਸ਼ਨਾਂ ਦੀ ਜ਼ਰੂਰਤ ਹੈ।

## ਧਾਮੀ ਤੋਂ ਬਾਅਦ ਬਡੂੰਗਰ ਨੇ ਵੀ ਅਰਜ਼ੀ ਗੁਜ਼ਾਰੀ

**ਪਟਿਆਲਾ** : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਤੋਂ ਇੱਕ ਦਿਨ ਬਾਅਦ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਵੀ ਮੰਗਲਵਾਰ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਦੀ ਨਿਗਰਾਨੀ ਕਰਨ ਲਈ ਬਣਾਈ ਗਈ ਸੱਤ ਮੈਂਬਰੀ ਕਮੇਟੀ 'ਚੋਂ ਖੁਦ ਨੂੰ ਬਾਹਰ ਕਰਨ ਲਈ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਅਰਜ਼ੀ ਘੱਲ ਦਿੱਤੀ। ਅਕਾਲ ਤਖ਼ਤ ਦੀ ਫ਼ਸੀਲ ਤੋਂ ਸੁਖਬੀਰ ਬਾਦਲ ਤੇ ਹੋਰਨਾਂ ਅਕਾਲੀ ਆਗੂਆਂ ਨੂੰ ਪਿਛਲੇ ਸਾਲ 2 ਦਸੰਬਰ ਨੂੰ ਸੁਣਾਈ ਧਾਰਮਕ ਸਜ਼ਾ ਮੌਕੇ ਜਥੇਦਾਰ ਨੇ ਸ਼੍ਰੋਮਣੀ ਅਕਾਲੀ ਵਿੱਚ ਨਵੇਂ ਸਿਰੇ ਤੋਂ ਭਰਤੀ ਮੌਕੇ ਜਥੇਦਾਰ ਨੇ ਸ਼੍ਰੋਮਣੀ ਅਕਾਲੀ ਵਿੱਚ ਨਵੇਂ ਸਿਰੇ ਤੋਂ ਭਰਤੀ ਮੁਹਿੰਮ ਦੀ ਨਿਗਰਾਨੀ ਲਈ ਸੱਤ ਮੈਂਬਰੀ ਕਮੇਟੀ ਬਣਾਈ ਸੀ। ਇਸ ਕਮੇਟੀ ਵਿਚ ਧਾਮੀ ਤੇ ਬਡੂੰਗਰ ਤੋਂ ਇਲਾਵਾ ਇਕਬਾਲ ਸਿੰਘ ਝੂੰਦਾਂ, ਸੰਤਾ ਸਿੰਘ ਉਮੈਦਪੁਰੀ, ਸਤਵੰਤ ਕੌਰ, ਗੁਰਪ੍ਰਤਾਪ ਸਿੰਘ ਵਡਾਲਾ ਤੇ ਮਨਪ੍ਰੀਤ ਸਿੰਘ ਇਆਲੀ ਸ਼ਾਮਲ ਹਨ। ਬਾਕੀ ਮੈਂਬਰਾਂ ਨੇ ਤੈਅ ਤਰੀਕ ਮੁਤਾਬਕ ਬਹਾਦਰਗੜ੍ਹ 'ਚ ਮੀਟਿੰਗ ਕਰਨ ਤੋਂ ਬਾਅਦ ਕਿਹਾ ਕਿ ਉਹ ਆਪਣੀ ਰਿਪੋਰਟ ਅਕਾਲ ਤਖ਼ਤ ਦੇ ਜਥੇਦਾਰ ਨੂੰ ਸੌਂਪਣਗੇ।



## ਮਹਾ ਕੁੰਭ ਮ੍ਰਿਤਯੂ ਕੁੰਭ ਬਣਿਆ : ਮਮਤਾ ਬੈਨਰਜੀ

**ਕੋਲਕਾਤਾ** : ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਮੰਗਲਵਾਰ ਕਿਹਾ ਕਿ ਮਹਾ ਕੁੰਭ ਭਗਦੜ ਦੀਆਂ ਘਟਨਾਵਾਂ ਕਾਰਨ 'ਮ੍ਰਿਤਯੂ ਕੁੰਭ' ਬਣ ਗਿਆ ਹੈ। ਅਧਿਕਾਰੀ ਮਰਨ ਵਾਲਿਆਂ ਦੀ ਅਸਲ ਗਿਣਤੀ ਦਬਾ ਰਹੇ ਹਨ।

ਯੂ ਪੀ ਦੇ ਪ੍ਰਯਾਗਰਾਜ ਵਿੱਚ ਭਗਦੜ 'ਚ 30 ਜਣਿਆਂ ਦੇ ਮਰਨ ਤੇ 60 ਦੇ ਜ਼ਖਮੀ ਹੋਣ ਅਤੇ ਦਿੱਲੀ ਰੇਲਵੇ ਸਟੇਸ਼ਨ 'ਤੇ ਭਗਦੜ ਵਿੱਚ 18 ਲੋਕਾਂ ਦੇ ਮਰਨ ਦੀ ਸਰਕਾਰਾਂ ਨੇ ਗੱਲ ਕਹੀ। ਬੈਨਰਜੀ ਨੇ ਸੂਬਾਈ ਅਸੈਂਬਲੀ ਵਿੱਚ ਕਿਹਾ—ਗਿਣਤੀ ਘਟਾਉਣ ਲਈ ਉਨ੍ਹਾਂ ਸੈਂਕੜੇ ਲਾਸ਼ਾਂ ਲੁਕੋ ਦਿੱਤੀਆਂ। ਭਾਜਪਾ ਹਕੂਮਤ ਵਿੱਚ ਮਹਾ ਕੁੰਭ ਮ੍ਰਿਤਯੂ ਕੁੰਭ ਬਣ ਗਿਆ ਹੈ। ਮਹਾ ਕੁੰਭ ਵਿੱਚ ਭਗਦੜ ਬਹੁਤ ਹੀ ਦਿਲ-ਦੁਖਾਊ ਸੀ ਅਤੇ ਲੋਕਾਂ ਦੀ ਸਲਾਮਤੀ ਯਕੀਨੀ ਬਣਾਉਣ ਲਈ ਵੱਡੇ ਧਾਰਮਕ ਇਕੱਠਾਂ ਲਈ ਬਿਹਤਰ ਯੋਜਨਾਬੰਦੀ ਤੇ ਮੈਨੇਜਮੈਂਟ ਦੀ ਲੋੜ ਹੈ। ਅਜਿਹੀਆਂ ਘਟਨਾਵਾਂ ਵਿੱਚ ਦੁਖਦਾਈ ਮੌਤਾਂ ਦੱਸਦੀਆਂ ਹਨ ਕਿ ਧਿਆਨ ਨਾਲ ਯੋਜਨਾਬੰਦੀ ਨਹੀਂ ਕੀਤੀ ਗਈ।



ਬੈਨਰਜੀ ਨੇ ਯੂ ਪੀ ਸਰਕਾਰ ਦੀ ਨੁਕਤਾਚੀਨੀ ਕਰਦਿਆਂ ਕਿਹਾ ਕਿ ਉਹ ਬਿਨਾਂ ਯੋਗ ਪ੍ਰਬੰਧਾਂ ਦੇ ਕੱਛਾਂ ਵਜਾ ਰਹੀ ਹੈ। ਮਹਾ ਕੁੰਭ ਵਿੱਚ ਕਈ ਲੋਕ ਮਾਰੇ ਗਏ ਪਰ ਸਰਕਾਰ ਸਹੀ ਅੰਕੜੇ ਨਹੀਂ ਦੱਸ ਰਹੀ। ਪੱਛਮੀ ਬੰਗਾਲ ਦੇ ਮਰਨ ਵਾਲੇ ਲੋਕਾਂ ਦੀਆਂ ਲਾਸ਼ਾਂ ਸਹੀ ਕਾਗਜ਼ੀ ਕਰਨ ਤੋਂ ਬਿਨਾਂ ਭੇਜੀਆਂ ਗਈਆਂ ਹਨ, ਜਿਸ ਕਰਕੇ ਸੂਬਾ ਸਰਕਾਰ ਨੂੰ ਪਰਵਾਰਾਂ ਨੂੰ ਮੁਆਵਜ਼ਾ ਦੇਣ ਵਿੱਚ ਮੁਸ਼ਕਲ ਆ ਰਹੀ ਹੈ। ਸਰਕਾਰ ਨੂੰ ਪੋਸਟਮਾਰਟਮ ਕਰਾਉਣੇ ਪਏ ਤਾਂ ਕਿ ਪਰਵਾਰਾਂ ਨੂੰ ਡੈੱਥ ਸਰਟੀਫਿਕੇਟ ਮਿਲ ਸਕਣ। ਉਨ੍ਹਾ ਮਹਾ ਕੁੰਭ ਵਿੱਚ ਵੀ ਆਈ ਪੀ ਕਲਚਰ ਦੀ ਵੀ ਨਿੰਦਾ ਕੀਤੀ। ਉਨ੍ਹਾ ਕਿਹਾ—ਮੈਂ ਇਸ ਕਰਕੇ ਡੁੱਬਕੀ ਲਾਉਣ ਨਹੀਂ ਗਈ ਕਿ ਲੋਕਾਂ ਨੂੰ ਮੁਸ਼ਕਲ ਨਾ ਆਵੇ ਪਰ ਵੀ ਆਈ ਪੀਜ਼ ਨੂੰ ਸਪੈਸ਼ਲ ਡੁੱਬਕੀਆਂ ਲੁਆਈਆਂ ਗਈਆਂ।

## ਮਾਨ ਵੱਲੋਂ ਚੀਮਾ ਤੇ ਸਰਦੂਲਗੜ੍ਹ ਤਹਿਸੀਲ ਕੰਪਲੈਕਸਾਂ ਦਾ ਅਚਨਚੇਤੀ ਦੌਰਾ

**ਚੀਮਾ (ਰਵਿੰਦਰ ਬਾਂਸਲ)**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਮੰਗਲਵਾਰ ਚੀਮਾ ਵਿਖੇ ਨਵੇਂ ਬਣੇ ਸਬ-ਤਹਿਸੀਲ ਕੰਪਲੈਕਸ ਤੇ ਹਸਪਤਾਲ ਅਤੇ ਸਰਦੂਲਗੜ੍ਹ ਦੇ ਤਹਿਸੀਲ ਕੰਪਲੈਕਸ ਦਾ ਅਚਨਚੇਤੀ ਦੌਰਾ ਕੀਤਾ ਤਾਂ ਜੋ ਜ਼ਮੀਨੀ ਪੱਧਰ 'ਤੇ ਦਿੱਤੀਆਂ ਜਾ ਰਹੀਆਂ ਨਾਗਰਿਕ-ਕੇਂਦ੍ਰਿਤ ਸੇਵਾਵਾਂ ਦਾ ਮੌਕੇ 'ਤੇ ਜਾ ਕੇ ਜਾਇਜ਼ਾ ਲਿਆ ਜਾ ਸਕੇ।ਮੁੱਖ ਮੰਤਰੀ ਦੁਪਹਿਰ ਮੌਕੇ ਚੀਮਾ ਦੇ ਸਬ-ਤਹਿਸੀਲ ਕੰਪਲੈਕਸ ਪਹੁੰਚੇ ਅਤੇ ਹਾਜ਼ਰ ਲੋਕਾਂ ਨਾਲ ਗੱਲਬਾਤ ਕੀਤੀ।ਇਸ ਮੌਕੇ ਲੋਕਾਂ ਨੇ ਮੁੱਖ ਮੰਤਰੀ ਅਤੇ ਉਨ੍ਹਾ ਦੀ ਸਰਕਾਰ ਵੱਲੋਂ ਨਿਰਵਿਘਨ ਸੇਵਾਵਾਂ ਪ੍ਰਦਾਨ ਕਰਨ ਲਈ ਸ਼ਲਾਘਾ ਕੀਤੀ।ਉਨ੍ਹਾ ਕਿਹਾ ਕਿ ਸੂਬਾ ਸਰਕਾਰ ਦੇ ਪ੍ਰਭਾਵੀ ਕੰਮਕਾਜ ਲਈ ਲੋਕਾਂ ਦੀ ਫੀਡਬੈਕ ਬਹੁਤ ਮਹੱਤਵ ਰੱਖਦੀ ਹੈ।



ਮੁੱਖ ਮੰਤਰੀ ਨੇ ਕਿਹਾ ਕਿ ਇਸ ਦੌਰੇ ਦਾ ਉਦੇਸ਼ ਅਧਿਕਾਰੀਆਂ ਵਿੱਚ ਕੋਈ ਨੁਕਸ ਕੱਢਣਾ ਨਹੀਂ, ਸਗੋਂ ● ਬਾਕੀ ਸਫ਼ਾ 2 'ਤੇ

## ਜੀ ਐੱਸ ਟੀ ਅਧਾਰ ਵਧਿਆ, ਦੋ ਸਾਲਾਂ 'ਚ 79,000 ਤੋਂ ਵੱਧ ਨਵੇਂ ਟੈਕਸਦਾਤਾ ਸ਼ਾਮਲ : ਹਰਪਾਲ ਚੀਮਾ

**ਚੰਡੀਗੜ੍ਹ (ਗੁਰਜੀਤ ਬਿੱਲਾ)**

ਪੰਜਾਬ ਦੇ ਵਿੱਤ, ਯੋਜਨਾ, ਆਬਕਾਰੀ ਅਤੇ ਕਰ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਮੰਗਲਵਾਰ ਇਥੇ ਦੱਸਿਆ ਕਿ ਆਬਕਾਰੀ ਅਤੇ ਕਰ ਵਿਭਾਗ ਵੱਲੋਂ ਵਸਤਾਂ ਤੇ ਸੇਵਾਵਾਂ ਕਰ (ਜੀ ਐਸ ਟੀ) ਅਧਾਰ ਨੂੰ ਵਿਸ਼ਾਲ ਕਰਨ ਲਈ ਟੀਚਾਬੱਧ ਜੀ ਐਸ ਟੀ ਰਜਿਸਟ੍ਰੇਸ਼ਨ ਮੁਹਿੰਮ ਚਲਾਏ ਜਾਣ ਦੇ ਨਤੀਜੇ ਵਜੋਂ ਸਾਲ 2023-24 ਵਿੱਚ 46,338 ਅਤੇ ਦਸੰਬਰ 2024 ਤੱਕ ਲਗਭਗ 33000 ਨਵੇਂ ਟੈਕਸਦਾਤਾ ਸ਼ਾਮਲ ਹੋਏ ਹਨ। ਉਨ੍ਹਾਂ ਕਿਹਾ ਕਿ ਟੈਕਸਦਾਤਾਵਾਂ ਨੂੰ ਟੈਕਸ ਫਾਈਲਿੰਗ ਪ੍ਰਕਿਰਿਆਵਾਂ, ਆਈ ਟੀ ਸੀ ਦਾਅਵਿਆਂ ਅਤੇ ਕਰਪਾਲਣਾ ਲਾਭਾਂ ਬਾਰੇ ਜਾਗਰੂਕ ਕਰਨ ਲਈ ਇੱਕ ਰਾਜ ਵਿਆਪੀ ਮੁਹਿੰਮ ਵੀ ਸ਼ੁਰੂ ਕੀਤੀ ਗਈ ਹੈ।ਚੀਮਾ ਨੇ ਦੱਸਿਆ ਕਿ ਰਾਜ ਦੇ ਜੀ ਐਸ ਟੀ ਵਿਭਾਗ ਨੇ ਜਨਵਰੀ 2025 ਵਿੱਚ ਇੱਕ ਹੋਰ ਜੀ ਐਸ ਟੀ ਆਰ ਰਜਿਸਟ੍ਰੇਸ਼ਨ ਮੁਹਿੰਮ ਸ਼ੁਰੂ ਕੀਤੀ ਸੀ, ਜਿਸ ਤਹਿਤ ਲਗਭਗ 48,000 ਨਵੇਂ ਡੀਲਰਾਂ ਦਾ ਦੌਰਾ ਕੀਤਾ ਗਿਆ ਅਤੇ ਪੰਜਾਬ ਭਰ ਵਿੱਚ ਲਗਭਗ 10,500 ਯੋਗ ਡੀਲਰਾਂ ਨੂੰ ਸਫਲਤਾਪੂਰਵਕ ਰਜਿਸਟਰ ਕੀਤਾ ਗਿਆ। ਉਨ੍ਹਾ ਕਿਹਾ ਕਿ ਰਜਿਸਟ੍ਰੇਸ਼ਨ ਮੁਹਿੰਮ ਦੌਰਾਨ ਵੱਧ ਤੋਂ ਵੱਧ ਟੈਕਸਦਾਤਾਵਾਂ ਨੂੰ ਸ਼ਾਮਲ ਕਰਨ ਲਈ ਜਾਗਰੂਕਤਾ ਕੈਂਪ, ਮਾਰਕੀਟ ਅਤੇ ਉਦਯੋਗ ਐਸੋਸੀਏਸ਼ਨਾਂ ਨਾਲ ਮੀਟਿੰਗਾਂ ਅਤੇ ਚਾਰਟਰਡ ਅਕਾਊਂਟੈਂਟਸ (ਸੀ ਏ), ਐਡਵੋਕੇਟ ਅਤੇ ਅਕਾਊਂਟੈਂਟਸ ਵਰਗੇ ਪੇਸ਼ੇਵਰਾਂ ਨਾਲ ਗੱਲਬਾਤ ਆਦਿ ਵੱਖ-ਵੱਖ ਭਾਈਚਾਰਕ ਸ਼ਮੂਲੀਅਤ ਵਾਲੇ ਤਰੀਕਿਆਂ ਦੀ ਵਰਤੋਂ ਕੀਤੀ ਗਈ।ਖਪਤਕਾਰਾਂ ਵਿੱਚ ਟੈਕਸ ਪਾਲਣਾ ਨੂੰ ਉਤਸ਼ਾਹਤ ਕਰਨ ● ਬਾਕੀ ਸਫ਼ਾ 2 'ਤੇ

## ਸੁਪਰੀਮ ਕੋਰਟ ਨੇ ਅਲਾਹਾਬਾਦੀਆ ਨੂੰ ਰਾਹਤ ਦਿੰਦਿਆਂ ਝਾੜ ਵੀ ਪਾਈ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਇਨਫਲੂੰਸਰ ਰਣਵੀਰ ਅਲਾਹਾਬਾਦੀਆ ਨੂੰ ਉਸ ਦੇ ਯੂਟਿਊਬ ਸ਼ੋਅ 'ਇੰਡੀਆ ਗੌਟ ਲੇਟੈਂਟ' ਉੱਤੇ ਕਥਿਤ ਘਿਨੌਣੀਆਂ ਟਿੱਪਣੀਆਂ ਲਈ ਮੰਗਲਵਾਰ ਸਖਤ ਝਾੜ ਪਾਈ। ਉਂਜ ਜਸਟਿਸ ਸੂਰੀਆਕਾਂਤ ਤੇ ਜਸਟਿਸ ਐੱਨਕੋਟਿਸ਼ਵਰ ਸਿੰਘ ਨੇ ਅਲਾਹਾਬਾਦੀਆ ਨੂੰ ਵੱਖ-ਵੱਖ ਰਾਜਾਂ ਵਿੱਚ ਦਰਜ ਕੇਸਾਂ ਵਿੱਚ ਸਖਤ ਕਾਰਵਾਈ ਭਾਵ ਗ੍ਰਿਫਤਾਰੀ ਤੋਂ ਅੰਤਰਮ ਰਾਹਤ ਦੇ ਦਿੱਤੀ। ਇਹੀ ਨਹੀਂ ਕੋਰਟ ਨੇ ਅਲਾਹਾਬਾਦੀਆ ਅਤੇ ਵਿਵਾਦਿਤ ਯੂਟਿਊਬ ਸ਼ੋਅ ਦੇ ਉਸ ਦੇ ਸਹਿਯੋਗੀ ਇਨਫਲੂੰਸਰਾਂ ਨੂੰ ਅਗਲੇ ਹੁਕਮਾਂ ਤੱਕ ਕਿਸੇ ਵੀ ਹੋਰ ਐਪੀਸੋਡ ਨੂੰ ਪ੍ਰਸਾਰਤ ਕਰਨ ਤੋਂ ਵੀ ਰੋਕ ਦਿੱਤਾ ਹੈ। ਸੁਪਰੀਮ ਕੋਰਟ ਨੇ ਇਹ ਵੀ ਕਿਹਾ ਕਿ ਇਸ ਸੰਬੰਧ ਵਿੱਚ ਉਨ੍ਹਾਂ ਵਿਰੁੱਧ ਕੋਈ ਹੋਰ ਐੱਫ ਆਈ ਆਰ ਦਰਜ ਨਹੀਂ ਕੀਤੀ ਜਾਵੇਗੀ। ਸਿਖਰਲੀ ਅਦਾਲਤ ਨੇ ਅਲਾਹਾਬਾਦੀਆ ਵੱਲੋਂ ਸ਼ੋਅ ਵਿਚ ਵਰਤੀ ਗਈ ਭਾਸ਼ਾ 'ਤੇ ਸਵਾਲ ਉਠਾਉਂਦਿਆਂ ਕਿਹਾ ਕਿ ਸਮਾਜ ਦੀਆਂ ਕੁਝ ਕਦਰਾਂ-ਕੀਮਤਾਂ ਹੁੰਦੀਆਂ ਹਨ। ਬੈਂਚ ਨੇ ਅਲਾਹਾਬਾਦੀਆ ਦੇ ਵਕੀਲ ਨੂੰ ਕਿਹਾ—ਸਮਾਜ ਦੀਆਂ ਕੁਝ ਸਵੈ-ਵਿਕਸਤ ਕਦਰਾਂ-ਕੀਮਤਾਂ ਹਨ। ਤੁਹਾਨੂੰ ਉਨ੍ਹਾਂ ਦਾ ਸਤਿਕਾਰ ਕਰਨ ਦੀ ਲੋੜ ਹੈ।

ਸੁਪਰੀਮ ਕੋਰਟ ਨੇ ਇਨਫਲੂੰਸਰ ਦੇ ਵਕੀਲ ਨੂੰ ਪੁੱਛਿਆ—ਸਮਾਜ ਦੀਆਂ ਕਦਰਾਂ-ਕੀਮਤਾਂ ਕੀ ਹਨ? ਇਹ ਮਾਪਦੰਡ ਕੀ ਹਨ, ਕੀ ਤੁਸੀਂ ਜਾਣਦੇ ਹੋ? ਉਸ ਦੇ ਮਨ ਵਿੱਚ ਕੁਝ ਗੰਦਾ ਹੈ, ਜੋ ਉਸ ਨੇ ਯੂਟਿਊਬ ਸ਼ੋਅ 'ਤੇ ਉਲਟੀ ਕੀਤੀ ਹੈ। ਸੁਪਰੀਮ ਕੋਰਟ ਨੇ ਕਿਹਾ—ਬੋਲਣ ਦੀ ਆਜ਼ਾਦੀ ਦੇ ਨਾਂਅ 'ਤੇ, ਕਿਸੇ ਨੂੰ ਵੀ ਸਮਾਜ ਦੇ ਨਿਯਮਾਂ ਖਿਲਾਫ ਜੋ ਮਰਜ਼ੀ ਬੋਲਣ ਦਾ ਲਾਇਸੈਂਸ ਨਹੀਂ ਹੈ। ਤੁਹਾਡੇ ਵੱਲੋਂ ਵਰਤੇ ਗਏ ਸ਼ਬਦ ਧੀਆਂ, ਭੈਣਾਂ, ਮਾਪਿਆਂ ਅਤੇ ਇੱਥੋਂ ਤੱਕ ਕਿ ਸਮਾਜ ਨੂੰ ਵੀ ਸ਼ਰਮਿੰਦਾ ਕਰਨਗੇ।

ਅਦਾਲਤ ਨੇ ਅਲਾਹਾਬਾਦੀਆ ਦੇ ਵਕੀਲ ਨੂੰ ਪੁੱਛਿਆ—ਜੇ ਇਹ ਅਸ਼ਲੀਲਤਾ ਨਹੀਂ ਹੈ, ਤਾਂ ਇਹ ਕੀ ਹੈ? ਅਸੀਂ ਤੁਹਾਡੇ ਵਿਰੁੱਧ ਦਰਜ ਐੱਫ ਆਈ ਆਰਜ਼ ਨੂੰ ਕਿਉਂ ਰੱਦ ਕਰੀਏ ਜਾਂ ਇਕੱਠੇ ਕਿਉਂ ਕਰੀਏ। ਸਿਖਰਲੀ ਅਦਾਲਤ ਨੇ ਅਲਾਹਾਬਾਦੀਆ ਨੂੰ ਯੂਟਿਊਬ ਸ਼ੋਅ 'ਤੇ ਉਸ ਦੀਆਂ ਟਿੱਪਣੀਆਂ ਵਿਰੁੱਧ ਦਰਜ ਐੱਫ ਆਈ ਆਰਜ਼ ਵਿੱਚ ਜ਼ਬਰਦਸਤੀ ਕਾਰਵਾਈ ਤੋਂ ਅੰਤਰਮ ਸੁਰੱਖਿਆ ਪ੍ਰਦਾਨ ਕੀਤੀ ਹੈ। ਸੁਪਰੀਮ ਕੋਰਟ ਨੇ ਅਲਾਹਾਬਾਦੀਆ ਨੂੰ ਉਸ ਦੀਆਂ ਟਿੱਪਣੀਆਂ 'ਤੇ ਮਹਾਰਾਸ਼ਟਰ ਅਤੇ ਅਸਾਮ ਵਿੱਚ ਦਰਜ ਐੱਫ ਆਈ ਆਰਜ਼ ਦੀ ਜਾਂਚ ਵਿੱਚ ਸਹਿਯੋਗ ਕਰਨ ਲਈ ਵੀ ਕਿਹਾ ਹੈ।

### ਪੱਤਰਕਾਰਾਂ ਲਈ ਸੂਚਨਾ

'ਨਵਾਂ ਜ਼ਮਾਨਾ' ਦੇ ਜਿਨ੍ਹਾਂ ਪ੍ਰਤੀਨਿਧਾਂ ਦੇ ਸ਼ਨਾਖਤੀ ਕਾਰਡ ਦੀ ਮਿਆਦ ਲੰਘ ਚੁੱਕੀ ਹੈ, ਉਨ੍ਹਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਆਪੋ-ਆਪਣੇ ਕਾਰਡ ਜਲਦੀ ਤੋਂ ਜਲਦੀ 'ਨਵਾਂ ਜ਼ਮਾਨਾ' ਦਫਤਰ ਆ ਕੇ ਬਾਅਦ ਦੁਪਹਿਰ ਸ਼ੁੱਕਰਵਾਰ ਅਤੇ ਸੋਮਵਾਰ ਨੂੰ 2 ਵਜੇ ਤੋਂ ਸ਼ਾਮ 5 ਵਜੇ ਤੱਕ ਨਵਿਆਉਣ। ਪਿਛਲੇ ਸਾਲ ਦੀ ਅਧਿਕਾਰਤ ਪੱਤਰ ਦੀ ਕਾਪੀ ਨਾਲ ਲਿਆਉਣ। -ਮੈਨੇਜਰ

### ਅੱਜ-ਨਾਮਾ

ਹਰ ਕੋਈ ਲੋਚਦਾ ਆਪਣੀ ਗੱਲ ਕਹਿਣੀ,
ਸੁਣਨੀ ਦੂਜੇ ਦੀ ਜਾਣੇ ਨਹੀਂ ਕੋਈ ਬੇਲੀ।
ਇਹ ਵੀ ਸੋਚਦਾ ਕਹਿੰਦੇ ਹਨ ਝੂਠ ਸਾਰੇ,
ਅਸਲੀ ਸੱਚ, ਜੋ ਕਿਹਾ ਮੈਂ, ਸੋਈ ਬੇਲੀ।
ਧੱਕੜਸ਼ਾਹੀ ਨਾਲ ਆਪਣੀ ਗੱਲ ਕਹਿਣੀ,
ਲਾਹੀ ਸ਼ਰਮ ਦੀ ਜਿਵੇਂ ਬੱਸ ਲੋਈ ਬੇਲੀ।
ਕਰਦੇ ਦੂਜੇ ਦੀ ਬੇ'ਜ਼ਤੀ ਝਿਜਕਦੇ ਨਹੀਂ,
ਆਪਣੀ ਹੋਵੇ ਤਾਂ ਜਾਣ ਫਿਰ ਰੋਈ ਬੇਲੀ।
ਚਰਚੇ ਕਰਨ ਈਮਾਨ ਦੇ ਸੁਬਹਾ-ਸ਼ਾਮੀਂ,
ਮਿਲਦਾ ਮੌਕਾ ਤਾਂ ਲਾਉਣਗੇ ਦਾਅ ਬੇਲੀ।
ਕੀਮਤ ਈਮਾਨ ਤੇ ਸੱਚ ਦੀ ਖਤਮ ਜਾਪੇ,
ਬੇਈਮਾਨੀ ਦਾ ਚੜ੍ਹਦਾ ਜਾਏ ਭਾਅ ਬੇਲੀ।

-ਤੀਸ ਮਾਰ ਖਾਂ

## ਰੇਲ ਮੰਤਰੀ ਦੇ ਅਸਤੀਫੇ ਲਈ ਦਿੱਲੀ 'ਚ ਯੂਥ ਕਾਂਗਰਸੀਆਂ ਦਾ ਪ੍ਰਦਰਸ਼ਨ

**ਨਵੀਂ ਦਿੱਲੀ** : ਭਾਰਤੀ ਯੂਥ ਕਾਂਗਰਸ ਨੇ ਪਿਛਲੇ ਦਿਨੀਂ ਨਵੀਂ ਦਿੱਲੀ ਰੇਲਵੇ ਸਟੇਸ਼ਨ 'ਤੇ ਮਚੀ ਭਗਦੜ, ਜਿਸ ਵਿੱਚ 18 ਵਿਅਕਤੀਆਂ ਦੀ ਮੌਤ ਹੋ ਗਈ ਸੀ, ਦੇ ਰੋਸ ਵਜੋਂ ਮੰਗਲਵਾਰ ਰੇਲ ਮੰਤਰੀ ਅਸ਼ਵਨੀ ਵੈਸ਼ਨਵ ਖਿਲਾਫ਼ ਪ੍ਰਦਰਸ਼ਨ ਕਰਦਿਆਂ ਉਨ੍ਹਾ ਦੇ ਅਸਤੀਫ਼ੇ ਦੀ ਮੰਗ ਕੀਤੀ। ਯੂਥ ਕਾਂਗਰਸ ਦੇ ਕਈ ਵਰਕਰ ਦਫਤਰ 'ਚ ਇਕੱਠੇ ਹੋਏ ਅਤੇ ਇਸ ਤੋਂ ਬਾਅਦ ਉਹ ਪ੍ਰਦਰਸ਼ਨ ਲਈ ਰਾਏਸੀਨਾ ਰੋਡ ਵੱਲ ਵਧੇ, ਜਿੱਥੇ ਦਿੱਲੀ ਪੁਲਸ ਨੇ ਬੈਰੀਕੇਡ ਲਗਾ ਕੇ ਉਨ੍ਹਾਂ ਨੂੰ ਰੋਕ ਦਿੱਤਾ। ਇਸ ਦੌਰਾਨ ਯੂਥ ਕਾਂਗਰਸੀ ਵਰਕਰਾਂ ਨੇ ਰੇਲ ਮੰਤਰੀ ਅਸ਼ਵਨੀ ਵੈਸ਼ਨਵ ਦਾ ਪੁਤਲਾ ਫੂਕਿਆ ਅਤੇ ਉਨ੍ਹਾ ਦੇ ਅਸਤੀਫੇ ਦੀ ਮੰਗ ਕੀਤੀ।



ਇਸ ਮੌਕੇ ਭਾਰਤੀ ਯੂਥ ਕਾਂਗਰਸ ਦੇ ਰਾਸ਼ਟਰੀ ਪ੍ਰਧਾਨ ਉਦੈ ਭਾਨੂ ਚਿੱਬ ਨੇ ਕਿਹਾ ਕਿ ਨਵੀਂ ਦਿੱਲੀ ਰੇਲਵੇ ਸਟੇਸ਼ਨ 'ਤੇ ਮਚੀ ਭਗਦੜ ਕੋਈ ਹਾਦਸਾ ਨਹੀਂ ਸਗੋਂ 'ਕਤਲੇਆਮ' ਹੈ। ਉਨ੍ਹਾ ਕਿਹਾ ਕਿ ਸ਼ਰਧਾਲੂਆਂ ਦੇ ਇਸ ਕਤਲੇਆਮ ਲਈ ਕੌਣ ਜ਼ਿੰਮੇਵਾਰ ਹੈ? ਇੰਨੇ ਵੱਡੇ ਹਾਦਸੇ ਤੋਂ ਬਾਅਦ ਵੀ ਇਹ ਬਿਰਤਾਂਤ ਸਿਰਜਿਆ ਗਿਆ ਕਿ ਸਭ ਕੁਝ ਕਾਬੂ ਵਿੱਚ ਹੈ। ਜਦੋਂ ਭਗਦੜ ਵਿੱਚ ਲੋਕ ਮਰ ਰਹੇ ਸਨ ਤਾਂ ਰੇਲ ਮੰਤਰੀ ਅਸ਼ਵਨੀ ਵੈਸ਼ਨਵ ਮੌਤਾਂ ਦੀ ਗਿਣਤੀ ਨੂੰ ਲੁਕਾਉਣ ਵਿੱਚ ਰੁੱਝੇ ਹੋਏ ਸਨ। ਉਨ੍ਹਾ ਕਿਹਾ ਕਿ ਵੈਸ਼ਨਵ ਨੂੰ ਆਪਣੇ ਅਹੁਦੇ 'ਤੇ ਬਣੇ ਰਹਿਣ ਦਾ ਕੋਈ ਨੈਤਿਕ ਅਧਿਕਾਰ ਨਹੀਂ ਹੈ ਤੇ ਉਨ੍ਹਾ ਨੂੰ ਅਸਤੀਫਾ ਦੇਣਾ ਚਾਹੀਦਾ ਹੈ। ਦਿੱਲੀ ਪ੍ਰਦੇਸ਼ ਯੂਥ ਕਾਂਗਰਸ ਦੇ ਪ੍ਰਧਾਨ ਅਕਸ਼ੈ ਲਾਕਰਾ ਨੇ ਕਿਹਾ ਕਿ ਸਰਕਾਰ ਨੇ ਇਸ਼ਤਿਹਾਰ ਦੇ ਕੇ ਲੋਕਾਂ ਨੂੰ ਕੁੰਭ ਦਾ ਸੱਦਾ ਦਿੱਤਾ ਹੈ। ਅਜਿਹੇ 'ਚ ਜਦੋਂ ਲੋਕ ਕੁੰਭ ਜਾ ਰਹੇ ਹਨ ਤਾਂ ਉਨ੍ਹਾਂ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਕਿਸ ਦੀ ਹੈ? ਜਿਨ੍ਹਾਂ ਨੇ ਆਪਣੀ ਜਾਨ ਗਵਾਈ ਹੈ ਉਹ ਸਾਡੇ ਆਪਣੇ ਲੋਕ ਹਨ। ਉਨ੍ਹਾਂ ਦੀ ਸਮੱਸਿਆ ਇਹ ਹੈ ਕਿ ਉਹ ਹਵਾਈ ਜਹਾਜ਼ ਰਾਹੀਂ ਨਹੀਂ ਜਾ ਸਕਦੇ। 47 ਹਜ਼ਾਰ ਰੁਪਏ ਦੀ ਟਿਕਟ ਨਹੀਂ ਖਰੀਦ ਸਕਦੇ। ਪਰ ਰੇਲ ਮੰਤਰੀ ਸਿਰਫ਼ ਮਰਨ ਵਾਲਿਆਂ ਦੀ ਗਿਣਤੀ ਛੁਪਾਉਣ ਵਿੱਚ ਲੱਗੇ ਹੋਏ ਹਨ, ਜਨਤਾ ਲਈ ਕੁਝ ਨਹੀਂ ਕਰ ਰਹੇ।

ਲਾਕਰਾ ਨੇ ਮੰਗ ਕੀਤੀ ਕਿ ਰੇਲ ਮੰਤਰੀ ਨੂੰ ਇਸ ਹਾਦਸੇ ਦੀ ਜ਼ਿੰਮੇਵਾਰੀ ਲੈਂਦਿਆਂ ਤੁਰੰਤ ਆਪਣੇ ਅਹੁਦੇ ਤੋਂ ਅਸਤੀਫਾ ਦੇਣਾ ਚਾਹੀਦਾ ਹੈ ਜਾਂ ਸਰਕਾਰ ਨੂੰ ਉਨ੍ਹਾ ਨੂੰ ਬਰਖਾਸਤ ਕਰਨਾ ਚਾਹੀਦਾ ਹੈ ਕਿਉਂਕਿ ਅਜਿਹੇ ਰੇਲ ਮੰਤਰੀ ਦੇ ਭਰੋਸੇ 'ਤੇ ਆਮ ਭਾਰਤੀ ਨੂੰ ਨਹੀਂ ਛੱਡਿਆ ਜਾ ਸਕਦਾ।

## ਉਤਰਨ ਵੇਲੇ ਜਹਾਜ਼ ਟੇਢਾ, 17 ਜ਼ਖਮੀ



**ਵੈਨਕੂਵਰ** : ਸੋਮਵਾਰ ਟੋਰਾਂਟੋ ਪੀਅਰਸਨ ਕੌਮਾਂਤਰੀ ਹਵਾਈ ਅੱਡੇ 'ਤੇ ਉਤਰਨ ਦੀ ਕੋਸ਼ਿਸ਼ ਕਰਦੇ ਹੋਏ ਡੈਲਟਾ ਏਅਰਲਾਈਨਜ਼ ਦੇ ਜਹਾਜ਼ ਦੇ ਹਾਦਸਾਗ੍ਰਸਤ ਹੋ ਜਾਣ ਕਾਰਨ 17 ਯਾਤਰੀ ਜ਼ਖਮੀ ਹੋ ਗਏ। ਜ਼ਖਮੀਆਂ ਵਿੱਚੋਂ ਇੱਕ ਬੱਚੇ ਸਮੇਤ 3 ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ।

ਅਮਰੀਕਾ ਦੇ ਸ਼ਹਿਰ ਮਿਨੀਆਪੋਲੀਸ ਤੋਂ ਆਏ ਜਹਾਜ਼ ਵਿੱਚ ਅਮਲੇ ਦੇ ਚਾਰ ਮੈਂਬਰ ਅਤੇ 76 ਯਾਤਰੀ ਸਵਾਰ ਸਨ। ਦੁਪਹਿਰ ਢਾਈ ਕੁ ਵਜੇ ਵਾਪਰੇ ਹਾਦਸੇ ਤੋਂ ਬਾਅਦ ਹਵਾਈ ਅੱਡਾ ਤਿੰਨ ਘੰਟੇ ਬੰਦ ਰੱਖਣਾ ਪਿਆ ਤਾਂ ਕਿ ਹਾਦਸੇ ਦੇ ਕਾਰਨਾਂ ਦੀ ਜਾਂਚ ਹੋ ਸਕੇ। ਕੁਝ ਲੋਕਾਂ ਵੱਲੋਂ ਬਣਾਈ ਮੌਕੇ ਦੀ ਵੀਡੀਓ ਤੋਂ ਪਤਾ ਲੱਗਦਾ ਹੈ ਕਿ ਜਹਾਜ਼ ਉੱਤਰਦੇ ਸਮੇਂ ਰਨਵੇਅ ਤੋਂ ਤਿਲਕ ਕੇ ਟੇਢਾ ਹੁੰਦਿਆਂ ਪਲਟ ਗਿਆ ਸੀ। ਜਹਾਜ਼ ਦਾ ਪਿਛਲਾ ਹਿੱਸਾ ਜ਼ਿਆਦਾ ਨੁਕਸਾਨਿਆ ਗਿਆ ਹੈ। ਜ਼ਿਕਰਯੋਗ ਹੈ ਕਿ ਹਵਾਈ ਅੱਡੇ ਦਾ ਬਹੁਤਾ ਖੇਤਰ ਤਿੰਨ ਫੁੱਟ ਤੋਂ ਵੀ ਉੱਚੀ ਬਰਫ ਦੀ ਤਹਿ ਨਾਲ ਢਕਿਆ ਹੋਇਆ ਹੈ ਅਤੇ ਅਕਸਰ ਰਨਵੇਅ ਸਮੇਤ ਸੰਚਾਲਨ ਲਈ ਜ਼ਰੂਰੀ ਸਥਾਨਾਂ ਦੀ ਹੀ ਸਫਾਈ ਕੀਤੀ ਜਾਂਦੀ ਹੈ। ਇਸ ਹਾਦਸੇ ਦੇ ਪਿੱਛੇ ਬਰਫ ਦੇ ਢੇਰਾਂ ਨੂੰ ਵੀ ਕਥਿਤ ਤੌਰ 'ਤੇ ਕਾਰਨ ਮੰਨਿਆ ਜਾ ਰਿਹਾ ਹੈ।

## ਮੁਕਤੀਧਾਮ ਸ਼ਿਵ ਮੰਦਰ ਦੇ ਸੁਸ਼ੀਲ ਲੂਥਰਾ ਮੁੜ ਚੇਅਰਮੈਨ ਬਣੇ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਮਾਛੀਵਾੜਾ-ਕੁਹਾੜਾ ਮਾਰਗ 'ਤੇ ਮਾਲਵਾ ਚੌਂਕ 'ਚ ਸਥਿਤ ਮੁਕਤੀਧਾਮ ਸ਼ਿਵ ਮੰਦਰ ਦੀ ਸਲਾਨਾ ਮੀਟਿੰਗ ਹੋਈ, ਜਿਸ ਵਿੱਚ ਨਵੀਂ ਕਾਰਜਕਾਰਨੀ ਦਾ ਗਠਨ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮੁਕਤੀਧਾਮ ਮੰਦਰ ਦੇ ਸੇਵਾਦਾਰ ਜਵਾਲਾ ਸਿੰਘ ਨੇ ਦੱਸਿਆ ਕਿ ਮੀਟਿੰਗ 'ਚ ਸਰਬਸੰਮਤੀ ਨਾਲ ਸੁਸ਼ੀਲ ਲੂਥਰਾ ਨੂੰ ਸੰਸਥਾ ਦਾ ਚੇਅਰਮੈਨ ਚੁਣਿਆ ਗਿਆ, ਜਦਕਿ ਪਵਨ ਅਰੋੜਾ ਨੂੰ ਪ੍ਰਧਾਨ, ਸ਼ਿਵ ਚਰਨ ਸ਼ਰਮਾ ਸੀਨੀਅਰ ਮੀਤ ਪ੍ਰਧਾਨ, ਰਾਕੇਸ਼ ਟਕਿਆਰ ਮੀਤ ਪ੍ਰਧਾਨ, ਪ੍ਰਮੋਦ ਚੋਪੜਾ ਨੂੰ ਮੁੱਖ ਸਲਾਹਕਾਰ ਬਣਾਇਆ ਗਿਆ। ਇਸ ਤੋਂ ਇਲਾਵਾ ਮੁਕੇਸ਼ ਸਚਦੇਵਾ ਜਨਰਲ ਸਕੱਤਰ, ਦਰਵਿੰਦਰ ਮਿੱਤਲ ਸਕੱਤਰ, ਬਲਰਾਮ ਤਿਵਾੜੀ ਸਕੱਤਰ, ਰਜਿੰਦਰਪਾਲ ਸਿੰਘ ਸਕੱਤਰ, ਅਨਿਲ ਕੁਮਾਰ ਸੰਯੁਕਤ ਸਕੱਤਰ, ਪਵਨ ਬਤਰਾ ਕੈਸ਼ੀਅਰ, ਹਿਮਾਂਸ਼ੂ ਮਿੱਤਲ ਲੰਗਰ ਇੰਚਾਰਜ ਨਿਯੁਕਤ ਕੀਤੇ ਗਏ।ਕਮੇਟੀ ਵਿੱਚ ਉਪਰੋਕਤ ਤੋਂ ਇਲਾਵਾ ਸੰਨੀ ਭਾਟੀਆ, ਭੂਸ਼ਨ ਚਾਨਣਾ, ਸ਼ਿਵੂ ਪਸਰੀਚਾ, ਮੋਹਿਤ ਜੈਨ, ਕਰਨ ਭਾਂਬਰੀ, ਸਾਹਿਲ ਸਪਰਾ, ਰਵੀ ਕੁਮਾਰ, ਰਾਜੇਸ਼ ਪਰੂਥੀ, ਸੰਜੀਵ ਕੁਮਾਰ ਸਮੇਤ ਸਾਹਿਲ ਪਰੂਥੀ ਨੂੰ ਬਤੌਰ ਮੈਂਬਰ ਸ਼ਾਮਲ ਕੀਤਾ ਗਿਆ। ਉਨ੍ਹਾਂ ਕਿਹਾ ਕਿ ਮੰਦਰ ਦੀ ਸੁਰੱਖਿਆ ਤੋਂ ਇਲਾਵਾ ਸੇਵਾਵਾਂ ਨਿਭਾਅ ਰਹੇ ਮੁਲਾਜ਼ਮਾਂ ਦੀਆਂ ਸਹੂਲਤਾਂ ਵਿੱਚ ਵਾਧੇ ਦਾ ਮਤਾ ਵੀ ਪਾਸ ਕੀਤਾ ਗਿਆ। ਮੀਟਿੰਗ 'ਚ ਸ਼ਿਵਰਾਤਰੀ ਮਹਾਉਤਸਵ ਦੀਆਂ ਤਿਆਰੀਆਂ ਤੇ ਪ੍ਰਬੰਧਾਂ ਸਬੰਧੀ ਵਿਚਾਰ ਵਟਾਂਦਰੇ ਤੋਂ ਇਲਾਵਾ ਸਾਰੇ ਮੈਂਬਰਾਂ ਦੀਆਂ ਡਿਊਟੀਆਂ ਲਗਾਈਆਂ ਗਈਆਂ।

## ਖੇਤੀ ਹਾਦਸੇ 'ਚ ਜ਼ਖ਼ਮੀ ਕਿਸਾਨਾਂ ਨੂੰ ਦਿੱਤੇ ਸਹਾਇਤਾ ਰਾਸ਼ੀ ਦੇ ਚੈੱਕ



**ਬਰੇਟਾ (ਰੀਤਵਾਲ)**-ਖੇਤੀ ਦੌਰਾਨ ਹਾਦਸੇ ਦੇ ਸ਼ਿਕਾਰ ਉਂਗਲਾ ਗਵਾਉਣ ਵਾਲੇ 7 ਕਿਸਾਨਾਂ ਨੂੰ ਮੰਡੀਕਰਨ ਬੋਰਡ ਵੱਲੋਂ ਸਹਾਇਤਾ ਰਾਸ਼ੀ ਦੇ ਚੈੱਕ ਹਲਕਾ ਵਿਧਾਇਕ ਪਿੰਸੀਪਲ ਬੁੱਧ ਰਾਮ ਵੱਲੋਂ ਵੰਡੇ ਗਏ।ਇਸ ਮੌਕੇ ਉਨ੍ਹਾ ਕਿਹਾ ਕਿ ਮਾਨ ਸਰਕਾਰ ਵੱਲੋਂ ਕਿਰਸਾਨੀ ਦੀ ਮਜ਼ਬੂਤੀ ਲਈ ਖਾਸ ਕਰ ਬੁਢਲਾਡਾ ਹਲਕੇ ਅੰਦਰ ਕਰੋੜਾਂ ਰੁਪਏ ਦੇ ਪ੍ਰੋਜੈਕਟ ਸ਼ੁਰੂ ਕਰ ਕੇ ਕਿਸਾਨਾਂ ਨੂੰ ਆਰਥਿਕ ਤੌਰ 'ਤੇ ਖੁਸ਼ਹਾਲ ਕੀਤਾ ਜਾ ਰਿਹਾ ਹੈ।ਚਾਹੇ ਉਹ ਨਹਿਰੀ ਪਾਣੀ ਦੀ ਗੱਲ ਹੋਵੇ, ਪੱਕੇ ਖਾਲ, ਖੇਤਾਂ ਤੱਕ ਪਾਣੀ ਪਹੁੰਚਾਉਣ ਲਈ ਜ਼ਮੀਨ ਦੋਜ ਪਾਇਪਾਂ ਵਿਛਾਉਣ ਦੀ ਗੱਲ ਹੋਵੇ।ਮਾਰਕਿਟ ਕਮੇਟੀ ਦੇ ਸਕੱਤਰ ਜੈ ਸਿੰਘ ਨੇ ਦੱਸਿਆ ਕਿ ਹਲਕਾ ਵਿਧਾਇਕ ਨੇ ਕਾਹਨਗੜ੍ਹ ਦੇ ਲਾਭ ਸਿੰਘ 12 ਹਜ਼ਾਰ, ਪਿੰਡ ਮੰਡੇਰ ਸਿੰਘ ਜੁਗਰਾਜ ਸਿੰਘ 12 ਹਜ਼ਾਰ, ਪਿੰਡ ਸੇਖੂਪੁਰ ਖੁਡਾਲ ਕਲਾਂ ਦੇ ਕੁਲਵਿੰਦਰ ਸਿੰਘ ਨੂੰ 12 ਹਜ਼ਾਰ, ਪਿੰਡ ਦਿਆਲਪੁਰਾ ਦੇ ਸਤਵੀਰ ਸਿੰਘ ਨੂੰ 20 ਹਜ਼ਾਰ, ਪਿੰਡ ਸ਼ੇਖੂਪੁਰ ਖੁਡਾਲ ਕਲਾਂ ਦੇ ਰਾਮ ਸਰੂਪ ਨੂੰ 12 ਹਜ਼ਾਰ, ਪਿੰਡ ਬਰੇਟਾ ਦੇ ਜਰਨੈਲ ਸਿੰਘ ਨੂੰ 20 ਹਜ਼ਾਰ, ਪਿੰਡ ਖੱਤਰਵਾਲਾ ਦੇ ਸ਼੍ਰੀਮਤੀ ਸਿੰਦਰ ਕੌਰ ਨੂੰ 10 ਹਜ਼ਾਰ ਰੁਪਏ ਦੇ ਚੈੱਕ ਦਿੱਤੇ ਗਏ ਜੋ ਕੁੱਲ 98 ਹਜ਼ਾਰ ਰੁਪਏ ਦੀ ਰਾਸ਼ੀ ਮੰਡੀਕਰਨ ਬੋਰਡ ਵੱਲੋਂ ਜਾਰੀ ਕੀਤੀ ਗਈ।ਇਸ ਮੌਕੇ ਚੇਅਰਮੈਨ ਚਮਕੌਰ ਸਿੰਘ ਖੁਡਾਲ, ਕੁਲਵਿੰਦਰ ਸਿੱਘ ਖੁਡਾਲ, ਜਗਤਾਰ ਸਿੰਘ ਕਾਹਨਗੜ੍ਹ, ਲਲਿਤ ਜੈਨ ਬਰੇਟਾ, ਜਗਸੀਰ ਸਿੰਘ ਜੱਗੀ ਕਾਹਨਗੜ੍ਹ, ਰਜਿੰਦਰ ਗੋਬਿੰਦਪੁਰਾ, ਕੇਵਲ ਸ਼ਰਮਾ, ਪ੍ਰੀਤ ਕੁਮਾਰ ਪ੍ਰੀਤਾ, ਜਗਵਿੰਦਰ ਸਿੰਘ ਧਰਮਪੁਰਾ ਆਦਿ ਮੌਜੂਦ ਸਨ।

## ਫਿਰੋਜ਼ਪੁਰ ਵਿਸ਼ੇਸ਼ ਅਧਿਆਪਕ ਯੂਨੀਅਨ ਨੇ ਗੁਰਪਾਲ ਸਿੰਘ ਨੂੰ ਜ਼ਿਲ੍ਹਾ ਪ੍ਰਧਾਨ ਚੁਣਿਆ



**ਗੁਰੂ ਹਰਸਹਾਏ (ਫਕੀਰ ਚੰਦ ਸਿਕਰੀ)**-ਫਿਰੋਜ਼ਪੁਰ ਵਿਸ਼ੇਸ਼ ਅਧਿਆਪਕ ਯੂਨੀਅਨ ਵੱਲੋਂ ਇੱਕ ਮਹੱਤਵਪੂਰਨ ਮੀਟਿੰਗ ਦੇ ਆਯੋਜਨ ਵਿੱਚ ਵਿਸ਼ੇਸ਼ ਅਧਿਆਪਕ ਤੇ ਦਫ਼ਤਰੀ ਮੁਲਾਜ਼ਮ ਸ਼ਾਮਲ ਹੋਏ।ਇਸ ਮੀਟਿੰਗ ਵਿੱਚ ਗੁਰਪਾਲ ਸਿੰਘ ਧਾਲੀਵਾਲ ਨੂੰ ਜ਼ਿਲ੍ਹਾ ਪ੍ਰਧਾਨ ਵਜੋਂ ਸਹਿਮਤੀ ਨਾਲ ਚੁਣਿਆ ਗਿਆ।ਇਸ ਦੇ ਨਾਲ ਹੀ, ਸੋਹਨ ਸਿੰਘ ਨੂੰ ਖਜ਼ਾਨਚੀ ਤੇ ਜਸਵੰਤ ਸਿੰਘ ਨੂੰ ਮੀਡੀਆ ਸਲਾਹਕਾਰ ਨਿਯੁਕਤ ਕੀਤਾ ਗਿਆ ਹੈ।ਗੁਰਪਾਲ ਸਿੰਘ ਧਾਲੀਵਾਲ ਨੇ ਸਰਗਰਮ ਆਗੂਆਂ ਦੇ ਪ੍ਰਭਾਵਸ਼ਾਲੀ ਸਮੂਹ ਨੂੰ ਸੰਬੋਧਨ ਕਰਦੇ ਹੋਏ ਯਕੀਨ ਦਿਵਾਇਆ ਕਿ ਉਹ ਯੂਨੀਅਨ ਦੇ ਮਿਸ਼ਨ ਪ੍ਰਤੀ ਪੂਰੀ ਨਿਸ਼ਠਾ ਨਾਲ ਕੰਮ ਕਰਨਗੇ।ਉਨ੍ਹਾਂ ਇਮਾਨਦਾਰੀ ਤੇ ਕੁਸ਼ਲਤਾ ਨਾਲ ਯੂਨੀਅਨ ਦੇ ਹਿੱਤਾਂ ਦੀ ਰੱਖਿਆ ਕਰਨ ਤੇ ਵਿਸ਼ੇਸ਼ ਸ਼ਿਕਸ਼ਕਾਂ ਤੇ ਵਿਸ਼ੇਸ਼ ਜ਼ਰੂਰਤਾਂ ਵਾਲੇ ਵਿਦਿਆਰਥੀਆਂ ਦੇ ਹੱਕਾਂ ਲਈ ਕੰਮ ਕਰਨ ਦਾ ਵਾਅਦਾ ਕੀਤਾ ਕਿ ਉਨ੍ਹਾਂ ਦੀ ਪ੍ਰਧਾਨਗੀ ਹੇਠ ਯੂਨੀਅਨ ਨਵੀਆਂ ਪੁਲਾਂਘਾਂ ਪੁੱਟਦੇ ਹੋਏ ਉਹ ਵਿਸ਼ੇਸ਼ ਜ਼ਰੂਰਤਾਂ ਵਾਲੇ ਵਿਦਿਆਰਥੀਆਂ ਲਈ ਸਿੱਖਿਆ ਤੇ ਸਹਾਇਤਾ ਵਿੱਚ ਸੁਧਾਰ ਲਿਆਉਣਗੇ।ਇਕ ਸਮਾਵੇਸ਼ੀ ਸਿੱਖਣ ਵਾਲਾ ਮਾਹੌਲ ਤਿਆਰ ਕਰਨ ਲਈ ਯਤਨਸ਼ੀਲ ਰਹਿਣਗੇ।ਵਿਸ਼ੇਸ਼ ਸ਼ਿਕਸ਼ਕਾਂ ਦੇ ਹੱਕਾਂ ਤੇ ਬਿਹਤਰ ਕੰਮਕਾਜ ਦੀਆਂ ਸ਼ਰਤਾਂ ਲਈ ਅਵਾਜ਼ ਉਠਾਉਣਗੇ।ਪੰਜਾਬ ਸਕੂਲ ਸਿੱਖਿਆ ਵਿਭਾਗ ਤੇ ਅਧਿਕਾਰੀਆਂ ਨਾਲ ਜ਼ਰੂਰੀ ਸੁਧਾਰਾਂ ਲਈ ਸੰਪਰਕ ਕਰਦੇ ਰਹਿਣਗੇ।ਇਸ ਮੀਟਿੰਗ ਵਿੱਚ ਵਿਸ਼ੇਸ਼ ਅਧਿਆਪਕਾਂ, ਡੀ ਐੱਸ ਸੀ ਤੇ ਡੀ.ਐੱਸ.ਈ.ਟੀ ਪ੍ਰਤੀਨਿਧੀਆਂ ਨੇ ਭਰਪੂਰ ਹਿੱਸਾ ਲਿਆ ਤੇ ਗੁਰਪਾਲ ਸਿੰਘ ਧਾਲੀਵਾਲ ਦੀ ਲੀਡਰਸ਼ਿਪ ਤੇ ਯੂਨੀਅਨ ਦੇ ਪ੍ਰਗਤੀਸ਼ੀਲ ਦ੍ਰਿਸ਼ਟੀਕੋਣ ਲਈ ਆਪਣਾ ਸਮੂਹਕ ਸਮਰਥਨ ਪ੍ਰਗਟਾਇਆ।

## ਗੁਰੂ ਨਾਨਕ ਨੈਸ਼ਨਲ ਕਾਲਜ ਵਿਖੇ ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਮਨਾਇਆ



**ਦੋਰਾਹਾ (ਹਰਮਿੰਦਰ ਸੇਠ)**-ਗੁਰੂ ਨਾਨਕ ਨੈਸ਼ਨਲ ਕਾਲਜ ਦੋਰਾਹਾ ਦੇ ਪੋਸਟ-ਗ੍ਰੈਜੂਏਟ ਪੰਜਾਬੀ ਵਿਭਾਗ, ਭਾਸ਼ਾ ਮੰਚ ਤੇ ਹਿੰਦੀ ਵਿਭਾਗ ਵੱਲੋਂ ਭਾਸ਼ਾ ਵਿਭਾਗ ਲੁਧਿਆਣਾ ਦੇ ਸਹਿਯੋਗ ਨਾਲ਼ ਸਾਂਝੇ ਤੌਰ 'ਤੇ ਮਾਂ-ਬੋਲੀ ਦਿਵਸ ਮਨਾਇਆ ਗਿਆ।ਇਸ ਮੌਕੇ ਭਾਸ਼ਾ ਵਿਭਾਗ ਲੁਧਿਆਣਾ ਤੋਂ ਜ਼ਿਲ੍ਹਾ ਭਾਸ਼ਾ ਅਫ਼ਸਰ ਡਾ. ਸਨਦੀਪ ਸ਼ਰਮਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।ਅੰਤਰਰਾਸ਼ਟਰੀ ਮਾਤ-ਭਾਸ਼ਾ ਦਿਵਸ ਨੂੰ ਸਮਰਪਤ ਇਸ ਪ੍ਰੋਗਰਾਮ ਦੌਰਾਨ ਵਿਦਿਆਰਥੀਆਂ ਵਿਚਕਾਰ 'ਕਵਿਤਾ ਉਚਾਰਨ' ਮੁਕਾਬਲਾ ਕਰਵਾਇਆ ਗਿਆ।ਸਮਾਗਮ ਦੇ ਆਰੰਭ ਵਿੱਚ ਪੰਜਾਬੀ ਵਿਭਾਗ ਦੇ ਮੁਖੀ ਡਾ. ਸੋਮਪਾਲ ਹੀਰਾ ਨੇ ਮਾਂ ਬੋਲੀ ਦੀ ਮਹੱਤਾ ਬਾਰੇ ਵਿਚਾਰ ਚਰਚਾ ਕਰਦਿਆਂ ਸਾਰਿਆਂ ਦਾ ਸਵਾਗਤ ਕੀਤਾ।ਇਸ ਮੌਕੇ ਕਰਵਾਏ ਗਏ ਕਵਿਤਾ ਉਚਾਰਨ ਮੁਕਾਬਲੇ ਵਿੱਚ ਵਿਦਿਆਰਥੀਆਂ ਨੇ ਹਿੰਦੀ ਤੇ ਪੰਜਾਬੀ ਵਿੱਚ ਆਪਣੀਆਂ ਕਵਿਤਾਵਾਂ ਪੇਸ਼ ਕੀਤੀਆਂ।ਮੁੱਖ ਮਹਿਮਾਨ ਡਾ. ਸਨਦੀਪ ਸ਼ਰਮਾ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਪੰਜਾਬੀ ਭਾਸ਼ਾ ਦੀ ਵਰਤਮਾਨ ਸਥਿਤੀ ਬਾਰੇ ਗੰਭੀਰ ਚਰਚਾ ਕੀਤੀ ਤੇ ਵਿਦਿਆਰਥੀਆਂ ਨੂੰ ਆਪਣੀ ਮਾਂ-ਬੋਲੀ ਦਾ ਸਤਿਕਾਰ ਕਰਨ ਲਈ ਪ੍ਰੇਰਿਆ।ਇਸ ਮੌਕੇ ਕਰਵਾਏ ਗਏ ਕਵਿਤਾ ਉਚਾਰਨ ਮੁਕਾਬਲੇ ਵਿੱਚ ਰਵਨੀਤ ਕੌਰ ਨੇ ਪਹਿਲਾ, ਕੁਲਵੀਰ ਸਿੰਘ ਨੇ ਦੂਸਰਾ ਤੇ ਹਰਸਿਮਰਨ ਕੌਰ ਨੇ ਤੀਸਰਾ ਸਥਾਨ ਹਾਸਲ ਕੀਤਾ।ਇਸ ਮੌਕੇ ਕਾਲਜ ਵੱਲੋਂ ਮੁੱਖ ਮਹਿਮਾਨ ਡਾ. ਸਨਦੀਪ ਸ਼ਰਮਾ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਅੰਤ ਵਿੱਚ ਕਾਲਜ ਪ੍ਰਿੰਸੀਪਲ ਡਾ. ਸਰਵਜੀਤ ਕੌਰ ਬਰਾੜ ਨੇ ਸਭ ਦਾ ਧੰਨਵਾਦ ਕੀਤਾ।ਮੰਚ ਸੰਚਾਲਨ ਦੀ ਜ਼ਿੰਮੇਵਾਰੀ ਡਾ. ਗੁਰਪ੍ਰੀਤ ਸਿੰਘ ਨੇ ਬਾਖ਼ੂਬੀ ਨਿਭਾਈ।ਇਸ ਮੌਕੇ ਪ੍ਰੋ. ਸਨਦੀਪ ਸਿੰਘ ਹੁੰਦਲ ਤੇ ਭਾਸ਼ਾ ਵਿਭਾਗ ਲੁਧਿਆਣਾ ਤੋਂ ਸੀਨੀਅਰ ਸਹਾਇਕ ਸ੍ਰੀ ਰਾਜ ਕੁਮਾਰ ਹਾਜ਼ਰ ਸਨ।ਇਸ ਪ੍ਰੋਗਰਾਮ ਦੇ ਆਯੋਜਨ ਵਿੱਚ ਪੰਜਾਬੀ ਵਿਭਾਗ ਦੇ ਅਧਿਆਪਕ ਸਾਹਿਬਾਨ ਡਾ. ਸੋਮਪਾਲ ਸਿੰਘ (ਮੁਖੀ), ਡਾ. ਗੁਰਪ੍ਰੀਤ ਸਿੰਘ ਪ੍ਰੋ. ਹਰਪ੍ਰੀਤ ਕੌਰ ਕਾਹਲੋਂ ਤੇ ਹਿੰਦੀ ਵਿਭਾਗ ਦੇ ਮੁਖੀ ਪ੍ਰੋ. ਨਵਨੀਤ ਕੌਰ ਨੇ ਵਿਸ਼ੇਸ਼ ਭੂਮਿਕਾ ਨਿਭਾਈ।

## ਗਲੋਬਲ ਡਿਸਕਵਰੀ ਸਕੂਲ ਦੇ ਵਿਦਿਆਰਥੀਆਂ ਨੇ 44 ਗੋਲਡ ਮੈਡਲ ਜਿੱਤੇ



**ਰਾਮਪੁਰਾ ਫੂਲ (ਡੀ ਕੇ ਜਿੰਦਲ)**-ਸੀ.ਬੀ.ਐਸ.ਈ.ਤੋਂ ਮਾਨਤਾ ਪ੍ਰਾਪਤ ਸਰਾਫ਼ ਐਜੂਬੀਕਨ ਗਲੋਬਲ ਡਿਸਕਵਰੀ ਸਕੂਲ ਰਾਮਪੁਰਾ ਫੂਲ ਨੇ ਓਲੰਪੀਆਡ ਪ੍ਰੀਖਿਆ ਦੇ ਪਹਿਲੇ ਪੜਾਅ ਵਿੱਚ ਵੱਖ-ਵੱਖ ਵਿਸ਼ਿਆਂ ਦੀ ਪ੍ਰੀਖਿਆ ਵਿੱਚ ਸਕੂਲ ਦੇ ਬੱਚਿਆਂ ਨੇ ਵੱਡੀ ਗਿਣਤੀ ਵਿੱਚ ਭਾਗ ਲਿਆ ਤੇ ਆਪਣੀ ਵਿਲੱਖਣ ਪ੍ਰਤਿਭਾ ਦਾ ਪ੍ਰਦਰਸ਼ਨ ਕਰਕੇ ਆਪਣੇ ਸਕੂਲ ਅਤੇ ਮਾਪਿਆਂ ਦਾ ਨਾਂਅ ਰੌਸ਼ਨ ਕੀਤਾ।ਜਨਰਲ ਨਾਲੇਜ ਵਿੱਚ ਨੌਂ ਵਿਦਿਆਰਥੀਆਂ, ਅੰਗਰੇਜ਼ੀ ਵਿੱਚ ਇੱਕ, ਸਾਇੰਸ ਵਿੱਚ ਛੇ ਅਤੇ ਗਣਿਤ ਵਿੱਚ ਅਠਾਈ ਵਿਦਿਆਰਥੀਆਂ ਨੂੰ ਐਸ.ਓ.ਐਫ. ਵੱਲੋਂ ਗੋਲਡ ਮੈਡਲ ਤੇ ਸਰਟੀਫਿਕੇਟ ਦਿੱਤੇ ਗਏ।ਇਸ ਦੇ ਨਾਲ ਹੀ ਗਣਿਤ ਵਿਸ਼ੇ ਦੇ ਦੂਜੇ ਪੱਧਰ ਦੇ ਓਲੰਪੀਆਡ ਮੁਕਾਬਲੇ ਵਿੱਚ ਨੌਂ ਵਿਦਿਆਰਥੀਆਂ ਨੇ ਭਾਗ ਲਿਆ।ਸਕੂਲ ਦੇ ਚੇਅਰਮੈਨ ਇੰਜੀਨੀਅਰ ਸ਼੍ਰੀ ਕਮਲੇਸ਼ ਸ਼ਰਾਫ਼ ਤੇ ਵਾਇਸ ਚੇਅਰਮੈਨ ਸ਼੍ਰੀ ਅਮਿਤ ਸ਼ਰਾਫ਼ ਨੇ ਬੱਚਿਆਂ ਨੂੰ ਓਲੰਪੀਆਡ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ ਲਈ ਵਧਾਈ ਦਿੱਤੀ।ਉਨ੍ਹਾਂ ਕਿਹਾ ਕਿ ਬੱਚਿਆਂ ਵੱਲੋਂ ਆਪਣੇ ਜਮਾਤੀ ਪੱਧਰ 'ਤੇ ਵੱਖ-ਵੱਖ ਵਿਸ਼ਿਆਂ ਦੇ ਮੁਕਾਬਲਿਆਂ ਵਿੱਚ ਭਾਗ ਲੈਣਾ ਉਨ੍ਹਾਂ ਦੇ ਗਿਆਨ ਨੂੰ ਮਜ਼ਬੂਤ ਨੀਂਹ ਪ੍ਰਦਾਨ ਕਰਦਾ ਹੈ, ਜੋ ਭਵਿੱਖ ਵਿੱਚ ਵਿਸ਼ੇ ਦੀ ਚੋਣ ਕਰਨ ਵਿੱਚ ਸਹਾਈ ਸਿੱਧ ਹੁੰਦਾ ਹੈ।

## ਕੁਦਰਤੀ ਖੇਤੀ ਤੇ ਪਰਾਲੀ ਪ੍ਰਬੰਧਨ ਲਈ ਕਿਸਾਨ ਜਾਗਰੂਕਤਾ ਕੈਂਪ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਖੇਤੀ ਵਿਰਾਸਤ ਮਿਸ਼ਨ ਵੱਲੋਂ ਕੇ ਕੇ ਬਿਰਲਾ ਮੈਮੋਰੀਅਲ ਸੁਸਾਇਟੀ ਦੇ ਸਹਿਯੋਗ ਨਾਲ ਪਿੰਡ ਆਕੜ ਦੇ ਗੁਰਦੁਆਰਾ ਨਿੰਮ ਸਾਹਿਬ ਵਿੱਚ ਕੁਦਰਤੀ ਖੇਤੀ ਤੇ ਪਰਾਲੀ ਦੀ ਸਾਂਭ ਸੰਭਾਲ ਸਬੰਧੀ ਕਿਸਾਨ ਸਿਖਲਾਈ ਕੈਂਪ ਲਗਾਇਆ ਗਿਆ। ਇਸ ਕੈਂਪ ਦੇ ਮੁੱਖ ਮਹਿਮਾਨ ਮੁੱਖ ਖੇਤੀਬਾੜੀ ਅਫਸਰ ਪਟਿਆਲਾ ਡਾ. ਗੁਰਨਾਮ ਸਿੰਘ ਸਨ ਤੇ ਉਨ੍ਹਾਂ ਨੇ ਕੈਂਪ ਦੌਰਾਨ ਕਿਸਾਨਾਂ ਨੂੰ ਖਾਦਾਂ ਦੀ ਵਰਤੋਂ ਘੱਟ ਕਰਨ ਲਈ ਤੇ ਕੁਦਰਤੀ ਖੇਤੀ ਅਪਣਾਉਣ ਲਈ ਅਪੀਲ ਕਰਦੇ ਹੋਏ ਕਿਹਾ ਕਿ ਕਿਸਾਨ ਵੀਰ ਆਉਣ ਵਾਲੇ ਸੀਜ਼ਨ ਵਿੱਚ ਪਰਾਲੀ ਨੂੰ ਅੱਗ ਨਾ ਲਗਾਉਣ ਤਾਂ ਕਿ ਵਾਤਾਵਰਨ ਨੂੰ ਦੂਸ਼ਤ ਹੋਣ ਤੋਂ ਬਚਾਇਆ ਜਾ ਸਕੇ। ਇਸ ਮੌਕੇ ਖੇਤੀਬਾੜੀ ਵਿਸਥਾਰ ਅਫਸਰ, ਰਵਿੰਦਰਪਾਲ ਸਿੰਘ ਚੱਠਾ ਨੇ ਵਿਭਾਗ ਦੀਆਂ ਵੱਖ-ਵੱਖ ਸਕੀਮਾਂ ਬਾਰੇ ਤੇ ਸੀ.ਆਰ.ਐੱਮ. ਸਕੀਮ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਇਸ ਮੌਕੇ ਖੇਤੀਬਾੜੀ ਵਿਭਾਗ ਵੱਲੋਂ ਕਿਸਾਨ ਨੂੰ ਝੋਨੇ ਦੀ ਕਾਸ਼ਤ ਸਬੰਧੀ ਲਿਟਰੇਚਰ ਦੀ ਵੰਡ ਵੀ ਕੀਤੀ ਗਈ। ਇਸ ਮੌਕੇ ਕਿਸਾਨ ਜੈ ਸਿੰਘ ਅਜਰੋਰ, ਗੁਰਮੀਤ ਸਿੰਘ ਬਿਹਾਵਲਪੁਰ, ਗੁਰਵਿੰਦਰ ਸਿੰਘ ਗੋਪਾਲਪੁਰ ਕੁਲਵਿੰਦਰ ਸਿੰਘ ਆਕੜ ਤੇ ਗੁਰਨਾਮ ਸਿੰਘ ਸ਼ੰਕਰਪੁਰ ਅਤੇ ਪਿੰਡ ਕੌਲੀ, ਮੁਹੱਬਤਪੁਰ, ਦੌਣ ਕਲਾਂ, ਫਤਿਹਪੁਰ ਤੇ ਜਾਫਰਨਗਰ ਦੇ ਕਿਸਾਨਾਂ ਨੇ ਵੀ ਭਾਗ ਲਿਆ।

# ਲੁੱਟ-ਖੋਹ ਤੇ ਚੋਰੀ ਦੀਆਂ ਘਟਨਾਵਾਂ ਤੋਂ ਖ਼ਫ਼ਾ ਵਪਾਰੀਆਂ ਵੱਲੋਂ ਥਾਣੇ ਅੱਗੇ ਧਰਨਾ



**ਧੂਰੀ (ਵਿਨੋਦ ਗਰਗ)**-ਸ਼ਹਿਰ ਅੰਦਰ ਵਾਪਰ ਰਹੀਆਂ ਲੁੱਟ-ਖੋਹ ਤੇ ਚੋਰੀ ਦੀਆਂ ਘਟਨਾਵਾਂ ਤੋਂ ਭਾਵਕ ਵਪਾਰੀਆਂ ਦਾ ਗੁੱਸਾ ਉਸ ਸਮੇਂ ਫੁੱਟ ਪਿਆ, ਜਦੋਂ 15 ਫਰਵਰੀ ਦੀ ਰਾਤ ਕਰੀਬ 9 ਵਜੇ ਇੱਕ ਵਪਾਰੀ ਨਾਲ ਹੋਈ ਲੁੱਟ-ਖੋਹ ਦੀ ਕੋਸ਼ਿਸ਼ ਦੌਰਾਨ ਵਪਾਰੀ ਜ਼ਖਮੀ ਹੋ ਗਿਆ ਤੇ ਪੁਲਸ ਇਨ੍ਹਾਂ ਲੁਟੇਰਿਆਂ ਨੂੰ ਕਾਬੂ ਕਰਨ ਵਿੱਚ ਅਸਫਲ ਰਹੀ।ਇਸੇ ਰੋਸ ਦੇ ਚਲਦਿਆਂ ਸੋਮਵਾਰ ਵਪਾਰੀਆਂ ਵੱਲੋਂ ਸਥਾਨਕ ਤ੍ਰਿਵੇਣੀ ਚੌਂਕ ਵਿਖੇ ਇਕੱਠ ਕੀਤਾ ਗਿਆ ਤੇ ਬਾਅਦ ਵਿੱਚ ਸ਼ਹਿਰ ਦੇ ਬਾਜ਼ਾਰਾਂ ਵਿੱਚ ਰੋਸ ਮਾਰਚ ਕੱਢਦੇ ਹੋਏ ਪੰਜਾਬ ਸਰਕਾਰ ਤੇ ਪੰਜਾਬ ਪੁਲਸ ਖ਼ਿਲਾਫ਼ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ, ਜਿਸ ਤੋਂ ਵਪਾਰੀਆਂ ਵੱਲੋਂ ਥਾਣਾ ਸਿਟੀ ਧੂਰੀ ਦਾ ਘਿਰਾਓ ਕਰਦੇ ਹੋਏ ਧਰਨਾ ਲਗਾ ਦਿੱਤਾ ਗਿਆ।ਇਸ ਦੌਰਾਨ ਸਾਬਕਾ ਵਿਧਾਇਕ ਦਲਵੀਰ ਸਿੰਘ ਗੋਲਡੀ ਵੀ ਪ੍ਰਦਰਸ਼ਨਕਾਰੀਆਂ ਵਿੱਚ ਮੌਜੂਦ ਰਹੇ। ਜ਼ਿਕਰਯੋਗ ਹੈ ਕਿ ਲੰਘੀ 15 ਫਰਵਰੀ ਨੂੰ ਸੰਜੇ ਗਰਗ ਨਾਮੀ ਵਪਾਰੀ ਆਪਣੀ ਦੁਕਾਨ ਬੰਦ ਕਰਕੇ ਨਰਾਇਣੀ ਲੈ ਕੇ ਸਕੂਟਰੀ 'ਤੇ ਆਪਣੇ ਘਰ ਜਾ ਰਿਹਾ ਸੀ ਤਾਂ ਰਸਤੇ ਵਿੱਚ ਖੜੇ 2 ਅਣਪਛਾਤੇ ਲੁਟੇਰਿਆਂ ਨੇ ਉਸ 'ਤੇ ਚਾਕੂ ਨਾਲ ਹਮਲਾ ਕਰ ਦਿੱਤਾ, ਬਾਅਦ ਵਿੱਚ ਮੌਕੇ 'ਤੇ ਪੁੱਜੇ ਇੱਕ ਰਾਹਗੀਰ ਦੀ ਕੋਸ਼ਿਸ਼ ਸਦਕਾ ਲੁੱਟ ਤੋਂ ਤਾਂ ਬਚਾਅ ਰਿਹਾ, ਪਰ ਵਪਾਰੀ ਜ਼ਖ਼ਮੀ ਹੋ ਗਿਆ।ਰਾਹਗੀਰ ਰੌਕੀ ਵੱਲੋਂ ਕੀਤੀ ਕੋਸ਼ਿਸ਼ ਸਦਕਾ ਲੁਟੇਰੇ ਆਪਣਾ ਪਿਸਤੌਲ ਤੇ ਹਥਿਆਰ ਉਥੇ ਛੱਡ ਕੇ ਫ਼ਰਾਰ ਹੋ ਗਏ। ਧਰਨੇ ਨੂੰ ਸੰਬੋਧਨ ਕਰਦਿਆਂ ਆਗੂਆਂ ਨੇ ਕਿਹਾ ਕਿ ਧੂਰੀ ਮੁੱਖ ਮੰਤਰੀ ਭਗਵੰਤ ਮਾਨ ਦਾ ਆਪਣਾ ਚੋਣ ਹਲਕਾ ਹੈ, ਪ੍ਰੰਤੂ ਇਥੇ ਸ਼ਹਿਰ ਦੀ ਕਰੀਬ ਇੱਕ ਲੱਖ ਦੀ ਆਬਾਦੀ ਲਈ ਸਿਰਫ 25 ਪੁਲਸ ਮੁਲਾਜ਼ਮ ਹਨ, ਰਾਤ ਸਮੇਂ ਪੂਰੇ ਸ਼ਹਿਰ ਅੰਦਰ ਗਸ਼ਤ ਲਈ ਵੀ ਸਿਰਫ ਇੱਕ ਹੀ ਮੋਟਰਸਾਈਕਲ ਹੈ, ਜਿਸ ਕਾਰਨ ਸ਼ਰਾਰਤੀ ਅਨਸਰਾਂ ਦੇ ਹੌਸਲੇ ਬੁਲੰਦ ਹਨ ਤੇ ਆਏ ਦਿਨ ਲੁੱਟਾਂ-ਖੋਹਾਂ ਤੇ ਚੋਰੀ ਦੀਆਂ ਘਟਨਾਵਾਂ ਵਾਪਰਦੀਆਂ ਰਹਿੰਦੀਆਂ ਹਨ।ਆਗੂਆਂ ਨੇ ਕਿਹਾ ਕਿ ਵਪਾਰੀ ਵੱਖ ਵੱਖ ਟੈਕਸਾਂ ਰਾਹੀਂ ਸਰਕਾਰ ਦਾ ਖਜ਼ਾਨਾ ਭਰਦਾ ਹੈ, ਪ੍ਰੰਤੂ ਬਾਵਜੂਦ ਇਸ ਦੇ ਵਪਾਰੀ ਹੀ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰ ਰਿਹਾ ਹੈ।ਆਗੂਆਂ ਨੇ ਮੰਗ ਕੀਤੀ ਕਿ ਧੂਰੀ ਸ਼ਹਿਰ ਅੰਦਰ ਪੁਲਸ ਦੀ ਨਫ਼ਰੀ ਵਿੱਚ ਵਾਧਾ ਕੀਤਾ ਜਾਵੇ ਤਾਂ ਜੋ ਲੋਕ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰ ਸਕਣ। ਇਸ ਦੌਰਾਨ ਐੱਸ ਪੀ ਧੂਰੀ ਮਨਦੀਪ ਸਿੰਘ ਸੰਧੂ ਧਰਨਾਕਾਰੀਆਂ ਨੂੰ ਸ਼ਾਂਤ ਕਰਨ ਪੁੱਜੇ, ਜਿਨ੍ਹਾਂ ਭਰੋਸਾ ਦਿਵਾਇਆ ਕਿ ਮੁਲਜ਼ਮ ਜਲਦੀ ਹੀ ਸਲਾਖਾਂ ਪਿੱਛੇ ਹੋਣਗੇ ਤੇ ਪੁਲਸ ਨਫ਼ਰੀ ਵਧਾਉਣ ਲਈ ਉੱਚ ਅਧਿਕਾਰੀਆਂ ਨੂੰ ਲਿਖਿਆ ਜਾਵੇਗਾ।ਕਰੀਬ 2 ਘੰਟੇ ਤੋਂ ਵੱਧ ਚੱਲੇ ਇਸ ਰੋਸ ਪ੍ਰਦਰਸ਼ਨ ਤੋਂ ਬਾਅਦ ਪੁਲਸ ਦਾ ਭਰੋਸਾ ਮਿਲਣ 'ਤੇ ਵਪਾਰੀਆਂ ਨੇ ਧਰਨਾ ਇਹ ਚੇਤਾਵਨੀ ਦਿੰਦੇ ਹੋਏ ਸਮਾਪਤ ਕਰ ਦਿੱਤਾ ਕਿ ਜੇਕਰ 3 ਦਿਨਾਂ ਅੰਦਰ ਦੋਸ਼ੀਆਂ ਖ਼ਿਲਾਫ ਇਰਾਦਾ ਕਤਲ ਦੇ ਜੁਰਮ ਦਾ ਵਾਧਾ ਕਰਕੇ ਗ੍ਰਿਫਤਾਰ ਨਾ ਕੀਤਾ ਗਿਆ ਤਾਂ ਸ਼ਹਿਰ ਦੇ ਵਪਾਰੀ ਆਪਣੀਆਂ ਦੁਕਾਨਾਂ ਬੰਦ ਕਰ ਕੇ ਮੁੜ ਆਵਾਜਾਈ ਜਾਮ ਕਰਨ ਲਈ ਮਜਬੂਰ ਹੋਣਗੇ।ਇਸ ਦੌਰਾਨ ਸਾਬਕਾ ਨਗਰ ਕੌਂਸਲ ਪ੍ਰਧਾਨ ਸੰਦੀਪ ਤਾਇਲ, ਪੰਜਾਬ ਰਿਟੇਲ ਕਰਿਆਨਾ ਐਸੋਸੀਏਸ਼ਨ ਦੇ ਪ੍ਰਧਾਨ ਪ੍ਰਮੋਦ ਗੁਪਤਾ, ਹੰਸ ਰਾਜ ਬਜਾਜ, ਨਰੇਸ਼ ਮੰਗੀ, ਸੰਜੇ ਬਾਂਸਲ, ਅੰਮ੍ਰਿਤ ਗਰਗ ਰਿੰਕੂ, ਵਿਕਾਸ ਜੈਨ, ਦਰਸ਼ਨ ਕੁਮਾਰ ਦਰਸ਼ੀ ਸਾਬਕਾ ਕੌਂਸਲਰ, ਸੁਰੇਸ਼ ਬਾਂਸਲ ਸਮੇਤ ਵੱਡੀ ਗਿਣਤੀ ਵਪਾਰੀ ਆਗੂ ਹਾਜ਼ਰ ਸਨ।

# 3704, 5994, 6635 ਅਸਾਮੀਆਂ ਅਧੀਨ ਭਰਤੀ ਹੋਏ ਅਧਿਆਪਕਾਂ ਦੀਆਂ ਸੇਵਾਵਾਂ ਸੁਰੱਖਿਅਤ ਰੱਖੀਆਂ ਜਾਣ : ਜੀ ਐੱਸ ਟੀ ਯੂ



**ਜਲਾਲਾਬਾਦ (ਰਣਬੀਰ ਕੌਰ ਢਾਬਾਂ, ਜੀਤ ਕੁਮਾਰ)**-ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਪੰਜਾਬ ਨੇ ਸ੍ਰ. ਹਰਜੋਤ ਸਿੰਘ ਬੈਂਸ ਸਿੱਖਿਆ ਮੰਤਰੀ ਪੰਜਾਬ ਦੇ ਨਾਂਅ ਇੱਕ ਈ-ਮੇਲ ਭੇਜ ਕੇ ਸਕੂਲ ਸਿੱਖਿਆ ਵਿਭਾਗ ਪੰਜਾਬ ਵੱਲੋਂ ਪਿਛਲੇ ਸਮੇਂ ਦੌਰਾਨ ਅਧਿਆਪਕਾਂ ਦੇ ਵੱਖ-ਵੱਖ ਕੇਡਰ ਦੀਆਂ ਕਈ ਅਸਾਮੀਆਂ ਦੀ ਭਰਤੀ ਲਈ ਜਿਵੇਂ ਕਿ 3704 ਅਸਾਮੀਆਂ ਮਾਸਟਰ ਕਾਡਰ, 6635 ਅਸਾਮੀਆਂ ਈ.ਟੀ.ਟੀ. ਕਾਡਰ ਤੇ 5994 ਅਸਾਮੀਆਂ ਈ.ਟੀ.ਟੀ. ਕਾਡਰ ਦੀ ਕੀਤੀ ਗਈ ਭਰਤੀ ਦੇ ਕੁੱਝ ਅਧਿਆਪਕਾਂ ਨੂੰ ਵਿਭਾਗ ਵੱਲੋਂ 7 ਫਰਵਰੀ 2025 ਨੂੰ ਜਾਰੀ ਕੀਤੇ ਗਏ ਇੱਕ ਪਬਲਿਕ ਨੋਟਿਸ ਰਾਹੀਂ ਮੈਰਿਟ ਸੂਚੀ ਵਿੱਚੋਂ ਬਾਹਰ ਦਾ ਰਸਤਾ ਦਿਖਾਉਣ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ।ਜਥੇਬੰਦੀ ਦੇ ਸੂਬਾ ਪ੍ਰਧਾਨ ਸੁਰਿੰਦਰ ਕੁਮਾਰ ਪੁਆਰੀ, ਸੀਨੀਅਰ ਮੀਤ ਪ੍ਰਧਾਨ ਸੁਖਜਿੰਦਰ ਸਿੰਘ ਖਾਨਪੁਰ, ਐਡੀਸ਼ਨਲ ਜਨਰਲ ਸਕੱਤਰ ਬਾਜ ਸਿੰਘ ਭੁੱਲਰ, ਕਾਰਜਕਾਰੀ ਜਨਰਲ ਸਕੱਤਰ ਪ੍ਰਵੀਨ ਕੁਮਾਰ ਲੁਧਿਆਣਾ ਤੇ ਜਿੰਦਰ ਪਾਇਲਟ, ਵਿੱਤ ਸਕੱਤਰ ਨਵੀਨ ਸੱਚਦੇਵਾ, ਪ੍ਰੈੱਸ ਸਕੱਤਰ ਟਹਿਲ ਸਿੰਘ ਸਰਾਭਾ, ਮਨਦੀਪ ਸਿੰਘ ਥਿੰਦ, ਸੂਬਾ ਸਲਾਹਕਾਰ ਪ੍ਰੇਮ ਚਾਵਲਾ ਤੇ ਬਲਕਾਰ ਵਲਟੋਹਾ ਨੇ ਕਿਹਾ ਕਿ ਜਾਰੀ ਕੀਤੀ ਗਈ ਮੈਰਿਟ ਸੂਚੀ ਨੂੰ ਧਿਆਨ ਨਾਲ ਦੇਖਣ ਤੋਂ ਬਾਅਦ ਇਹ ਸਾਹਮਣੇ ਆਇਆ ਹੈ ਕਿ ਪਹਿਲਾਂ ਤੋਂ ਹੀ 3704, 6635 ਤੇ 5994 ਆਦਿ ਅਸਾਮੀਆਂ 'ਤੇ ਕੰਮ ਕਰਦੇ ਬਹੁਤ ਸਾਰੇ ਅਧਿਆਪਕਾਂ ਨੂੰ ਇਸ ਸਿਲੈਕਸ਼ਨ ਸੂਚੀ ਵਿੱਚੋਂ ਬਾਹਰ ਦਾ ਰਸਤਾ ਦਿਖਾਇਆ ਗਿਆ ਹੈ, ਜੋ ਕਿ ਸਿੱਖਿਆ ਵਿਭਾਗ ਪੰਜਾਬ ਵਿੱਚ ਪਹਿਲਾਂ ਹੀ ਰੈਗੂਲਰ/ਕਨਫਰਮ ਹੋ ਕੇ ਤਸੱਲੀਬਖਸ਼ ਢੰਗ ਨਾਲ ਆਪਣੀਆਂ ਸੇਵਾਵਾਂ ਨਿਭਾਅ ਰਹੇ ਹਨ।ਰੀਕਾਸਟ ਸੂਚੀਆਂ ਵਿੱਚ ਦਰਸਾਈ ਓਪਨ ਮੈਰਿਟ ਵਿੱਚ ਲਗਭਗ 13 ਪ੍ਰਤੀਸ਼ਤ ਉਮੀਦਵਾਰ ਦਾ ਨਾਮ ਦੂਹਰੀ ਵਾਰ ਸ਼ਾਮਲ ਕੀਤਾ ਹੋਇਆ ਹੈ।ਆਗੂਆਂ ਨੇ ਪੱਤਰ ਵਿੱਚ ਲਿਖਿਆ ਕਿ ਜਾਰੀ ਕੀਤੀ ਗਈ ਮੈਰਿਟ ਸੂਚੀ ਨੂੰ ਮੁੜ ਧਿਆਨ ਨਾਲ ਚੈੱਕ ਕਰਕੇ ਦੂਹਰੀ ਵਾਰ ਸ਼ਾਮਲ ਕੀਤੇ ਉਮੀਦਵਾਰਾਂ ਦੇ ਨਾਂਅ ਬਾਹਰ ਕੀਤੇ ਜਾਣ ਤੇ ਮੈਰਿਟ ਸੂਚੀ ਨੂੰ ਅੱਗੇ ਵਧਾਇਆ ਜਾਵੇ।ਉਕਤ ਅਸਾਮੀਆਂ ਵਿੱਚ ਭਰਤੀ ਪ੍ਰਕਿਰਿਆ ਦੌਰਾਨ ਹਰ ਤਰ੍ਹਾਂ ਦੀ ਕੈਟਾਗਰੀ ਦਾ ਬਣਦਾ ਸੰਵਿਧਾਨਕ ਨਿਰਧਾਰਤ ਕੋਟੇ ਨੂੰ ਜ਼ਰੂਰੀ ਤੌਰ 'ਤੇ ਮੁਕੰਮਲ ਕੀਤਾ ਜਾਵੇ।ਉਨ੍ਹਾਂ ਕਿਹਾ ਕਿ ਭਰਤੀ ਪ੍ਰਕਿਰਿਆ ਵਿੱਚ ਗਲਤੀ ਅਧਿਆਪਕਾਂ ਦੀ ਨਹੀਂ ਹੈ।ਸਿੱਖਿਆ ਵਿਭਾਗ ਪੰਜਾਬ ਦੇ ਉੱਚ ਅਧਿਕਾਰੀਆਂ ਦੀ ਗਲਤੀ ਹੋ ਸਕਦੀ ਹੈ, ਕਿਸੇ ਵੀ ਪੱਧਰ 'ਤੇ ਹੋਈ ਗਲਤੀ ਦੀ ਸਜ਼ਾ ਸਬੰਧਤ ਅਧਿਆਪਕਾਂ ਨੂੰ ਨਹੀਂ ਦਿੱਤੀ ਜਾ ਸਕਦੀ।ਜਥੇਬੰਦੀ ਨੇ ਸ੍ਰ. ਹਰਜੋਤ ਸਿੰਘ ਬੈਂਸ ਸਿੱਖਿਆ ਮੰਤਰੀ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਪਹਿਲਾਂ ਤੋਂ ਕੰਮ ਕਰ ਰਹੇ ਕਿਸੇ ਵੀ ਅਧਿਆਪਕ ਨੂੰ ਨੌਕਰੀ ਤੋਂ ਬਾਹਰ ਦਾ ਰਸਤਾ ਨਾ ਦਿਖਾਇਆ ਜਾਵੇ।ਜੇਕਰ ਕਿਸੇ ਵੀ ਵਰਗ ਦੇ ਅਧਿਆਪਕ ਦਾ ਕੋਈ ਨੁਕਸਾਨ ਹੁੰਦਾ ਹੈ ਤਾਂ ਜਥੇਬੰਦੀ ਤੇ ਸਮੁੱਚਾ ਅਧਿਆਪਕ ਵਰਗ ਇਨਸਾਫ ਦੀ ਪ੍ਰਾਪਤੀ ਲਈ ਸੰਘਰਸ਼ ਵੀ ਕਰੇਗਾ ਤੇ ਹਰ ਕਿਸਮ ਦੀ ਕਾਨੂੰਨੀ ਚਾਰਾਜੋਈ ਵੀ ਕੀਤੀ ਜਾਵੇਗੀ।ਇਸ ਮੌਕੇ ਹੋਰਨਾਂ ਤੋਂ ਇਲਾਵਾ ਅਧਿਆਪਕ ਹਰਮੀਤ ਸਜਰਾਣਾ, ਸੁਮੀਤ ਸਿੰਘ, ਰਾਜ ਲਾਧੂਕਾ, ਗੁਰਪ੍ਰੀਤ ਸਿੰਘ ਗੁਰਦਾਸਪੁਰ, ਹਰਿਮੰਦਰ ਸਿੰਘ ਬਠਿੰਡਾ, ਪਵਨ ਕੁਮਾਰ ਗੁਰਦਾਸਪੁਰ, ਰਮੇਸ਼ ਕੁਮਾਰ ਤੇ ਗੁਰਸੇਵਕ ਸਿੰਘ ਆਦਿ ਹਾਜ਼ਰ ਸਨ।

# ਸਿਮਰਨਜੀਤ ਕੌਰ ਨੂੰ ਭਾਕਿਯੂ ਡਕੌਂਦਾ ਨੇ ਦਿਵਾਇਆ ਇਨਸਾਫ਼



**ਮਹਿਲ ਕਲਾਂ (ਬਲਵਿੰਦਰ ਸਿੰਘ ਵਜੀਦਕੇ)**-ਭਾਕਿਯੂ ਡਕੌਂਦਾ ਨੇ ਪਿੰਡ ਮੂੰਮ ਦੀ ਧੀ ਸਿਮਰਨਜੀਤ ਕੌਰ ਪੁੱਤਰੀ ਹਰਜਿੰਦਰ ਸਿੰਘ ਨੂੰ ਠੱਗ ਏਜੰਟਾਂ ਵੱਲੋਂ ਮਾਰੀ ਗਈ 21 ਲੱਖ ਦੀ ਠੱਗੀ ਤੋਂ ਜਥੇਬੰਦਕ ਸੰਘਰਸ਼ ਰਾਹੀਂ ਇਨਸਾਫ਼ ਦਿਵਾਉਣ ਵਿੱਚ ਸਫਲਤਾ ਹਾਸਲ ਕੀਤੀ।ਅੱਜ ਪੀੜਤ ਬੇਟੀ ਸਿਮਰਨਜੀਤ ਕੌਰ ਦੇ ਪਿਤਾ ਹਰਜਿੰਦਰ ਸਿੰਘ ਨੇ ਜਥੇਬੰਦੀ ਨੂੰ ਆਪਣੇ ਘਰ ਬੁਲਾ ਕੇ ਧੰਨਵਾਦ ਕਰਦਿਆਂ ਜਥੇਬੰਦਕ ਕਾਰਜਾਂ ਲਈ 5000 ਰੁਪਏ ਦੀ ਸਹਿਯੋਗ ਰਾਸ਼ੀ ਫੰਡ ਵਜੋਂ ਭੇਟ ਕੀਤੀ।ਇਸ ਮੌਕੇ ਭਾਕਿਯੂ ਡਕੌਂਦਾ ਦੇ ਆਗੂਆਂ ਜਗਰਾਜ ਸਿੰਘ ਹਰਦਾਸਪੁਰਾ, ਨਾਨਕ ਸਿੰਘ ਅਮਲਾ ਸਿੰਘ ਵਾਲਾ, ਸਤਨਾਮ ਸਿੰਘ ਮੂੰਮ, ਭਿੰਦਰ ਸਿੰਘ ਮੂੰਮ ਨੇ ਟਰੈਵਲ ਏਜੰਟਾਂ ਦੀ ਠੱਗੀ ਦਾ ਸ਼ਿਕਾਰ ਹੋਏ ਪਰਵਾਰ ਦੀ ਕਹਾਣੀ ਸਾਂਝੀ ਕਰਦਿਆਂ ਕਿਹਾ ਕਿ ਲੁਧਿਆਣਾ ਦੀ ਇਕ ਟਰੈਵਲ ਏਜੰਸੀ ਨੇ ਸਿਮਰਨਜੀਤ ਕੌਰ ਨੂੰ ਫ਼ਿਨਲੈਂਡ ਭੇਜਣ ਦੇ ਬਦਲੇ 21 ਲੱਖ ਰੁਪਏ ਹਾਸਲ ਕੀਤੇ।ਸਿਮਰਨਜੀਤ ਕੌਰ ਜਦੋਂ ਫ਼ਿਨਲੈਂਡ ਪਹੁੰਚੀ ਤਾਂ ਉੱਥੇ ਇੱਕ ਧੰਦੇ ਤੋਂ ਸਿਵਾਏ ਕਾਲਜ ਨਾਂਅ ਦੀ ਕੋਈ ਚੀਜ਼ ਹੀ ਨਹੀਂ ਸੀ।ਮਜਬੂਰੀ ਵੱਸ ਸਿਮਰਨਜੀਤ ਕੌਰ ਨੇ ਵਾਪਸ ਮੁੜਨ ਦਾ ਫੈਸਲਾ ਕੀਤਾ।ਪਰਵਾਰ ਨੇ ਏਜੰਟ ਵੱਲੋਂ ਕੀਤੀ ਧੋਖਾਧੜੀ ਸਬੰਧੀ ਕਈ ਵਾਰ ਗੱਲ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਲਟਾ ਚੋਰ ਕੋਤਵਾਲ ਕੋ ਡਾਂਟੇ ਦੀ ਕਹਾਵਤ ਅਨੁਸਾਰ ਪੀੜਤ ਪਰਵਾਰ ਨੂੰ ਆਪਣੀ ਸਿਆਸੀ ਪਹੁੰਚ ਦਾ ਹਵਾਲਾ ਦੇ ਕੇ ਧਮਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ।ਅਖੀਰ ਪਰਵਾਰ ਨੂੰ ਭਾਕਿਯੂ ਡਕੌਂਦਾ ਦੇ ਆਗੂਆਂ ਨਾਲ ਸੰਪਰਕ ਕਰਨਾ ਪਿਆ।ਆਗੂਆਂ ਨੇ ਕਿਹਾ ਕਿ ਕੇਂਦਰੀ ਤੇ ਸੂਬਾਈ ਸਰਕਾਰਾਂ ਵੱਲੋਂ ਲਾਗੂ ਕੀਤੀਆਂ ਜਾ ਰਹੀਆਂ ਲੋਕ ਵਿਰੋਧੀ ਨੀਤੀਆਂ ਕਾਰਨ ਬੇਰੁਜ਼ਗਾਰੀ ਸਾਰੇ ਹੱਦਾਂ ਬੰਨ੍ਹੇ ਪਾਰ ਕਰ ਗਈ ਹੈ।ਨੌਜਵਾਨ ਚੰਗੇ ਭਵਿੱਖ ਦੀ ਤਲਾਸ਼ ਵਿੱਚ ਬਦੇਸ਼ਾਂ ਵਿੱਚ ਜਾਣ ਲਈ ਮਜਬੂਰ ਹਨ।ਸਿਤਮ ਇਹ ਹੈ ਕਿ ਬੇਰੁਜ਼ਗਾਰੀ ਦੇ ਇਸ ਆਲਮ ਦਾ ਫਾਇਦਾ ਉਠਾ ਕੇ ਵੱਡੀ ਗਿਣਤੀ ਵਿੱਚ ਟਰੈਵਲ ਏਜੰਟ ਨੌਜਵਾਨਾਂ ਨਾਲ ਕਰੋੜਾਂ ਰੁਪਏ ਦੀ ਠੱਗੀਆਂ ਮਾਰ ਰਹੇ ਹਨ। ਟਰੈਵਲ ਏਜੰਟਾਂ ਦੀ ਧੋਖਾਦੇਹੀ ਦਾ ਸ਼ਿਕਾਰ ਹੋਏ, ਪਰਵਾਰਾਂ ਨੂੰ ਕੋਈ ਇਨਸਾਫ ਨਾ ਮਿਲਦਾ ਵੇਖ ਲੋਕ ਜਥੇਬੰਦੀਆਂ ਦਾ ਸਹਾਰਾ ਲੈਂਦੇ ਹਨ।ਇਸ ਸਮੇਂ ਪਰਿਵਾਰਕ ਮੈਂਬਰਾਂ ਨਿਰਮਲ ਸਿੰਘ, ਹਰਜਿੰਦਰ ਸਿੰਘ ਤੇ ਅਭੀਜੀਤ ਕੌਰ, ਭੈਣ ਹਰਦੀਪ ਕੌਰ ਵੀ ਹਾਜ਼ਰ ਸਨ।

## ਰਿਸ਼ਵਤਖੋਰੀ ਦੀ ਮਾਰ ਨਾ ਝੱਲਦੀ ਹੋਈ ਪੰਜਾਬ ਦੀ ਸ਼ੈਲਰ ਇੰਡਸਟਰੀ ਖਤਮ ਹੋਣ ਕਿਨਾਰੇ

**ਜੈਤੋ (ਪੱਤਰ ਪ੍ਰੇਰਕ)**-ਪਿਛਲੇ ਸਾਲਾਂ ਵਿੱਚ ਦੇਖਿਆ ਗਿਆ ਹੈ ਕਿ ਕੇਂਦਰ ਸਰਕਾਰ ਤੇ ਸੂਬਾ ਸਰਕਾਰ ਮਿਲ ਕੇ ਸੈਲਰ ਇੰਡਸਟਰੀ ਨੂੰ ਬਰਬਾਦ ਕਰਨ ਲਈ ਇੱਕ ਮੁੱਠ ਹੋ ਰਹੇ ਹਨ, ਜਿਸ ਦਾ ਭਰਪੂਰ ਫਾਇਦਾ ਸਰਕਾਰੀ ਅਧਿਕਾਰੀ ਲੈ ਰਹੇ ਹਨ ਤੇ ਸੈਲਰ ਇੰਡਸਟਰੀ ਬੇਵੱਸ ਹੋ ਕੇ ਇਨ੍ਹਾਂ ਨੂੰ ਆਪਣਾ ਸਭ ਕੁੱਝ ਲੁਟਾ ਰਹੀ ਹੈ। ਕੁੱਝ ਸੈਲਰ ਮਾਲਕਾਂ ਨੇ ਆਪਣਾ ਨਾਮ ਨਹੀਂ ਛਾਪਣ ਦੀ ਸ਼ਰਤ 'ਤੇ ਉਨ੍ਹਾਂ ਦੀ ਹੋ ਰਹੀ ਲੁੱਟ ਤੇ ਧੱਕੇਸ਼ਾਹੀ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਖਰੀਫ ਸੀਜ਼ਨ 24/25 ਵਿੱਚ ਸਾਡੇ ਇਨਕਾਰ ਕਰਨ ਦੇ ਬਾਵਜੂਦ ਪੰਜਾਬ ਦੇ ਹਰ ਸ਼ਹਿਰ ਤੇ ਕਸਬੇ ਵਿੱਚ ਉੱਚ ਅਧਿਕਾਰੀਆਂ ਨੇ ਤਮਾਮ ਸੈਲਰਾਂ ਵਿੱਚ ਧੱਕੇਸ਼ਾਹੀ ਨਾਲ ਝੋਨਾ ਲਾਉਣ ਲਈ ਦਬਾਅ ਪਾਇਆ, ਜਿਸ ਨਾਲ ਸੈਲਰ ਮਾਲਕਾਂ ਵਿੱਚ ਇੱਕ ਡਰ ਦਾ ਮਾਹੌਲ ਪੈਦਾ ਹੋਇਆ, ਇਸ ਦਾ ਵੀ ਫਾਇਦਾ ਸਰਕਾਰੀ ਅਧਿਕਾਰੀਆਂ ਵੱਲੋਂ ਮੋਟੀਆਂ ਰਿਸ਼ਵਤਾਂ ਲੈ ਕੇ ਚੱਕਿਆ ਗਿਆ ਤੇ ਹਰ ਸੈਲਰ ਵਿੱਚ ਝੋਨਾ ਦਬਾਅ ਹੇਠ ਅੰਦਰ ਲੱਗਿਆ, ਪਰ ਦੂਜੇ ਪਾਸੇ ਹੁਣ ਸਥਿਤੀ ਇਹ ਬਣੀ ਹੋਈ ਹੈ ਕਿ ਸੈਲਰ ਮਾਲਕ ਝੋਨਾ ਪੀੜ ਕੇ ਚਾਵਲਾਂ ਦਾ ਕੀ ਕਰਨ, ਕਿਉਂਕਿ ਪੰਜਾਬ ਦੇ ਗੋਦਾਮ ਪਹਿਲਾਂ ਹੀ ਚਾਵਲਾਂ ਨਾਲ ਭਰੇ ਪਏ ਹਨ। ਜ਼ਿਕਰਯੋਗ ਹੈ ਕਿ ਜੇਕਰ ਫੂਡ ਕਾਰਪੋਰੇਸ਼ਨ ਆਫ ਇੰਡੀਆ ਦੇ ਗੁਦਾਮਾਂ ਵਿੱਚ ਚਾਵਲਾਂ ਦੀ ਗੱਡੀ ਲਗਵਾਉਣ ਲਈ ਮੋਟੀ ਰਕਮ ਰਿਸ਼ਵਤ ਦੇ ਰੂਪ ਵਿੱਚ ਦੇਣੀ ਪੈਂਦੀ ਹੈ, ਜਿਸ ਤੋਂ ਅੱਕੇ ਸੈਲਰ ਮਾਲਕ ਸ੍ਰੀ ਮੁਕਤਸਰ ਸਾਹਿਬ ਦੀ ਸ਼ਿਕਾਇਤ ਦੇ ਆਧਾਰ 'ਤੇ ਫੂਡ ਕਾਰਪੋਰੇਸ਼ਨ ਆਫ ਇੰਡੀਆ ਦੇ ਅਧਿਕਾਰੀਆਂ ਨੂੰ ਪੰਜ ਸਾਲ ਦੀ ਕੈਦ ਤੇ ਇੱਕ ਲੱਖ ਰੁਪਏ ਜੁਰਮਾਨਾ ਦੀ ਸਜ਼ਾ ਸੁਣਾਈ ਜਾ ਚੁੱਕੀ ਹੈ। ਫੇਰ ਗੱਲ ਆਉਂਦੀ ਹੈ ਕਿ ਜੇਕਰ ਤੁਸੀਂ ਆਪਣੇ ਸੈਂਟਰ ਖਾਲੀ ਕਰਵਾਉਣੇ ਹਨ ਮਤਲਬ ਸਪੈਸ਼ਲਾਂ ਲਗਵਾਉਣੀਆਂ ਹਨ ਤਾਂ ਦਿਓ ਰਿਸ਼ਵਤ ਜੋ ਇੱਕ ਬਹੁਤ ਵੱਡਾ ਗਬਨ ਚੱਲ ਰਿਹਾ ਬੈ, ਇੱਕ ਲੱਖ ਤੋਂ ਲੈ ਕੇ ਪੰਜ ਲੱਖ ਤੱਕ ਇੱਕ ਸਪੈਸ਼ਲ ਦਾ ਰੇਟ ਇਸ ਵਾਰ ਚੱਲ ਰਿਹਾ, ਜੋ ਕੋਈ ਸੈਲਰ ਵਾਲਾ ਜਾਂ ਸੈਲਰ ਯੂਨੀਅਨ ਨਹੀਂ ਦੱਸ ਸਕਦੀ, ਕਿਉਂਕਿ ਕਿ ਉਨ੍ਹਾਂ ਦੀ ਮਜਬੂਰੀ ਹੈ, ਜਿਸ ਵਿੱਚ ਫੂਡ ਕਾਰਪੋਰੇਸ਼ਨ ਆਫ ਇੰਡੀਆ ਦੇ ਅਧਿਕਾਰੀ ਰੱਜ ਕੇ ਲੁੱਟ ਕਰ ਰਹੇ ਹਨ। ਇਸ ਸਬੰਧੀ ਜਾਣਕਾਰੀ ਲੈਣ ਲਈ ਫੂਡ ਕਾਰਪੋਰੇਸ਼ਨ ਆਫ ਇੰਡੀਆ ਦੇ ਜ਼ਿਲ੍ਹਾ ਮੈਨੇਜਰ ਮਹਾਂਵੀਰ ਸਿੰਘ ਨੂੰ ਫੋਨ ਕੀਤਾ ਗਿਆ ਤਾਂ ਉਨ੍ਹਾਂ ਵੱਲੋਂ ਫੋਨ ਚੁੱਕਣਾ ਮੁਨਾਸਿਬ ਨਹੀਂ ਸਮਝਿਆ ਗਿਆ।

## ...ਸ.ਫ਼ਾ 1 ਦੇ ਬਾਕੀ

### ਮਾਨ ਵੱਲੋਂ ਚੀਮਾ ਤੇ ...

ਸਰਕਾਰੀ ਦਫ਼ਤਰਾਂ ਵਿੱਚ ਕੰਮ ਨੂੰ ਹੋਰ ਸੁਚਾਰੂ ਬਣਾਉਣਾ ਹੈ। ਉਨ੍ਹਾ ਕਿਹਾ ਕਿ ਸੂਬੇ ਦੇ ਲੋਕਾਂ ਨੇ ਇਹ ਪਹਿਲੀ ਵਾਰ ਦੇਖਿਆ ਹੈ ਕਿ ਕੋਈ ਮੁੱਖ ਮੰਤਰੀ ਸਰਕਾਰੀ ਦਫ਼ਤਰਾਂ ਦਾ ਖੁਦ ਦੌਰਾ ਕਰ ਰਿਹਾ ਹੈ।ਇਸ ਦੌਰਾਨ ਮੁੱਖ ਮੰਤਰੀ ਨੇ ਸੰਤ ਬਾਬਾ ਅਤਰ ਸਿੰਘ ਜੀ ਦੀ ਯਾਦ ਵਿੱਚ ਹੋਣ ਵਾਲੇ ਸਮਾਗਮ ਦੇ ਪ੍ਰਬੰਧਾਂ ਦਾ ਵੀ ਜਾਇਜ਼ਾ ਲਿਆ।ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਇਸ ਸਮਾਗਮ ਵਿੱਚ ਆਉਣ ਵਾਲੇ ਲੱਖਾਂ ਸ਼ਰਧਾਲੂਆਂ ਦੀ ਸਹੂਲਤ ਲਈ ਪੁਖਤਾ ਪ੍ਰਬੰਧ ਕਰਨ ਲਈ ਵਚਨਬੱਧ ਹੈ।

ਮੁੱਖ ਮੰਤਰੀ ਨੇ ਇਲਾਕੇ ਵਿੱਚ ਨਿਰਮਾਣ ਅਧੀਨ ਹਸਪਤਾਲ ਦੇ ਵਿਕਾਸ ਕਾਰਜਾਂ ਦਾ ਵੀ ਜਾਇਜ਼ਾ ਲਿਆ।

ਉਨ੍ਹਾ ਉਮੀਦ ਜ਼ਾਹਰ ਕੀਤੀ ਕਿ 20 ਬਿਸਤਰਿਆਂ ਦੀ ਸਮਰੱਥਾ ਵਾਲਾ ਇਹ ਹਸਪਤਾਲ ਲੋਕਾਂ ਨੂੰ ਮਿਆਰੀ ਸਿਹਤ ਸੇਵਾਵਾਂ ਪ੍ਰਦਾਨ ਕਰਨ ਵਿੱਚ ਬੇਹੱਦ ਸਹਾਈ ਹੋਵੇਗਾ।ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਹਸਪਤਾਲ 'ਤੇ ਚੱਲ ਰਿਹਾ ਕੰਮ ਇਸ ਸਾਲ 30 ਜੂਨ ਤੱਕ ਪੂਰਾ ਹੋ ਜਾਵੇਗਾ।

ਸਰਦੂਲਗੜ੍ਹ ਦੇ ਤਹਿਸੀਲ ਕੰਪਲੈਕਸ ਵਿਖੇ ਅਚਨਚੇਤ ਚੈਕਿੰਗ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਸਿਹਤ, ਸਿੱਖਿਆ, ਬਿਜਲੀ, ਰੋਜ਼ਗਾਰ ਅਤੇ ਬੁਨਿਆਦੀ ਢਾਂਚਾ ਵਿਕਾਸ ਖੇਤਰਾਂ ਦੇ ਵਿਕਾਸ ਵੱਲ ਲਗਾਤਾਰ ਯਤਨਸ਼ੀਲ ਹੈ।

ਇਸ ਦੌਰਾਨ ਨਾਗਰਿਕਾਂ ਤੋਂ ਫੀਡਬੈਕ ਲੈਣ ਲਈ ਮੁੱਖ ਮੰਤਰੀ ਨੇ ਉਨ੍ਹਾਂ ਨਾਲ ਗੱਲਬਾਤ ਕੀਤੀ ਜਿਸ ਦੌਰਾਨ ਉਨ੍ਹਾਂ ਨੂੰ ਦੱਸਿਆ ਕਿ ਤਹਿਸੀਲ ਵਿੱਚ ਤਹਿਸੀਲਦਾਰ ਦੀ ਰੈਗੂਲਰ ਤਾਇਨਾਤੀ ਜਲਦ ਹੀ ਕੀਤੀ ਜਾਵੇਗੀ। ਉਨ੍ਹਾਂ ਦਫ਼ਤਰ ਦੇ ਕੰਮਕਾਜ ਨੂੰ ਸਮੇਂ ਸਿਰ ਨੇਪਰੇ ਚਾੜ੍ਹਨਾ ਯਕੀਨੀ ਬਣਾਉਣ ਲਈ ਕੰਪਲੈਕਸ ਵਿੱਚ ਹਾਈ ਸਪੀਡ ਇੰਟਰਨੈੱਟ ਲਗਾਉਣ ਦੇ ਵੀ ਹੁਕਮ ਦਿੱਤੇ।ਇੱਕ ਸਵਾਲ ਦੇ ਜਵਾਬ ਵਿੱਚ ਮੁੱਖ ਮੰਤਰੀ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਸੂਬਾ ਸਰਕਾਰ ਹਾਲ ਹੀ ਵਿੱਚ ਅਮਰੀਕਾ ਤੋਂ ਡਿਪੋਰਟ ਕੀਤੇ ਪੰਜਾਬੀਆਂ ਨੂੰ ਪੂਰਾ ਸਹਿਯੋਗ ਕਰੇਗੀ।

### ਸੁਪਰੀਮ ਕੋਰਟ 'ਚ ...

ਬੈਂਚ ਵੱਲੋਂ ਸੁਣਾਏ ਗਏ ਉਪਰੋਕਤ ਫੈਸਲੇ ਨੂੰ ਨਜ਼ਰਅੰਦਾਜ਼ ਕੀਤਾ ਗਿਆ। ਕਿਰਪਾ ਕਰਕੇ ਇਸ ਮਾਮਲੇ 'ਤੇ ਫੌਰੀ ਸੁਣਵਾਈ ਕਰਨ ਦੀ ਲੋੜ ਹੈ।

ਪਟੀਸ਼ਨਰ ਜਯਾ ਠਾਕੁਰ ਵੱਲੋਂ ਪੇਸ਼ ਵਕੀਲ ਵਰੁਣ ਠਾਕੁਰ ਨੇ ਕਿਹਾ ਕਿ ਸਰਕਾਰ ਵੱਲੋਂ ਨਵੇਂ ਕਾਨੂੰਨ ਤਹਿਤ ਤਿੰਨ ਨਿਯੁਕਤੀਆਂ ਕੀਤੀਆਂ ਗਈਆਂ ਸਨ, ਜੋ ਕਿ ਚੁਣੌਤੀ ਅਧੀਨ ਸੀ। ਬੈਂਚ ਨੇ ਭੂਸ਼ਣ ਅਤੇ ਹੋਰਨਾਂ ਧਿਰਾਂ ਨੂੰ ਭਰੋਸਾ ਦਿੱਤਾ ਕਿ ਕੁਝ ਜ਼ਰੂਰੀ ਸੂਚੀਬੱਧ ਮਾਮਲਿਆਂ ਤੋਂ ਬਾਅਦ 19 ਫਰਵਰੀ ਨੂੰ ਇਸ ਮਾਮਲੇ 'ਤੇ ਸੁਣਵਾਈ ਕੀਤੀ ਜਾਵੇਗੀ। ਚੇਤੇ ਰਹੇ ਕਿ ਕੇਂਦਰ ਸਰਕਾਰ ਨੇ ਸੋਮਵਾਰ ਗਿਆਨੇਸ਼ ਕੁਮਾਰ ਦੀ ਦੇਸ਼ ਦੇ 26ਵੇਂ ਮੁੱਖ ਚੋਣ ਕਮਿਸ਼ਨਰ ਵਜੋਂ ਨਿਯੁਕਤੀ ਨੂੰ ਹਰੀ ਝੰਡੀ ਦੇ ਦਿੱਤੀ ਸੀ। ਕੁਮਾਰ ਨਵੇਂ ਕਾਨੂੰਨ ਤਹਿਤ ਨਿਯੁਕਤ ਕੀਤੇ ਜਾਣ ਵਾਲੇ ਪਹਿਲੇ ਮੁੱਖ ਚੋਣ ਕਮਿਸ਼ਨਰ ਹਨ ਅਤੇ ਉਨ੍ਹਾ ਦਾ ਕਾਰਜਕਾਲ 26 ਜਨਵਰੀ, 2029 ਤੱਕ ਚੱਲੇਗਾ। ਉਧਰ 1989 ਬੈਚ ਦੇ ਹਰਿਆਣਾ-ਕੇਡਰ ਦੇ ਆਈ ਏ ਐੱਸ ਅਧਿਕਾਰੀ ਤੇ ਮੁੱਖ ਸਕੱਤਰ ਵਿਵੇਕ ਜੋਸ਼ੀ ਨੂੰ ਚੋਣ ਕਮਿਸ਼ਨਰ ਨਿਯੁਕਤ ਕੀਤਾ ਗਿਆ ਹੈ। ਜੋਸ਼ੀ, ਜਿਨ੍ਹਾ ਦੀ ਜਨਮ ਤਰੀਕ 21 ਮਈ, 1966 ਹੈ, 2031 ਤੱਕ ਚੋਣ ਪੈਨਲ ਵਿੱਚ ਸੇਵਾ ਨਿਭਾਉਣਗੇ। ਕਾਨੂੰਨ ਅਨੁਸਾਰ, ਇੱਕ ਮੁੱਖ ਚੋਣ ਕਮਿਸ਼ਨਰ ਜਾਂ ਇੱਕ ਚੋਣ ਕਮਿਸ਼ਨਰ 65 ਸਾਲ ਦੀ ਉਮਰ ਵਿੱਚ ਸੇਵਾਮੁਕਤ ਹੁੰਦਾ ਹੈ ਜਾਂ ਚੋਣ ਪੈਨਲ ਵਿੱਚ ਛੇ ਸਾਲ ਲਈ ਕਾਰਜਕਾਲ ਰੱਖ ਸਕਦਾ ਹੈ।

### ਮੁੱਖ ਚੋਣ ਕਮਿਸ਼ਨਰ...

ਦੀ ਚੋਣ ਦਾ ਅਮਲ ਹੈ। ਰਾਹੁਲ ਨੇ ਆਪਣਾ ਅਸਹਿਮਤੀ ਨੋਟ ਸਾਂਝਾ ਕਰਦਿਆਂ ਕਿਹਾ—ਸੁਪਰੀਮ ਕੋਰਟ ਦੇ ਹੁਕਮਾਂ ਦੀ ਉਲੰਘਣਾ ਕਰਕੇ ਅਤੇ ਭਾਰਤ ਦੇ ਚੀਫ ਜਸਟਿਸ ਨੂੰ ਚੋਣ ਕਮੇਟੀ 'ਚੋਂ ਹਟਾ ਕੇ, ਮੋਦੀ ਸਰਕਾਰ ਨੇ ਸਾਡੇ ਚੋਣ ਅਮਲ ਦੀ ਇਮਾਨਦਾਰੀ ਬਾਰੇ ਕਰੋੜਾਂ ਵੋਟਰਾਂ ਦੇ ਫ਼ਿਕਰਾਂ ਨੂੰ ਵਧਾ ਦਿੱਤਾ ਹੈ। ਵਿਰੋਧੀ ਧਿਰ ਦਾ ਆਗੂ ਹੋਣ ਦੇ ਨਾਤੇ, ਇਹ ਉਨ੍ਹਾ ਦਾ ਫਰਜ਼ ਹੈ ਕਿ ਉਹ ਬਾਬਾ ਸਾਹਿਬ ਅੰਬੇਡਕਰ ਅਤੇ ਦੇਸ਼ ਦੇ ਸੰਸਥਾਪਕ ਆਗੂਆਂ ਦੇ ਆਦਰਸ਼ਾਂ ਨੂੰ ਕਾਇਮ ਰੱਖਣ ਅਤੇ ਸਰਕਾਰ ਨੂੰ ਜਵਾਬਦੇਹ ਬਣਾਉਣ।

### ਜੀ ਐੱਸ ਟੀ ਅਧਾਰ ...

ਲਈ ਕੀਤੀਆਂ ਪਹਿਲਕਦਮੀਆਂ ਦਾ ਜਿਕਰ ਕਰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਵਿਭਾਗ ਨੇ 'ਬਿੱਲ ਲਿਆਓ ਇਨਾਮ ਪਾਓ ਸਕੀਮ' ਜਾਰੀ ਕਰਨ ਦੇ ਨਾਲ-ਨਾਲ ਨੌਜਵਾਨ ਪੀੜ੍ਹੀ ਵਿੱਚ ਜਾਗਰੂਕਤਾ ਫੈਲਾਉਣ ਲਈ ਸਕੂਲ ਅਤੇ ਕਾਲਜ ਦੇ ਵਿਦਿਆਰਥੀਆਂ ਦੀ ਸਰਗਰਮ ਸ਼ਮੂਲੀਅਤ ਲਈ ਪਹਿਲਕਦਮੀਆਂ ਕੀਤੀਆਂ। ਉਨ੍ਹਾ ਕਿਹਾ ਕਿ ਇਸ ਸਕੀਮ ਤਹਿਤ ਜਿੱਥੇ ਕਰ ਪਾਲਣਾ ਨਾ ਕਰਨ ਵਾਲੇ ਵਪਾਰੀਆਂ ਨੂੰ 8.15 ਕਰੋੜ ਰੁਪਏ ਦੇ ਜੁਰਮਾਨੇ ਲਗਾਏ ਉਥੇ 'ਮੇਰਾ ਬਿੱਲ' ਐਪ ਰਾਹੀਂ ਬਿੱਲ ਅਪਲੋਡ ਕਰਨ ਵਾਲੇ 4,106 ਖਪਤਕਾਰਾਂ ਨੇ ਕੁੱਲ 2.45 ਕਰੋੜ ਰੁਪਏ ਦੇ ਇਨਾਮ ਜਿੱਤੇ।ਵਿੱਤ ਮੰਤਰੀ ਨੇ ਕਿਹਾ, ਰਜਿਸਟਰਡ ਡੀਲਰਾਂ ਤੋਂ ਟੈਕਸ ਮਾਲੀਆ ਵਧਾਉਣ ਲਈ ਵਿਭਾਗ ਨੇ ਦਰੁਸਤ ਜੀ.ਐਸ.ਟੀ ਫਾਈਲਿੰਗ ਅਤੇ ਕਰ ਪਾਲਣਾ ਨੂੰ ਯਕੀਨੀ ਬਣਾਇਆ ਜਿਸ ਸਦਕਾ 93 ਫੀਸਦੀ ਰਜਿਸਟਰਡ ਟੈਕਸਦਾਤਾ ਲਗਾਤਾਰ ਸਮੇਂ 'ਤੇ ਰਿਟਰਨ ਭਰ ਰਹੇ।ਵਿਭਾਗ ਵੱਲੋਂ ਐਡਵਾਂਸਡ ਡਾਟਾ ਐਨਾਲਿਟਿਕ ਟੂਲਜ਼ ਨੂੰ ਏਕੀਕ੍ਰਿਤ ਕਰਨ ਲਈ ਆਈ.ਆਈ.ਟੀ ਹੈਦਰਾਬਾਦ ਦੇ ਨਾਲ ਸਹਿਯੋਗ ਕਰਨ ਤੋਂ ਇਲਾਵਾ ਮਾਲੀਆ ਲੀਕੇਜ ਨੂੰ ਰੋਕਣ ਲਈ ਨਿਰਣਾਇਕ ਅਤੇ ਜਾਂਚ ਮਾਡਿਊਲ ਲਾਗੂ ਕੀਤੇ ਅਤੇ ਟੈਕਸ ਚੋਰੀ ਕਰਨ ਵਾਲਿਆਂ ਨੂੰ ਜੁਰਮਾਨੇ ਕੀਤੇ ਗਏ।

## ਕਰ ਭਲਾ ਹੋ ਭਲਾ ਸੁਸਾਇਟੀ ਦੇ ਪ੍ਰਧਾਨ ਮਦਨ ਅਰੋੜਾ ਬਣੇ

**ਜਗਰਾਉਂ (ਅਮਿਤ ਖੰਨਾ)**

ਸਮਾਜ ਸੇਵੀ ਸੰਸਥਾ ਕਰ ਭਲਾ ਹੋ ਭਲਾ ਸੁਸਾਇਟੀ ਦੇ ਪ੍ਰਧਾਨ ਮਦਨ ਅਰੋੜਾ ਨੂੰ ਪ੍ਰਧਾਨ ਬਣਾਇਆ। ਉਨ੍ਹਾਂ ਨੂੰ ਸਮਾਜ ਸੇਵੀ ਸੰਸਥਾ ਕਰ ਭਲਾ ਹੋ ਭਲਾ ਸੁਸਾਇਟੀ ਦੇ ਪ੍ਰਧਾਨ ਵਜੋਂ ਤਾਜ ਪਹਿਨਾਇਆ ਗਿਆ।ਸੁਸਾਇਟੀ ਮੈਂਬਰਾਂ ਨੇ ਸਾਲ 2025-26 ਲਈ ਨਵੀਂ ਟੀਮ ਦਾ ਐਲਾਨ ਕਰਦਿਆਂ ਮਦਨ ਅਰੋੜਾ ਨੂੰ ਪ੍ਰਧਾਨ ਬਣਾਇਆ। ਇਸ ਦੌਰਾਨ ਚੇਅਰਮੈਨ ਅਮਿਤ ਅਰੋੜਾ, ਪੈਟਰਨ ਡਾ. ਅਸ਼ੋਕ ਗੁਪਤਾ ਯੂਐਸਏ, ਸੈਕਟਰੀ ਨਨੇਸ਼ ਗਾਂਧੀ, ਕੈਸ਼ੀਅਰ ਨੀਰਜ ਕਟਾਰੀਆ, ਮੀਤ ਪ੍ਰਧਾਨ ਰਜਿੰਦਰ ਕੁਮਾਰ ਜੈਨ, ਜੁਆਇੰਟ ਕੈਸ਼ੀਅਰ ਵਿਸ਼ਾਲ ਸ਼ਰਮਾ, ਪੀਆਰਓ ਮਯੰਕ ਬਾਂਸਲ, ਪ੍ਰੋਜੈਕਟ ਚੇਅਰਮੈਨ ਸੁਨੀਲ ਬਜਾਜ ਸੁਸਾਇਟੀ ਮੈਂਬਰ ਸਨ।

ਮਦਨ ਅਰੋੜਾ ਨੇ ਦੱਸਿਆ ਕਿ ਸੁਸਾਇਟੀ ਵੱਲੋਂ ਅੱਖਾਂ ਦਾ ਮੁਫ਼ਤ ਚੈੱਕਅਪ ਖ਼ੂਨਦਾਨ ਕੈਂਪ ਲਾਇਆ ਜਾਂਦਾ ਹੈ ਤੇ ਹਰ ਮਹੀਨੇ ਲੋੜਵੰਦ ਲੋਕਾਂ ਨੂੰ ਰਾਸ਼ਨ ਵੰਡਿਆ ਜਾ ਰਿਹਾ ਹੈ।

# ਸੰਤ ਨਿਰੰਕਾਰੀ ਭਵਨ 'ਚ ਵਿਸ਼ੇਸ਼ ਸਤਿਸੰਗ ਸਮਾਗਮ



**ਜੈਤੋ (ਸਤੀਸ਼ ਕੁਮਾਰ ਭੋਲੀ)**-ਸੰਤ ਨਿਰੰਕਾਰੀ ਸਤਿਸੰਗ ਭਵਨ ਵਿਖੇ ਸਤਿਗੁਰੂ ਮਾਤਾ ਸੁਦਿਕਸ਼ਾ ਜੀ ਮਹਾਰਾਜ ਦੇ ਅਸ਼ੀਰਵਾਦ ਸਦਕਾ ਵਿਸ਼ੇਸ਼ ਸਤਿਸੰਗ ਦਾ ਆਯੋਜਨ ਕੀਤਾ ਗਿਆ।ਇਸ ਸਤਿਸੰਗ ਦੀ ਅਗਵਾਈ ਕਰਦੇ ਹੋਏ ਹੈਦਰਾਬਾਦ ਤੋਂ ਆਏ ਪ੍ਰਚਾਰਕ ਮਹਾਤਮਾ ਗੌਰਾ ਲਾਲ ਧੀਰ ਨੇ ਸਤਿਗੁਰੂ ਮਾਤਾ ਜੀ ਦਾ ਸੰਦੇਸ਼ ਦਿੰਦੇ ਹੋਏ ਕਿਹਾ ਕਿ ਇਨਸਾਨੀ ਜੀਵਨ ਵਿੱਚ ਰਹਿੰਦਿਆਂ ਪ੍ਰਮਾਤਮਾ ਦੀ ਜਾਣਕਾਰੀ ਬਹੁਤ ਜ਼ਰੂਰੀ ਹੈ, ਜੋ ਸਿਰਫ ਪੂਰੇ ਸਤਿਗੁਰੂ ਦੇ ਚਰਨਾਂ ਵਿੱਚ ਜਾ ਕੇ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ। ਅੱਜ ਸਮੇਂ ਦੇ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਬ੍ਰਹਮਗਿਆਨ ਦੇ ਕੇ ਇਨਸਾਨਾਂ ਨੂੰ ਪ੍ਰਮਾਤਮਾ ਦੀ ਜਾਣਕਾਰੀ ਕਰਾ ਰਹੇ ਹਨ।ਉਨ੍ਹਾਂ ਦੱਸਿਆ ਕਿ ਬ੍ਰਹਮ ਗਿਆਨ ਲੈਣ ਉਪਰੰਤ ਸੇਵਾ, ਸਿਮਰਨ ਤੇ ਸਤਿਸੰਗ ਵੀ ਬਹੁਤ ਜ਼ਰੂਰੀ ਹਨ, ਜੋ ਸਾਨੂੰ ਜੀਵਨ ਜਿਊਣ ਦੀ ਜਾਚ ਸਿਖਾਉਂਦੇ ਹਨ। ਸਤਿਸੰਗ ਕਰਨ ਨਾਲ ਮਨ ਤੇ ਆਤਮਾ ਨੂੰ ਸਕੂਨ ਮਿਲਦਾ ਹੈ।ਬ੍ਰਹਮਗਿਆਨੀ ਇਨਸਾਨ ਸਮਾਜ ਵਿੱਚ ਵੀ ਹਰ ਇੱਕ ਨਾਲ ਪਿਆਰ ਤੇ ਸਤਿਕਾਰ ਨਾਲ ਪੇਸ਼ ਆਉਂਦੇ ਹਨ, ਜਿਸ ਕਰਕੇ ਹਰ ਕੋਈ ਉਹਨਾਂ ਨੂੰ ਪਸੰਦ ਕਰਦਾ ਹੈ।ਉਨ੍ਹਾਂ ਕਈ ਉਦਾਹਰਣਾਂ ਦੇ ਕੇ ਸਮਝਾਇਆ ਕਿ ਪਰਮਾਤਮਾ ਸਰਵ ਵਿਆਪਕ ਹੈ, ਸੱਚ ਹੈ, ਹਰ ਜਗ੍ਹਾ ਕਣ ਕਣ ਵਿੱਚ ਮੌਜੂਦ ਹੈ। ਇਸ ਸਤਿਸੰਗ ਦੌਰਾਨ ਸੰਤ ਨਿਰੰਕਾਰੀ ਮਿਸ਼ਨ ਬ੍ਰਾਂਚ ਜੈਤੋ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਜੈਤੋ ਦੇ ਸਮੂਹ ਪੱਤਰਕਾਰਾਂ ਨੂੰ ਸਨਮਾਨਤ ਕੀਤਾ ਗਿਆ।


## ਉੱਤਰ ਰੇਲਵੇ

### ਈ-ਟੈਂਡਰ ਸੂਚਨਾ

ਸੀਨੀਅਰ ਮੰਡਲ ਇੰਜੀਨੀਅਰ - ਪਹਿਲੀ, ਫ਼ਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਹੇਠਾ ਲਿਖੀ ਈ-ਟੈਂਡਰਾ, ਆਖਰੀ ਮਿਤੀ ਆਖਰੀ ਮਿਤੀ **11.03.2025** ਵਕਤ **15.00** ਵਜੇ ਤਕ **www.ireps.gov.in** ਉਤੇ ਮੰਗ ਕੀਤੀ ਜਾਂਦੀ ਹੈ। ਟੈਂਡਰਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਟੈਂਡਰ ਮਾਨਯ ਨਹੀਂ ਹੈ ਅਤੇ ਇਸਤਰ੍ਹਾਂ ਕਿਸੀ ਵੀ ਮੈਨੂੰਅਲ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਟੈਂਡਰ ਪ੍ਰਪੱਤਰ ਦੀ ਲਾਗਤ ਅਤੇ ਬਿਆਨਾ ਰਾਸ਼ੀ ਠੇਕੇਦਾਰ ਟੈਂਡਰ ਪ੍ਰਪੱਤਰ ਦੀ ਲਾਗਤ ਅਤੇ ਬਿਆਨਾ ਰਾਸ਼ੀ ਦਾ ਭੁਗਤਾਨ ਕੇਵਲ **www.ireps.gov.in** ਪੋਰਟਲ ਉਤੇ ਉਪਲਬਧ ਆਨਲਾਈਨ ਸਾਧਨਾਂ ਦੇ ਦੁਵਾਰਾ ਜਿਸਤਰ੍ਹਾਂ ਨੈਟ ਬੈਂਕਿੰਗ, ਡੇਬਿਟ ਕਾਰਡ, ਕ੍ਰੇਡਿਟ ਕਾਰਡ ਆਦਿ ਤੋਂ ਭੁਗਤਾਨ ਕਰ ਸਕਦੇ ਹਨ। ਡਿਮਾਂਡ ਡਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਦੁਵਾਰਾ ਤੋਂ ਭੁਗਤਾਨ ਦੀ ਅਨੁਮਤੀ ਨਹੀਂ ਹੈ।

| ਟੈਂਡਰ ਪ੍ਰਕਾਰ | ਟੈਂਡਰ ਅਨੁਭਾਗ | ਬੋਲੀ ਪ੍ਰਣਾਲੀ |
|---|---|---|
| ਖੁਲੀ | ਕੰਮ | ਦੋ ਬੋਲੀ ਪ੍ਰਣਾਲੀ |
| **ਟੈਂਡਰ ਅਪਲੋਡ ਕਰਨ ਦੀ ਮਿਤੀ** | **ਬੋਲੀ ਸ਼ੁਰੂ ਦੀ ਮਿਤੀ** | **ਬੋਲੀ ਪੂਰੀ ਕਰਨ ਦੀ ਮਿਤੀ ਅਤੇ ਸਮਾਂ** |
| 14.02.2025 | 25.02.2025 | 11.03.2025 15:00 ਵਜੇ |

| ਲੜੀ ਨੰ: | ਟੈਂਡਰ ਨੰਬਰ ਮਿਤੀ | ਟੈਂਡਰ ਦਾ ਵੇਰਵਾ |
|---|---|---|
| 1. | 315-2024-25-ADEN-JRC FZR | ਸਹਾਇਕ ਮੰਡਲ ਇੰਜੀਨੀਅਰ-ਜਲੰਧਰ ਕੈਂਟ ਦੇ ਅਧੀਨ ਜਲੰਧਰ ਕੈਂਟ-ਪਠਾਨਕੋਟ ਸੈਕਸ਼ਨ ਉਤੇ ਬੀਜੀ ਟ੍ਰੈਕ ਦੀ ਸੂਚੀ ਪਿੰਡ, ਅਲਾਵਪੁਰ, ਕਾਲਾ ਬਕਰਾ ਅਤੇ ਭੋਗਪੁਰ ਸਿਰਵਾਲ ਯਾਰਡ ਲਾਇਨਾਂ ਉਤੇ ਸਲੀਪਰ ਘਨਤਵ 8.415 ਟ੍ਰੈਕ ਕਿਲੋਮੀਟਰ ਐਮ+4 ਤੋਂ ਵਧਾਕੇ ਐਮ+8 ਤਕ ਦਾ ਕੰਮ। |

| ਵਿਗਿਆਪਨ ਮੂਲ (ਰੁ:) | ਬਿਆਨਾ ਰਾਸ਼ੀ | ਆਫਰ ਦੀ ਵੈਧਤਾ | ਪੂਰਾ ਕਰਨ ਦਾ ਸਮਾਂ |
|---|---|---|---|
| 1,28,38,782.26/- | 2,14,200.00/- | 60 ਦਿਨ | 06 ਮਹੀਨੇ |

**ਵਿਸ਼ੇਸ਼ ਤਕਨੀਕੀ ਮਾਨਦੰਡ :-** "ਸੀਟੀਆਰ/ਟੀਆਰਆਰ/ਟੀਐਫਆਰ/ਟੀ ਟੀਆਰ ਜਿਸ ਵਿਚ ਟ੍ਰੈਕ ਨੂੰ ਉਪਰ ਉਠਾਨਾ, ਸਕਰੀਨਿੰਗ ਕਰਨਾ, ਟ੍ਰੈਕ ਨੂੰ ਤਨਾਵ ਮੁਕਤ ਕਰਨਾ, ਟੈਮਪਿੰਗ ਮਸ਼ੀਨ/ਬੈਲਾਸਟ ਸਕਰੀਨਿੰਗ ਰੇਗੁਲੇਟਿੰਗ ਮਸ਼ੀਨ ਜੈਸੀ ਟ੍ਰੈਕ ਰੱਖ-ਰੱਖਾਵ ਮਸ਼ੀਨਾਂ ਦੇ ਨਹੀ ਪੂਰਵ ਅਤੇ ਬਾਦ ਦੇ ਕੰਮ ਅਤੇ ਟੀ-28 ਦੁਵਾਰਾ ਟੀਟੀਅਰ ਸ਼ਾਮਿਲ ਹੈ।"

| ਲੜੀ ਨੰ: | ਟੈਂਡਰ ਨੰਬਰ ਮਿਤੀ | ਟੈਂਡਰ ਦਾ ਵੇਰਵਾ |
|---|---|---|
| 2. | 316-2024-25-ADEN-JRC FZR | ਸਹਾਇਕ ਮੰਡਲ ਇੰਜੀਨੀਅਰ-ਪਹਿਲੀ ਫ਼ਿਰੋਜ਼ਪੁਰ ਦੇ ਅਧਿਕਾਰ ਖੇਤਰ ਵਿਚ ਸਹਾਇਕ ਮੰਡਲ ਇੰਜੀਨੀਅਰ-ਜਲੰਧਰ ਕੈਂਟ ਦੇ ਅਨੁਭਾਗ ਵਿਚ ਇਲੈਕਟ੍ਰੋਨਿਕ ਟਾਇਪ ਰੇਲ ਗੇਜ ਫੇਸ ਲੁਬ੍ਰਿਕੇਟਰ 62 ਨੰਬਰ (62x12x5 ਸਾਲ-3720 ਮਹੀਨੇ) ਦਾ ਕੰਮ। |

| ਵਿਗਿਆਪਨ ਮੂਲ (ਰੁ:) | ਬਿਆਨਾ ਰਾਸ਼ੀ | ਆਫਰ ਦੀ ਵੈਧਤਾ | ਪੂਰਾ ਕਰਨ ਦਾ ਸਮਾਂ |
|---|---|---|---|
| 7,98,27,625.80/- | 5,49,100.00/- | 90 ਦਿਨ | 60 ਮਹੀਨੇ |

**ਵਿਸ਼ੇਸ਼ ਤਕਨੀਕੀ ਮਾਨਦੰਡ :-** "ਟ੍ਰੈਕ ਆਧਾਰਿਤ ਲੁਬ੍ਰਿਕੇਟਰ ਦੇ ਲਈ ਕੇਵਲ ਆਰਡੀਐਸਓ ਅਨੁਮੋਦਿਤ/ਵਿਕਾਸ ਵਿਕ੍ਰੇਤਾ ਹੀ ਇਸ ਟੈਂਡਰ ਵਿਚ ਭਾਗ ਲੈ ਸਕਦੇ ਹਨ। ਵੈਧਤਾ ਮਿਤੀ ਦੇ ਨਾਲ ਅਨੁਮੋਦਨ ਪ੍ਰਮਾਣ ਪੱਤਰ ਦੀ ਕਾਪੀ ਟੈਂਡਰ ਦੇ ਨਾਲ ਪੇਸ਼ ਕੀਤੀ ਜਾਣੀ ਹੈ।"

| ਲੜੀ ਨੰ: | ਟੈਂਡਰ ਨੰਬਰ ਮਿਤੀ | ਟੈਂਡਰ ਦਾ ਵੇਰਵਾ |
|---|---|---|
| 3. | 317-2024-25-ADEN-LDH FZR | ਸਹਾਇਕ ਮੰਡਲ ਇੰਜੀਨੀਅਰ-ਪਹਿਲੀ ਫ਼ਿਰੋਜ਼ਪੁਰ ਦੇ ਅਧਿਕਾਰ ਖੇਤਰ ਵਿਚ ਸਹਾਇਕ ਮੰਡਲ ਇੰਜੀਨੀਅਰ-ਲੁਧਿਆਣਾ ਦੇ ਅਨੁਭਾਗ ਵਿਚ ਇਲੈਕਟ੍ਰੋਨਿਕ ਟਾਇਪ ਰੇਲ ਗੇਜ ਫੇਸ ਲੁਬ੍ਰਿਕੇਟਰ 19 ਨੰਬਰ (19x12x5 ਸਾਲ-1140 ਮਹੀਨੇ) ਦਾ ਕੰਮ। |

| ਵਿਗਿਆਪਨ ਮੂਲ (ਰੁ:) | ਬਿਆਨਾ ਰਾਸ਼ੀ | ਆਫਰ ਦੀ ਵੈਧਤਾ | ਪੂਰਾ ਕਰਨ ਦਾ ਸਮਾਂ |
|---|---|---|---|
| 2,45,10,000.00/- | 2,72,600.00/- | 90 ਦਿਨ | 60 ਮਹੀਨੇ |

**ਵਿਸ਼ੇਸ਼ ਤਕਨੀਕੀ ਮਾਨਦੰਡ :-** "ਟ੍ਰੈਕ ਆਧਾਰਿਤ ਲੁਬ੍ਰਿਕੇਟਰ ਦੇ ਲਈ ਕੇਵਲ ਆਰਡੀਐਸਓ ਅਨੁਮੋਦਿਤ/ਵਿਕਾਸ ਵਿਕ੍ਰੇਤਾ ਹੀ ਇਸ ਟੈਂਡਰ ਵਿਚ ਭਾਗ ਲੈ ਸਕਦੇ ਹਨ। ਵੈਧਤਾ ਮਿਤੀ ਦੇ ਨਾਲ ਅਨੁਮੋਦਨ ਪ੍ਰਮਾਣ ਪੱਤਰ ਦੀ ਕਾਪੀ ਟੈਂਡਰ ਦੇ ਨਾਲ ਪੇਸ਼ ਕੀਤੀ ਜਾਣੀ ਹੈ।"

ਨੋਟ:- 1. ਟੈਂਡਰ ਪਾਉਣ ਤੋਂ ਪਹਿਲਾ, ਟੈਂਡਰਕਰਤਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੀ ਵੀ ਸ਼ੁੱਧੀਪੱਤਰ ਦੀ ਜਾਂਚ ਕਰਨਗੇ। ਹਿੰਦੀ ਵਿਚ ਕਿਸੀ ਗਲਤੀ ਲਈ ਅੰਗ੍ਰੇਜ਼ੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜ਼ੀ ਵਰਜਨ ਹੀ ਮਾਨਯ ਹੋਣਗੇ। ਪੱਤਰ ਨੰ: **315, 316-2024-25-ADEN-JRC & 317-2024-25-ADEN-LDH ਮਿਤੀ : 17.02.2025**

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 553/25

## ਉੱਤਰ ਰੇਲਵੇ

### ਈ-ਨਿਵਿਦਾ ਸੂਚਨਾ

ਮੰਡਲ ਇੰਜੀਨੀਅਰ-ਹੈਡਕੁ. ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਹੇਠਾਂ ਲਿਖਤ ਈ-ਨਿਵਿਦਾਵਾਂ, ਅੰਤਮ ਮਿਤੀ 10.03.2025 ਸਮਾਂ 15.00 ਵਜੇ ਤਕ, www.ireps.gov.in ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ ਇਨਾਂ ਟੈਂਡਰਾਂ ਦੇ ਲਈ ਮੈਨੂੰਅਲ ਪ੍ਰਸਤਾਵ ਮਾਨਯ ਨਹੀਂ ਹੈ ਅਤੇ ਐਸੇ ਕਿਸੇ ਵੀ ਮੈਨੂੰਅਲ ਪ੍ਰਾਪਤ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ।ਠੇਕੇਦਾਰ ਨਿਵਿਦਾ ਫਾਰਮ ਦੀ ਲਾਗਤ ਅਤੇ ਬਿਆਨਾ ਰਾਸ਼ੀ ਭੁਗਤਾਨ ਕੇਵਲ www.ireps.gov.in ਪੋਰਟਲ ਤੇ ਉਪਲਬਧ ਆਨ ਲਾਈਨ ਸਾਧਨਾਂ ਦੇ ਮਾਧਿਅਮ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ, ਤੇ ਕਰੈਡਿਟ ਕਾਰਡ ਆਦਿ ਨਾਲ ਭੁਗਤਾਨ ਕਰ ਸਕਦੇ ਹਨ। ਡਿਮਾਂਡ ਡ੍ਰਾਫਟ, ਬੈਂਕਰ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜਾਜਤ ਨਹੀਂ ਹੈ।

| ਨਿਵਿਦਾ ਪ੍ਰਕਾਰ | ਖੁਲ੍ਹਾ | ਨਿਵਿਦਾ ਅਨੁਭਾਗ | ਕੰਮ | ਬੋਲੀ ਪ੍ਰਣਾਲੀ | ਸਿੰਗਲ ਪੈਕੇਟ ਪ੍ਰਣਾਲੀ |
|---|---|---|---|---|---|
| ਨਿਵਿਦਾ ਅਪਲੋਡ ਕਰਨ ਦੀ ਮਿਤੀ | 14.02.2025 | ਬੋਲੀ ਸ਼ੁਰੂ ਦੀ ਮਿਤੀ | 24.02.2025 | ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ | 10.03.2025 15:00 ਵਜੇ |

| ਲ.ਨੰ. | ਨਿਵਿਦਾ ਨੰਬਰ | ਨਿਵਿਦਾ ਦਾ ਵੇਰਵਾ |
|---|---|---|
| 1. | 308-2024-25-ADEN-1-FZR | ਸਹਾਇਕ ਮੰਡਲ ਇੰਜੀਨੀਅਰ-ਫਸਟ/ਫਿਰੋਜਪੁਰ ਦੇ ਤਹਿਤ ਲੁਧਿਆਣਾ-ਮੁਲਾਂਪੁਰ ਦੇ ਵਿਚ ਦੋਹਰੀਕਰਨ ਦੇ ਸਬੰਧ ਵਿਚ ਟ੍ਰੈਕ ਕੰਮਾਂ ਦਾ ਬਾਕੀ ਕੰਮ। |

| ਵਿਗਿਆਪਨ ਮੁੱਲ | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਨ ਦੀ ਅਵਧੀ |
|---|---|---|---|
| ₹2,09,09,826.37 | ₹2,54,600.00 | 60 ਦਿਨ | 09 ਮਹੀਨੇ |

ਵਿਸ਼ੇਸ਼ ਤਕਨੀਕੀ ਮਾਨਦੰਡ- "ਸੀਟੀਆਰ/ਟੀਆਰਆਰ/ਟੀਐਫਆਰ/ਟੀਟੀਆਰ ਜਿਸ ਵਿਚ ਟ੍ਰੈਕ ਨੂੰ ਉਪਰ ਚੁਕਣਾ, ਡੀਪ ਸਕ੍ਰੀਨਿੰਗ, ਟ੍ਰੈਕ ਦੀ ਪ੍ਰੇਸ਼ਾਨੀ, ਟ੍ਰੈਕ ਰਖਰਖਾਅ ਮਸ਼ੀਨ ਜਿਵੇਂ ਟੈਂਪਿੰਗ ਮਸ਼ੀਨ/ਗਿਟੀ ਸਕ੍ਰੀਨਿੰਗ/ ਰੇਗੂਲੇਟਿੰਗ ਮਸ਼ੀਨ ਅਤੇ ਟੀ-28 ਦੁਆਰਾ ਟੀਟੀਆਰ ਦੇ ਲਈ ਪੂਰਵ ਅਤੇ ਬਾਅਦ ਦੇ ਕੰਮ ਸ਼ਾਮਲ ਹਨ।"

| ਲ.ਨੰ. | ਨਿਵਿਦਾ ਨੰਬਰ | ਨਿਵਿਦਾ ਦਾ ਵੇਰਵਾ |
|---|---|---|
| 2. | 309-2024-25-ADEN-1-FZR | ਸਹਾਇਕ ਮੰਡਲ ਇੰਜੀਨੀਅਰ-ਫਸਟ/ਫਿਰੋਜਪੁਰ ਦੇ ਤਹਿਤ ਲੁਧਿਆਣਾ-ਮੁਲਾਂਪੁਰ ਦੇ ਵਿਚ ਦੋਹਰੀਕਰਨ ਦੇ ਨਾਲ-ਨਾਲ ਗਿਟੀ ਕੰਮਾਂ ਦਾ ਬਾਕੀ ਕੰਮ। |

| ਵਿਗਿਆਪਨ ਮੁੱਲ | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਨ ਦੀ ਅਵਧੀ |
|---|---|---|---|
| ₹1,67,47,920.00 | ₹2,33,700.00 | 60 ਦਿਨ | 09 ਮਹੀਨੇ |

ਵਿਸ਼ੇਸ਼ ਤਕਨੀਕੀ ਮਾਨਦੰਡ- "ਰੇਲਵੇ/ਰਾਜਮਾਰਗ/ਸੜਕਾਂ ਦੇ ਲਈ ਮਸ਼ੀਨ ਨਾਲ ਕੁਚਲੇ ਗਏ ਪੱਕਰ ਗਿਟੀ ਦੀ ਸਪਲਾਈ।"

| ਲ.ਨੰ. | ਨਿਵਿਦਾ ਨੰਬਰ | ਨਿਵਿਦਾ ਦਾ ਵੇਰਵਾ |
|---|---|---|
| 3. | 310-2024-25-ADEN-1-FZR | ਸਹਾਇਕ ਮੰਡਲ ਇੰਜੀਨੀਅਰ-ਫਸਟ/ਫਿਰੋਜਪੁਰ ਦੇ ਤਹਿਤ ਲੁਧਿਆਣਾ-ਫਿਰੋਜਪੁਰ ਸੇਕਸ਼ਨ ਦੇ ਵਿਚ ਦੋਹਰੀਕਰਨ ਕੰਮ ਵਿਚ ਬਦੋਵਾਲ, ਮੁਲਾਂਪੁਰ ਵਿਚ ਮਾਲ ਦਫਤਰ ਅਤੇ ਬਦੋਵਾਲ-ਮੁਲਾਂਪੁਰ ਦੇ ਸਬੰਧ ਵਿਚ ਹੋਰ ਸਬੰਧਤ ਕੰਮ ਜਿਵੇਂ ਬਾਕੀ ਕੰਮ। |

| ਵਿਗਿਆਪਨ ਮੁੱਲ | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਨ ਦੀ ਅਵਧੀ |
|---|---|---|---|
| ₹3,14,27,954.58 | ₹3,07,100.00 | 60 ਦਿਨ | 09 ਮਹੀਨੇ |

ਵਿਸ਼ੇਸ਼ ਤਕਨੀਕੀ ਮਾਨਦੰਡ- "ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ।"

| ਲ.ਨੰ. | ਨਿਵਿਦਾ ਨੰਬਰ | ਨਿਵਿਦਾ ਦਾ ਵੇਰਵਾ |
|---|---|---|
| 4. | 311-2024-25-ADEN-1-FZR | ਸਹਾਇਕ ਮੰਡਲ ਇੰਜੀਨੀਅਰ-ਫਸਟ/ਫਿਰੋਜਪੁਰ ਦੇ ਤਹਿਤ ਲੁਧਿਆਣਾ-ਬਦੋਵਾਲ ਦੇ ਵਿਚ ਲੇਵਲ ਕ੍ਰਾਸਿੰਗ ਦੇ ਲਈ 8 ਟਾਈਪ-ਸੈਕਿੰਡ ਸਟਾਫ ਕਵਾਟਰਾਂ ਦੀ ਉਸਾਰੀ, ਮੁਲਾਂਪੁਰ ਵਿਚ ਸਟਾਫ ਕਵਾਟਰਾਂ ਦੇ ਸਾਹਮਣੇ ਬਾਊਂਡਰੀ ਵਾਲ ਅਤੇ ਲੁਧਿਆਣਾ-ਫਿਰੋਜਪੁਰ ਸੈਕਸ਼ਨ ਦੇ ਵਿਚ ਮੁਲਾਂਪੁਰ ਅਤੇ ਬਦੋਵਾਲ ਵਿਚ ਸਟਾਫ ਕਵਾਟਰਾਂ ਦੇ ਹੋਰ ਸਥਾਨ ਅਤੇ ਸੜਕ ਦੀ ਸਤਹਾ ਦੇ ਲਈ ਬਾਕੀ ਕੰਮ। |

| ਵਿਗਿਆਪਨ ਮੁੱਲ | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਨ ਦੀ ਅਵਧੀ |
|---|---|---|---|
| ₹3,08,94,235.58 | ₹3,04,500.00 | 60 ਦਿਨ | 12 ਮਹੀਨੇ |

ਵਿਸ਼ੇਸ਼ ਤਕਨੀਕੀ ਮਾਨਦੰਡ- "ਭਵਨ/ਕਵਾਟਰ ਦੀ ਉਸਾਰੀ।"

| ਲ.ਨੰ. | ਨਿਵਿਦਾ ਨੰਬਰ | ਨਿਵਿਦਾ ਦਾ ਵੇਰਵਾ |
|---|---|---|
| 5. | 314-2024-25-DEN-HQ-FZR | ਮੰਡਲ ਇੰਜੀਨੀਅਰ-ਹੈਡਕੁਆਟਰ/ਫਿਰੋਜਪੁਰ ਦੇ ਅਧਿਕਾਰ ਖੇਤਰ ਵਿਚ ਸਹਾਇਕ ਮੰਡਲ ਇੰਜੀਨੀਅਰ-ਫਸਟ/ਫਿਰੋਜਪੁਰ ਅਤੇ ਸਹਾਇਕ ਮੰਡਲ ਇੰਜੀਨੀਅਰ-ਸੈਕਿੰਡ/ਫਿਰੋਜਪੁਰ ਦੇ ਅਨੁਭਾਗ ਵਿਚ ਗੋਨੇਆਨਾ ਭਾਈ ਜਗਤਾ, ਚਾਂਦ ਭਾਨ, ਗੰਗਸਰ ਜੈਤੋ, ਰੋਮਾਨਾ ਅਲਬੇਲ ਸਿੰਘ, ਕੋਟਕਪੁਰਾ, ਕਾਸੂ ਬੇਗੂ, ਫਿਰੋਜਪੁਰ, ਤਲਵੰਡੀ ਅਤੇ ਫਿਰੋਜਸ਼ਾਹ ਯਾਰਡ ਵਿਚ 32 ਨੰਬਰਾਂ ਦਾ ਪ੍ਰਤੀਸਥਾਪਨ ਉਦਾਹਰਨ ਦੇ ਲਈ (25 ਨੰਬਰ 60 ਕਿਗ੍ਰਾ 1 12 ਟਨਆਉਟ ਵਿਚ), (1 ਨੰਬਰ 60 ਕਿਗ੍ਰਾ 1 8.5 ਟਨਆਉਟ ਵਿਚ) ਦੇ ਸਬੰਧ ਵਿਚ "ਫਿਰੋਜਪੁਰ ਡਵੀਜਨ-ਟਿਪਟੂਰ (ਐਫਐਸ ਸੀਐਸ ਸੀਐਮਐਸਸੀ)-13 ਸੇਟ, ਟਿਪਟੂਰ (ਟੀਡਬਲਯੂਐਸ ਡਬਲਯੂਸੀਐਮਏਸੀ)-38 ਸੇਟ, ਟਿਪਟੂਰ (ਸੀਐਮਐਸ)-61 ਸੇਟ ਅਤੇ ਟਿਪਟੂਰ (ਸੀਐਮ ਸੀਐਮਐਸਸੀ)-17 ਸੇਟ" ਅਤੇ (1 ਨੰਬਰ 60 ਕਿਲੋਗ੍ਰਾਮ ਡਾਯਮੰਡ ਕ੍ਰਾਸਿੰਗ ਡੀ/ਐਸ) (1 ਨੰਬਰ 60 ਕਿਲੋਗ੍ਰਾਮ ਡਾਯਮੰਡ ਕ੍ਰਾਸਿੰਗ ਐਸ/ਐਸ) (4 ਨੰਬਰ 60 ਕਿਲੋਗ੍ਰਾਮ ਕੈਂਚੀ ਐਕਸ-ਓਵਰ 1 8. 5 ਵਿਚ) ਦੇ ਸਬੰਧ ਵਿਚ "ਟਿਪਟੂਰ (ਐਫਐਸ ਸੀਐਸ ਸੀਐਮਐਸਸੀ) 56 ਸੇਟ, ਸੀਐਸ ਸੀਐਮਐਸਸੀ- 18 ਸੇਟ, ਐਫਐਸ ਟੀਡਬਲਯੂਐਸ ਡਬਲਯੂਸੀਐਮਐਸਪੀ-44 ਸੇਟ, ਡਬਲਯੂਸੀਐਮਐਸਸੀ-4 ਸੇਟ, ਡੀਐਸ-2 ਸੇਟ ਅਤੇ ਟੀਡਬਲਯੂਐਸ ਡਬਲਯੂਸੀਐਮਐਸਸੀ-4 ਸੇਟ ਪੀਐਸਸੀ ਸਲੀਪਰ ਉਤੇ" ਦਾ ਕੰਮ ਹੋਣਾ ਹੈ। |

| ਵਿਗਿਆਪਨ ਮੁੱਲ | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਨ ਦੀ ਅਵਧੀ |
|---|---|---|---|
| ₹1,97,48,743.60 | ₹2,48,800.00 | 60 ਦਿਨ | 09 ਮਹੀਨੇ |

ਵਿਸ਼ੇਸ਼ ਤਕਨੀਕੀ ਮਾਨਦੰਡ :-"ਕੋਈ ਨਹੀਂ।"

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ। 2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜੀ ਵਰਜਨ ਹੀ ਮਾਨਯ ਹੋਣਗੇ।

ਨਿਵਿਦਾ ਸੂਚਨਾ ਪੱਤਰ ਨੰ.: 308, 309, 310 & 311-2024-25-ADEN-1-FZR & 314-2024-25-DEN-HQ-FZR ਤਾਰੀਕ: 17.02.2025 552/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Singh @ Chand Fatehpuri**

ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ : nawanzamana@gmail.com * Web : www.nawanzamana.in**

# ਕੇਂਦਰ ਸਰਕਾਰ ਵੱਲੋਂ ਪੇਸ਼ ਬਜਟ ਲੋਕ ਵਿਰੋਧੀ : ਮਾੜੀਮੇਘਾ

## ਸੀ. ਪੀ. ਆਈ. ਨੇ ਰੋਸ ਵਜੋਂ ਅਲਗੋਂ ਕੋਠੀ ਵਿਖੇ ਕੀਤਾ ਪ੍ਰਦਰਸ਼ਨ



**ਭਿੱਖੀਵਿੰਡ (ਨਜ਼ਮ)**- ਕੇਂਦਰ ਦੀ ਸਰਕਾਰ ਵੱਲੋਂ ਪੇਸ਼ ਕੀਤੇ ਬਜਟ ਦੇ ਵਿਰੁੱਧ ਦੇਸ਼ ਦੀਆਂ ਖੱਬੀਆਂ ਪਾਰਟੀਆਂ ਵੱਲੋਂ ਦੇਸ਼ ਭਰ ਵਿੱਚ ਪ੍ਰਦਰਸ਼ਨ ਕਰਨ ਦਾ ਸੱਦਾ ਦਿੱਤਾ ਗਿਆ ਹੈ।ਸੀ.ਪੀ.ਆਈ. ਵੱਲੋਂ ਇਸ ਸੱਦੇ 'ਤੇ ਅਲਗੋਂ ਕੋਠੀ ਵਿਖੇ ਸੀ. ਪੀ. ਆਈ. ਬਲਾਕ ਭਿੱਖੀਵਿੰਡ ਦੇ ਸਕੱਤਰ ਨਰਿੰਦਰ ਸਿੰਘ ਅਲਗੋਂ ਦੀ ਪ੍ਰਧਾਨਗੀ ਹੇਠ ਪ੍ਰਦਰਸ਼ਨ ਕੀਤਾ ਗਿਆ।ਇਸ ਮੌਕੇ ਸੰਬੋਧਨ ਕਰਦਿਆਂ ਸੀ. ਪੀ. ਆਈ. ਦੇ ਕੌਮੀ ਕੌਂਸਲ ਮੈਂਬਰ ਪਿਰਥੀਪਾਲ ਸਿੰਘ ਮਾੜੀਮੇਘਾ ਨੇ ਕਿਹਾ ਕਿ ਕੇਂਦਰ ਦੀ ਬੀਜੇਪੀ ਸਰਕਾਰ ਨੇ ਸਾਲਾਨਾ ਬਜਟ ਗਰੀਬ, ਮੱਧ ਵਰਗੀ ਤੇ ਉਦਮਾਂ ਵਰਗ ਤੋਂ ਕੁਝ ਹੋਰ ਵਰਗ ਵਿਰੋਧੀ ਪੇਸ਼ ਕੀਤਾ ਹੈ।ਕਿਸਾਨ ਜ਼ਿੰਦਗੀ ਮੌਤ ਦੀ ਲੜਾਈ ਲੜ ਰਹੇ ਹਨ ਅਤੇ ਉਨ੍ਹਾਂ ਦੀ ਮੰਗ ਜੋ ਫ਼ਸਲਾਂ ਖਰੀਦਣ ਵਾਸਤੇ ਘੱਟੋ-ਘੱਟ ਰੇਟ ਨਿਰਧਾਰਤ ਕਰਨ ਲਈ ਐੱਮਐੱਸਪੀ ਨੂੰ ਪੂਰਨ ਰੂਪ ਵਿੱਚ ਲਾਗੂ ਕਰਨਾ ਹੈ, ਇਸ ਵੱਲ ਸਰਕਾਰ ਨੇ ਕੋਈ ਤਵੱਜੋ ਨਹੀਂ ਦਿੱਤੀ ।ਇਸ ਦੇ ਉਲਟ ਸਾਡੀ ਸਰਕਾਰ ਸੋਨੇ ਵਰਗੀ ਧਰਤੀ ਕਾਰਪੋਰੇਟ ਘਰਾਣਿਆਂ ਨੂੰ ਦੇਣ ਵਾਸਤੇ ਤਰਲੋਮੱਛੀ ਹੋ ਰਹੀ ਹੈ।ਨਰੇਗਾ ਸਕੀਮ ਅਧੀਨ ਜੋ ਪਿੰਡਾਂ ਵਿੱਚ ਕੰਮ ਮਿਲਦਾ ਹੈ ਉਸ ਕੰਮ ਵਾਸਤੇ ਬਜਟ ਪਿਛਲੇ ਸਾਲ ਜਿੰਨਾ ਹੀ ਰੱਖਿਆ ਗਿਆ ਹੈ।ਪਿਛਲੇ ਤੋਂ ਪਿਛਲੇ ਸਾਲ ਨਰੇਗਾ ਬਜਟ 'ਤੇ ਵੱਡਾ ਕੱਟ ਲਾਇਆ ਗਿਆ ਸੀ ਤੇ ਇਸ ਵਾਰ ਪਿਛਲੇ ਸਾਲ ਜਿੰਨਾ ਰੱਖ ਕੇ ਲੋਕਾਂ ਦੀਆਂ ਅੱਖਾਂ ਵਿੱਚ ਘੱਟਾ ਪਾਇਆ ਗਿਆ ਹੈ ਕਿ ਵੇਖ ਲਓ ਪਿਛਲੇ ਸਾਲ ਜਿੰਨਾ ਬਜਟ ਰੱਖਿਆ ਹੈ।ਹਿੰਦੁਸਤਾਨ ਦੀ ਨਰੇਗਾ ਸਕੀਮ ਨੂੰ ਦੁਨੀਆ ਸਲਾਹੁੰਦੀ ਹੈ ਪਰ ਮੌਜੂਦਾ ਬੀਜੇਪੀ ਹਕੂਮਤ ਇਸ ਕਾਨੂੰਨ ਨੂੰ ਖ਼ਤਮ ਕਰਨ ਵਾਲੇ ਪਾਸੇ ਤੁਰੀ ਹੈ।ਬੇਰੁਜ਼ਗਾਰੀ ਦੀ ਮਾਰ ਦੇ ਚੰਗੇ ਪੜ੍ਹੇ ਸਾਡੇ ਨੌਜਵਾਨ ਵਿਦੇਸ਼ਾਂ ਵਿੱਚ ਧੱਕੇ ਖਾਣ ਲਈ ਮਜਬੂਰ ਹਨ।ਹੁਣ ਤਾਂ ਅਮਰੀਕਾ ਸਮੇਤ ਹਿੰਦੁਸਤਾਨੀਆਂ ਨੂੰ ਹਿੰਦ ਵੱਲ ਜਹਾਜ਼ਾਂ ਵਿੱਚ ਨੂੜ ਕੇ ਭੇਜਿਆ ਜਾ ਰਿਹਾ ਹੈ ਪਰ ਕੇਂਦਰ ਦੀ ਹਕੂਮਤ ਇਸ ਬਾਰੇ ਵੀ ਚੁੱਪ ਹੈ।ਕੋਈ ਯੋਜਨਾ ਨਹੀਂ ਬਣਾਈ ਗਈ ਕਿ ਜੁਆਨੀ ਨੂੰ ਰੁਜ਼ਗਾਰ ਕਿਸ ਤਰ੍ਹਾਂ ਦੇਣਾ ਹੈ।ਵਿੱਦਿਆ ਤੇ ਸਿਹਤ ਦੇ ਬਜਟ ਦਾ ਵੀ ਇਹੋ ਹਾਲ ਹੈ।ਕਮਿਊਨਿਸਟਾਂ ਦੀ ਤਾਂ ਇਹ ਮੰਗ ਹੈ ਕਿ ਸੰਸਦ ਵਿੱਚ ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ ਪਾਸ ਕਰਕੇ ਹਰੇਕ ਵਿਅਕਤੀ ਨੂੰ ਰੁਜ਼ਗਾਰ ਜਾਂ ਉਸ ਦੇ ਜਿਉਣ ਜੋਗਾ ਬੇਰੁਜ਼ਗਾਰੀ ਭੱਤਾ ਦਿੱਤਾ ਜਾਵੇ।ਇਸ ਮੌਕੇ ਨਰੇਗਾ ਦੀ ਯੂਨੀਅਨ ਦਾ ਆਗੂ ਟਹਿਲ ਸਿੰਘ ਲੱਧੂ, ਬਲਵਿੰਦਰ ਸਿੰਘ ਅਲਗੋਂ, ਬਲਜਿੰਦਰ ਕੌਰ ਤੇ ਪਰਮਜੀਤ ਕੌਰ ਅਲਗੋਂ ਆਦਿ ਸੀ. ਪੀ. ਆਈ. ਵਰਕਰ ਹਾਜ਼ਰ ਸਨ।

# ਨਗਰ ਨਿਗਮ ਨੇ 10 ਹੋਟਲਾਂ ਦੇ ਪਾਣੀ ਤੇ ਸੀਵਰੇਜ ਦੇ ਕੁਨੈਕਸ਼ਨ ਕੱਟੇ



**ਅੰਮ੍ਰਿਤਸਰ (ਨਰਿੰਦਰ ਜੀਤ ਸਿੰਘ)**

ਨਗਰ ਨਿਗਮ ਨੇ ਬਿਨਾਂ ਪ੍ਰਵਾਨਿਤ ਨਕਸ਼ਿਆਂ ਦੇ ਬਣੇ 10 ਹੋਟਲਾਂ ਦੇ ਪਾਣੀ ਅਤੇ ਸੀਵਰੇਜ ਦੇ ਕੁਨੈਕਸ਼ਨ ਕੱਟ ਦਿੱਤੇ ਹਨ।ਨਗਰ ਨਿਗਮ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਦੇ ਹੁਕਮਾਂ ਤੇ ਨਿਗਮ ਦੇ ਓ ਐਂਡ ਐੱਮ ਵਿਭਾਗ ਨੇ ਗੋਇਨਕਾ ਮਾਰਕੀਟ, ਕਟੜਾ ਆਹਲੂਵਾਲੀਆ, ਪੱਕੀ ਗਲੀ ਖੇਤਰ ਦੇ 10 ਹੋਟਲਾਂ ਦੇ ਪਾਣੀ ਅਤੇ ਸੀਵਰੇਜ ਦੇ ਕੁਨੈਕਸ਼ਨ ਕੱਟ ਦਿੱਤੇ।ਇਸ ਤੋਂ ਪਹਿਲਾਂ ਵੀ ਨਗਰ ਨਿਗਮ ਵੱਲੋਂ 12 ਹੋਟਲਾਂ ਦੇ ਪਾਣੀ ਅਤੇ ਸੀਵਰੇਜ ਕੁਨੈਕਸ਼ਨ ਕੱਟ ਦਿੱਤੇ ਗਏ ਸਨ।ਇਸ ਤਰ੍ਹਾਂ ਕੁੱਲ 22 ਹੋਟਲਾਂ ਦੇ ਕੁਨੈਕਸ਼ਨ ਕੱਟ ਦਿੱਤੇ ਗਏ ਹਨ।ਨਗਰ ਨਿਗਮ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨੇ ਕਿਹਾ ਕਿ ਨਕਸ਼ਾ ਮਨਜ਼ੂਰ ਕੀਤੇ ਬਿਨਾਂ ਬਣਾਏ ਗਏ 29 ਹੋਟਲਾਂ ਦੇ ਪਾਣੀ ਅਤੇ ਸੀਵਰੇਜ ਦੇ ਕੁਨੈਕਸ਼ਨਾਂ ਨੂੰ ਕੱਟਣ ਦੇ ਹੁਕਮ ਜਾਰੀ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਨਗਰ ਨਿਗਮ ਵੱਲੋਂ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ ਨੂੰ ਨਕਸ਼ਾ ਮਨਜ਼ੂਰ ਕੀਤੇ ਬਿਨਾਂ ਬਣਾਏ ਗਏ ਹੋਟਲਾਂ ਦੇ ਬਿਜਲੀ ਕੁਨੈਕਸ਼ਨ ਕੱਟਣ ਲਈ ਪੱਤਰ ਜਾਰੀ ਕੀਤਾ ਗਿਆ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਨਗਰ ਨਿਗਮ ਤੋਂ ਨਕਸ਼ਾ ਮਨਜ਼ੂਰ ਕਰਵਾਉਣ ਤੋਂ ਬਾਅਦ ਹੀ ਇਮਾਰਤ ਦੀ ਉਸਾਰੀ ਸ਼ੁਰੂ ਕਰਨ।

# 'ਆਪ' ਦੇ ਸੰਗਠਨ ਨੂੰ ਹੇਠਲੇ ਪੱਧਰ ਤੱਕ ਮਜ਼ਬੂਤ ਕਰਾਂਗੇ : ਸ਼ਮਸ਼ੇਰ ਸਿੰਘ



**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**- 2027 ਦੀਆਂ ਵਿਧਾਨਸਭਾ ਚੋਣਾਂ ਵਿੱਚ ਪਾਰਟੀ ਦੀ ਜਿੱਤ ਨੂੰ ਯਕੀਨੀ ਬਣਾਉਣ ਅਤੇ ਸੂਬੇ ਅੰਦਰ ਮੁੜ ਤੋਂ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਉਣ ਲਈ ਆਮ ਆਦਮੀ ਪਾਰਟੀ ਦੇ ਸੰਗਠਨ ਨੂੰ ਹੇਠਲੇ ਪੱਧਰ ਤੱਕ ਮਜ਼ਬੂਤ ਕੀਤਾ ਜਾਵੇਗਾ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਸ਼ਹਿਰੀ ਤੇ ਹਲਕਾ ਇੰਚਾਰਜ ਦੀਨਾਨਗਰ ਸ਼ਮਸ਼ੇਰ ਸਿੰਘ ਨੇ ਆਪ ਸੁਪਰੀਮੋ ਅਰਵਿੰਦ ਕੇਜਰੀਵਾਲ ਨਾਲ ਹੋਈ ਤਾਜ਼ਾ ਮੀਟਿੰਗ ਮਗਰੋਂ ਕੀਤਾ।ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨਾਲ ਪੰਜਾਬ ਦੇ ਜ਼ਿਲ੍ਹਾ ਇੰਚਾਰਜਾਂ ਦੀ ਹੋਈ ਮੀਟਿੰਗ ਮਗਰੋਂ ਗੱਲਬਾਤ ਕਰਦਿਆਂ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਆਪ ਸੁਪਰੀਮੋ ਅਰਵਿੰਦ ਕੇਜਰੀਵਾਲ ਨਾਲ ਹੋਈ ਇਸ ਮੀਟਿੰਗ ਵਿੱਚ ਜਿਲ੍ਹਾ ਪੱਧਰ ਤੇ ਆਮ ਆਦਮੀ ਪਾਰਟੀ ਨੂੰ ਹੇਠਲੇ ਪੱਧਰ ਤੇ ਮਜ਼ਬੂਤ ਕਰਨ ਦੇ ਨਾਲ ਨਾਲ ਵਿਧਾਨਸਭਾ ਹਲਕਾ ਦੀਨਾਨਗਰ ਸਬੰਧੀ ਵੀ ਖੁੱਲ੍ਹ ਕੇ ਚਰਚਾ ਹੋਈ ਹੈ। ਜਿਸ ਵਿੱਚ ਉਨ੍ਹਾਂ ਨੇ ਜਿਲ੍ਹੇ ਦੇ ਇਲਾਵਾ ਦੀਨਾਨਗਰ ਹਲਕੇ ਅੰਦਰ ਹੋਣ ਵਾਲੇ ਕੰਮਾਂ ਅਤੇ ਦੂਰ ਕੀਤੀਆਂ ਜਾਣ ਵਾਲੀਆਂ ਕਮੀਆਂ ਨੂੰ ਆਪ ਸੁਪਰੀਮੋ ਦੇ ਧਿਆਨ ਵਿੱਚ ਲਿਆਂਦਾ ਹੈ।ਉਨ੍ਹਾਂ ਕਿਹਾ ਕਿ ਆਉਂਦੇ ਕੁਝ ਦਿਨਾਂ ਦੇ ਅੰਦਰ ਅੰਦਰ ਸੂਬਾ ਸਰਕਾਰ ਵੱਲੋਂ ਇਨ੍ਹਾਂ ਕਮੀਆਂ ਨੂੰ ਦੂਰ ਕਰਨ ਲਈ ਲੋੜੀਂਦੇ ਕਦਮ ਚੁੱਕੇ ਜਾ ਰਹੇ ਹਨ ਜਿਸ ਨਾਲ ਵਿਧਾਨਸਭਾ ਹਲਕਾ ਦੀਨਾਨਗਰ ਦੇ ਇਲਾਵਾ ਜਿਲ੍ਹੇ ਅੰਦਰ ਆਮ ਆਦਮੀ ਪਾਰਟੀ ਨੂੰ ਹਰਨਾ ਪੱਖਾਂ ਤੋਂ ਵੀ ਮਜਬੂਤ ਕਰਨ ਵਿੱਚ ਸਹਾਇਤਾ ਮਿਲੇਗੀ।ਉਨ੍ਹਾਂ ਕਿਹਾ ਕਿ ਜ਼ਿਲ੍ਹੇ ਅੰਦਰ ਪਾਰਟੀ ਵੱਲੋਂ ਹੁਣ ਤੋਂ ਹੀ 2027 ਦੀਆਂ ਚੋਣਾਂ ਨੂੰ ਧਿਆਨ ਵਿੱਚ ਰੱਖ ਕੇ ਤਿਆਰੀਆਂ ਆਰੰਭ ਕਰ ਦਿੱਤੀਆਂ ਜਾਣਗੀਆਂ ਤਾਂ ਜੋ 2027 ਵਿੱਚ ਇਕ ਵਾਰ ਮੁੜ ਤੋਂ ਵੱਡੇ ਫਰਕ ਨਾਲ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਈ ਜਾ ਸਕੇ।

# ਪੰਜਾਬ ਸਰਕਾਰ ਨੇ 108 ਡਿੱਪੂ ਹੋਲਡਰਾਂ ਨੂੰ ਅਨਾਜ ਤੋਲਣ ਵਾਲੇ ਕੰਡੇ ਵੰਡੇ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**- ਪੰਜਾਬ ਸਰਕਾਰ ਵੱਲੋਂ ਡਿੱਪੂ ਹੋਲਡਰਾਂ ਨੂੰ ਅਨਾਜ ਤੋਲਣ ਵਾਲੇ ਕੰਡੇ ਵੰਡੇ ਗਏ। ਪਹਿਲਾਂ ਫੂਡ ਸਪਲਾਈ ਅਫਸਰਾਂ ਵੱਲੋਂ ਡਿਪੂਆਂ ਤੇ ਲੋਕਾਂ ਨੂੰ ਅਨਾਜ ਤੋਲ ਕੇ ਦਿੱਤਾ ਜਾਂਦਾ ਸੀ ਪਰ ਹੁਣ ਪੰਜਾਬ ਸਰਕਾਰ ਵੱਲੋਂ ਡਿੱਪੂ ਹੋਲਡਰਾਂ ਨੂੰ ਅਨਾਜ ਤੋਲਣ ਵਾਲੇ ਕੰਡੇ ਮੁਹੱਈਆ ਕਰਵਾਏ ਗਏ ਹਨ। ਹੁਣ ਡਿੱਪੂ ਹੋਲਡਰ ਹੀ ਲੋਕਾਂ ਨੂੰ ਅਨਾਜ ਤੋਲ ਕੇ ਦੇਣਗੇ। ਗੱਲਬਾਤ ਕਰਦਿਆਂ ਹਰਮਿੰਦਰ ਸਿੰਘ ਕਾਦੀਆਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਇਹ ਬਹੁਤ ਵਧੀਆ ਉਪਰਾਲਾ ਕੀਤਾ ਗਿਆ ਜੋ 108 ਡਿੱਪੂ ਹੋਲਡਰਾਂ ਨੂੰ ਕੰਡੇ ਵੰਡੇ ਹਨ। ਅੱਜ ਤੋਂ ਬਾਅਦ ਡਿੱਪੂ ਹੋਲਡਰ ਹੀ ਖਪਤਕਾਰਾਂ ਨੂੰ ਕਣਕ ਤੋਲ ਕੇ ਦੇਣਗੇ। ਉਨ੍ਹਾਂ ਨੇ ਕਿਹਾ ਕਿ ਜੇਕਰ ਕੋਈ ਡਿੱਪੂ ਹੋਲਡਰ ਕੰਡੇ ਨਾਲ ਛੇੜਛਾੜ ਕਰਦਾ ਹੈ ਤਾਂ ਉਸ ਦੇ ਖਿਲਾਫ ਬਣਦੀ ਕਾਰਵਾਈ ਕੀਤੀ ਜਾਵੇਗੀ ਅਤੇ ਨਾਲ ਹੀ ਉਸਦਾ ਲਾਇਸੈਂਸ ਰੱਦ ਕੀਤਾ ਜਾਵੇਗਾ। ਇਸ ਮੌਕੇ ਜੁਗਰਾਜ ਸਿੰਘ ਇੰਸਪੈਕਟਰ, ਸੁਖਪ੍ਰੀਤ ਸਿੰਘ ਇੰਸਪੈਕਟਰ, ਕਮਲਪ੍ਰੀਤ ਇੰਸਪੈਕਟਰ, ਸੁਖਦੇਵ ਸਿੰਘ ਇੰਸਪੈਕਟਰ, ਸੁਖਵਿੰਦਰ, ਦੀਪਕ ਕੁਮਾਰ, ਲਵਪ੍ਰੀਤ ਸਿੰਘ, ਡਿੱਪੂ ਹੋਲਡਰ ਭੁਪਿੰਦਰ ਸਿੰਘ, ਡਿੱਪੂ ਹੋਲਡਰ ਅਜੀਤ ਸਿੰਘ ਆਦਿ ਹਾਜ਼ਰ ਸਨ।

# ਸੰਘਰਸ਼ੀ ਕਿਸਾਨਾਂ ਤੇ ਮਜ਼ਦੂਰਾਂ ਦਾ ਵੱਡਾ ਜਥਾ ਭਲਕੇ ਸ਼ੰਭੂ ਬਾਰਡਰ ਲਈ ਹੋਵੇਗਾ ਰਵਾਨਾ : ਅੱਲੜ ਪਿੰਡੀ



**ਗੁਰਦਾਸਪੁਰ (ਜਨਕ ਮਹਾਜਨ)**- ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜ਼ਿਲ੍ਹਾ ਗੁਰਦਾਸਪੁਰ ਦੇ ਜ਼ੋਨ ਤੇਜਾ ਸਿੰਘ ਸੁਤੰਤਰ ਵੱਲੋਂ ਪਿੰਡ ਆਲੀਨੰਗਲ ਫੋਕਲ ਪੁਆਇੰਟ ਤੇ ਮੀਟਿੰਗ ਦੌਰਾਨ ਪ੍ਰਧਾਨ ਸੁਖਵਿੰਦਰ ਸਿੰਘ ਅੱਲੜ ਪਿੰਡੀ ਨੇ ਇੱਕਠ ਤੇ 20 ਫਰਵਰੀ ਨੂੰ ਸ਼ੰਭੂ ਬਾਰਡਰ 'ਤੇ ਜਾਣ ਲਈ ਟਰੈਕਟਰ ਟਰਾਲੀ 'ਤੇ ਕਿਸਾਨਾਂ, ਮਜ਼ਦੂਰਾਂ ਤੇ ਬੀਬੀਆਂ ਦਾ ਜਥਾ ਸ਼ੰਭੂ ਬਾਰਡਰ ਲਈ ਰਵਾਨਾ ਹੋਵੇਗਾ। ਇਹ ਜਾਣਕਾਰੀ ਪ੍ਰੈੱਸ ਸਕੱਤਰ ਸੁਖਦੇਵ ਸਿੰਘ ਅੱਲੜ ਪਿੰਡੀ ਨੇ ਦਿੱਤੀ। ਉਨ੍ਹਾਂ ਕਿਹਾ ਕਿ ਅੰਦੋਲਨ ਅਤੇ ਅੰਦੋਲਨਕਾਰੀ ਜਥੇਬੰਦੀਆਂ ਪ੍ਰਤੀ ਸ਼ੁਰੂ ਤੋਂ ਹੀ ਸਰਕਾਰ ਅਤੇ ਸਰਕਾਰ ਪੱਖੀ ਤਥਾਕਥਿਤ ਬੁੱਧੀਜੀਵੀਆਂ ਨੇ ਗੈਰ-ਵਾਜਿਬ, ਤੱਥਵਿਹੀਨ ਅਤੇ ਨਕਾਰਾਤਮਕ ਅਲੋਚਨਾ ਅਤੇ ਕੂੜ ਪ੍ਰਚਾਰ ਕਰਕੇ, ਸਿੱਧੀਆਂ ਗੋਲੀਆਂ ਚਲਾ ਕੇ, ਅੱਥਰੂ ਗੈਸ, ਰਬੜ ਦੀਆਂ ਗੋਲੀਆਂ, ਪੈਲੇਟ ਬੰਬ, ਡਾਂਗਾਂ, ਜ਼ਹਿਰੀਲੀਆਂ ਸਪਰੇਹਾਂ ਵਰਤ ਕੇ, ਸ਼ਰਾਰਤੀ ਤੱਤਾਂ ਨੂੰ ਮੋਰਚੇ ਵਿੱਚ ਭੇਜ ਕੇ ਆਮ ਲੋਕਾਂ ਨੂੰ ਭੜਕਾਉਣ, ਬਿਜਲੀ/ਪਾਣੀ ਦੀ ਸਮੱਸਿਆਂ ਖੜੀ ਕਰਨ ਸਮੇਤ ਸਮੇਤ ਸੈਂਕੜੇ ਕਿਸਮ ਦੇ ਹਥਕੰਡੇ ਵਰਤ ਕੇ ਅੰਦੋਲਨ ਨੂੰ ਲੀਹੋਂ ਲਾਹੁਣ ਦੀਆਂ ਕੋਸ਼ਿਸ਼ਾਂ ਕੀਤੀਆਂ ਪਰ ਇਸ ਦੇ ਬਾਵਜੂਦ ਜਥੇਬੰਦੀਆਂ ਦੀ ਸਾਫ ਸੁਥਰੀ ਅਤੇ ਇਮਾਨਦਾਰ ਅਗਵਾਈ ਕਾਰਨ ਅੰਦੋਲਨ ਨੇ ਲਗਾਤਾਰ ਵਿਸਤਾਰ ਕੀਤਾ ਹੈ ਅਤੇ ਸਾਲ ਭਰ ਸਫਲਤਾ ਨਾਲ ਅੰਦੋਲਨ ਚਲਾ ਕੇ ਸਰਕਾਰ ਸਾਹਮਣੇ ਚੁਨੌਤੀ ਦੇ ਰੂਪ ਵਿੱਚ ਕਿਸਾਨਾਂ ਤੇ ਮਜ਼ਦੂਰਾਂ ਦੇ ਹੱਕ ਦੀ ਆਵਾਜ਼ ਬੁਲੰਦ ਕੀਤੀ ਹੈ। ਉਨ੍ਹਾਂ ਕਿਹਾ ਕਿ ਇੱਕ ਸਾਲ ਦੌਰਾਨ ਦੇਸ਼ ਦੇ ਹਰ ਸੂਬੇ ਤੋਂ ਬਣਦਾ ਸਹਿਯੋਗ ਮਿਲਿਆ ਹੈ ਅਤੇ ਦਿੱਲੀ ਅੰਦੋਲਨ 2 ਖਿਲਾਫ ਸਿਰਫ ਪੰਜਾਬ ਹਰਿਆਣਾ ਦੇ ਅੰਦੋਲਨ ਵਾਲੇ ਬਣਾਏ ਗਏ ਬਿਰਤਾਂਤ ਨੂੰ ਵੀ, ਦੇਸ਼ ਪੱਧਰੀ ਰੇਲ ਰੋਕੋ, ਟਰੈਕਟਰ ਮਾਰਚ ਅਤੇ ਹੋਰ ਐਕਸ਼ਨ ਦੇ ਕੇ ਤੋੜਿਆ ਹੈ। ਉਨ੍ਹਾਂ ਦੱਸਿਆ ਕਿ 21 ਫਰਵਰੀ 2024 ਨੂੰ ਹਰਿਆਣਾ ਸਰਕਾਰ ਦੇ ਹੁਕਮਾਂ ਤੇ ਉਥੋਂ ਦੀ ਪੁਲਸ ਵੱਲੋਂ ਦਿੱਲੀ ਵੱਲ ਵਧਣ ਦੀ ਕੋਸ਼ਿਸ਼ ਕਰ ਰਹੇ ਕਿਸਾਨਾਂ ਮਜ਼ਦੂਰਾਂ ਤੇ ਸਿੱਧੀਆਂ ਗੋਲੀਆਂ ਚਲਾ ਕੇ ਨੌਜਵਾਨ ਕਿਸਾਨ ਸ਼ੁਭਕਰਨ ਸਿੰਘ ਨੂੰ ਸ਼ਹੀਦ ਕੀਤਾ ਗਿਆ ਸੀ, ਸੋ ਸ਼ੰਭੂ ਬਾਰਡਰ ਮੋਰਚੇ ਤੇ ਵੱਡੇ ਇੱਕਠ ਕਰਕੇ 21 ਫਰਵਰੀ ਨੂੰ ਸ਼ਹੀਦ ਸ਼ੁਭਕਰਨ ਸਿੰਘ ਸਮੇਤ ਸਾਰੇ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਦਿੱਤੀਆਂ ਜਾਣਗੀਆਂ। ਅੰਤ 'ਚ ਉਨ੍ਹਾਂ ਕਿਹਾ ਕਿ ਫ਼ਸਲਾਂ ਦੇ ਭਾਅ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਅਨੁਸਾਰ ਤਹਿ ਕਰਕੇ ਐੱਮਐੱਸਪੀ ਤੇ ਖਰੀਦ ਦਾ ਗਰੰਟੀ ਕਾਨੂੰਨ ਬਣਾਉਣ, ਕਿਸਾਨ ਮਜ਼ਦੂਰ ਦੀ ਕੁਲ ਕਰਜ਼ਾ ਮੁਕਤੀ, ਮਨਰੇਗਾ ਤਹਿਤ ਸਾਲ ਵਿੱਚ 200 ਦਿਨ ਕੰਮ ਅਤੇ ਦਿਹਾੜੀ 700 ਕਰਨ, ਫ਼ਸਲੀ ਬੀਮਾ ਯੋਜਨਾ, ਆਦਿ ਸਕੀਮਾਂ ਬਾਰੇ ਜਾਣਕਾਰੀ ਦਿੱਤੀ ਗਈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਤਨਾਮ ਸਿੰਘ ਖਜਾਨਚੀ, ਕਰਨੈਲ ਸਿੰਘ ਆਦੀ, ਨਰਿੰਦਰ ਸਿੰਘ ਆਲੀਨੰਗਲ, ਕੁਲਵਿੰਦਰ ਸਿੰਘ, ਜਸਬੀਰ ਸਿੰਘ ਜੋੜਾਂ,ਰਣਬੀਰ ਸਿੰਘ ਡੁਗਰੀ, ਸੁੱਚਾ ਸਿੰਘ ਬਲੱਗਣ,ਕਰਨੈਲ ਸਿੰਘ ਮੱਲ੍ਹੀ, ਨਿਰਮਲ ਸਿੰਘ ਆਦੀ, ਸੋਨੂੰ ਬਾਊਪੁਰ, ਹਰਭਜਨ ਸਿੰਘ ਮੁਕੰਦਪੁਰ, ਦਿਲਬਾਗ ਸਿੰਘ ਹਰਦੋਛੰਨੀ, ਬੀਬੀ ਮਨਜਿੰਦਰ ਕੌਰ, ਬੀਬੀ ਕੁਲਵਿੰਦਰ ਕੌਰ, ਬੀਬੀ ਰਜਿੰਦਰ ਕੌਰ ਆਦਿ ਹਾਜ਼ਰ ਸਨ।

# ਨਸ਼ਾ ਤਸਕਰਾਂ ਦੀ 34.36 ਲੱਖ ਰੁਪਏ ਦੀ ਜਾਇਦਾਦ ਜ਼ਬਤ



**ਜਲੰਧਰ, (ਸ਼ੈਲੀ ਅਲਬਰਟ)**

ਨਸ਼ਾ ਤਸਕਰਾਂ ਦੁਆਲੇ ਸ਼ਿਕੰਜਾ ਕੱਸਦਿਆਂ ਪੁਲਸ ਕਮਿਸ਼ਨਰ ਸਵਪਨ ਸ਼ਰਮਾ ਦੀ ਅਗਵਾਈ ਹੇਠ ਜਲੰਧਰ ਕਮਿਸ਼ਨਰੇਟ ਪੁਲਸ ਨੇ ਦੋ ਨਸ਼ਾ ਤਸਕਰਾਂ ਦੀ 34.36 ਲੱਖ ਰੁਪਏ ਦੀ ਚੱਲ-ਅਚੱਲ ਜਾਇਦਾਦ ਜ਼ਬਤ ਕੀਤੀ ਹੈ। ਪੁਲਸ ਕਮਿਸ਼ਨਰ ਨੇ ਦੱਸਿਆ ਕਿ ਵਿਜੇ ਕੁਮਾਰ ਪੁੱਤਰ ਅਨੰਤ ਕੁਮਾਰ ਵਾਸੀ ਐੱਚ. 61, ਗਲੀ ਨੰ. 6, ਨਿਊ ਸੰਤ ਨਗਰ, ਬਸਤੀ ਸ਼ੇਖ, ਜਲੰਧਰ ਅਤੇ ਅਨੰਤ ਰਾਮ, ਅਨਾਇਤ ਨੰਤ ਰਾਮ ਪੁੱਤਰ ਸੈਣ ਦਾਸ ਸਾਈਂ ਦਾਸ ਵਾਸੀ ਨੰਬਰ 61, ਗਲੀ ਨੰ. 6, ਨਿਊ ਸੰਤ ਨਗਰ, ਬਸਤੀ ਸ਼ੇਖ, ਜਲੰਧਰ ਪਾਸੋਂ 510 ਗ੍ਰਾਮ ਡੇਕਸਟ੍ਰੋਪ੍ਰੋਪੋਕਸੀਫ਼ੀਨ ਅਤੇ 6 ਲੀਟਰ ਅਤੇ 750 ਮਿਲੀਲਿਟਰ ਸ਼ਰਾਬ ਬਰਾਮਦ ਕਰਕੇ ਥਾਣਾ ਡਵੀਜ਼ਨ ਨੰ.5 ਜਲੰਧਰ ਵਿਖੇ ਐਫ.ਆਈ.ਆਰ 182 ਮਿਤੀ 2.10.2012 ਅਧੀਨ 22/61 ਐਨ.ਡੀ.ਪੀ.ਐਸ ਐਕਟ ਦਰਜ ਕੀਤੀ ਗਈ ਸੀ। ਉਨ੍ਹਾਂ ਦੱਸਿਆ ਕਿ ਪੁੱਛਗਿੱਛ ਦੌਰਾਨ ਪਤਾ ਲੱਗਾ ਹੈ ਕਿ ਦੋਵੇਂ ਨਸ਼ਾ ਤਸਕਰਾਂ ਨੇ ਨਸ਼ੀਲੇ ਪਦਾਰਥਾਂ ਦੇ ਪੈਸੇ ਨਾਲ ਜਾਇਦਾਦ ਅਤੇ ਵਾਹਨ ਖਰੀਦੇ ਸਨ। ਇਸ ਤੋਂ ਬਾਅਦ ਸਵਪਨ ਸ਼ਰਮਾ ਨੇ ਦੱਸਿਆ ਕਿ ਪੁਲਸ ਨੇ ਜਾਇਦਾਦ ਜ਼ਬਤ ਕਰਨ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਅਤੇ ਕਿਹਾ ਕਿ ਸੈਫੇਮ (ਐਫਓਪੀ) ਐਕਟ ਅਤੇ ਐਨ ਡੀ ਪੀ ਐਸ ਐਕਟ, ਦਿੱਲੀ ਦੇ ਤਹਿਤ ਸਮਰੱਥ ਅਧਿਕਾਰੀ ਅਤੇ ਪ੍ਰਸ਼ਾਸਕ ਤੋਂ ਜਾਇਦਾਦਾਂ ਅਤੇ ਵਾਹਨਾਂ ਨੂੰ ਜ਼ਬਤ ਕਰਨ ਦੇ ਆਦੇਸ਼ ਪ੍ਰਾਪਤ ਹੋਏ ਹਨ।ਪੁਲਿਸ ਕਮਿਸ਼ਨਰ ਨੇ ਦੱਸਿਆ ਕਿ ਜ਼ਬਤ ਕੀਤੀ ਗਈ ਜਾਇਦਾਦ ਵਿੱਚ 4 ਮਰਲੇ 39 ਵਰਗ ਫੁੱਟ ਦਾ ਮਕਾਨ ਵੀ ਸ਼ਾਮਲ ਹੈ, ਜਿਸ ਦੀ ਕੀਮਤ 33,83,100 (ਜ਼ਮੀਨ + ਉਸਾਰੀ ਦੀ ਕੀਮਤ) ਅਤੇ ਹਾਂਡਾ ਐਕਟਿਵਾ ਈ ਜੀ (ਮਾਡਲ 2018) ਵਾਲੀ ਰਜਿਸਟ੍ਰੇਸ਼ਨ ਨੰਬਰ ਪੀ ਬੀ-08-52-6118 ਦੀ ਕੀਮਤ ਰੁਪਏ 53,511 ਹੈ। ਸਵਪਨ ਸ਼ਰਮਾ ਨੇ ਦੱਸਿਆ ਕਿ ਜ਼ਬਤ ਕੀਤੀ ਜਾਇਦਾਦ ਦੀ ਕੁੱਲ ਕੀਮਤ 34,36,611 ਰੁਪਏ ਹੈ। ਉਨ੍ਹਾਂ ਕਿਹਾ ਕਿ ਨਸ਼ਿਆਂ ਦੇ ਕਾਰੋਬਾਰ ਵਿੱਚ ਸ਼ਾਮਲ ਵਿਅਕਤੀਆਂ ਨੂੰ ਬਖਸ਼ਿਆ ਨਹੀਂ ਜਾਵੇਗਾ ਅਤੇ ਨਸ਼ਾ ਤਸਕਰੀ ਰਾਹੀਂ ਹਾਸਲ ਕੀਤੀ ਕਿਸੇ ਵੀ ਜਾਇਦਾਦ ਜਾਂ ਵਾਹਨ ਨੂੰ ਜ਼ਬਤ ਕੀਤਾ ਜਾਵੇਗਾ।

# ਪ੍ਰੀਖਿਆ ਕੇਂਦਰਾਂ ਦੇ 100 ਮੀਟਰ ਦੇ ਘੇਰੇ ਅੰਦਰ ਪੰਜ ਜਾਂ ਪੰਜ ਤੋਂ ਵੱਧ ਵਿਅਕਤੀਆਂ ਦੇ ਇੱਕਠੇ ਹੋਣ 'ਤੇ ਪਾਬੰਦੀ

**ਪਠਾਨਕੋਟ, (ਦਵਿੰਦਰ ਸਿੰਘ)**-ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਕਲਾਸ ਅੱਠਵੀਂ, ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਫਰਵਰੀ/ਮਾਰਚ-2025 ਦੀਆਂ ਪ੍ਰੀਖਿਆਵਾਂ (ਸਮੇਤ ਓਪਨ ਸਕੂਲ) ਦੇ ਸੰਚਾਲਨ ਸਬੰਧੀ ਪ੍ਰੀਖਿਆਵਾਂ 19.02.2025 ਤੋਂ 04.04.2025 ਤੱਕ ਸਮਾਂ ਸਵੇਰੇ 11:00 ਵਜੇ ਤੋਂ ਦੁਪਹਿਰ 02:15 ਵਜੇ ਤੱਕ ਬੋਰਡ ਵੱਲੋਂ ਸਥਾਪਿਤ ਕੀਤੇ ਪ੍ਰੀਖਿਆ ਕੇਂਦਰਾਂ ਵਿੱਚ ਕਰਵਾਈਆਂ ਜਾ ਰਹੀਆਂ ਹਨ।ਇਨ੍ਹਾਂ ਪ੍ਰੀਖਿਆਵਾਂ ਦੇ ਸਮੁੱਚੇ ਸੰਚਾਲਨ ਲਈ ਪ੍ਰੀਖਿਆ ਕੇਂਦਰਾਂ ਦੇ ਆਲੇ-ਦੁਆਲੇ ਧਾਰਾ 163 ਲਗਾਉਣ ਦੀ ਲੋੜ ਮਹਿਸੂਸ ਕੀਤੀ ਗਈ ਹੈ ਤਾਂ ਜੋ ਪ੍ਰੀਖਿਆ ਕੇਂਦਰਾਂ ਦੇ ਨੇੜੇ ਅਣਸੁਖਾਵੀਂ ਘਟਨਾ ਨਾ ਵਾਪਰੇ ਅਤੇ ਅਮਨ-ਕਾਨੂੰਨ ਦੀ ਸਥਿਤੀ ਕਾਇਮ ਰਹੇ।ਅਦਿੱਤਿਆ ਉਪਲ ਆਈਏਐੱਸ ਜ਼ਿਲ੍ਹਾ ਮੈਜਿਸਟਰੇਟ ਪਠਾਨਕੋਟ ਨੇ ਇੱਕ ਪਾਬੰਦੀ ਦਾ ਹੁਕਮ ਜਾਰੀ ਕਰਦਿਆਂ ਕਿਹਾ ਕਿ ਜ਼ਿਲ੍ਹਾ ਪਠਾਨਕੋਟ ਦੀ ਹਦੂਦ ਅੰਦਰ 15.02.2025 ਤੋਂ 04.04.2025 ਤੱਕ ਪੰਜਾਬ ਸਕੂਲ ਸਿੱਖਿਆ ਬੋਰਡ ਅਤੇ ਸੈਂਟਰਲ ਬੋਰਡ ਆਫ ਸੈਕੰਡਰੀ ਐਜੂਕੇਸ਼ਨ ਵੱਲੋਂ ਕਰਵਾਈਆਂ ਜਾ ਰਹੀਆਂ ਕਲਾਸ ਅੱਠਵੀਂ, ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਦੀਆਂ ਪ੍ਰੀਖਿਆਵਾਂ ਦੌਰਾਨ ਬੋਰਡ ਵੱਲੋਂ ਸਥਾਪਤ ਕੀਤੇ ਗਏ ਪ੍ਰੀਖਿਆ ਕੇਂਦਰਾਂ ਦੇ ਆਲੇ-ਦੁਆਲੇ 100 ਮੀਟਰ ਦੇ ਘੇਰੇ ਅੰਦਰ ਪੰਜ ਜਾਂ ਪੰਜ ਤੋਂ ਵੱਧ ਵਿਅਕਤੀਆਂ ਦੇ ਇੱਕਠੇ ਹੋਣ 'ਤੇ ਪਾਬੰਦੀ ਲਗਾਉਂਦਾ ਹਾਂ।ਇਹ ਪਾਬੰਦੀ ਉਨ੍ਹਾਂ ਸਕੂਲਾਂ ਦੇ ਟੀਚਰਾਂ/ਸਟਾਫ 'ਤੇ ਲਾਗੂ ਨਹੀਂ ਹੋਵੇਗੀ ਅਤੇ ਨਾ ਹੀ ਉਨ੍ਹਾਂ ਵਿਦਿਆਰਥੀਆਂ 'ਤੇ ਲਾਗੂ ਹੋਵੇਗੀ ਜਿਨ੍ਹਾਂ ਦਾ ਪ੍ਰੀਖਿਆ ਸੈਂਟਰ ਇਨ੍ਹਾਂ ਸਕੂਲਾਂ ਵਿੱਚ ਬਣਿਆ ਹੋਇਆ ਹੈ।

# ਕੈਬਨਿਟ ਮੰਤਰੀ ਈਟੀਓ ਤੇ ਵਿਧਾਇਕ ਰੰਧਾਵਾ ਨੇ ਕੀਤੀ ਬੰਦ ਕਮਰਾ ਮੀਟਿੰਗ





**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**

2 ਮਾਰਚ ਨੂੰ 13 ਵਾਰਡਾਂ ਦੀਆਂ ਹੋਣ ਜਾ ਰਹੀਆਂ ਡੇਰਾ ਬਾਬਾ ਨਾਨਕ ਨਗਰ ਕੌਂਸਲ ਚੋਣਾਂ ਦੇ ਸੰਬੰਧ ਵਿੱਚ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਅਤੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਵੱਲੋਂ ਮੁੱਖ ਦਫਤਰ ਵਿਖੇ ਚੋਣ ਲੜਨ ਦੇ ਦਾਅਵੇਦਾਰਾ ਨਾਲ ਬੰਦ ਕਮਰਾ ਮੀਟਿੰਗ ਕੀਤੀ ਗਈ।ਇਸ ਮੌਕੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਨੇ ਦੱਸਿਆ ਕਿ ਬੀਤੇ ਲੰਬੇ ਸਮੇਂ ਤੋਂ ਡੇਰਾ ਬਾਬਾ ਨਾਨਕ ਨਗਰ ਕੌਂਸਲ ਦੀਆਂ ਚੋਣਾਂ ਪੈਂਡਿੰਗ ਪਈਆਂ ਸਨ ਜੋ ਕਿ ਹੁਣ ਡਿਕਲੇਅਰ ਹੋ ਚੁੱਕੀਆਂ ਹਨ।ਉਨ੍ਹਾਂ ਕਿਹਾ ਕਿ ਸਾਡੀ ਪਾਰਟੀ ਦੇ ਉਮੀਦਵਾਰ ਵੱਲੋਂ ਸਾਰੀਆਂ ਦੀਆਂ ਸਾਰੀਆਂ ਵਾਰਡਾਂ ਉਪਰ ਚੋਣਾਂ ਲੜੀਆਂ ਜਾਣਗੀਆਂ ਤੇ ਜਿੱਤ ਵੀ ਪ੍ਰਾਪਤ ਕੀਤੀ ਜਾਵੇਗੀ।ਉਨ੍ਹਾਂ ਕਿਹਾ ਕਿ ਜਲਦੀ ਹੀ ਸਾਰੀਆਂ ਵਾਰਡਾਂ ਦੇ ਉਮੀਦਵਾਰਾਂ ਦੇ ਨਾਮ ਦੀ ਸੂਚੀ ਜਾਰੀ ਕਰ ਦਿੱਤੀ ਜਾਵੇਗੀ।ਕੈਬਨਿਟ ਮੰਤਰੀ ਈਟੀਓ ਨੇ ਕਿਹਾ ਇਹ ਚੋਣਾਂ ਬਿਲਕੁਲ ਨਿਰਪੱਖ ਤੇ ਪਾਰਦਰਸ਼ੀ ਢੰਗ ਨਾਲ ਕਰਵਾਈਆਂ ਜਾਣਗੀਆਂ ਤੇ ਸਾਰੀਆਂ ਦੀਆਂ ਸਾਰੀਆਂ ਸੀਟਾਂ ਉਪਰ ਸਾਡੇ ਉਮੀਦਵਾਰਾਂ ਦੀ ਜਿੱਤ ਹੋਵੇਗੀ ਤੇ ਇੱਥੇ ਬਹੁਮਤ ਨਾਲ ਸਮੁੱਚੀ ਨਗਰ ਕੌਂਸਲ ਆਮ ਆਦਮੀ ਪਾਰਟੀ ਦੀ ਬਣੇਗੀ।ਉਧਰ ਇਨ੍ਹਾਂ ਚੋਣਾਂ ਸਬੰਧੀ ਹਲਕਾ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਦੱਸਿਆ ਕਿ 2021 ਦੀ ਵਾਰਡ ਬੰਦੀ ਅਨੁਸਾਰ ਨਗਰ ਕੌਂਸਲ ਡੇਰਾ ਬਾਬਾ ਨਾਨਕ ਦੀਆਂ ਚੋਣਾਂ ਕਰਵਾਈਆਂ ਜਾਣਗੀਆਂ ਤੇ ਆਮ ਆਦਮੀ ਪਾਰਟੀ ਵੱਲੋਂ ਆਪਣੇ ਕਰੀਬ ਤਿੰਨ ਸਾਲਾਂ ਦੇ ਕਾਰਜਕਾਲ ਦੌਰਾਨ ਕਰਵਾਏ ਗਏ ਵਿਕਾਸ ਕਾਰਜਾਂ ਦੇ ਉੱਪਰ ਮੋਹਰ ਲਗਾ ਕੇ ਡੇਰਾ ਬਾਬਾ ਨਾਨਕ ਦੀਆਂ 13 ਵਾਰਡਾਂ ਦੇ ਉਪਰ ਚੋਣ ਲੜ ਰਹੇ ਉਮੀਦਵਾਰਾਂ ਨੂੰ ਵੱਡੀ ਬਹੁਮਤ ਨਾਲ ਜਿੱਤ ਹਾਸਲ ਕਰਨਗੇ।ਉਨ੍ਹਾਂ ਦੱਸਿਆ ਕਿ ਇੱਕ ਦੋ ਦਿਨਾਂ ਵਿੱਚ ਸਾਰੇ ਉਮੀਦਵਾਰਾਂ ਦੇ ਨਾਮਜ਼ਦਗੀ ਪੱਤਰ ਦਾਖਲ ਕਰਵਾਏ ਜਾਣਗੇ।ਇਸ ਮੌਕੇ ਚੇਅਰਮੈਨ ਰਣਜੇਤ ਸਿੰਘ ਬਾਠ, ਆਪ ਆਗੂ ਸਤਨਾਮ ਸਿੰਘ ਹੂਰਵਾਲ, ਚੇਅਰਮੈਨ ਰਜੀਵ ਸ਼ਰਮਾ, ਰਜੇਸ਼ ਕੁਮਾਰ ਬਿੱਟਾ, ਹਰਜੀਤ ਸਿੰਘ ਠੇਠਰਕੇ, ਵਿਪਨ ਸੋਨੀ ਪ੍ਰਧਾਨ ਵਪਾਰ ਮੰਡਲ, ਸੱਤਪਾਲ ਸ਼ੌਂਕੀ, ਲਵਪ੍ਰੀਤ ਸਿੰਘ ਪੀ ਏ, ਗੁਰਮੀਤ ਸਿੰਘ ਖਾਸਾਵਾਲੀ, ਸੁਧੀਰ ਬੇਦੀ, ਸੰਜੀਵ ਸੋਨੀ, ਬਬਲੀ ਰੰਧਾਵਾ, ਨਰਿੰਦਰ ਸਿੰਘ ਭਿੰਡਰ, ਕੁਲਵਿੰਦਰ ਸਿੰਘ ਜੁਗਨੂੰ, ਗਗਨਦੀਪ ਸਿੰਘ, ਬਿਕਰਮਜੀਤ ਸਿੰਘ ਰੰਧਾਵਾ, ਮਨਜੀਤ ਬੇਦੀ, ਡਾਕਟਰ ਗੁਰਦੇਵ ਸਿੰਘ, ਰਜਤ ਮਰਵਾਹਾ, ਪ੍ਰਵੇਜ਼ ਮਸੀਹ ਬਿੱਟਾ, ਬਲਦੇਵ ਰਾਜ ਡਾਇਮੰਡ, ਗੁਰਦੇਵ ਸਿੰਘ, ਰਜਿੰਦਰ ਕੁਮਾਰ, ਓਮ ਪ੍ਰਕਾਸ਼ ਡੀਪੀ, ਗੁਰਪ੍ਰੀਤ, ਹਰਪਿੰਦਰ ਸਿੰਘ, ਹਰਪ੍ਰੀਤ ਸਿੰਘ ਹੈਪੀ, ਜਸਬੀਰ ਸਿੰਘ ਬਬਲੀ, ਮੁਸ਼ਤਾਕ ਮਸੀਹ ਅਤੇ ਗੋਲਡੀ ਪੱਖੋਕੇ ਆਦਿ ਹਾਜ਼ਰ ਸਨ।

# ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ ਠੱਗੀ ਮਾਰਨ ਵਾਲੇ ਏਜੰਟ ਖ਼ਿਲਾਫ਼ ਮਾਮਲਾ ਦਰਜ

**ਗੁਰਦਾਸਪੁਰ (ਜਨਕ ਮਹਾਜਨ)**- ਥਾਣਾ ਸਿਟੀ ਗੁਰਦਾਸਪੁਰ ਨੇ ਉਪ ਪੁਲਸ ਕਪਤਾਨ ਵਲੋਂ ਕੀਤੀ ਜਾਂਚ ਪੜਤਾਲ ਤੋਂ ਬਾਅਦ ਇਕ ਵਿਅਕਤੀਆਂ ਖ਼ਿਲਾਫ਼ ਧੋਖਾਧੜੀ ਕਰਨ ਦੇ ਦੋਸ਼ਾਂ ਹੇਠ ਮਾਮਲਾ ਦਰਜ ਕੀਤਾ ਹੈ। ਪੁਲਸ ਨੇ ਜਾਂਚ ਦੌਰਾਨ ਪਾਇਆ ਕਿ ਇਕ ਏਜੰਟ ਵਾਸੀ ਬਿਹਾਰ ਹਾਲ ਪੁਰਤਗਾਲ ਨੇ ਰਵਿੰਦਰ ਕੁਮਾਰ ਪੁੱਤਰ ਕੁੰਜ ਲਾਲ ਵਾਸੀ ਅੱਬਲਖੈਰ ਦੇ ਲੜਕੇ ਗੌਰਵ ਕੁੰਡਲ ਨੂੰ ਵਿਦੇਸ਼ ਪੁਰਤਗਾਲ ਵਿੱਚ 14 ਮਹੀਨੇ ਦਾ ਕੋਰਸ ਕਰਾਉਣ ਦੇ ਨਾਮ 'ਤੇ ਖਾਤੇ ਵਿੱਚ 2 ਲੱਖ 80 ਹਜ਼ਾਰ ਰੁਪਏ ਪੁਆ ਕੇ ਅਤੇ ਅਖਲੈਸ ਕੁਮਾਰ ਵਲੋਂ ਆਪਣੇ ਬੈਂਕ ਖਾਤੇ ਵਿੱਚ 50 ਹਜ਼ਾਰ ਰੁਪਏ ਅਤੇ 6 ਲੱਖ 40 ਹਜ਼ਾਰ 70 ਰੁਪਏ ਪੁਆ ਕੇ ਬਾਅਦ ਵਿੱਚ ਪੀੜਤ ਦੇ ਲੜਕੇ ਨੂੰ ਨਾ ਹੀ ਵਿਦੇਸ਼ ਪੁਰਤਗਾਲ ਭੇਜਿਆ ਅਤੇ ਨਾ ਹੀ ਪੈਸੇ ਵਾਪਸ ਕੀਤੇ ਹਨ। ਥਾਣਾ ਸਿਟੀ ਗੁਰਦਾਸਪੁਰ ਪੁਲਸ ਨੇ ਕਥਿਤ ਦੋਸ਼ੀ ਖ਼ਿਲਾਫ਼ ਜ਼ੇਰੇ ਧਾਰਾ 420 ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।

# ਨਿਰੋਲ ਸੇਵਾ ਸੰਸਥਾ ਸ੍ਰੀ ਮੁਕਤਸਰ ਸਾਹਿਬ ਵੱਲੋਂ ਗੁ. ਸ੍ਰੀ ਕਰਤਾਰਪੁਰ ਸਾਹਿਬ ਦਾ ਮਾਡਲ ਭੇਟ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**- ਨਿਰੋਲ ਸੇਵਾ ਸੰਸਥਾ ਵੱਲੋਂ ਇੰਡੀਗੇਟਰ ਚੈੱਕ ਪੋਸਟ ਕਰਤਾਰਪੁਰ ਲਾਂਘਾ ਡੇਰਾ ਬਾਬਾ ਨਾਨਕ ਅੰਦਰ ਲਗਾਉਣ ਵਾਸਤੇ ਵੱਡੇ ਆਕਾਰ ਦਾ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਪਾਕਿਸਤਾਨ ਦਾ ਮਾਡਲ ਭੇਟ ਕੀਤਾ ਗਿਆ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹੋਇਆਂ ਸੰਸਥਾ ਦੇ ਪ੍ਰਧਾਨ ਡਾ. ਜਗਦੀਪ ਸਿੰਘ ਸੋਢੀ ਨੇ ਦੱਸਿਆ ਕਿ ਇਹ ਮਾਡਲ ਜਿਸ ਦੀ ਉਚਾਈ 13 ਫੁੱਟ ਤੇ ਚੌੜਾਈ 10 ਫੁੱਟ ਹੈ, ਨੂੰ ਤਿਆਰ ਕਰਨ ਲਈ 4 ਮਹੀਨੇ ਦਾ ਸਮਾਂ ਲੱਗਿਆ ਹੈ।ਉਨ੍ਹਾਂ ਦੱਸਿਆ ਕਿ ਇਹ ਮਾਡਲ ਟਰਮੀਨਲ ਵਿੱਚ ਆਉਣ ਜਾਣ ਵਾਲੀਆਂ ਸੰਗਤਾਂ ਲਈ ਖਿੱਚ ਦਾ ਕੇਂਦਰ ਬਣੇਗਾ।ਉਨ੍ਹਾਂ ਇਹ ਵੀ ਦੱਸਿਆ ਕਿ 27 ਫਰਵਰੀ ਨੂੰ ਗੁਰਦੁਆਰਾ ਸ੍ਰੀ ਗੁਪਤਸਰ ਮੁਕਤਸਰ ਸਾਹਿਬ ਦੀ ਪਵਿੱਤਰ ਧਰਤੀ ਤੋਂ 15ਵੇਂ ਮਹਾਨ ਨਗਰ ਕੀਰਤਨ ਦਾ ਅਯੋਜਨ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਇਹ ਨਗਰ ਕੀਰਤਨ ਗੁਰਦੁਆਰਾ ਸ੍ਰੀ ਗੁਪਤਸਰ ਮੁਕਤਸਰ ਸਾਹਿਬ ਤੋਂ ਆਰੰਭ ਹੋ ਕੇ ਗੁਰੂ ਕੀ ਢਾਬ ਮੁੱਦਕੀ, ਜਾਮਨੀ ਸਾਹਿਬ ਫਿਰੋਜ਼ਪੁਰ, ਮਖੂ, ਸੁਲਤਾਨਪੁਰ ਲੋਧੀ ਕਪੂਰਥਲਾ, ਬਿਆਸ, ਬਾਬਾ ਬਕਾਲਾ, ਸ੍ਰੀ ਹਰਗੋਬਿੰਦਪੁਰ, ਗੁਰਦਾਸਪੁਰ ਤੋਂ ਵਾਇਆ ਡੇਰਾ ਬਾਬਾ ਨਾਨਕ ਹੁੰਦਾ ਹੋਇਆ ਪਾਕਿਸਤਾਨ ਸਥਿਤ ਇਤਿਹਾਸਕ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਸੰਪੂਰਨ ਹੋਵੇਗਾ।ਉਨ੍ਹਾਂ ਸਮੂਹ ਸੰਗਤਾਂ ਨੂੰ ਬੇਨਤੀ ਕੀਤੀ ਕਿ ਇਸ ਮਹਾਨ ਨਗਰ ਕੀਰਤਨ ਵਿੱਚ ਸ਼ਾਮਿਲ ਹੋ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ।ਇਸ ਮੌਕੇ ਐੱਲਪੀ. ਆਈ ਦੇ ਮੈਨੇਜਰ ਟਿੱਕਾ ਰਾਮ ਸ਼ਰਮਾ, ਮੈਨੇਜਰ ਸਤਨਾਮ ਸਿੰਘ ਗੋਸਲ਼, ਹਰਜੀਤ ਸਿੰਘ ਸੰਧੂ, ਕੁਲਵਿੰਦਰ ਸਿੰਘ, ਬਲਦੇਵ ਸਿੰਘ, ਸਵਰਨ ਸਿੰਘ, ਬੋਹੜ ਸਿੰਘ, ਰਾਜਵਿੰਦਰ ਸਿੰਘ, ਸਲਿੰਦਰ ਸਿੰਘ, ਹਰਮਨ ਸਿੰਘ, ਲਵਪ੍ਰੀਤ ਸਿੰਘ, ਗਗਨਦੀਪ ਸਿੰਘ ਤੋਂ ਇਲਾਵਾ ਬਾਬਾ ਆਇਆ ਸਿੰਘ ਰਿਆੜਕੀ ਕਾਲਜ ਤੁਗਲਵਾਲਾ ਦੀਆਂ ਵਿਦਿਆਰਥਣਾਂ ਹਾਜ਼ਰ ਸਨ।



# ਮੋਨਾ ਕਲਾਂ ਸਾਲਾਨਾ ਫੁੱਟਬਾਲ ਕਬੱਡੀ ਟੂਰਨਾਮੈਂਟ ਆਰੰਭ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**

ਪਿੰਡ ਮੋਨਾ ਕਲਾਂ ਵਿਖੇ ਸਮੂਹ ਨਗਰ ਨਿਵਾਸੀ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ ਦਸਮੇਸ਼ ਸਪੋਰਟਸ ਕਲੱਬ ਰਜਿ. ਵੱਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਚਾਰੇ ਸਾਹਿਬਜ਼ਾਦਿਆਂ ਨੂੰ ਸਮਰਪਤ ਸਲਾਨਾ ਸ਼ਾਨਦਾਰ ਫੁੱਟਬਾਲ ਅਤੇ ਕਬੱਡੀ ਟੂਰਨਾਮੈਂਟ 16 ਫਰਵਰੀ ਤੋਂ 21 ਫਰਵਰੀ ਤੱਕ ਕਰਵਾਇਆ ਜਾ ਰਿਹਾ ਹੈ। ਇਸ ਮੌਕੇ ਕਲੱਬ ਪ੍ਰਧਾਨ ਕੁਲਦੀਪ ਸਿੰਘ ਮਾਣਕ ਮੋਨਾ ਕਲਾਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸਲਾਨਾ ਸ਼ਾਨਦਾਰ ਫੁੱਟਬਾਲ ਟੂਰਨਾਮੈਂਟ ਦਾ ਉਦਘਾਟਨ ਡਾ. ਇਸ਼ਾਂਕ ਕੁਮਾਰ ਐਮ ਐਲ ਏ ਚੱਬੇਵਾਲ, ਸਮੂਹ ਗ੍ਰਾਮ ਪੰਚਾਇਤ ਮੋਨਾ ਕਲਾਂ, ਮੋਨਾ ਕਲਾਂ ਐਨ ਆਰ ਆਈਜ਼ ਸਾਂਝੇ ਤੌਰ 'ਤੇ ਕੀਤਾ। ਉਨ੍ਹਾਂ ਦੱਸਿਆ ਕਿ ਫੁੱਟਬਾਲ ਓਪਨ ਪਿੰਡ ਪੱਧਰ ਪਹਿਲਾ ਇਨਾਮ 41000 ਹਜ਼ਾਰ ਰੁਪਏ, ਦੂਜਾ ਇਨਾਮ 31000 ਹਜ਼ਾਰ ਰੁਪਏ, ਕਬੱਡੀ ਓਪਨ ਕਲੱਬ ਪਹਿਲਾਂ ਇਨਾਮ 61000 ਹਜ਼ਾਰ ਰੁਪਏ, ਦੂਜਾ ਇਨਾਮ 51000 ਹਜ਼ਾਰ ਰੁਪਏ ਅਤੇ ਟਰਾਫੀ ਦਿੱਤੀ ਜਾਵੇਗੀ। ਇਸੇ ਤਰ੍ਹਾਂ ਕਬੱਡੀ 65 ਕਿਲੋ ਪਹਿਲਾ ਇਨਾਮ 12000 ਹਜ਼ਾਰ ਰੁਪਏ, ਦੂਜਾ ਇਨਾਮ 9000 ਹਜ਼ਾਰ ਰੁਪਏ ਅਤੇ ਟਰਾਫੀ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਵਰਲਡ ਕੱਪ ਵਾਲੀਆਂ ਲੜਕੀਆਂ ਦਾ ਕਬੱਡੀ ਸ਼ੋ ਮੈਚ 21 ਫਰਵਰੀ ਨੂੰ ਕਰਵਾਇਆ ਜਾਵੇਗਾ। ਫੁੱਟਬਾਲ ਟੂਰਨਾਮੈਂਟ ਵਿੱਚ ਓਪਨ ਪਿੰਡ ਪੱਧਰ 32 ਟੀਮਾਂ ਅਤੇ ਕਬੱਡੀ ਓਪਨ ਕਲੱਬ ਕਬੱਡੀ 65 ਕਿਲੋਗ੍ਰਾਮ ਦੀਆਂ 8 ਟੀਮਾਂ ਅਤੇ ਆਲ ਓਪਨ ਕਲੱਬ ਦੀਆਂ 8 ਟੀਮਾਂ ਟੂਰਨਾਮੈਂਟ ਕਰਵਾਇਆ ਜਾ ਰਿਹਾ ਹੈ । ਉਨ੍ਹਾਂ ਦੱਸਿਆ ਕਿ 21 ਫਰਵਰੀ ਨੂੰ ਫਾਈਨਲ ਵਾਲੇ ਦਿਨ ਮੁੱਖ ਮਹਿਮਾਨ ਡਾ. ਰਾਜਕੁਮਾਰ ਮੈਂਬਰ ਪਾਰਲੀਮੈਂਟ ਹੁਸ਼ਿਆਰਪੁਰ, ਡਾ. ਇਸ਼ਾਂਕ ਕੁਮਾਰ ਐਮ ਐਲ ਏ ਚੱਬੇਵਾਲ, ਡਾ. ਜਤਿੰਦਰ ਕੁਮਾਰ ਹੁਸ਼ਿਆਰਪੁਰ, ਐਸ ਐਸ ਪੀ ਹੁਸ਼ਿਆਰਪੁਰ, ਬਲਜੀਤ ਸਿੰਘ ਹੁੰਦਲ ਐਸ ਐਚ ਓ ਮੇਹਟੀਆਣਾ ਜੇਤੂ ਅਤੇ ਉਪ ਜੇਤੂ ਟੀਮਾਂ ਨੂੰ ਇਨਾਮਾਂ ਦੀ ਵੰਡ ਕਰਨਗੇ। ਇਸ ਮੌਕੇ ਕਲੱਬ ਵੱਲੋਂ ਕੁਲਦੀਪ ਸਿੰਘ ਮਾਣਕ ਮੋਨਾ ਕਲਾਂ, ਮਨਦੀਪ ਸਿੰਘ ਮਿੰਟੂ, ਸਰਪੰਚ ਗੁਰਮੀਤ ਸਿੰਘ ਮੋਨਾ ਕਲਾਂ, ਸੁਖਮੰਦਰ ਸਿੰਘ ਮੰਜੂ ਖਜ਼ਾਨਚੀ, ਰਣਜੀਤ ਕਰੜਾ, ਦਲਜੀਤ ਹੈਪੀ, ਰਵਿੰਦਰ ਕਾਕਾ ਯੂਐਸਏ, ਬਲਬੀਰ ਬੱਬਲਾ, ਜੀਤਾ ਜੱਜ, ਬਿੱਲਾ, ਬੱਬੂ, ਲੱਕੀ, ਬੱਗਾ, ਸੁੱਖੀ, ਨਿੰਦਰ, ਸਾਹਿਲ, ਸੰਨੀ,ਪਾਲਾ ਆਦਿ ਤੋ ਇਲਾਵਾ ਵੱਡੀ ਗਿਣਤੀ 'ਚ ਖੇਡ ਪ੍ਰੇਮੀ ਹਾਜ਼ਰ ਸਨ।

# ਅਸ਼ੀਰਵਾਦ ਸਕੀਮ ਸਬੰਧੀ ਪੋਰਟਲ ਤੋਂ .ਗਰੀਬ ਪਰਵਾਰ ਘਰ ਬੈਠੇ ਲੈ ਰਹੇ ਹਨ ਲਾਭ : ਜਗਰੂਪ ਸਿੰਘ ਸੇਖਵਾਂ

**ਗੁਰਦਾਸਪੁਰ, (ਜਨਕ ਮਹਾਜਨ)**

ਸੂਬੇ ਦੇ ਲੋਕਾਂ ਨੂੰ ਆਨਲਾਈਨ ਸਹੂਲਤਾਂ ਮੁਹੱਈਆ ਕਰਵਾਉਣ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਪੰਜਾਬ ਸਰਕਾਰ ਵੱਲੋਂ ਅਸ਼ੀਰਵਾਦ ਸਕੀਮ ਸਬੰਧੀ ਪੋਰਟਲ ਸ਼ੁਰੂ ਕਰਕੇ ਇੱਕ ਵੱਡਾ ਉੱਦਮ ਕੀਤਾ ਗਿਆ ਹੈ। ਅਸ਼ੀਰਵਾਦ ਸਕੀਮ ਨੂੰ ਸੁਖਾਲਾ ਅਤੇ ਪਾਰਦਰਸ਼ੀ ਢੰਗ ਨਾਲ ਲਾਗੂ ਕਰਨ ਲਈ ਸਾਰੀਆਂ ਅਰਜ਼ੀਆਂ ਆਨਲਾਈਨ ਪ੍ਰਾਪਤ ਕੀਤੀਆਂ ਜਾਂਦੀਆਂ ਹਨ। ਇਸ ਪੋਰਟਲ ਰਾਹੀਂ ਗ਼ਰੀਬ ਪਰਿਵਾਰ ਘਰ ਬੈਠੇ ਹੀ ਆਨਲਾਈਨ ਅਪਲਾਈ ਕਰਕੇ ਆਰਥਿਕ ਸਹਾਇਤਾ ਦਾ ਲਾਭ ਲੈ ਰਹੇ ਹਨ। ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਯੋਜਨਾ ਕਮੇਟੀ ਗੁਰਦਾਸਪੁਰ ਦੇ ਚੇਅਰਮੈਨ ਅਤੇ ਆਮ ਆਦਮੀ ਪਾਰਟੀ ਦੇ ਸੂਬਾ ਜਨਰਲ ਸਕੱਤਰ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਨੇ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਅਨੁਸੂਚਿਤ ਜਾਤੀਆਂ, ਪਛੜੀਆਂ ਸ਼੍ਰੇਣੀਆਂ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਨਾਲ ਸਬੰਧਿਤ ਸਾਰੀਆਂ ਨਵੀਨਤਮ ਆਨਲਾਈਨ ਸੇਵਾਵਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਸੇਖਵਾਂ ਨੇ ਦੱਸਿਆ ਕਿ ਅਨੁਸੂਚਿਤ ਜਾਤੀਆਂ, ਪਛੜੀਆਂ ਸ਼੍ਰੇਣੀਆਂ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਨਾਲ ਸਬੰਧਿਤ ਲੋਕਾਂ ਨੂੰ ਅਸ਼ੀਰਵਾਦ ਸਕੀਮ ਤਹਿਤ ਵਿੱਤੀ ਸਹਾਇਤਾ ਪ੍ਰਾਪਤ ਕਰਨ ਲਈ ਆਨਲਾਈਨ ਫਾਰਮ ਭਰਿਆ ਜਾਂਦਾ ਹੈ। ਇਸ ਪ੍ਰਕਿਰਿਆ ਨੂੰ ਹੋਰ ਵੀ ਸੁਖਾਲਾ ਬਣਾਉਣ ਲਈ ਇੱਕ ਯੂਜ਼ਰ-ਫਰੈਂਡਲੀ ਪੋਰਟਲ ਤਿਆਰ ਕੀਤਾ ਗਿਆ ਹੈ, ਜਿਸ ਰਾਹੀਂ ਲਾਭਪਾਤਰੀ ਬਿਨਾਂ ਕਿਸੇ ਦਿੱਕਤ ਦੇ ਆਪਣੇ ਦਸਤਾਵੇਜ਼ ਅੱਪਲੋਡ ਕਰਵਾ ਸਕਦੇ ਹਨ। ਉਨ੍ਹਾਂ ਦੱਸਿਆ ਕਿ ਅਸ਼ੀਰਵਾਦ ਸਕੀਮ ਤਹਿਤ ਸੂਬਾ ਸਰਕਾਰ ਵੱਲੋਂ ਰਾਜ ਵਿੱਚ ਘੱਟ ਆਮਦਨੀ ਵਾਲੇ ਪਰਿਵਾਰ ਨਾਲ ਸਬੰਧਿਤ ਲੜਕੀਆਂ ਦੇ ਵਿਆਹ ਲਈ 51000 ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ।

# ਆਯੂਸ਼ਮਾਨ ਭਾਰਤ ਸਰਬੱਤ ਸਿਹਤ ਬੀਮਾ ਯੋਜਨਾ ਤਹਿਤ 25 ਨਿੱਜੀ ਤੇ 12 ਸਰਕਾਰੀ ਹਸਪਤਾਲ ਸੂਚੀਬੱਧ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**

ਡਿਪਟੀ ਕਮਿਸ਼ਨਰ ਉਮਾ ਸ਼ੰਕਰ ਗੁਪਤਾ ਨੇ ਜੇ-ਫਾਰਮ ਹੋਲਡਰ ਕਿਸਾਨਾਂ, ਰਜਿਸਟਰਡ ਉਸਾਰੀ ਕਿਰਤੀਆਂ, ਰਾਸ਼ਨ ਕਾਰਡ ਯੋਜਨਾ ਦੇ ਸਮਾਰਟ ਕਾਰਡ ਹੋਲਡਰ ਵਿਅਕਤੀਆਂ, ਰਜਿਸਟਰਡ ਛੋਟੇ ਵਪਾਰੀਆਂ ਅਤੇ ਯੈਲੋ/ਐਕਰੀਡੇਸ਼ਨ ਕਾਰਡ ਧਾਰਕ ਪੱਤਰਕਾਰਾਂ ਨੂੰ ਅਪੀਲ ਕੀਤੀ ਹੈ ਕਿ ਜਿਨ੍ਹਾਂ ਨੇ ਅਜੇ ਤੱਕ ਆਯੂਸ਼ਮਾਨ ਭਾਰਤ ਸਰਬੱਤ ਸਿਹਤ ਬੀਮਾ ਯੋਜਨਾ ਤਹਿਤ ਅਤੇ ਆਪਣੇ ਕਾਰਡ ਨਹੀਂ ਬਣਾਏ ਉਹ ਤੁਰੰਤ ਆਪਣੇ ਕਾਰਡ ਬਣਵਾ ਲੈਣ ਤਾਂ ਜੋ ਲੋੜ ਪੈਣ 'ਤੇ ਉਹ ਮੁਫਤ ਸਿਹਤ ਬੀਮਾ ਯੋਜਨਾ ਦਾ ਲਾਭ ਲੈ ਸਕਣ। ਡਿਪਟੀ ਕਮਿਸ਼ਨਰ ਗੁਪਤਾ ਆਪਣੇ ਦਫਤਰ ਵਿਖੇ ਆਯੂਸ਼ਮਾਨ ਭਾਰਤ ਸਿਹਤ ਬੀਮਾ ਯੋਜਨਾ ਅਧੀਨ ਬਣੇ ਕਾਰਡਾਂ ਸਬੰਧੀ ਰੀਵਿਊ ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਸਨ। ਮੀਟਿੰਗ ਦੌਰਾਨ ਉਨ੍ਹਾਂ ਸਬੰਧਿਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਯੋਗ ਲਾਭਪਾਤਰੀਆਂ ਦੇ 100 ਫੀਸਦੀ ਸਿਹਤ ਬੀਮਾ ਕਾਰਡ ਬਣਾਏ ਜਾਣ। ਉਨ੍ਹਾਂ ਕਿਹਾ ਕਿ ਆਯੂਸ਼ਮਾਨ ਭਾਰਤ ਸਰਬੱਤ ਸਿਹਤ ਬੀਮਾ ਯੋਜਨਾ ਤਹਿਤ ਜੇ-ਫਾਰਮ ਹੋਲਡਰ ਕਿਸਾਨਾਂ, ਰਜਿਸਟਰਡ ਉਸਾਰੀ ਕਿਰਤੀਆਂ, ਰਾਸ਼ਨ ਕਾਰਡ ਯੋਜਨਾ ਦੇ ਸਮਾਰਟ ਕਾਰਡ ਹੋਲਡਰ ਵਿਅਕਤੀਆਂ, ਰਜਿਸਟਰਡ ਛੋਟੇ ਵਪਾਰੀਆਂ ਅਤੇ ਯੈਲੋ ਕਾਰਡ ਤੇ ਐਕਰੀਡੇਸ਼ਨ ਕਾਰਡ ਧਾਰਕ ਪੱਤਰਕਾਰਾਂ ਨੂੰ ਕਵਰ ਕੀਤਾ ਜਾਂਦਾ ਹੈ ਅਤੇ ਇਨ੍ਹਾਂ ਪਰਿਵਾਰਾਂ ਨੂੰ 5 ਲੱਖ ਰੁਪਏ ਸਲਾਨਾ ਮੁਫਤ ਇਲਾਜ ਦੀ ਸਹੂਲਤ ਸੂਚੀਬੱਧ ਸਰਕਾਰੀ ਤੇ ਨਿੱਜੀ ਹਸਪਤਾਲਾਂ ਵਿੱਚ ਦਿੱਤੀ ਜਾਂਦੀ ਹੈ। ਡੀਸੀ ਨੇ ਦੱਸਿਆ ਕਿ ਆਯੂਸ਼ਮਾਨ ਭਾਰਤ ਸਿਹਤ ਬੀਮਾ ਯੋਜਨਾ ਤਹਿਤ ਜ਼ਿਲ੍ਹਾ ਗੁਰਦਾਸਪੁਰ ਵਿੱਚ 25 ਨਿੱਜੀ ਹਸਪਤਾਲ ਤੇ 12 ਸਰਕਾਰੀ ਹਸਪਤਾਲ ਸੂਚੀਬੱਧ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਆਯੂਸ਼ਮਾਨ ਭਾਰਤ ਸਿਹਤ ਬੀਮਾ ਯੋਜਨਾ ਦੇ ਯੋਗ ਲਾਭਪਾਤਰੀ ਇਨ੍ਹਾਂ ਸੂਚੀਬੱਧ ਹਸਪਤਾਲਾਂ ਤੋਂ ਲੋੜ ਪੈਣ 'ਤੇ 5 ਲੱਖ ਰੁਪਏ ਤੱਕ ਦੀ ਮੁਫਤ ਇਲਾਜ ਸਹੂਲਤ ਦਾ ਲਾਭ ਉਠਾ ਸਕਦੇ ਹਨ। ਇਸ ਮੀਟਿੰਗ ਦੌਰਾਨ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਡਾ. ਹਰਜਿੰਦਰ ਸਿੰਘ ਬੇਦੀ, ਐੱਸ. ਐੱਮ. ਓ. ਡਾ. ਪ੍ਰਭਜੋਤ ਕੌਰ ਕਲਸੀ, ਡਿਪਟੀ ਮੈਡੀਕਲ ਕਮਿਸ਼ਨਰ ਡਾ. ਰੋਮੀ ਰਾਜਾ, ਜ਼ਿਲ੍ਹਾ ਖੁਰਾਕ ਸਪਲਾਈ ਅਤੇ ਕੰਟਰੋਲਰ ਸੁਖਜਿੰਦਰ ਸਿੰਘ ਤੋਂ ਇਲਾਵਾ ਹੋਰ ਅਧਿਕਾਰੀ ਵੀ ਹਾਜ਼ਰ ਸਨ।

# ਸਾਈ ਅਕੈਡਮੀ ਕੁਰੂਕਸ਼ੇਤਰ ਨੇ ਜਿੱਤਿਆ 11ਵਾਂ ਆਲ ਇੰਡੀਆ ਗੁਰਦਾਸਪੁਰ ਜੂਨੀਅਰ ਹਾਕੀ ਗੋਲਡ ਕੱਪ



**ਗੁਰਦਾਸਪੁਰ, (ਜਨਕ ਮਹਾਜਨ)**

ਨਿਊ ਗੁਰਦਾਸਪੁਰ ਹਾਕੀ ਕਲੱਬ ਵੱਲੋਂ ਸਰਕਾਰੀ ਕਾਲਜ ਦੇ ਹਾਕੀ ਮੈਦਾਨ ਵਿੱਚ ਕਰਵਾਇਆ ਗਿਆ 11ਵਾਂ ਆਲ ਇੰਡੀਆ ਗੁਰਦਾਸਪੁਰ ਜੂਨੀਅਰ ਹਾਕੀ ਗੋਲਡ ਕੱਪ ਸਾਈ ਹਾਕੀ ਅਕੈਡਮੀ ਕੁਰੂਕਸ਼ੇਤਰ ਦੀ ਟੀਮ ਨੇ ਨਿਊ ਗੁਰਦਾਸਪੁਰ ਹਾਕੀ ਕਲੱਬ ਦੀ ਟੀਮ ਨੂੰ 4-0 ਦੇ ਫ਼ਰਕ ਨਾਲ ਹਰਾ ਕੇ ਜਿੱਤ ਲਿਆ ਹੈ। ਤਿੰਨ ਰੋਜ਼ਾ ਇਸ ਜੂਨੀਅਰ ਹਾਕੀ ਗੋਲਡ ਕੱਪ ਵਿੱਚ ਕੁੱਲ 12 ਟੀਮਾਂ ਨੇ ਭਾਗ ਲਿਆ, ਜਿਨ੍ਹਾਂ ਵਿੱਚ 6 ਟੀਮਾਂ ਪੰਜਾਬ ਦੀਆਂ ਸਨ ਜਦਕਿ 6 ਟੀਮਾਂ ਹਰਿਆਣਾ, ਉੱਤਰ ਪ੍ਰਦੇਸ਼ ਅਤੇ ਜੰਮੂ ਕਸ਼ਮੀਰ ਰਾਜਾਂ ਨਾਲ ਸਬੰਧਿਤ ਸਨ। ਸੈਮੀਫਾਈਨਲ ਮੈਚ ਵਿੱਚ ਨਿਊ ਗੁਰਦਾਸਪੁਰ ਹਾਕੀ ਕਲੱਬ ਦੀ ਟੀਮ ਨੇ ਰਾਜਾ ਕਰਨ ਹਾਕੀ ਅਕੈਡਮੀ ਕਰਨਾਲ ਨੂੰ ਹਰਾਇਆ ਜਦਕਿ ਸਾਈ ਹਾਕੀ ਅਕੈਡਮੀ ਕੁਰੂਕਸ਼ੇਤਰ ਨੇ ਸ਼ਾਹਬਾਦ ਮਾਰਕੰਡਾ ਹਾਕੀ ਅਕੈਡਮੀ ਨੂੰ ਹਰਾਇਆ। ਫਾਈਨਲ ਮੁਕਾਬਲਾ ਨਿਊ ਗੁਰਦਾਸਪੁਰ ਹਾਕੀ ਕਲੱਬ ਤੇ ਸਾਈ ਹਾਕੀ ਅਕੈਡਮੀ ਕੁਰੂਕਸ਼ੇਤਰ ਦਰਮਿਆਨ ਖੇਡਿਆ ਗਿਆ ਜਿਸ ਵਿੱਚ ਕੁਰੂਕਸ਼ੇਤਰ ਟੀਮ 4-0 ਨਾਲ ਜੇਤੂ ਰਹੀ। ਜੇਤੂ ਟੀਮ 31000 ਰੁਪਏ ਅਤੇ ਗੋਲਡ ਕੱਪ ਦਿੱਤਾ ਗਿਆ ਜਦਕਿ ਦੂਜੇ ਸਥਾਨ 'ਤੇ ਰਹੀ ਗੁਰਦਾਸਪੁਰ ਦੀ ਟੀਮ 21000 ਰੁਪਏ ਅਤੇ ਰਨਰਅਪ ਟਰਾਫ਼ੀ ਦਿੱਤੀ ਗਈ। ਮੈਨ ਆਫ਼ ਦੀ ਟੂਰਨਾਮੈਂਟ ਕੁਰੂਕਸ਼ੇਤਰ ਦੀ ਟੀਮ ਦਾ ਖਿਡਾਰੀ ਦਿਯਾ ਰਾਮ ਰਿਹਾ, ਜਿਸ ਨੂੰ 3100 ਰੁਪਏ ਅਤੇ ਟਰਾਫ਼ੀ ਦਿੱਤੀ ਗਈ। ਇਸ ਮੌਕੇ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਨੇ ਕਿਹਾ ਕਿ ਨਿਊ ਗੁਰਦਾਸਪੁਰ ਹਾਕੀ ਕਲੱਬ ਦਾ ਇਹ ਉਪਰਾਲਾ ਬਹੁਤ ਵਧੀਆ ਹੈ ਜੋ ਹਰ ਸਾਲ ਹਾਕੀ ਟੂਰਨਾਮੈਂਟ ਕਰਵਾਉਂਦੇ ਹਨ। ਉਨ੍ਹਾਂ ਕਿਹਾ ਕਿ ਖੇਡਾਂ ਨੌਜਵਾਨਾਂ ਨੂੰ ਅਨੁਸ਼ਾਸਨ ਵਿੱਚ ਰਹਿਣਾ ਸਿਖਾਉਂਦੀਆਂ ਹਨ। ਉਨ੍ਹਾਂ ਕਿਹਾ ਕਿ ਗੁਰਦਾਸਪੁਰ ਦੇ ਹਾਕੀ ਮੈਦਾਨ ਨੂੰ ਅਪਗਰੇਡ ਕਰਨ ਅਤੇ ਇਸ ਉੱਪਰ ਐਸਟਰੋਟਰਫ ਲਗਾਉਣ ਲਈ ਉਹ ਸਰਕਾਰ ਤੱਕ ਪਹੁੰਚ ਕਰਨਗੇ। ਮਾਨ ਸਰਕਾਰ ਵੱਲੋਂ ਖਿਡਾਰੀਆਂ ਲਈ ਸਰਕਾਰੀ ਨੌਕਰੀਆਂ ਵਿੱਚ ਵਿਸ਼ੇਸ਼ ਰਾਖਵਾਂਕਰਨ ਕੀਤਾ ਗਿਆ ਹੈ ਅਤੇ ਅੰਤਰਰਾਸ਼ਟਰੀ ਪੱਧਰ ਦੇ ਮੁਕਾਬਲੇ ਜੇਤੂ ਖਿਡਾਰੀਆਂ ਨੂੰ ਕਲਾਸ-1 ਦੀਆਂ ਨੌਕਰੀਆਂ ਦਿੱਤੀਆਂ ਗਈਆਂ ਹਨ। ਇਸ ਮੌਕੇ ਮਾਰਕੀਟ ਕਮੇਟੀ ਗੁਰਦਾਸਪੁਰ ਦੇ ਚੇਅਰਮੈਨ ਭਾਰਤ ਭੂਸ਼ਨ ਸ਼ਰਮਾ, ਗੋਲਡਨ ਗਰੁੱਪ ਆਫ਼ ਇੰਸਟੀਚਿਊਟ ਦੇ ਚੇਅਰਮੈਨ ਮੋਹਿਤ ਮਹਾਜਨ, ਸਾਬਕਾ ਕੈਪਟਨ ਜੋਗਿੰਦਰ ਸਿੰਘ ਪ੍ਰਧਾਨ, ਦਸ਼ਮਿੰਦਰ ਨੋਨੀ ਪੈਟਰਨ, ਗੁਰਪ੍ਰੀਤ ਸਿੰਘ ਵਾਈਸ ਪ੍ਰਧਾਨ, ਦਰਬਾਰਾ ਸਿੰਘ ਜਾਇੰਟ ਸੈਕਟਰੀ, ਰਜਿੰਦਰ ਪੱਪੂ ਕੈਸ਼ੀਅਰ, ਰਜੇਸ਼ ਰਾਜੂ ਜਨਰਲ ਸੈਕਟਰੀ, ਵਿਕਰਮਜੀਤ ਸਿੰਘ ਸੈਣੀ, ਬਲਵਿੰਦਰ ਸਿੰਘ, ਚੰਬਾ ਹਾਕੀ ਦੇ ਸੈਕਟਰੀ ਮੁਕੇਸ਼ ਬੇਦੀ, ਭਾਰਤੀ ਹਵਾਈ ਫ਼ੌਜ ਦੇ ਸਾਬਕਾ ਹਾਕੀ ਕੋਚ ਸਤਿੰਦਰ ਸੱਤੀ ਜੰਮੂ, ਗੁਰਜੀਤ ਸਿੰਘ ਸੀਆਈਐੱਸਐੱਫ, ਅਮਰਜੀਤ ਸਿੰਘ ਸੀਨੀਅਰ, ਮਾਸਟਰ ਗੋਪਾਲ ਸਿੰਘ ਸਭਰਵਾਲ, ਮਨਸਾ ਰਾਮ, ਸਾਬਕਾ ਚੇਅਰਮੈਨ ਨੀਰਜ ਸਲਹੋਤਰਾ, ਸੁੱਚਾ ਸਿੰਘ ਮੁਲਤਾਨੀ, ਸਮਾਜ ਸੇਵੀ ਕੁੰਵਰ ਵਿੱਕੀ ਤੋਂ ਇਲਾਵਾ ਹੋਰ ਖੇਡ ਪ੍ਰੇਮੀ ਹਾਜ਼ਰ ਸਨ।

# ਲੋਕ ਮਸਲੇ ਹੱਲ ਨਾ ਹੋਏ ਤਾਂ ਡੀ ਸੀ ਦਫ਼ਤਰ ਅੱਗੇ ਲਾਵਾਂਗੇ ਧਰਨਾ : ਸ਼ਕਰੀ, ਗੱਗੋਬੂਆ



**ਤਰਨ ਤਾਰਨ (ਪ੍ਰਿਤਪਾਲ ਸਿੰਘ)**

ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ਿਲ੍ਹਾ ਤਰਨ ਤਾਰਨ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਸਤਨਾਮ ਸਿੰਘ ਮਾਣੋਚਾਹਲ ਦੀ ਪ੍ਰਧਾਨਗੀ ਹੇਠ ਬਾਬਾ ਕਾਹਨ ਸਿੰਘ ਜੀ ਦੇ ਸਥਾਨਾਂ 'ਤੇ ਪਿੰਡ ਪਿੱਦੀ ਵਿਖੇ ਹੋਈ।ਮੀਟਿੰਗ ਨੂੰ ਸੰਬੋਧਨ ਕਰਦਿਆਂ ਸੂਬਾ ਆਗੂ ਤੇ ਜ਼ਿਲ੍ਹਾ ਸਕੱਤਰ ਹਰਜਿੰਦਰ ਸਿੰਘ ਸ਼ਕਰੀ ਅਤੇ ਰਣਯੋਧ ਸਿੰਘ ਗੱਗੋਬੂਆ ਨੇ ਕਿਹਾ ਕਿ ਪਿਛਲੇ ਲੰਮੇ ਸਮੇਂ ਤੋਂ ਆਮ ਲੋਕਾਂ ਅਤੇ ਕਿਸਾਨਾਂ ਦੇ ਮਸਲਿਆਂ ਨੂੰ ਹੱਲ ਕਰਾਉਣ ਲਈ ਕਿਸਾਨਾਂ ਦੇ ਵਫਦ ਜ਼ਿਲ੍ਹਾ ਪ੍ਰਸ਼ਾਸਨ ਨੂੰ ਮਿਲ ਕੇ ਸਰਕਾਰ ਤੱਕ ਗੱਲ ਪੁਚਾਉਂਦੇ ਰਹੇ।ਨਾ ਪ੍ਰਸ਼ਾਸਨ ਨਾ ਹੀ ਸਰਕਾਰ ਨੇ ਇਨ੍ਹਾਂ ਮਸਲਿਆਂ ਨੂੰ ਹੱਲ ਕਰਨ ਦੀ ਕੋਸ਼ਿਸ਼ ਕੀਤੀ।ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜ਼ਿਲ੍ਹੇ ਦੇ ਉਚ ਅਧਿਕਾਰੀਆਂ ਦੇ ਵਾਰ ਵਾਰ ਬਦਲ ਜਾਣ ਦਾ ਹਵਾਲਾ ਦੇ ਕੇ ਟਾਲ ਮਟੋਲ ਕੀਤਾ ਗਿਆ।ਮੀਤ ਪ੍ਰਧਾਨ ਰੇਸ਼ਮ ਸਿੰਘ ਘੁਰਕਵਿੰਡ, ਫਤਿਹ ਸਿੰਘ ਪਿੱਦੀ ਨੇ ਕਿਹਾ ਫਿਰ 3 ਫਰਵਰੀ ਨੂੰ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦਾ ਵਫ਼ਦ ਆਮ ਲੋਕਾਂ ਦੀਆਂ ਅਤੇ ਕਿਸਾਨਾਂ ਦੀਆਂ ਮੰਗਾਂ ਨੂੰ ਲੈ ਕੇ ਡੀਸੀ ਤਰਨ ਤਾਰਨ ਨੂੰ ਮਿਲਿਆ ਅਤੇ ਮੰਗ ਪੱਤਰ ਦਿੱਤਾ। ਡੀਸੀ ਤਰਨ ਤਾਰਨ ਵੱਲੋਂ ਸਾਰੀਆਂ ਮੰਗਾਂ ਨੂੰ ਜ਼ਾਇਜ਼ ਮੰਨਦੇ ਹੋਏ ਮੰਗਾਂ ਨੂੰ ਹੱਲ ਕਰਨ ਅਤੇ ਕਿਸਾਨਾਂ ਨਾਲ ਫਿਰ ਦੁਬਾਰਾ 13 ਫਰਵਰੀ ਨੂੰ ਮੀਟਿੰਗ ਕਰਕੇ ਮੰਗਾਂ ਨੂੰ ਹੱਲ ਕਰਨ ਦਾ ਭਰੋਸਾ ਦਿੱਤਾ ਪਰ ਜ਼ਿਲ੍ਹਾ ਤਰਨ ਤਾਰਨ ਦੇ ਪ੍ਰਸ਼ਾਸਨ ਵੱਲੋਂ ਇਨ੍ਹਾਂ ਸਾਰੇ ਮਸਲਿਆਂ ਨੂੰ ਅਣਗੌਲਦਿਆਂ ਨਾ ਹੀ ਇਨ੍ਹਾਂ ਮਸਲਿਆਂ ਨੂੰ ਹੱਲ ਕਰਨ ਲਈ ਕੋਈ ਕੋਸ਼ਿਸ਼ ਕੀਤੀ ਅਤੇ ਨਾ ਹੀ ਕਿਸਾਨਾਂ ਨਾਲ ਕੋਈ ਮੀਟਿੰਗ ਕੀਤੀ।ਉਨ੍ਹਾਂ ਕਿਹਾ ਕਿ ਬੜੀ ਸ਼ਰਮ ਦੀ ਗੱਲ ਹੈ ਜਿਹੜੀ ਸਰਕਾਰ ਦੇ ਨੁਮਾਇੰਦੇ ਸਟੇਜਾਂ ਤੇ ਖਲੋ ਕੇ ਸ਼ਹੀਦਾਂ ਨੂੰ ਕੌਮ ਦਾ ਸਰਮਾਇਆ ਦੱਸਦੇ ਹਨ ਅੱਜ ਉਹ ਸਰਕਾਰ ਅਤੇ ਪ੍ਰਸ਼ਾਸਨ ਸ਼ਹੀਦਾਂ ਨੂੰ ਬਣਦਾ ਮੁਆਵਜ਼ਾ ਦੇਣ ਤੋਂ ਭੱਜ ਰਹੀ ਹੈ।ਜੇਕਰ ਜ਼ਿਲ੍ਹੇ ਦਾ ਪ੍ਰਸ਼ਾਸਨ ਆਮ ਲੋਕਾਂ ਦੇ ਖ਼ਰਾਬ ਰਸਤੇ, ਡੀਸੀ ਦਫ਼ਤਰ ਵਿੱਚੋਂ ਨਿਕਲਣ ਵਾਲਾ ਕੂੜਾ ਕਰਕਟ, ਓਵਰਫਲੋ ਨਿਕਲਣ ਵਾਲਾ ਪਾਣੀ ਜੋ ਲਾਗੇ ਦੇ ਪਿੰਡਾਂ ਨੂੰ ਪ੍ਰਭਾਵਿਤ ਕਰ ਰਿਹਾ ਹੈ, ਪਰਾਲੀ ਸਾੜਨ ਦੇ ਪਰਚੇ, ਕਿਸਾਨੀ ਅੰਦੋਲਨ ਵਿੱਚ ਹੋਏ ਜ਼ਿਲ੍ਹੇ ਤਰਨ ਤਾਰਨਤਕ੍ਰ ਦੇ ਸ਼ਹੀਦ ਗੁਰਸਾਹਿਬ ਸਿੰਘ ਪਹੂਵਿੰਡ, ਜਗੀਰ ਸਿੰਘ ਵੀਰਮ, ਰੇਸ਼ਮ ਸਿੰਘ ਪਹੂਵਿੰਡ, ਜਸਵੰਤ ਸਿੰਘ ਸਹਿਬਾਜਪੁਰ, ਬਲਵਿੰਦਰ ਕੌਰ ਵਲੀਪੁਰ, ਹਰਜਿੰਦਰ ਸਿੰਘ ਖਵਾਸਪੁਰ ਨੂੰ ਮੁਆਵਜ਼ਾ ਦੇਣ ਅਤੇ ਪਰਿਵਾਰ ਦੇ ਜੀਅ ਨੂੰ ਨੌਕਰੀ, ਸ਼ੰਭੂ ਬਾਰਡਰ ਤੇ ਜਾਂਦੇ ਕਿਸਾਨਾਂ ਦੇ ਐਕਸੀਡੈਂਟ ਦਾ ਮੁਆਵਜ਼ਾ ਲੈਣ ਲਈ ਕਿਸਾਨ ਪਿਛਲੇ ਲੰਮੇ ਸਮੇਂ ਤੋਂ ਡੀਸੀ ਦਫ਼ਤਰ ਦੇ ਚੱਕਰ ਕੱਢ ਰਹੇ ਹਨ ਪਰ ਅਜੇ ਤੱਕ ਮਸਲਿਆਂ ਦਾ ਹੱਲ ਨਹੀਂ ਨਿਕਲਿਆ ਤੇ ਫਿਰ ਆਮ ਲੋਕਾਂ ਦਾ ਇਨ੍ਹਾਂ ਦਫਤਰਾਂ ਵਿੱਚ ਕੀ ਹਾਲ ਹੁੰਦਾ ਹੋਵੇਗਾ।ਜਦੋਂ ਕਿਸਾਨ ਆਗੂਆਂ ਵੱਲੋਂ ਕੋਈ ਸਖ਼ਤ ਐਕਸ਼ਨ ਲੈ ਕੇ ਸੜਕਾਂ ਜਾਂ ਰੇਲਾਂ ਰੋਕੀਆਂ ਜਾਂਦੀਆਂ ਹਨ ਤਾਂ ਫਿਰ ਸਰਕਾਰ ਕਹਿੰਦੀ ਹੈ ਕਿਸਾਨ ਆਮ ਲੋਕਾਂ ਨੂੰ ਪਰੇਸ਼ਾਨ ਕਰਦੇ ਹਨ।ਕਿਸਾਨ ਵਿਰੁੱਧ ਝੂਠਾ ਪ੍ਰਚਾਰ ਕੀਤਾ ਜਾਂਦਾ ਹੈ ਪਰ ਸਰਕਾਰ ਅਤੇ ਪ੍ਰਸ਼ਾਸਨ ਜਦੋਂ ਕੋਈ ਕਿਸੇ ਮਸਲੇ ਦਾ ਹੱਲ ਨਹੀਂ ਕਰਦੇ ਤਾਂ ਮਜਬੂਰਨ ਵੱਸ ਸੜਕਾਂ ਤੇ ਰੇਲਾਂ ਘੇਰਨੀਆਂ ਪੈਂਦੀਆਂ ਹਨ।ਕਿਸਾਨ ਆਗੂਆਂ ਨੇ ਕਿਹਾ ਕਿ ਸੜਕਾਂ 'ਤੇ ਰੇਲ ਲਾਈਨਾਂ 'ਤੇ ਬਹਿਣਾ ਸਾਡਾ ਕੋਈ ਸ਼ੌਂਕ ਨਹੀਂ, ਸਾਡੀ ਮਜਬੂਰੀ ਹੈ।ਕਿਸਾਨ ਆਗੂਆਂ ਨੇ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ 26 ਫਰਵਰੀ ਤੱਕ ਇਨ੍ਹਾਂ ਮਸਲਿਆਂ ਦਾ ਹੱਲ ਨਹੀਂ ਕੱਢਿਆ ਤਾਂ 27 ਫਰਵਰੀ ਨੂੰ ਐਕਸ਼ਨ ਕੀਤਾ ਜਾਵੇਗਾ ਜਿਸ ਦੀ ਜ਼ਿੰਮੇਵਾਰ ਪ੍ਰਸ਼ਾਸਨ ਅਤੇ ਸਰਕਾਰ ਹੋਵੇਗੀ।ਇਸ ਮੌਕੇ ਪਰਮਜੀਤ ਸਿੰਘ ਛੀਨਾ, ਮਨਜਿੰਦਰ ਸਿੰਘ ਗੋਲਵੜ, ਕੁਲਵਿੰਦਰ ਸਿੰਘ ਕੈਰੋਂਵਾਲ, ਸਤਨਾਮ ਸਿੰਘ, ਮੁਖਤਾਰ ਸਿੰਘ ਬਿਹਾਰੀਪੁਰ, ਸੁਖਚੈਨ ਸਿੰਘ ਅੱਲੋਵਾਲ, ਕੁਲਵੰਤ ਸਿੰਘ ਭੈਲ, ਗਿਆਨ ਸਿੰਘ ਚੋਹਲਾ ਖੁਰਦ, ਸੁਖਵਿੰਦਰ ਸਿੰਘ ਦੁਗਲਵਾਲਾ, ਆਤਮਾਂ ਸਿੰਘ ਘਰਿਆਲੀ, ਦਿਲਬਾਗ ਸਿੰਘ ਪਹੂਵਿੰਡ, ਸਲਵਿੰਦਰ ਸਿੰਘ ਡਾਲੇਕੇ ਆਦਿ ਆਗੂ ਹਾਜ਼ਰ ਸਨ।

19-Feb-PAGE-4.qxd 2/18/2025 11:04 PM Page 1

ਨਵਾਂ ਜ਼ਮਾਨਾ
ਬੁੱਧਵਾਰ, 19 ਫ਼ਰਵਰੀ 2025

# ਲੋਕਤੰਤਰ ਦੇ ਮੰਦਰਾਂ ਦੀ ਮਾੜੀ ਹਾਲਤ

ਲੋਕ ਸਭਾ ਦੇ ਸਪੀਕਰ ਓਮ ਬਿੜਲਾ ਨੇ 10 ਫਰਵਰੀ ਨੂੰ ਮਹਾਰਾਸ਼ਟਰ ਵਿਧਾਨ ਸਭਾ ਦੇ ਨਵੇਂ ਚੁਣੇ ਵਿਧਾਇਕਾਂ ਨੂੰ ਸੰਬੋਧਨ ਕਰਦਿਆਂ ਲੋਕ ਸਭਾ ਤੇ ਰਾਜ ਵਿਧਾਨ ਸਭਾਵਾਂ ਦੇ ਇਜਲਾਸਾਂ ਦੀ ਮਿਆਦ ਵਿੱਚ ਕਮੀ ਦਾ ਮੁੱਦਾ ਉਠਾਇਆ। ਤ੍ਰਿਣਮੂਲ ਕਾਂਗਰਸ ਦੇ ਸਾਂਸਦ ਡੈਰੇਕ ਓ'ਬ੍ਰਾਇਨ ਨੇ ਬਜਟ ਇਜਲਾਸ ਦੌਰਾਨ ਰਾਜ ਸਭਾ ਵਿੱਚ ਇੱਕ ਨਿੱਜੀ ਬਿੱਲ ਪੇਸ਼ ਕੀਤਾ ਸੀ, ਜਿਸ ਵਿੱਚ ਹਰ ਸਾਲ ਸੰਸਦ ਵਿੱਚ ਘੱਟੋ-ਘੱਟ 100 ਦਿਨ ਬੈਠਕਾਂ ਕਰਨ ਦੀ ਮੰਗ ਕੀਤੀ ਸੀ। ਰਾਜਾਂ ਵਿੱਚ ਵੀ ਇਜਲਾਸਾਂ ਦੀ ਘਟਦੀ ਮਿਆਦ ਨੂੰ ਕਈ ਵਾਰ ਮੁੱਦਾ ਬਣਾਇਆ ਗਿਆ ਹੈ। ਮਿਸਾਲ ਲਈ ਮੱਧ ਪ੍ਰਦੇਸ਼ ਵਿੱਚ ਕਾਂਗਰਸ ਨੇ ਇਸ ਮਹੀਨੇ ਦੀ ਸ਼ੁਰੂਆਤ 'ਚ 9 ਦਿਨਾਂ ਦੀ ਥਾਂ 31 ਦਿਨ ਦੇ ਇਜਲਾਸ ਦੀ ਮੰਗ ਕੀਤੀ। ਗੋਆ ਵਿੱਚ ਆਪੋਜ਼ੀਸ਼ਨ ਪਾਰਟੀਆਂ ਨੇ ਪਿਛਲੇ ਦੋ ਦਿਨਾ ਸਰਦ ਰੁੱਤ ਇਜਲਾਸ ਦਾ ਵਿਰੋਧ ਕੀਤਾ ਅਤੇ ਇਸ ਨੂੰ ਸੰਵਿਧਾਨ ਦਾ ਮਜ਼ਾਕ ਤੇ ਲੋਕਤੰਤਰ ਦੀ ਹੱਤਿਆ ਦੱਸਿਆ।

ਲੋਕ ਸਭਾ-ਪੀ ਆਰ ਐੱਸ ਲੈਜਿਸਲੇਟਿਵ ਰਿਸਰਚ ਦੇ ਅੰਕੜੇ ਦੱਸਦੇ ਹਨ ਕਿ ਲੋਕ ਸਭਾ ਤੇ ਵਿਧਾਨ ਸਭਾ ਵਿੱਚ ਕੰਮ ਦੇ ਦਿਨਾਂ 'ਚ ਕਾਫੀ ਗਿਰਾਵਟ ਆਈ ਹੈ। ਪਹਿਲੀ ਲੋਕ ਸਭਾ (1952-57) ਦੌਰਾਨ ਸਾਲਾਨਾ ਔਸਤਨ 135 ਬੈਠਕਾਂ ਦੀ ਤੁਲਨਾ ਵਿੱਚ 17ਵੀਂ ਲੋਕ ਸਭਾ (2019-24) ਵਿੱਚ ਸਾਲਾਨਾ ਔਸਤਨ 55 ਬੈਠਕਾਂ ਹੋਈਆਂ। 17ਵੀਂ ਲੋਕ ਸਭਾ ਦੌਰਾਨ ਸਭ ਤੋਂ ਘੱਟ 55 ਬੈਠਕਾਂ ਹੋਈਆਂ, ਜਿਹੜੀਆਂ 16ਵੀਂ ਲੋਕ ਸਭਾ ਦੀਆਂ 66 ਤੇ 15ਵੀਂ ਲੋਕ ਸਭਾ ਦੀਆਂ 71 ਬੈਠਕਾਂ ਤੋਂ ਘੱਟ ਸਨ। ਉਸ ਦੌਰਾਨ ਕਾਂਗਰਸ ਦੀ ਅਗਵਾਈ ਵਾਲੀ ਯੂ ਪੀ ਏ ਸੱਤਾ ਵਿੱਚ ਸੀ। ਹਾਲਾਂਕਿ ਹਾਲੀਆ ਸਾਲਾਂ ਵਿੱਚ ਪਿਛਲੇ ਲੰਬੇ ਇਜਲਾਸਾਂ ਦੀ ਤੁਲਨਾ ਵਿੱਚ ਵੱਧ ਬਿੱਲ ਪਾਸ ਹੋਏ। 17ਵੀਂ ਲੋਕ ਸਭਾ ਦੌਰਾਨ 2004-2009 ਦੀ 14ਵੀਂ ਲੋਕ ਸਭਾ ਦੀ ਤੁਲਨਾ ਵਿੱਚ 40 ਵੱਧ ਬਿੱਲ ਪਾਸ ਹੋਏ, ਜਦਕਿ ਬੈਠਕਾਂ ਘੱਟ ਹੋਈਆਂ। ਇਸ ਦਾ ਕਾਰਨ ਹੈ ਕਿ ਹਾਕਮ ਪਾਰਟੀ ਬਹੁਮਤ ਦੇ ਸਿਰ 'ਤੇ ਸੀਮਤ ਬਹਿਸ ਤੇ ਸੰਸਦੀ ਕਮੇਟੀਆਂ ਨੂੰ ਵਿਚਾਰ ਲਈ ਭੇਜੇ ਬਿਨਾਂ ਧੱਕੇ ਨਾਲ ਬਿੱਲ ਪਾਸ ਕਰਾਉਂਦੀ ਰਹੀ।

ਰਾਜ ਵਿਧਾਨ ਸਭਾਵਾਂ ਦੀ ਵੀ ਇਹੀ ਹਾਲਤ ਹੈ। 22 ਵਿਧਾਨ ਸਭਾਵਾਂ ਦੇ ਉਪਲੱਬਧ ਅੰਕੜਿਆਂ ਵਿੱਚ ਸਿਰਫ ਦੋ ਰਾਜਾਂ 'ਚ ਤਿੰਨ ਕਾਰਜਕਾਲਾਂ ਦੌਰਾਨ ਵਿਧਾਨ ਸਭਾ ਇਜਲਾਸਾਂ ਦੀਆਂ ਬੈਠਕਾਂ ਦੀ ਗਿਣਤੀ 'ਚ ਵਾਧਾ ਦੇਖਿਆ ਗਿਆ ਹੈ, ਜਦਕਿ 20 ਰਾਜਾਂ ਵਿੱਚ ਗਿਰਾਵਟ ਆਈ। 13ਵੀਂ ਗੁਜਰਾਤ ਵਿਧਾਨ ਸਭਾ (2012-2017) ਵਿੱਚ ਸਾਲਾਨਾ ਔਸਤਨ 28 ਬੈਠਕਾਂ ਹੋਈਆਂ। ਰਾਜਸਥਾਨ ਦੀ 14ਵੀਂ ਤੇ 15ਵੀਂ ਵਿਧਾਨ ਸਭਾ ਦੀਆਂ ਬੈਠਕਾਂ ਗੁਜਰਾਤ ਜਿੰਨੀਆਂ ਰਹੀਆਂ। ਤਿਲੰਗਾਨਾ ਵਿੱਚ ਬੈਠਕਾਂ 'ਚ ਭਾਰੀ ਗਿਰਾਵਟ ਦੇਖੀ ਗਈ। ਉੱਥੇ ਪਹਿਲੀ (2014-18) ਤੇ ਦੂਜੀ (2018-23) ਵਿਧਾਨ ਸਭਾ ਦਰਮਿਆਨ ਬੈਠਕਾਂ ਦੀ ਗਿਣਤੀ 26 ਤੋਂ 15 ਤੱਕ ਡਿਗ ਗਈ। ਮੱਧ ਪ੍ਰਦੇਸ਼ ਵਿੱਚ 14ਵੀਂ (2013-2018) ਵਿਧਾਨ ਸਭਾ ਦੀਆਂ 27 ਬੈਠਕਾਂ ਹੋਈਆਂ ਤੇ 15ਵੀਂ (2018-23) ਵਿਧਾਨ ਸਭਾ ਦੀਆਂ 16 ਬੈਠਕਾਂ।

ਸ਼ੁਰੂਆਤ ਵਿੱਚ ਸੰਸਦ ਦੇ ਦੋਹਾਂ ਸਦਨਾਂ ਤੇ ਵਿਧਾਨ ਸਭਾਵਾਂ ਦੇ ਇਜਲਾਸ ਲੰਬੇ ਚਲਦੇ ਸਨ ਤੇ ਮੈਂਬਰ ਵੀ ਪੂਰੀ ਤਿਆਰੀ ਨਾਲ ਬਹਿਸ ਵਿੱਚ ਹਿੱਸਾ ਲੈਂਦੇ ਸਨ। ਹਰ ਬਿੱਲ ਪੂਰੀ ਪੜਚੋਲ ਨਾਲ ਪਾਸ ਹੁੰਦਾ ਸੀ ਪਰ ਜਦੋਂ ਤੋਂ ਤਾਨਾਸ਼ਾਹ ਰੁਚੀਆਂ ਵਾਲੇ ਸੱਤਾ 'ਤੇ ਕਾਬਜ਼ ਹੋਣੇ ਸ਼ੁਰੂ ਹੋਏ, ਉਨ੍ਹਾਂ ਧੱਕੇ ਨਾਲ ਬਿੱਲ ਪਾਸ ਕਰਾਉਣੇ ਸ਼ੁਰੂ ਕਰ ਦਿੱਤੇ। ਭੂਪੇਸ਼ ਦਾਸਗੁਪਤਾ, ਜਿਓਤਿਰਮੋਏ ਬਾਸੂ, ਮਧੂ ਲਿਮਏ ਵਰਗੇ ਮੈਂਬਰ ਵੀ ਨਹੀਂ ਰਹੇ ਜਿਹੜੇ ਲੰਬਾ ਸਮਾਂ ਬਹਿਸ ਕਰਦੇ ਸਨ ਤੇ ਆਪਣੀਆਂ ਸੋਧਾਂ ਬਿੱਲ ਵਿੱਚ ਸ਼ਾਮਲ ਕਰਨ ਲਈ ਹਾਕਮਾਂ ਨੂੰ ਮਜਬੂਰ ਕਰ ਦਿੰਦੇ ਸਨ। ਅੱਜਕੱਲ੍ਹ ਬਹੁਤੇ ਮੈਂਬਰ ਹਾਜ਼ਰੀ ਲਾਉਣ ਜਾਂਦੇ ਹਨ ਤੇ ਆਪਣੇ ਆਗੂ ਦੇ ਇਸ਼ਾਰੇ 'ਤੇ ਨਾਅਰੇਬਾਜ਼ੀ ਕਰਦੇ ਹਨ ਜਾਂ ਵਾਕਆਊਟ ਕਰ ਜਾਂਦੇ ਹਨ। ਇਸ ਤੋਂ ਇਲਾਵਾ ਜਦੋਂ ਸਰਕਾਰ ਦਾ ਮਨ ਕਰਦਾ ਹੈ, ਉਹ ਸੰਸਦ ਵਿੱਚ ਬਿੱਲ ਲਿਆਉਣ ਦੀ ਥਾਂ ਆਰਡੀਨੈਂਸ ਜਾਰੀ ਕਰਕੇ ਆਪਣਾ ਮਕਸਦ ਹੱਲ ਕਰ ਲੈਂਦੀ ਹੈ। ਸਥਿਤੀ ਇਹ ਹੋ ਗਈ ਹੈ ਕਿ ਲੋਕਤੰਤਰ ਦਾ ਮੰਦਰ ਕਹਾਉਂਦੀਆਂ ਸੰਸਦ ਤੇ ਵਿਧਾਨ ਸਭਾਵਾਂ ਦੇ ਕਿਵਾੜ ਥੋੜ੍ਹੇ ਦਿਨਾਂ ਲਈ ਹੀ ਖੁੱਲ੍ਹਦੇ ਹਨ। ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਕਹਾਉਣ ਵਾਲੇ ਭਾਰਤ ਦੀ ਇਹੀ ਤ੍ਰਾਸਦੀ ਹੈ।

# ਛੱਤੀਸਗੜ੍ਹ 'ਚ ਸੁਰੱਖਿਆ ਅਤੇ ਮਨੁੱਖੀ ਅਧਿਕਾਰ

ਮੂਲ : ਹਰੀਸ਼ ਧਵਨ ਅਤੇ ਪਰਮਜੀਤ ਸਿੰਘ
ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ

ਛੱਤੀਸਗੜ੍ਹ ਦੇ ਬਸਤਰ ਖੇਤਰ ਵਿਚ ਕੀਤੇ ਜਾ ਰਹੇ ਕਤਲੇਆਮ ਬਾਰੇ ਜਮਹੂਰੀ ਹੱਕਾਂ ਦੀ ਮੁੱਖ ਜਥੇਬੰਦੀ ਪੀ ਯੂ ਡੀ ਆਰ ਦੀ ਵਿਸ਼ੇਸ਼ ਰਿਪੋਰਟ ਵਿੱਚ ਦੱਸਿਆ ਹੈ ਕਿ ਬੀਤੀ 9 ਫਰਵਰੀ ਨੂੰ ਹੋਏ ਤਾਜ਼ਾ ਮੁਕਾਬਲੇ ਨਾਲ, ਜਨਵਰੀ 2024 ਤੋਂ ਹੁਣ ਤੱਕ 300 ਤੋਂ ਵੱਧ ਹੱਤਿਆਵਾਂ ਹੋ ਚੁੱਕੀਆਂ ਹਨ, ਜਿਨ੍ਹਾਂ ਵਿਚ 30 ਤੋਂ ਵੱਧ ਸੁਰੱਖਿਆ ਕਰਮਚਾਰੀ ਦੀਆਂ ਮੌਤਾਂ ਵੀ ਹਨ। ਗ੍ਰਿਫਤਾਰੀਆਂ ਅਤੇ ਆਤਮ-ਸਮਰਪਣ ਕਰਨ ਵਾਲਿਆਂ ਦੀ ਕੁਲ ਗਿਣਤੀ ਕ੍ਰਮਵਾਰ 1033 ਅਤੇ 925 ਤੱਕ ਪਹੁੰਚ ਗਈ ਹੈ। ਖ਼ਬਰਾਂ ਤੋਂ ਅਗਲਾ ਸੰਕੇਤ ਇਹ ਮਿਲਦਾ ਹੈ ਕਿ ਮਾਓਵਾਦੀਆਂ ਹੱਥੋਂ ਵੀ 2025 ਵਿਚ ਘੱਟੋ-ਘੱਟ 9 ਨਾਗਰਿਕ ਮਾਰੇ ਗਏ ਹਨ । 'ਓਪਰੇਸ਼ਨ ਕਗਾਰ' ਦੇ ਤਹਿਤ ਇਸ ਸਮੇਂ ਦੌਰਾਨ ਹੋਈਆਂ ਹੱਤਿਆਵਾਂ ਦੀ ਜੋ ਕੁਲ ਗਿਣਤੀ ਵੱਖ-ਵੱਖ ਸਰਕਾਰੀ ਅਤੇ ਸੁਤੰਤਰ ਸਰੋਤ ਦੱਸ ਰਹੇ ਹਨ, ਉਹ ਬੇਮੇਲ ਹੈ ।

ਗ੍ਰਹਿ ਮੰਤਰਾਲੇ ਨੇ 6,000 ਦੇ ਕਰੀਬ ਹੋਰ ਸੁਰੱਖਿਆ ਤਾਕਤਾਂ ਭੇਜ ਕੇ ਮਾਰਚ 2026 ਤੱਕ ਖੱਬੇਪੱਖੀ ਅੱਤਵਾਦ (ਐੱਲ ਡਬਲਿਊ ਈ) ਨੂੰ ਖਤਮ ਕਰਨ ਲਈ ਅੰਤਮ ਮਿਸ਼ਨ ਦੇ ਰੂਪ ਵਿਚ ਜਨਵਰੀ 2024 ਵਿਚ ਅਬੂਝਮਾੜ ਵਿਚ ਓਪਰੇਸ਼ਨ ਕਗਾਰ ਦੀ ਸ਼ੁਰੂਆਤ ਕੀਤੀ ਸੀ। ਓਪਰੇਸ਼ਨ ਕਗਾਰ 2005 ਵਿਚ ਸਲਵਾ ਜੁਡੂਮ ਤੋਂ ਸ਼ੁਰੂ ਹੋ ਕੇ 2009 ਵਿਚ ਓਪਰੇਸ਼ਨ ਗ੍ਰੀਨ ਹੰਟ, 2015 ਵਿਚ ਰਾਸ਼ਟਰੀ ਨੀਤੀ ਅਤੇ ਕਾਰਜ ਯੋਜਨਾ ਅਤੇ 2017 ਵਿਚ ਓਪਰੇਸ਼ਨ ਸਮਾਧਾਨ-ਪ੍ਰਹਾਰ ਵਜੋਂ ਲਗਾਤਾਰ ਸੁਰੱਖਿਆ ਅਤੇ ਅੱਤਵਾਦ ਵਿਰੋਧੀ ਉਨ੍ਹਾਂ ਉਪਾਵਾਂ ਦੀ ਲੰਮੀ ਲੜੀ ਦਾ ਹੀ ਵਿਸਤਾਰ ਹੈ, ਜੋ ਛੱਤੀਸਗੜ੍ਹ ਬਣਾਏ ਜਾਣ ਦੇ ਸ਼ੁਰੂਆਤੀ ਸਾਲਾਂ ਤੋਂ ਹੀ ਸ਼ੁਰੂ ਕਰ ਦਿੱਤੇ ਗਏ ਸਨ। ਇਹ ਮੰਨਦੇ ਹੋਏ ਕਿ ਟਕਰਾਅ ਦੀਆਂ ਜੜ੍ਹਾਂ ਆਦਿਵਾਸੀਆਂ ਨੂੰ ਉਨ੍ਹਾਂ ਦੀਆਂ ਜ਼ਮੀਨਾਂ, ਜੰਗਲਾਂ ਅਤੇ ਵਸੀਲਿਆਂ ਉੱਪਰ ਅਧਿਕਾਰਾਂ, ਖੁਦਮੁਖਤਿਆਰੀ ਅਤੇ ਸਵੈ-ਸ਼ਾਸਨ ਤੋਂ ਲਗਾਤਾਰ ਵਾਂਝੇ ਕਰਨ ਵਿਚ ਹਨ, ਸਰਕਾਰਾਂ ਲਗਾਤਾਰ ਇਨ੍ਹਾਂ ਫ਼ਿਕਰਾਂ ਨੂੰ ਦੂਰ ਕਰਨ ਵਿਚ ਨਾਕਾਮ ਰਹੀਆਂ ਹਨ। ਇਸ ਦੀ ਬਜਾਏ ਉਨ੍ਹਾਂ ਫ਼ੌਜੀਕਰਨ ਵਧਾਉਣ ਦਾ ਸਹਾਰਾ ਲਿਆ ਹੈ, ਜਿਸ ਦੇ ਨਤੀਜੇ ਵਜੋਂ ਇਤਿਹਾਸਕ ਤੌਰ 'ਤੇ ਮਨੁੱਖੀ ਅਧਿਕਾਰਾਂ ਦਾ ਘਾਣ, ਗ਼ੈਰ-ਨਿਆਂਇਕ ਹੱਤਿਆਵਾਂ, ਵਿਅਕਤੀਆਂ ਅਤੇ ਜਥੇਬੰਦੀਆਂ ਦਾ ਅਪਰਾਧੀਕਰਨ, ਗ਼ਲਤ ਤਰੀਕੇ ਨਾਲ ਜੇਲ੍ਹਬੰਦੀ ਅਤੇ ਵੱਡੇ ਪੱਧਰ 'ਤੇ ਅੰਦਰੂਨੀ ਉਜਾੜਾ ਹੋਇਆ ਹੈ।

ਓਪਰੇਸ਼ਨ ਕਗਾਰ ਦੇ ਹਿੱਸੇ ਵਜੋਂ ਇਸ ਖੇਤਰ ਵਿਚ ਵੱਡੀ ਗਿਣਤੀ ਵਿਚ ਸੁਰੱਖਿਆ ਕੈਂਪ ਬਣਾਏ ਗਏ ਹਨ । ਹਾਲਾਂਕਿ ਸਰਕਾਰ ਨੇ ਬੀਤੇ ਸਮੇਂ 'ਚ ਦਾਅਵਾ ਕੀਤਾ ਸੀ ਕਿ ਇਹ ਕੈਂਪ ਸੜਕਾਂ ਬਣਾਉਣ ਅਤੇ ਹੋਰ ਵਿਕਾਸ ਕਾਰਜਾਂ ਨੂੰ ਯਕੀਨੀ ਬਣਾਉਣ ਲਈ ਹਨ। ਹਾਲਾਂਕਿ, ਕੁਝ ਅਧਿਕਾਰਤ ਦਸਤਾਵੇਜ਼ ਇਨ੍ਹਾਂ ਦਾ ਉਦੇਸ਼ ਖੱਬੇ ਪੱਖੀ ਅੱਤਵਾਦ ਪ੍ਰਭਾਵਤ ਖੇਤਰਾਂ ਵਿਚ ਸੁਰੱਖਿਆ ਬਲਾਂ ਦੀ ਨਿਰਵਿਘਨ ਆਵਾਜਾਈ ਦੇ ਨਾਲ-ਨਾਲ ਨਿਰਵਿਘਨ ਸੰਪਰਕ, ਖੇਤਰ ਦੀ ਸੁਰੱਖਿਆ ਅਤੇ ਖੇਤਰ ਦਾ ਦਬਦਬਾ ਮੁਹੱਈਆ ਕਰਨਾ ਦੱਸਦੇ ਹਨ। 9 ਫਰਵਰੀ ਨੂੰ ਹੋਏ ਮੁਕਾਬਲੇ ਤੋਂ ਬਾਅਦ ਛੱਤੀਸਗੜ੍ਹ ਦੇ ਸਾਬਕਾ ਏ ਡੀ ਜੀ ਪੀ (ਨਕਸਲ ਓਪਰੇਸ਼ਨਜ਼) ਨੇ ਮੰਨਿਆ ਕਿ ਫਾਰਵਰਡ ਕੈਂਪ ਬਣਾਉਣ ਨਾਲ ਅਬੂਝਮਾੜ (ਸਰਵੇਖਣ ਨਾ ਕੀਤਾ ਗਿਆ ਖੇਤਰ) ਅਤੇ ਦੱਖਣੀ ਬਸਤਰ ਵਰਗੇ ਥਾਵਾਂ 'ਚ ਸੁਰੱਖਿਆ ਖ਼ਲਾਅ ਨੂੰ ਭਰਨ ਵਿਚ ਮਦਦ ਮਿਲੀ ਹੈ।ਇਹ ਕੈਂਪ ਨਾ ਸਿਰਫ਼ ਮਾਓਵਾਦੀਆਂ ਦੀ ਆਵਾਜਾਈ ਨੂੰ ਰੋਕ ਰਹੇ ਹਨ, ਬਲਕਿ ਵੱਡੀਆਂ ਮੁਹਿੰਮਾਂ ਚਲਾਉਣ ਵਿਚ ਵੀ ਸੁਰੱਖਿਆ ਬਲਾਂ ਦੀ ਮਦਦ ਕਰ ਰਹੇ ਹਨ।

ਗ੍ਰਹਿ ਮੰਤਰੀ ਨੇ ਦੱਸਿਆ ਹੈ ਕਿ 2019 ਤੋਂ ਲੈ ਕੇ ਹੁਣ ਤੱਕ ਖੱਬੇ ਪੱਖੀ ਅੱਤਵਾਦ ਵਾਲੇ ਖੇਤਰਾਂ ਵਿਚ 277 ਸੀ ਆਰ ਪੀ ਐੱਫ ਕੈਂਪ ਸਥਾਪਤ ਕੀਤੇ ਗਏ ਹਨ, ਪੁਲਸ ਖੋਜ ਅਤੇ ਵਿਕਾਸ ਬਿਊਰੋ (ਬੀ ਪੀ ਆਰ ਡੀ) ਨੇ ਇਸੇ ਸਮੇਂ ਦੌਰਾਨ 199 ਨਵੇਂ ਬੀ ਐੱਸ ਐੱਫ ਕੈਂਪਾਂ ਵੱਲ ਇਸ਼ਾਰਾ ਕੀਤਾ ਹੈ। ਵੱਖਰੇ ਤੌਰ 'ਤੇ ਇਕ ਸੁਤੰਤਰ ਤੱਥ-ਖੋਜ ਵਿਚ 2019 ਤੋਂ ਲੈ ਕੇ ਇਕੱਲੇ ਬਸਤਰ ਵਿਚ 250 ਸੁਰੱਖਿਆ ਕੈਂਪਾਂ ਦਾ ਜ਼ਿਕਰ ਕੀਤਾ ਗਿਆ ਹੈ, ਜਿਸ ਵਿਚ ਬਸਤਰ ਡਵੀਜ਼ਨ ਦੇ ਆਈ ਜੀ ਪੁਲਸ ਨੇ ਫਰਵਰੀ 2024 'ਚ ਹੋਰ 50 ਕੈਂਪਾਂ ਦਾ ਐਲਾਨ ਕੀਤਾ ਸੀ । ਇਨ੍ਹਾਂ ਅਨੁਮਾਨਾਂ ਅਨੁਸਾਰ ਇਸ ਵੇਲੇ ਬਸਤਰ ਵਿਚ ਹਰ ਨੌਂ ਨਾਗਰਿਕਾਂ ਪਿੱਛੇ ਇਕ ਸੁਰੱਖਿਆ ਮੁਲਾਜ਼ਮ ਤਾਇਨਾਤ ਹੈ। ਕੇਂਦਰ ਸਰਕਾਰ ਨੇ ਮਾਰਚ 2026 ਤੱਕ ਛੱਤੀਸਗੜ੍ਹ ਸਰਕਾਰ ਨੂੰ ਵਿਸ਼ੇਸ਼ ਬੁਨਿਆਦੀ ਢਾਂਚਾ ਯੋਜਨਾ (ਐੱਸ ਆਈ ਐੱਸ) ਅਤੇ ਵਿਸ਼ੇਸ਼ ਕੇਂਦਰੀ ਸਹਾਇਤਾ (ਐੱਸ ਸੀ ਏ) ਦੇ ਤਹਿਤ ਇਨ੍ਹਾਂ ਕਾਰਜਾਂ ਲਈ ਫੰਡਿੰਗ ਹੋਰ ਮਜ਼ਬੂਤ ਕਰ ਦਿੱਤੀ ਹੈ, ਜਿਸ ਵਿਚ ਐੱਸ ਆਈ ਐੱਸ ਦੀ ਕੁਲ ਸਮਰੱਥਾ 1160 ਕਰੋੜ ਰੁਪਏ ਤੱਕ ਹੈ।

ਤਾਇਨਾਤੀ ਦਾ ਇਹ ਪੈਮਾਨਾ ਇਸ ਖੇਤਰ ਵਿਚ ਹੱਤਿਆਵਾਂ ਦੀਆਂ ਵਿਆਪਕ ਘਟਨਾਵਾਂ ਲਈ ਸੰਦਰਭ ਤਿਆਰ ਕਰਦਾ ਹੈ। ਇਨ੍ਹਾਂ ਘਟਨਾਵਾਂ ਦੀ ਅਧੂਰੀ ਸੂਚੀ ਵਿਚ ਅਪ੍ਰੈਲ ਵਿਚ ਕਾਂਕੇਰ-ਨਾਰਾਇਣਪੁਰ, ਮਈ ਵਿਚ ਪਿਡੀਆ, ਅਕਤੂਬਰ ਵਿਚ ਦੰਤੇਵਾੜਾ-ਨਾਰਾਇਣਪੁਰ ਸਰਹੱਦ, ਨਵੰਬਰ ਵਿਚ ਸੁਕਮਾ, ਜਨਵਰੀ 2025 ਵਿਚ ਛੱਤੀਸਗੜ੍ਹ-ਓੜੀਸਾ ਸਰਹੱਦ ਉੱਪਰ ਅਤੇ ਹਾਲ ਹੀ ਵਿਚ 9 ਫਰਵਰੀ ਨੂੰ ਬੀਜਾਪੁਰ ਦੇ ਇੰਦਰਾਵਤੀ ਨੈਸ਼ਨਲ ਪਾਰਕ ਵਿਚ ਹੋਏ ਮੁਕਾਬਲੇ ਸ਼ਾਮਲ ਹਨ। 11-12 ਦਸੰਬਰ 2024 ਨੂੰ ਨਾਰਾਇਣਪੁਰ ਜ਼ਿਲ੍ਹੇ ਦੇ ਕੁਮਮ ਅਤੇ ਲੇਕਾਵਾੜਾ ਵਿਚ ਕੀਤੇ ਗਏ ਓਪਰੇਸ਼ਨਾਂ ਨਾਲ ਚਿੰਤਾਜਨਕ ਖ਼ਬਰ ਆਈ ਕਿ ਸੁਰੱਖਿਆ ਬਲਾਂ ਨੇ ਗੋਲੀਬਾਰੀ ਵਿਚ ਸੱਤ ਵਿਅਕਤੀਆਂ ਦੀ ਜਾਨ ਲੈ ਲਈ ਅਤੇ ਚਾਰ ਬੱਚੇ ਵੀ ਗੰਭੀਰ ਰੂਪ ਵਿਚ ਜ਼ਖ਼ਮੀ ਕਰ ਦਿੱਤੇ ਗਏ, ਜਦੋਂ ਕਿ ਪੁਲਸ ਨੇ ਇਹ ਦਾਅਵਾ ਕੀਤਾ ਕਿ ਗੋਲੀਬਾਰੀ ਮਾਓਵਾਦੀ ਕਾਡਰਾਂ ਨੂੰ ਨਿਸ਼ਾਨਾ ਬਣਾ ਕੇ ਕੀਤੀ ਗਈ ਸੀ। ਸਥਾਨਕ ਲੋਕਾਂ ਦਾ ਦਾਅਵਾ ਹੈ ਕਿ ਮਾਰੇ ਗਏ ਲੋਕਾਂ ਵਿੱਚੋਂ ਪੰਜ ਆਮ ਨਾਗਰਿਕ ਸਨ ।

ਇਨ੍ਹਾਂ ਮੁਕਾਬਲਿਆਂ ਵਿੱਚੋਂ ਕਿਸੇ ਬਾਰੇ ਵੀ ਜਨਤਕ ਤੌਰ 'ਤੇ ਕੋਈ ਅਧਿਕਾਰਤ ਜਾਣਕਾਰੀ ਹਾਸਲ ਨਹੀਂ ਕਿ 2024-25 ਵਿਚ ਪੁਲਿਸ ਨੇ ਸੁਤੰਤਰ ਅਤੇ ਨਿਰਪੱਖ ਜਾਂਚ ਨੂੰ ਯਕੀਨੀ ਬਣਾਉਣ ਬਾਰੇ ਪੀ ਯੂ ਸੀ ਐੱਲ ਬਨਾਮ ਮਹਾਰਾਸ਼ਟਰ ਰਾਜ (2014) ਕੇਸ ਵਿਚ ਸੁਪਰੀਮ ਕੋਰਟ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਐੱਫ ਆਈ ਆਰ ਦਰਜ ਕੀਤੀਆਂ ਹਨ ਜਾਂ ਜਾਂਚ ਕੀਤੀ ਗਈ ਹੈ। ਨਾ ਹੀ ਸੁਰੱਖਿਆ ਬਲਾਂ ਦੇ ਦਾਅਵਿਆਂ ਦੀ ਪੜਤਾਲ ਲਈ ਜਾਂਚ ਕਮਿਸ਼ਨ ਸਥਾਪਤ ਕੀਤੇ ਗਏ ਹਨ। ਇਸ ਦੀ ਬਜਾਏ ਛੱਤੀਸਗੜ੍ਹ ਸਰਕਾਰ ਨੇ ਨਾਗਰਿਕਾਂ ਦੀਆਂ ਅੰਨ੍ਹੇਵਾਹ ਹੱਤਿਆਵਾਂ ਅਤੇ ਸੁਰੱਖਿਆ ਕੈਂਪਾਂ ਦੀ ਸਥਾਪਨਾ 'ਤੇ ਸਵਾਲ ਉਠਾਉਣ ਵਾਲੇ ਵਿਅਕਤੀਆਂ ਅਤੇ ਜਥੇਬੰਦੀਆਂ ਨੂੰ ਹੀ ਅਪਰਾਧੀ ਬਣਾ ਦਿੱਤਾ ਹੈ। ਮਿਸਾਲ ਲਈ, ਇਸ ਵਿਚ ਜੂਨ 2024 ਵਿਚ ਸੁਨੀਤਾ ਪੋਟਾਮ ਦੀ ਗ੍ਰਿਫ਼ਤਾਰੀ (ਜੋ ਕਿ ਵੱਖ-ਵੱਖ ਐੱਫ ਆਈ ਆਰਜ਼ ਅਧੀਨ ਜੇਲ੍ਹ ਵਿਚ ਬੰਦ ਹੈ) ਅਤੇ ਅਕਤੂਬਰ 2024 ਵਿਚ ਮੂਲਵਾਸੀ ਬਚਾਓ ਮੰਚ (ਐੱਮ ਬੀ ਐੱਮ) ਉੱਪਰ ਛੱਤੀਸਗੜ੍ਹ ਸਪੈਸ਼ਲ ਪਬਲਿਕ ਸੇਫਟੀ ਐਕਟ (ਸੀ ਐੱਸ ਪੀ ਐੱਸ ਏ.) ਤਹਿਤ ਲਗਾਈ ਗਈ ਪਾਬੰਦੀ ਸ਼ਾਮਲ ਹੈ। ਇਹ ਗੈਰਕਾਨੂੰਨੀ ਕਾਰਵਾਈਆਂ (ਰੋਕੂ) ਕਾਨੂੰਨ (ਯੂ ਏ ਪੀ ਏ) ਅਤੇ ਭਾਰਤੀ ਨਿਆਏ ਸੰਹਿਤਾ (ਬੀ ਐੱਨ ਐੱਸ) ਵਰਗੇ ਕਾਨੂੰਨਾਂ ਤਹਿਤ ਪਾਬੰਦੀਸ਼ੁਦਾ ਜਥੇਬੰਦੀਆਂ ਦੇ ਦੋਸ਼ਾਂ ਤਹਿਤ ਛੱਤੀਸਗੜ੍ਹ ਵਿਚ ਰਾਜਨੀਤਕ ਅਤੇ ਆਮ ਜੀਵਨ ਨੂੰ ਅਪਰਾਧ ਬਣਾਏ ਜਾਣ ਤੋਂ ਇਲਾਵਾ ਹੈ।

ਇਹ ਦੇਖਦੇ ਹੋਏ ਕਿ ਇਕ ਸੀਨੀਅਰ ਪੁਲਸ ਅਧਿਕਾਰੀ ਵੱਲੋਂ ਪਹਿਲਾਂ ਹੀ ਅਜਿਹੀਆਂ ਘਟਨਾਵਾਂ ਵਿਚ ਰਾਜ ਦੀਆਂ ਕਾਰਵਾਈਆਂ ਦਾ ਬਚਾਅ ਕਰਨ ਦੀ ਗੱਲ ਰਿਕਾਰਡ 'ਤੇ ਆ ਚੁੱਕੀ ਹੈ, ਇਹ ਸਪੱਸ਼ਟ ਹੁੰਦਾ ਹੈ ਕਿ ਮੌਜੂਦਾ ਸਥਿਤੀ 'ਖੱਬੇ-ਪੱਖੀ ਅੱਤਵਾਦ ਦੇ ਖਾਤਮੇ ਲਈ ਕੇਂਦਰ ਅਤੇ ਰਾਜ ਸਰਕਾਰ ਦੇ ਚੱਲ ਰਹੇ ਤੌਰ-ਤਰੀਕਿਆਂ ਦਾ ਹਿੱਸਾ ਹੈ। ਅਜਿਹੇ ਪ੍ਰਸੰਗ 'ਚ ਇਹ ਗੱਲ ਸ਼ੱਕੀ ਹੈ ਕਿ ਕੀ ਪੀ ਯੂ ਸੀ ਐੱਲ ਦੇ ਦਿਸ਼ਾ-ਨਿਰਦੇਸ਼ ਸੁਤੰਤਰ ਜਾਂਚ-ਪੜਤਾਲਾਂ ਦੀ ਜ਼ਾਮਨੀ ਬਣ ਸਕਣਗੇ, ਚਾਹੇ ਇਹ ਇਕ ਪੁਲਿਸ ਥਾਣੇ ਵੱਲੋਂ ਕੀਤੀ ਗਈ ਹੋਵੇ, ਜੋ ਸਿੱਧੇ ਤੌਰ ਤੇ ਉਨ੍ਹਾਂ ਖ਼ਾਸ ਕਤਲਾਂ ਵਿਚ ਸ਼ਾਮਲ ਨਾ ਹੋਵੇ। ਇਸ ਲਈ ਇਹ ਪਤਾ ਲਗਾਉਣ ਲਈ ਨਿਆਂਇਕ ਨਿਗਰਾਨੀ ਵਾਲੀ ਜਾਂਚ ਸਮੇਂ ਦਾ ਜ਼ੋਰਦਾਰ ਤਕਾਜ਼ਾ ਹੈ ਕਿ ਕੀ ਪੁਲਸ ਅਤੇ ਸੁਰੱਖਿਆ ਬਲਾਂ ਵੱਲੋਂ ਅੰਤਰਰਾਸ਼ਟਰੀ ਮਨੁੱਖਤਾਵਾਦੀ ਕਾਨੂੰਨ ਦੇ ਤਹਿਤ ਅੰਦਰੂਨੀ ਹਥਿਆਰਬੰਦ ਟਕਰਾਵਾਂ ਨਾਲ ਸੰਬੰਧਤ ਨਿਯਮਾਂ ਦੀ ਪਾਲਣਾ ਕੀਤੀ ਗਈ ਹੈ । ਇਨ੍ਹਾਂ ਵਿਚ ਹਥਿਆਰਬੰਦ ਲੜਾਕਿਆਂ ਅਤੇ ਨਾਗਰਿਕਾਂ ਦਰਮਿਆਨ ਫ਼ਰਕ ਕਰਨ ਦੇ ਅਸੂਲ ਦੇ ਨਾਲ-ਨਾਲ ਅਨੁਪਾਤਕਤਾ ਅਤੇ ਸਾਵਧਾਨੀ ਦੇ ਅਸੂਲ ਵੀ ਸ਼ਾਮਲ ਹਨ।

ਆਜ਼ਾਦੀ ਤੋਂ ਬਾਅਦ ਦੀਆਂ ਸਰਕਾਰੀ ਰਿਪੋਰਟਾਂ, ਜਿਵੇਂ ਕਿ ਝਾਕਸਾ ਕਮੇਟੀ ਰਿਪੋਰਟ (2014), ਆਦਿਵਾਸੀਆਂ ਲਈ ਸੰਵਿਧਾਨ ਦੀ ਪੰਜਵੀਂ ਸੂਚੀ ਦੀਆਂ ਗਾਰੰਟੀਆਂ ਨੂੰ ਲਾਗੂ ਨਾ ਕਰਨ, ਉਨ੍ਹਾਂ ਦੀਆਂ ਰਵਾਇਤੀ ਜ਼ਮੀਨਾਂ ਵਿਚ ਵਿਕਾਸ ਦੀਆਂ ਹਿੰਸਕ ਅਤੇ ਨਿਕਾਸੀ ਵਾਲੀਆਂ ਵਿਧੀਆਂ ਵਰਤੇ ਜਾਣ ਅਤੇ ਵਿਆਪਕ ਪੱਧਰ 'ਤੇ ਉਜਾੜੇ ਨੂੰ ਸਵੀਕਾਰ ਕਰਦੀ ਹੈ। ਹਾਲਾਂਕਿ ਸਮੇਂ-ਸਮੇਂ ਬਣਦੀਆਂ ਆ ਰਹੀਆਂ ਸਰਕਾਰਾਂ ਨੇ ਇਨ੍ਹਾਂ ਫ਼ਿਕਰਮੰਦੀਆਂ ਨੂੰ ਨਜ਼ਰਅੰਦਾਜ਼ ਕੀਤਾ ਹੈ ਅਤੇ ਪੂਰਬੀ-ਕੇਂਦਰੀ ਭਾਰਤ ਵਿਚ ਸੁਰੱਖਿਆ ਬਲਾਂ ਦੀ ਤਾਇਨਾਤੀ ਵਧਾਉਣ ਦਾ ਸਹਾਰਾ ਲਿਆ ਹੈ। ਇਸ ਖੇਤਰ ਵਿਚ ਹਥਿਆਰਬੰਦ ਟਕਰਾਅ ਦੀ ਮੌਜੂਦਾ ਤੀਬਰਤਾ, ਭਾਵੇਂ ਕਿ ਖੱਬੇ ਪੱਖੀ ਅੱਤਵਾਦ ਦੇ ਖਾਤਮੇ ਲਈ ਹੈ, ਨੂੰ 2047 ਦੀਆਂ ਵਿਕਸਤ ਭਾਰਤ ਯੋਜਨਾਵਾਂ ਦੇ ਪ੍ਰਸੰਗ 'ਚ ਪੜ੍ਹਿਆ ਜਾਣਾ ਚਾਹੀਦਾ ਹੈ, ਜੋ 32 + ਖਰਬ ਡਾਲਰ ਦੀ ਆਰਥਿਕਤਾ ਤੱਕ ਪਹੁੰਚਣ ਦੀ ਗੱਲ ਕਰ ਰਹੀ ਹੈ, ਜਿਸ ਲਈ ਰਾਜ ਪ੍ਰਾਈਵੇਟ (ਕਾਰਪੋਰੇਟ) ਖਣਨ ਕਾਰੋਬਾਰ ਲਈ ਖਣਿਜ ਵਸੀਲੇ ਮੁਹੱਈਆ ਕਰਾਉਣਾ ਚਾਹੁੰਦਾ ਹੈ। ਇਸ ਕੋਸ਼ਿਸ਼ ਵਿਚ ਰਾਜ ਵਿਕਾਸ ਪ੍ਰੋਜੈਕਟਾਂ ਅਤੇ ਸੁਰੱਖਿਆ ਕੈਂਪਾਂ ਲਈ ਜ਼ਮੀਨ ਐਕਵਾਇਰ ਕਰਨ ਅਤੇ ਜੰਗਲਾਂ ਨੂੰ ਇਸ ਕੰਮ ਲਈ ਦੇਣ ਦੇ ਮਾਮਲਿਆਂ ਵਿਚ ਖੁਦਮੁਖਤਿਆਰੀ ਦੇ ਅਧਿਕਾਰ ਅਤੇ ਗ੍ਰਾਮ ਸਭਾਵਾਂ ਦੀ ਆਜ਼ਾਦ, ਅਗਾਊਂ ਅਤੇ ਸੂਚਿਤ ਕਰਕੇ ਸਹਿਮਤੀ ਲੈਣ ਦੀਆਂ ਗਾਰੰਟੀਆਂ ਨੂੰ ਤੇਜ਼ੀ ਨਾਲ ਖ਼ਤਮ ਕਰ ਰਿਹਾ ਹੈ, ਜੋ ਕਿ ਪਹਿਲਾਂ ਹੀ ਨਿਤਾਣੀਆਂ ਹਨ।

ਅਸੀਂ ਸੁਰੱਖਿਆ ਬਲਾਂ ਦੀਆਂ ਮੌਜੂਦਾ ਅਤੇ ਪਿਛਲੀਆਂ ਮੁਹਿੰਮਾਂ ਤਹਿਤ ਛੱਤੀਸਗੜ੍ਹ ਵਿਚ ਹੋਈਆਂ ਹੱਤਿਆਵਾਂ ਦੀਆਂ ਸਾਰੀਆਂ ਘਟਨਾਵਾਂ ਦੀ ਨਿਆਂਇਕ ਨਿਗਰਾਨੀ ਹੇਠ ਸੁਤੰਤਰ ਜਾਂਚ ਦੇ ਨਾਲ-ਨਾਲ ਪੰਜਵੀਂ ਸੂਚੀ ਹੇਠਲੇ ਅਤੇ ਆਦਿਵਾਸੀ ਖੇਤਰਾਂ ਵਿੱਚੋਂ ਸੁਰੱਖਿਆ ਬਲਾਂ ਨੂੰ ਪੂਰੀ ਤਰ੍ਹਾਂ ਹਟਾਉਣ ਦੀ ਮੰਗ ਕਰਦੇ ਹਾਂ। ਅੰਤਰਰਾਸ਼ਟਰੀ ਮਾਨਵਤਾਵਾਦੀ ਕਾਨੂੰਨਾਂ ਦੀ ਉਲੰਘਣਾ ਲਈ ਰਾਜ ਦੇ ਅਧਿਕਾਰੀਆਂ/ਤਾਕਤਾਂ ਦੀ ਜਵਾਬਦੇਹੀ ਯਕੀਨੀ ਬਣਾਈ ਜਾਣੀ ਚਾਹੀਦੀ ਹੈ, ਖ਼ਾਸ ਕਰਕੇ ਆਮ ਨਾਗਰਿਕਾਂ ਅਤੇ ਲੜਾਕਿਆਂ ਦਰਮਿਆਨ ਨਿਖੇੜਾ, ਅਨੁਪਾਤਕਾ ਅਤੇ ਸਾਵਧਾਨੀ ਦੇ ਅਸੂਲਾਂ ਦੇ ਅਧਾਰ 'ਤੇ ।ਇਸ ਤੋਂ ਅੱਗੇ ਪੀ ਯੂ ਡੀ ਆਰ ਸਾਰੇ ਰਾਜਨੀਤਕ ਕੈਦੀਆਂ ਦੀ ਰਿਹਾਈ ਅਤੇ ਪਾਬੰਦੀਸ਼ੁਦਾ ਜਥੇਬੰਦੀਆਂ ਨਾਲ ਸਬੰਧਾਂ ਦੇ ਦੋਸ਼ਾਂ ਤਹਿਤ ਸਾਰੀਆਂ ਗ੍ਰਿਫਤਾਰੀਆਂ ਅਤੇ ਆਤਮ-ਸਮਰਪਣ ਦੀ ਸਮੀਖਿਆ ਕਰਨ ਦੀ ਮੰਗ ਕਰਦੀ ਹੈ।ਅੰਤ ਵਿਚ ਪੀ ਯੂ ਡੀ ਆਰ ਗੈਰਕਾਨੂੰਨੀ ਕਾਰਵਾਈਆਂ (ਰੋਕੂ) ਐਕਟ, ਸੀ ਐੱਸ ਪੀ ਐੱਸ ਏ ਅਤੇ ਅਜਿਹੇ ਹੋਰ ਕਾਲੇ ਕਾਨੂੰਨਾਂ ਤਹਿਤ ਸਾਰੀਆਂ ਜਥੇਬੰਦੀਆਂ ਉੱਪਰ ਲਾਈਆਂ ਪਾਬੰਦੀਆਂ ਨੂੰ ਵਾਪਸ ਲੈਣ ਦੀ ਮੰਗ ਕਰਦੀ ਹੈ।

# ਦੇਸ਼ ਵਾਸੀਆਂ ਨੂੰ ਮੁੜ ਯਾਦ ਆਏ ਲਾਲ ਬਹਾਦੁਰ ਸ਼ਾਸਤਰੀ



ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ

ਸਮੁੱਚੇ ਦੇਸ਼ ਦਾ ਅਕਾਰ ਅਤੇ ਅਬਾਦੀ ਪੱਖੋਂ ਵੱਡਾ ਹੋਣ ਕਰਕੇ ਦੇਸ਼ 'ਚ ਚੰਗਾ-ਮਾੜਾ ਸਦਾ ਬੀਤਦਾ ਹੀ ਰਹਿੰਦਾ ਹੈ। ਕਦੀ ਬਹੁਤ ਮਾੜਾ ਅਤੇ ਕਦੇ ਛੋਟੀ ਜਿਹੀ ਪ੍ਰਾਪਤੀ ਦੇਸ਼ ਵਾਸੀਆਂ ਦੀ ਖੁਸ਼ੀ ਨਾਲ ਝੋਲੀ ਭਰ ਦਿੰਦੀ ਹੈ। ਕਹਿਣ ਦਾ ਭਾਵ ਇਕ ਅਰਬ ਚਾਲੀ ਕਰੋੜ ਦੇ ਲੱਗਭੱਗ ਅਬਾਦੀ ਹੋਣ 'ਤੇ ਅਜਿਹਾ ਸਭ ਕੁਝ ਵਾਪਰਦਾ ਰਹਿੰਦਾ ਹੈ। ਸਮੇਂ-ਸਮੇਂ ਸਿਰ ਕਾਬਜ਼ ਧਿਰ ਪ੍ਰਾਪਤੀ ਵੇਲੇ ਆਪਣੀ ਪਿੱਠ ਥਪਥਪਾਉਂਦੀ ਰਹਿੰਦੀ ਹੈ, ਪਰ ਅਚਾਨਕ ਭੈੜਾ ਬੀਤ ਜਾਣ 'ਤੇ ਅਜਿਹੀ ਜ਼ਿੰਮੇਵਾਰੀ ਲੈਣ ਤੋਂ ਇਨਕਾਰ ਕਰਦੀ ਹੋਈ ਦੋਸ਼ ਦੂਜਿਆਂ 'ਤੇ ਮੜ੍ਹਨ ਦੀ ਕੋਸ਼ਿਸ਼ ਕਰਦੀ ਰਹਿੰਦੀ ਹੈ। ਜੋ ਅਸਲ 'ਚ ਆਪਣੀ ਜ਼ਿੰਮੇਵਾਰੀ ਤੋਂ ਭੱਜਣ ਦਾ ਇਕ ਘੜਿਆ-ਘੜਾਇਆ ਬਹਾਨਾ ਹੁੰਦਾ ਹੈ। ਜਦ ਸੰਸਾਰ ਲੈਵਲ 'ਤੇ ਕ੍ਰਿਕਟ ਆਦਿ ਦਾ ਮੈਚ ਜਿੱਤਿਆ ਜਾਂਦਾ ਹੈ ਤਾਂ ਉਸ ਦਾ ਸਿਹਰਾ ਲੈਣ ਲਈ ਵੱਡੇ ਤੋਂ ਵੱਡਾ ਨੇਤਾ ਮੱਲੋਮੱਲੀ ਅੱਗੇ ਆ ਜਾਂਦਾ ਹੈ। ਹਾਰਨ 'ਤੇ ਅਲੋਚਨਾ ਤੋਂ ਬਚਣ ਲਈ ਖਿਡਾਰੀਆਂ ਨੂੰ ਕੋਸਿਆ ਜਾਂਦਾ ਹੈ। ਕੀ ਦੇਸ਼ 'ਚ ਚੰਗਾ-ਮਾੜਾ ਤੇ ਵਾਕਿਆ ਹੀ ਅਜਿਹਾ ਹੁੰਦਾ ਹੈ। ਇਹ ਜਾਨਣ ਲਈ ਅਸੀਂ ਬੀਤੀਆਂ ਘਟਨਾਵਾਂ 'ਤੇ ਨਜ਼ਰ ਮਾਰਾਂਗੇ।

ਮਹਾਂਕੁੰਭ ਜਿਹੜਾ ਤਕਰੀਬਨ ਡੇਢ ਸਦੀ ਭਾਵ ਇਕ ਸੌ ਚੌਤਾਲੀ ਸਾਲ ਬਾਅਦ ਆਇਆ ਹੈ, ਜਿਸ ਦੀ ਉਡੀਕ ਸ਼ਰਧਾਲੂ ਬੜੀ ਤੀਬਰਤਾ ਨਾਲ ਕਰ ਰਹੇ ਸਨ। ਪ੍ਰਯਾਗ ਰਾਜ ਜੋ ਯੂ ਪੀ ਪ੍ਰਦੇਸ਼ ਦਾ ਹਿੱਸਾ ਹੈ। ਉਸ ਦੇ ਨੇੜੇ-ਤੇੜੇ ਮਹਾਂਕੁੰਭ ਦੀਆਂ ਭੀੜਾਂ ਜੁੜਦੀਆਂ ਰਹੀਆਂ। ਯੂ ਪੀ ਦੇ ਮੁੱਖ ਮੰਤਰੀ ਜੋ ਸਿਆਸੀ ਘੱਟ ਅਤੇ ਧਾਰਮਿਕ ਬਿਰਤੀ ਦੇ ਜ਼ਿਆਦਾ ਹਨ। ਉਨ੍ਹਾਂ ਵੀ ਦਿਲ ਖੋਲ੍ਹ ਕੇ ਮਹਾਂਕੁੰਭ ਨੂੰ ਕਾਮਯਾਬ ਕਰਨ ਲਈ ਸੂਬੇ ਦੀ ਦੌਲਤ ਜੋ ਤਕਰੀਬਨ ਪੰਦਰਾਂ ਸੌ ਕਰੋੜ ਤੋਂ ਵੀ ਉੱਪਰ ਬਣਦੀ ਹੈ, ਲੁਟਾਈ। ਪੰਜਾਹ ਕਰੋੜ ਤੱਕ ਜਨਤਾ ਸ਼ਰਧਾਲੂ ਆਉਣਗੇ, ਰੱਜ ਕੇ ਪ੍ਰਚਾਰ ਕੀਤਾ ਗਿਆ। ਭੀੜ ਜੁਟਾਉਣ ਲਈ ਉਹ ਕੁਝ ਵੀ ਕੀਤਾ, ਜੋ ਨਹੀਂ ਕੀਤਾ ਜਾਂਦਾ। ਜਿਵੇਂ ਬਹੁਤਿਆਂ ਨੂੰ ਇਸ ਮਹਾਂ-ਕੁੰਭ 'ਚ ਆਉਣ ਦੇ ਸੱਦੇ ਵੀ ਦਿੱਤੇ ਗਏ। ਜਿਸ ਕਰਕੇ ਆਸ ਤੋਂ ਵੱਧ ਭੀੜ ਵੀ ਜੁੜਦੀ ਰਹੀ ਅਤੇ ਜੁੜ ਰਹੀ ਹੈ, ਪਰ ਹਰ ਤਰ੍ਹਾਂ ਦੇ ਸੁਚੱਜੇ ਪ੍ਰਬੰਧ ਨਾ ਹੋਣ ਖਾਤਰ ਕਈ ਘਟਨਾਵਾਂਅਚਾਨਕ ਵਾਪਰ ਗਈਆਂ। ਫਿਰ ਸ਼ਾਹੀ ਇਸ਼ਨਾਨ ਖ਼ਤਮ ਹੋਣ ਦੀ ਅਨਾਊਂਸਮੈਂਟ ਹੋਣ ਲੱਗੀ, ਜਿਸ ਕਰਕੇ ਰਹਿੰਦੀ ਜਨਤਾ/ਸ਼ਰਧਾਲੂ ਇਸ਼ਨਾਨ ਕਰਨ ਖਾਤਰ ਟੁੱਟ ਪਏ, ਜਿਸ ਨਾਲ ਅਚਾਨਕ ਭੀੜ ਤਿੰਨ ਕੁ ਵਾਰ ਬੇਕਾਬੂ ਹੋ ਗਈ। ਦੋ-ਤਿੰਨ ਵਾਰ ਅਗਜ਼ਨੀ ਵੀ ਹੋਈ। ਅਜਿਹੀਆਂ ਘਟਨਾਵਾਂ ਸਦਕਾ ਸ਼ਰਧਾਲੂਆਂ ਦਾ ਸਾਮਾਨ ਵੀ ਸੜ ਕੇ ਸਵਾਹ ਹੋ ਗਿਆ। ਹੋਰ ਤਾਂ ਹੋਰ ਜਿਹੜੇ ਸਾਧੂ-ਸੰਤ ਆਪਣੇ ਨਾਲ ਧਾਰਮਿਕ ਪੋਥੀਆਂ ਵੀ ਨਾਲ ਲਿਆਏ ਸਨ, ਉਹ ਵੀ ਅਗਨਭੇਂਟ ਹੋ ਗਈਆਂ। ਅਜਿਹੀਆਂ ਘਟਨਾਵਾਂ ਸਦਕਾ ਸਰਕਾਰੀ ਅੰਕੜਿਆਂ ਮੁਤਾਬਕ ਤੀਹ ਦੇ ਕਰੀਬ ਸ਼ਰਧਾਲੂ ਰੱਬ ਨੂੰ ਪਿਆਰੇ ਹੋ ਗਏ, ਜਿਨ੍ਹਾਂ ਵਿੱਚ ਬੱਚੀਆਂ-ਬੱਚੇ ਅਤੇ ਬਿਰਧ ਵੀ ਸਨ, ਪਰ ਇਹ ਅਲਗ ਗੱਲ ਹੈ ਕਿ ਇਨ੍ਹਾਂ ਅੰਕੜਿਆਂ ਨਾਲ ਵਿਰੋਧੀ ਤੇ ਜਨਤਾ ਦਾ ਇਕ ਹਿੱਸਾ ਬਿਲਕੁਲ ਸਹਿਮਤ ਨਹੀਂ ਹੈ। ਨਾ ਹੀ ਅੱਜ ਤੱਕ ਵਿੱਛੜੇ ਸਭ ਮਿਲ ਸਕੇ ਹਨ। ਬਿਨਾਂ ਪੋਸਟ ਮਾਰਟਮ ਕੀਤਿਆਂ ਲਾਸ਼ਾਂ ਸੰਬੰਧਤ ਬੰਦਿਆਂ ਨੂੰ ਸੌਂਪੀਆਂ ਗਈਆਂ, ਜਿਨ੍ਹਾਂ ਕਰਕੇ ਸਹੀ ਅੰਕੜਿਆਂ ਤੱਕ ਪਹੁੰਚਿਆ ਹੀ ਨਹੀਂ ਜਾ ਸਕਦਾ। ਅਗਜ਼ਨੀ 'ਚ ਦੋ-ਢਾਈ ਸੌ ਦੇ ਕਰੀਬ ਟੈਂਟ, ਘਰ ਸੜ ਕੇ ਸਵਾਹ ਹੋ ਗਏ। ਇਨ੍ਹਾਂ ਤੋਂ ਇਲਾਵਾ ਉਹ ਤੰਬੂ-ਕਾਲੋਨੀ ਵੀ ਸੜ ਕੇ ਸਵਾਹ ਹੋ ਗਈ, ਜਿਹੜੀ ਸੌ ਫੀਸਦੀ ਨਜਾਇਜ਼ ਬਣਾਈ ਗਈ ਸੀ। ਜਿਸ ਦਾ ਸਰਕਾਰ ਨੇ ਸੜਨ ਤੋਂ ਪਹਿਲਾਂ ਕਦੀ ਨੋਟਿਸ ਨਹੀਂ ਲਿਆ ਸੀ। ਇਕ ਧੱਕੇਸ਼ਾਹ ਗਰੁੱਪ ਨੇ ਉਸ ਦੇ ਟੈਂਟ-ਕਮਰੇ ਕਿਰਾਏ 'ਤੇ ਚਾੜ੍ਹ ਕੇ ਨਜਾਇਜ਼ ਪੈਸਾ ਕਮਾਇਆ ਸੀ, ਪਰ ਜਿਸ ਦਾ ਜ਼ਿਕਰ ਅੱਜ ਤੱਕ ਸਰਕਾਰ ਵੱਲੋਂ ਨਹੀਂ ਕੀਤਾ ਗਿਆ।



ਮਹਾਂਕੁੰਭ ਦੀਆਂ ਭੀੜਾਂ ਕਰਕੇ ਆਮ ਸ਼ਰਧਾਲੂ ਨੂੰ ਵੀਹ ਤੋਂ ਤੀਹ ਘੰਟਿਆਂ ਤੱਕ ਆਪੋ-ਆਪਣੀਆਂ ਗੱਡੀਆਂ 'ਚ ਰਹਿਣਾ ਪਿਆ। ਭੀੜਾਂ ਕਰਕੇ ਆਮ ਸ਼ਹਿਰੀ ਆਪਣੇ ਕਈ ਜ਼ਰੂਰੀ ਕੰਮ ਵੀ ਨਹੀਂ ਕਰ ਸਕਿਆ। ਜਦ ਘਟਨਾ ਬਾਰੇ ਗੱਲ ਕੀਤੀ ਜਾਂਦੀ ਹੈ ਤਾਂ ਰਾਜ ਕਰਦੀ ਧਿਰ ਨਹਿਰੂ ਰਾਜ ਤੋਂ ਸ਼ੁਰੂ ਹੋ ਕੇ ਮਰਹੂਮ ਸਰਦਾਰ ਮਨਮੋਹਨ ਸਿੰਘ ਬਾਰੇ ਵਾਪਰੀਆਂ ਘਟਨਾਵਾਂ ਬਾਰੇ ਮਿਹਣੇ ਦੇਣ ਲੱਗ ਜਾਂਦੀ ਹੈ। ਕੁੰਭ ਮੇਲੇ 'ਚ ਆਉਂਦਿਆਂ-ਜਾਂਦਿਆਂ ਹਾਦਸਿਆਂ 'ਚ ਵੀ ਦਰਜਨਾਂ ਭਗਤ-ਪ੍ਰੇਮੀ ਰੱਬ ਨੂੰ ਪਿਆਰੇ ਹੋ ਚੁੱਕੇ ਹਨ। ਪ੍ਰਬੰਧਾਂ ਬਾਰੇ ਸਵਾਲ ਕਰੋ ਤਾਂ ਉਹ ਕਾਂਗਰਸ ਰਾਜ ਸਮੇਂ ਦਾ ਚਿੱਠਾ ਰਟਣ ਲੱਗਦੇ ਹਨ। ਵਿਚਾਰੇ ਅੰਧ-ਭਗਤ ਭੁੱਲ ਜਾਂਦੇ ਹਨ ਕਿ ਜੇਕਰ ਕਾਂਗਰਸੀ ਮਾੜੇ ਸਨ, ਉਨ੍ਹਾਂ ਦੇ ਪ੍ਰਬੰਧ ਵੀ ਮਾੜੇ ਸਨ। ਤਾਹੀਓਂ ਤਾਂ ਜਨਤਾ ਨੇ ਉਨ੍ਹਾਂ ਨੂੰ ਅਰਾਮ ਕਰਨ ਵਾਸਤੇ ਵਿਹਲੇ ਕਰ ਦਿੱਤਾ ਹੈ।

ਤਾਜ਼ਾ ਰੇਲ ਘਟਨਾ ਨੇ ਤਾਂ ਸਭ ਨੂੰ ਹਿਲਾ ਕੇ ਰੱਖ ਦਿੱਤਾ ਹੈ। ਜਿਸ 'ਤੇ ਸਭ ਯਾਤਰੀ ਅਤੇ ਸਿਆਣੇ ਸਵਾਲ ਉਠਾ ਰਹੇ ਹਨ। ਜਨਤਾ ਪੁੱਛ ਰਹੀ ਹੈ ਕਿ ਕੀ ਰੇਲਵੇ ਵਿਭਾਗ ਪਾਸ ਇਹ ਅੰਦਾਜ਼ਾ ਨਹੀਂ ਸੀ ਕਿ ਕਿੰਨੀਆਂ ਟਿਕਟਾਂ ਵਿਕ ਚੁੱਕੀਆਂ ਹਨ? ਕਿੰਨੇ ਪਲੇਟਫਾਰਮ ਵੇਚੇ ਜਾ ਚੁੱਕੇ ਹਨ? ਇਸ ਵਕਤ ਸਟੇਸ਼ਨ 'ਤੇ ਕਿੰਨੀ ਭੀੜ ਹੈ? ਕੀ ਰੇਲਵੇ ਅਧਿਕਾਰੀ ਇਸ ਗੱਲ ਤੋਂ ਵੀ ਅਣਜਾਣ ਸਨ ਕਿ ਇਸ ਵਕਤ ਸੰਬੰਧਤ ਰੇਲ ਗੱਡੀ ਦਾ ਪਲੇਟਫਾਰਮ ਬਦਲਣ ਨਾਲ ਲੋਕਾਂ 'ਚ ਹਾਹਾਕਾਰ ਮਚ ਜਾਵੇਗੀ? ਅਜਿਹੇ ਹਾਲਾਤ 'ਚ ਭਗਦੜ ਵੀ ਮੱਚ ਸਕਦੀ ਹੈ? ਕੀ ਵੱਧ ਟਿਕਟਾਂ ਵਿਕਣ ਦੇ ਬਾਵਜੂਦ ਜਨਤਾ ਨੂੰ ਅੰਦਰ ਆਉਣ ਵਾਲੇ ਗੇਟਾਂ 'ਤੇ ਹੀ ਨਹੀਂ ਰੋਕ ਦੇਣਾ ਚਾਹੀਦਾ ਸੀ। ਇਕ 15/20 ਸਾਲ ਤੋਂ ਨੌਕਰੀ ਕਰਦੇ ਕੁਲੀ ਨੇ ਫਰਮਾਇਆ ਕਿ ਮੈਂ ਲੱਗਭੱਗ ਪਿਛਲੇ ਵੀਹ ਸਾਲ ਤੋਂ ਕੁਲੀ ਦਾ ਕੰਮ ਕਰਦਾ ਆ ਰਿਹਾ ਹਾਂ। ਪਰ ਏਨੀ ਭੀੜ ਮੈਂ ਕਦੇ ਨਹੀਂ ਦੇਖੀ। ਅਠਾਰਾਂ ਲੋਕ ਭੀੜ ਦੇ ਪੈਰਾਂ ਥੱਲੇ ਆਣ ਕੇ ਕੁਚਲੇ ਗਏ ਹਨ, ਪਰ ਜਨਤਾ ਨੂੰ ਇਨ੍ਹਾਂ ਅੰਕੜਿਆਂ 'ਤੇ ਵੀ ਯਕੀਨ ਨਹੀਂ ਆ ਰਿਹਾ। ਏਨੀਆਂ ਘਟਨਾਵਾਂ ਬਾਅਦ ਵੀ ਰੇਲਵੇ ਮਨਿਸਟਰ ਨੇ ਸ਼ਾਸਤਰੀ ਜੀ ਵਾਂਗ ਅਸਤੀਫ਼ਾ ਤਾਂ ਕੀ ਦੇਣਾ ਸੀ, ਅਜੇ ਤੱਕ ਕਿਸੇ ਅਧਿਕਾਰੀ ਨੇ ਇਸ ਦੀ ਜ਼ਿੰਮੇਵਾਰੀ ਵੀ ਨਹੀਂ ਲਈ। ਅਜਿਹੀ ਸਰਕਾਰ ਦੀ ਨਲਾਇਕੀ ਕਰਕੇ ਜਨਤਾ ਉਸ ਮਰਹੂਮ ਸ਼ਾਸਤਰੀ ਜੀ ਨੂੰ ਯਾਦ ਕਰਦੀ ਹੈ, ਜਿਨ੍ਹਾਂ ਇਕ ਛੋਟੇ ਜਿਹੇ ਐਕਸੀਡੈਂਟ ਤੋਂ ਬਾਅਦ ਆਪਣੀ ਵਜ਼ੀਰੀ ਵਗਾਹ ਮਾਰੀ ਸੀ।

# ਸੰਪਰਕ : 98721-65741

# ਸਿੱਖ ਇਤਿਹਾਸ ਅਤੇ ਸੱਭਿਆਚਾਰ ਦਾ ਸੂਝਵਾਨ ਚਿਤੇਰਾ ਸੀ ਜਰਨੈਲ ਸਿੰਘ ਆਰਟਿਸਟ

ਸੰਜੀਵਨ ਸਿੰਘ

13 ਦਸੰਬਰ ਸਵੇਰੇ 11 ਕੁ ਵਜੇ ਫੋਨ ਦੀ ਘੰਟੀ ਵੱਜੀ, "ਹੈਲੋ, ਸੰਜੀਵਨ ਬੋਲਦੇ ਓ।" ਮੈਂ ਕਿਹਾ, "ਹਾਂਅ ਜੀ, ਸੰਜੀਵਨ ਬੋਲਦਾਂ।" "ਸੰਜੀਵਨ ਮੈਂ ਜਰਨੈਲ ਬੋਲਦਾਂ।" ਸਤਿ ਸ੍ਰੀ ਅਕਾਲ ਜਰਨੈਲ ਭਾਅ ਜੀ, ਕੀ ਹਾਲ-ਚਾਲ, ਸਰੀ ਆਲ੍ਹੇ ਮਿੱਤਰਾਂ ਦਾ ਕੀ ਹਾਲ ਐ?" ਮੈਂ ਕਿਹਾ। "ਮੈਂ ਚੜ੍ਹਦੀ ਕਲਾ 'ਚ ਆਂ, ਸਰੀ ਆਲੇ ਦੋਸਤ ਵੀ ਠੀਕ-ਠਾਕ ਨੇ।" ਜਰਨੈਲ ਹੁਰਾਂ ਨੇ ਕਿਹਾ। "ਇੰਡੀਆ ਕਦ ਆ ਰਹੇ ਓ ਭਾਅ ਜੀ?" ਜਰਨੈਲ ਭਾਅ ਜੀ ਨੇ ਕਿਹਾ, "ਮੈਂ ਆਇਆਂ ਹੋਇਆਂ ਤੇਰੇ ਸ਼ਹਿਰ।" ਵਾਹ ਜੀ ਵਾਹ ਜਰਨੈਲ ਭਾਅ ਜੀ, ਕਮਾਲਾਂ ਹੋਗੀਆਂ, ਕਦ ਮਿਲੀਏ।" ਜਰਨੈਲ ਹੋਰਾਂ ਕਿਹਾ, "ਥਕਾਵਟ ਲਾਹ ਲਵਾਂ ਦੋ-ਚਾਰ ਦਿਨ, ਤੈਨੂੰ ਪਤੈ ਈ, ਥਕਾ ਦਿੰਦੈ ਪੱਚੀ-ਤੀਹ ਘੰਟਿਆਂ ਦਾ ਸਫ਼ਰ, ਯਾਰਾਂ-ਦੋਸਤਾਂ ਨੂੰ ਮਿਲਦੈ ਆਂ, ਹਫਤੇ ਕੁ ਬਾਅਦ।"

ਮੈਂ ਦਸ ਕੁ ਦਿਨ ਬਾਅਦ ਦੁਬਾਰਾ ਫ਼ੋਨ ਕੀਤਾ। ਜਰਨੈਲ ਭਾਅ ਜੀ ਨੇ ਕਿਹਾ, ਯਾਰ ਤਬੀਅਤ ਥੋੜ੍ਹੀ ਖ਼ਰਾਬ ਹੋ ਗਈ। ਠੀਕ ਹੋ ਲਵਾਂ ਫੇਰ ਮਿਲਦੇ ਆਂ।" ਕੋਈ ਨ੍ਹੀਂ ਭਾਅ ਜੀ, ਤੁਸੀਂ ਆਪਣੀ ਸਿਹਤ ਦਾ ਖ਼ਿਆਲ ਰੱਖੋ, ਮੈਂ ਇਕ-ਦੋ ਲੇਖਕ ਸੰਸਥਾਵਾਂ ਨਾਲ ਤੁਹਾਡੇ ਨਾਲ ਰੂ-ਬ-ਰੂ ਅਤੇ ਕੁੱਝ ਚੈਨਲਾਂ ਨਾਲ ਤੁਹਾਡੀ ਇੰਟਰਵਿਊ ਦੀ ਗੱਲ ਕੀਤੀ ਐ, ਕੋਈ ਨ੍ਹੀਂ, ਤੁਸੀਂ ਸਿਹਤਯਾਬ ਹੋਵੋ ਆਪਾਂ ਮਿਲਦੇ ਆਂ।

ਜਨਵਰੀ ਦੇ ਅੱਧ ਤੋਂ ਬਾਅਦ ਮੈਂ ਜਰਨੈਲ ਭਾਅ ਜੀ ਨੂੰ ਕਈ ਫ਼ੋਨ ਕੀਤੇ, ਕੋਈ ਜਵਾਬ ਨ੍ਹੀਂ, ਆਵਾਜ਼ ਸੁਨੇਹੇ ਵੀ ਭੇਜੇ, ਕੋਈ ਉੱਤਰ ਨ੍ਹੀਂ। ਮੈਂ ਸੋਚਿਆ ਸ਼ਾਇਦ ਭਾਅ ਜੀ ਕਿਤੇ ਘੁੰਮਣ ਫਿਰਨ ਚਲੇ ਗਏ ਹੋਣਗੇ। ਕਈ ਦਿਨਾਂ ਬਾਅਦ ਦੋ ਫਰਵਰੀ ਨੂੰ ਮੇਰੇ ਵੱਲੋਂ ਭੇਜੇ ਇਕ ਅਵਾਜ਼ ਸੁਨੇਹੇ ਦਾ ਦੋ ਹਰਫ਼ੀ ਜਵਾਬ ਆਇਆ, "ਬਿਮਾਰ ਆਂ।" ਮੈਂ ਤੁਰੰਤ ਉਨ੍ਹਾਂ ਦੇ ਘਰ ਗਿਆਂ, ਘੰਟੀ ਮਾਰ, ਉਨ੍ਹਾਂ ਦੇ ਪਤਨੀ ਆਏ, "ਹਾਂਅ ਜੀ, ਕਿਸ ਨੂੰ ਮਿਲਣਾ ਐ।" ਮੈਂ ਕਿਹਾ, "ਮੈਂ ਜਰਨੈਲ ਭਾਅ ਜੀ ਨੂੰ ਮਿਲਣਾ ਐ ।" ਜਰਨੈਲ ਭਾਅ ਜੀ ਦੀ ਪਤਨੀ ਨੇ ਕਿਹਾ, "ਤੁਸੀਂ ਕੌਣ, ਕਿੱਥੋਂ ਆਏ ਓ।" ਮੈਂ ਕਿਹਾ, "ਮੈਂ ਸੰਜੀਵਨ ਆਂ ਭੈਣ ਜੀ, ਮੁਹਾਲੀ ਤੋਂ ਆਂ, ਮੈਂ ਜਦ ਜਦ ਵੀ ਕੈਨੇਡਾ ਆਉਨਾਂ ਜਰਨੈਲ ਭਾਅ ਜੀ ਅਤੇ ਗੁਰਦੀਪ ਭੁੱਲਰ ਹੋਰੀਂ ਮੇਰਾ ਖ਼ਿਆਲ ਰੱਖਦੇ ਨੇ।" "ਆ ਜੋ।" ਮੈਂ ਪੁੱਛਿਆ, "ਕਿਵੇਂ ਸਿਹਤ ਐ, ਹੁਣ ਜਰਨੈਲ ਭਾਅ ਜੀ ਦੀ।" "ਠੀਕ ਨ੍ਹੀਂ ਬਹੁਤੀ।"

ਜਰਨੈਲ ਭਾਅ ਜੀ ਮੰਜੇ 'ਤੇ ਪਏ ਸਨ। ਪੀਲਾ ਚਿਹਰਾ, ਬਦਰੰਗ ਚਮੜੀ, ਜਰਨੈਲ ਹੁਰਾਂ ਮੇਰੇ ਵੱਲ ਹੱਥ ਵਧਾਇਆ ਅਤੇ ਬੈਠਣ ਦਾ ਇਸ਼ਾਰਾ ਕੀਤਾ। "ਕਿਵੇਂ ਤਬੀਅਤ ਐ ਭਾਅ ਜੀ।" ਮੈਂ ਹੱਥ ਮਿਲਾਉਂਦਿਆਂ ਕਿਹਾ, ਉਹ ਬੋਲ ਤਾਂ ਰਹੇ ਸਨ, ਪਰ ਆਵਾਜ਼ ਸੁਣਾਈ ਨਹੀਂ ਸੀ ਦੇ ਰਹੀ। ਉਨ੍ਹਾਂ ਦੇ ਮੂੰਹ ਦੇ ਬਹੁਤ ਨਜ਼ਦੀਕ ਜਾਅ, ਕੇ ਸਮਝ ਸਕੀ ਆਂ, ਉਨ੍ਹਾਂ ਦੁਬਾਰਾ ਧੀਮੀ ਅਵਾਜ਼ 'ਚ ਕਿਹਾ, "ਠੀਕ ਐ।" ਜਰਨੈਲ ਭਾਅ ਜੀ ਦੀ ਪਤਨੀ ਨੇ ਦੱਸਿਆ, "ਪੀਲੀਆ ਹੋ ਗਿਆ। ਖਾਂਦੇ ਬਹੁਤ ਘੱਟ ਨੇ, ਫੋਰਟਿਸ ਵੀ ਦਾਖ਼ਲ ਰਹੇ ਨੇ। ਕੁੱਝ ਦਿਨ ਪਹਿਲਾਂ ਈ ਫੋਰਟਿਸ ਆਲਿਆਂ ਛੁੱਟੀ ਦਿੱਤੀ ਐ। ਹੁਣ ਰੋਟੀਨ ਚੈਕਅੱਪ ਲਈ ਦੋ-ਤਿੰਨ ਦਿਨ ਬਾਅਦ ਬੁਲਾ ਲੈਂਦੇ ਨੇ। ਫ਼ਰਕ ਪੈ ਰਿਹਾ ਐ ਹੁਣ।"

ਮੈਂ ਕਿਹਾ, "ਪੀ.ਜੀ.ਆਈ. ਨ੍ਹੀਂ ਚੈੱਕ ਕਰਾਇਆ, ਉੱਥੇ ਕਰਵਾਓ ਚੈੱਕ, ਉਹ ਕਰਨਗੇ ਸਹੀ ਇਲਾਜ, ਪ੍ਰਾਈਵੇਟ ਹਸਪਤਾਲਾਂ ਥੋਨੂੰ ਪਤਾ ਈ।" ਪੀ.ਜੀ.ਆਈ. ਖੱਜਲ-ਖੁਆਰੀ ਬਹੁਤ ਐ ਭਾਅ ਜੀ, ਮੇਰੇ 'ਕੱਲੀ ਤੋਂ ਨ੍ਹੀ ਹੋਣਾ। "ਤੁਸੀਂ ਫਾਇਲ ਦਿਓ ਮੈਨੂੰ ਮੈਂ ਕਰਦਾ ਕੁਸ਼।" ਜਰਨੈਲ ਭਾਅ ਜੀ ਦੀ ਪਤਨੀ ਨੇ ਮੈਨੂੰ ਸਾਰੀ ਫਾਇਲ ਦੀ ਪੀ ਡੀ ਐੱਫ ਮੈਨੂੰ ਭੇਜ ਦਿੱਤੀ। ਅੱਗੋਂ ਮੈਂ ਪੀ.ਜੀ.ਆਈ. ਮੇਰੇ ਅਜ਼ੀਜ਼ ਮਿੱਤਰ ਨਾਟਕਾਂ ਅਤੇ ਫ਼ਿਲਮਾਂ ਦੇ ਮੰਝੇ ਹੋਏ



ਅਦਾਕਾਰ ਲਖਵਿੰਦਰ ਅਤੇ ਕਈ ਮੁੱਖ ਮੰਤਰੀਆਂ ਦੀ ਸਿਹਤ ਦਾ ਧਿਆਨ ਰੱਖ ਰਹੀ ਡਾਕਟਰਾਂ ਦੀ ਟੀਮ ਦੇ ਮੁਖੀ

ਡਾਕਟਰ ਜਸਵੰਤ ਸਿੰਘ ਨੂੰ ਰਿਪੋਰਟਾਂ ਭੇਜ ਦਿੱਤੀਆਂ। ਕੁੱਝ ਘੰਟਿਆਂ ਬਾਅਦ ਦੋਵਾਂ ਨੇ ਮਾਹਿਰ ਡਾਕਟਰਾਂ ਨੂੰ ਰਿਪੋਰਟਾਂ ਵਿਖਾਉਣ ਤੋਂ ਬਾਅਦ ਫੋਨ ਕਰਕੇ ਮੈਨੂੰ ਦੱਸਿਆ, "ਲੀਵਰ ਤਕਰੀਬਨ ਕੰਮ ਕਰਨਾ ਬੰਦ ਕਰ ਚੁੱਕਿਆ ਐ। ਲੀਵਰ ਬਦਲਣਾ ਪਊ, ਲੀਵਰ ਬਦਲਣ ਦੀ ਵਿਵਸਥਾ ਸਿਰਫ਼ ਦਿੱਲੀ ਦੇ ਵੇਦਾਂਤੇ ਹਸਪਤਾਲ 'ਚ ਐ। ਪੈਂਤੀ-ਚਾਲੀ ਲੱਖ ਦਾ ਖਰਚਾ ਐ।

ਫੋਰਟਿਸ ਤਿੰਨ-ਚਾਰ ਲੱਖ ਦਾ ਖਰਚਾ ਹੋਣ ਤੋਂ ਬਾਅਦ ਪੈਂਤੀ-ਚਾਲੀ ਲੱਖ ਵੇਦਾਂਤੇ ਦਾ ਖਰਚਾ ਚੰਗੇ ਖਾਂਦੇ-ਪੀਂਦੇ ਬੰਦੇ ਨੂੰ ਵੀ ਹਿਲਾ ਕੇ ਰੱਖ ਦਿੰਦਾ ਐ। ਮੈਂ ਕਿਹਾ, "ਭਾਅ ਜੀ ਖਰਚੇ ਦਾ ਕਰ ਲਵਾਂਗੇ ਸਰਕਾਰੀ ਪੱਧਰ 'ਤੇ ਬੰਦੋਬਸਤ, ਤੁਸੀਂ ਚਿੰਤਾ ਨਾ ਕਰੋ, ਤੁਹਾਡਾ ਚਿੱਤਰਕਾਰੀ ਦੇ ਖੇਤਰ 'ਚ ਜ਼ਿਕਰਯੋਗ ਕੰਮ ਐ। ਸਰਕਾਰਾਂ ਦਾ ਵੀ ਕੁੱਝ ਫਰਜ਼ ਬਣਦਾ ਐ।" ਮੈਂ ਬਿਮਾਰ ਹੋਣ ਦੀ ਖਬਰ ਲਵਾਉਣ ਬਾਰੇ ਪੁੱਛਿਆ, ਪਰ ਜਰਨੈਲ ਭਾਅ ਜੀ ਨੇ ਮਨ੍ਹਾਂ ਕਰ ਦਿੱਤਾ। ਆਮ ਤੌਰ 'ਤੇ ਕੋਈ ਮਾੜਾ-ਮੋਟਾ ਕਲਾਕਾਰ ਮਾੜਾ-ਮੋਟਾ ਬਿਮਾਰ ਵੀ ਹੋ ਜਾਵੇ, ਉਹ ਅਖ਼ਬਾਰਾਂ ਅਤੇ ਸੋਸ਼ਲ ਮੀਡੀਆ 'ਤੇ ਦੁਹਾਈ ਪਾ ਦਿੰਦਾ ਐ, ਪਰ ਸਿੱਖ ਇਤਿਹਾਸ ਅਤੇ ਸੱਭਿਆਚਾਰ ਦੇ ਚਤੇਰਾ ਚਿੱਤਰਕਾਰ ਜਰਨੈਲ ਸਿੰਘ...

ਜਰਨੈਲ ਭਾਅ ਜੀ, ਬਿਮਾਰੀ ਬਾਰੇ ਸਮਰਪਿਤ ਅਤੇ ਬੇਬਾਕ ਪੱਤਰਕਾਰ ਜਤਿੰਦਰ ਪੰਨੂ ਹੋਰਾਂ ਨਾਲ ਗੱਲ ਕੀਤੀ। ਉਨ੍ਹਾਂ ਪੰਜਾਬ ਸਰਕਾਰ ਤੋਂ ਇਲਾਜ ਕਰਵਾਉਣ ਲਈ ਮਦਦ ਲਈ ਭਗਵੰਤ ਮਾਨ ਨਾਲ ਸੰਪਰਕ ਕੀਤਾ। ਜਰਨੈਲ ਭਾਅ ਜੀ ਦੇ ਵਿਛੋੜੇ ਤੋਂ ਦੋ ਦਿਨ ਪਹਿਲਾਂ ਉਨ੍ਹਾ ਦੀ ਪਤਨੀ ਦਾ ਫੋਨ ਆਇਆ, ਉਨ੍ਹਾ ਕਿਹਾ, "ਭਾਅ ਜੀ ਇਹ ਦਾਖਲ ਨੇ ਚੰਡੀਗੜ੍ਹ ਸੈਕਟਰ 33 ਦੇ ਨਿੱਜੀ ਹਸਪਤਾਲ, ਸਾਹ ਲੈਣ ਦੀ ਤਕਲੀਫ਼ ਹੋ ਗਈ ਸੀ।" ਮੇਰੇ ਕੋਲ ਮੇਰਾ ਮਿੱਤਰ ਕੁਲਵਿੰਦਰ ਬਾਵਾ ਬੈਠਾ ਸੀ, ਉਸ ਨੇ ਪੁੱਛਿਆ ਕੀ ਹੋ ਗਿਆ? 'ਮੈਂ ਉਸ ਨੂੰ ਸਾਰੀ ਗੱਲ ਦੱਸੀ, ਉਹ ਜਰਨੈਲ਼ ਭਾਅ ਜੀ ਨੂੰ ਜਾਣਦਾ ਸੀ, ਉਹ ਖ਼ੁਦ ਵੀ ਇਸੇ ਬਿਮਾਰੀ ਤੋਂ ਪੀੜਤ ਹੈ। ਮੈਂ ਉਸ ਦੀ ਜਰਨੈਲ ਭਾਅ ਜੀ ਦੀ ਪਤਨੀ ਨਾਲ ਗੱਲ ਕਰਵਾਈ, ਉਹ ਭਾਅ ਜੀ ਨੂੰ ਹਸਪਤਾਲ ਮਿਲਣ ਵੀ ਗਿਆ, ਮੁਹਾਲੀ ਲੀਵਰ ਦੇ ਇਕ ਸਰਕਾਰੀ ਹਸਪਤਾਲ ਵਿਚ ਸੋਮਵਾਰ ਨੂੰ ਚੰਗੇ ਡਾਕਟਰਾਂ ਦੀ ਸਲਾਹ ਲੈਣ ਦਾ ਫੈਸਲਾ ਹੋ ਗਿਆ।

ਪਰ ਸੋਮਵਾਰ ਨੂੰ ਆਪਣੇ ਸੰਸਾਰ ਪ੍ਰਸਿੱਧ ਚਿੱਤਰਕਾਰ ਪਿਓ ਕਿਰਪਾਲ ਸਿੰਘ ਤੋਂ ਸਹਿਜ-ਸੁਭਾਅ ਚਿੱਤਰਕਾਰੀ ਦਾ ਗ੍ਰਹਿਣ ਕਰਨ ਵਾਲਾ ਚਿੱਤਰਕਾਰੀ ਦਾ ਜਰਨੈਲ, ਜਰਨੈਲ ਸਿੰਘ ਨਾ ਜਾਣ ਦੀ ਉਮਰੇ, ਆਪਣੇ ਪਰਵਾਰ, ਮਿੱਤਰਾਂ ਅਤੇ ਪ੍ਰਸੰਸਕਾਂ ਨੂੰ ਸਦਾ ਲਈ ਅਲਵਿਦਾ ਕਹਿ ਗਿਆ।

ਸਿੱਖ ਗੁਰੂਆਂ, ਸ਼ਹੀਦਾਂ ਅਤੇ ਇਤਿਹਾਸਕ ਘਟਨਾਵਾਂ ਅਤੇ ਅਮੀਰ ਪੰਜਾਬੀ ਸੱਭਿਆਚਾਰ ਦੇ ਪ੍ਰਸਿੱਧ ਚਿੱਤਰਕਾਰੀ ਦੇ ਚਤੇਰਾ ਪਿਛਲੇ ਕਈ ਦਹਾਕਿਆਂ ਤੋਂ ਕੈਨੇਡਾ ਦੇ ਸਰੀ ਸ਼ਹਿਰ ਵਿਚ ਰਹਿ ਰਹੇ ਜਰਨੈਲ ਸਿੰਘ ਦੇ ਪਿਤਾ ਨੇ ਸਿੱਖ ਇਤਿਹਾਸ ਅਤੇ ਸੱਭਿਆਚਾਰ ਨੂੰ ਚਿੱਤਰ-ਕਲਾ ਰਾਹੀਂ ਸੰਸਾਰ ਪੱਧਰ 'ਤੇ ਪਹੁੰਚਾਇਆ। ਉਨ੍ਹਾਂ ਦੇ ਕਈ ਪ੍ਰਸਿੱਧ ਚਿੱਤਰ ਕੇਂਦਰੀ ਸਿੱਖ ਅਜਾਇਬ ਘਰ ਸ੍ਰੀ ਦਰਬਾਰ, ਅੰਮ੍ਰਿਤਸਰ ਪ੍ਰਦਰਸ਼ਿਤ ਹਨ। ਦੋਵੇਂ ਪਿਓ-ਪੁੱਤਰ ਨੇ ਚਿੱਤਰਕਾਰੀ ਦੇ ਪਿੜ 'ਚ ਮਹੱਤਵਪੂਰਨ ਅਤੇ ਜ਼ਿਕਰਯੋਗ ਯੋਗਦਾਨ ਹੀ ਨਹੀਂ ਪਾਇਆ, ਜਰਨੈਲ ਭਾਅ ਜੀ ਦੀ ਪਤਨੀ ਬਲਜੀਤ ਕੌਰ ਪਨੇਸਰ ਅਤੇ ਧੀ ਨੀਤੀ ਸਿੰਘ ਪਨੇਸਰ ਵੀ ਆਪਣੀ ਚਿੱਤਰਕਾਰੀ ਦੀ ਵਿਰਾਸਤ ਨੂੰ ਬਾਖ਼ੂਬੀ ਅਗਾਂਹ ਤੋਰ ਰਹੀਆਂ ਹਨ। ਜਰਨੈਲ ਸਿੰਘ ਹੁਰਾਂ ਦੀ ਅੰਤਿਮ ਅਰਦਾਸ 19 ਫਰਵਰੀ ਬੁੱਧਵਾਰ ਨੂੰ ਗੁਰਦੁਆਰਾ ਸਿੰਘ ਸਭਾ ਸੈਕਟਰ 19-ਡੀ, ਚੰਡੀਗੜ੍ਹ ਵਿਖੇ ਬਾਅਦ ਦੁਪਹਿਰ 12 ਵਜੇ ਤੋਂ 1 ਵਜੇ ਤੱਕ ਹੋਵੇਗੀ।

# ਸੰਪਰਕ : 94174-69656

CMYK

# ਐੱਨ ਆਰ ਆਈ ਜੋੜੇ ਨਾਲ ਲੁੱਟ ਦੀ ਵਾਰਦਾਤ ਨਿਕਲੀ ਝੂਠੀ!

**ਮਦਦ ਲਈ ਰੁਕੇ ਕਬੱਡੀ ਖਿਡਾਰੀਆਂ 'ਤੇ ਹੀ ਲਾ ਦਿੱਤਾ ਸੀ ਲੁੱਟ ਦਾ ਇਲਜ਼ਾਮ**



**ਬਠਿੰਡਾ (ਪਰਵਿੰਦਰਜੀਤ ਸਿੰਘ)**-16 ਤੇ 17 ਫਰਵਰੀ ਦੀ ਦਰਮਿਆਨੀ ਰਾਤ ਨੂੰ ਐੱਨ ਆਰ ਆਈ ਜੋੜੇ ਨਾਲ ਹੋਈ ਲੁੱਟ ਦੀ ਵਾਰਦਾਤ ਵਿੱਚ ਅਹਿਮ ਤੇ ਨਵਾਂ ਮੋੜ ਆ ਗਿਆ ਹੈ।ਜੋੜੇ ਨਾਲ ਲੁੱਟ ਦੀ ਇਹ ਵਾਰਦਾਤ ਝੂਠੀ ਨਿਕਲੀ ਹੈ।ਆਸਟਰੇਲੀਆ ਤੋਂ ਆਏ ਐੱਨ ਆਰ ਆਈ ਜੋੜੇ ਨੇ ਖੁਦ ਹੀ ਲੁੱਟ ਦੀ ਝੂਠੀ ਕਹਾਣੀ ਘੜੀ ਸੀ।ਹਾਲਾਂ ਕਿ ਲੁੱਟ ਦੀ ਕੋਈ ਘਟਨਾ ਨਹੀਂ ਵਾਪਰੀ।ਐੱਨ ਆਰ ਆਈ ਜੋੜੇ ਨੇ ਮਦਦ ਲਈ ਰੁਕੇ ਕਬੱਡੀ ਖਿਡਾਰੀਆਂ ਉੱਪਰ ਹੀ ਲੁੱਟ ਦਾ ਇਲਜ਼ਾਮ ਲਗਾ ਦਿੱਤਾ।ਬਠਿੰਡਾ ਪੁਲਸ ਲਈ ਚੁਣੌਤੀ ਬਣੀ ਇਹ ਵਾਰਦਾਤ ਲੋਕਾਂ ਵਿੱਚ ਚਰਚਾ ਦਾ ਵਿਸ਼ਾ ਬਣੀ ਹੋਈ ਸੀ।ਪੁਲਸ ਨੇ ਸਖ਼ਤ ਮਿਹਨਤ ਤੇ ਤੇਜ਼ੀ ਨਾਲ ਜਾਂਚ ਕਰਦਿਆਂ ਲੁੱਟ ਦੀ ਇਸ ਗੁੱਥੀ ਨੂੰ ਸੁਲਝਾ ਲਿਆ।ਐੱਸ ਐੱਸ ਪੀ ਬਠਿੰਡਾ ਅਮਨੀਤ ਕੌਂਡਲ ਨੇ ਪ੍ਰੈੱਸ ਕਾਨਫਰੰਸ ਦੌਰਾਨ ਦੱਸਿਆ ਕਿ ਪੁਲਸ ਨੂੰ ਇਤਲਾਹ ਮਿਲੀ ਸੀ ਕਿ 16 ਤੇ 17 ਫਰਵਰੀ ਦੀ ਦਰਮਿਆਨੀ ਰਾਤ ਨੂੰ ਕੁਝ ਨੌਜਵਾਨ ਇੱਕ ਨੋਵਾ ਸਵਾਰ ਪਰਵਾਰ ਨਾਲ ਲੁੱਟ ਕਰਕੇ ਗਏ ਹਨ।ਉਨ੍ਹਾਂ ਦੱਸਿਆ ਕਿ ਇਸ ਤੋਂ ਬਾਅਦ ਥਾਣਾ ਨੇਹੀਆਂਵਾਲਾ ਦੇ ਐੱਸ ਐੱਚ ਓ ਘਟਨਾ ਸਥਾਨ 'ਤੇ ਪੁੱਜੇ, ਜਿੱਥੇ ਉਨ੍ਹਾਂ ਨੂੰ ਆਸਟਰੇਲੀਆ ਤੋਂ ਆਏ ਰਜਿੰਦਰ ਕੌਰ ਉਰਫ ਸੋਨੀਆ ਤੇ ਉਸ ਦਾ ਪਤੀ ਸਾਹਿਲ ਸਿੰਘ ਮਿਲੇ, ਜਿਨ੍ਹਾਂ ਨੇ ਦੱਸਿਆ ਕਿ ਉਹ ਪਿੰਡ ਕੋਠੇ ਨੱਥਾ ਸਿੰਘ ਵਾਲਾ ਤੋਂ ਇੱਕ ਵਿਆਹ ਸਮਾਗਮ ਵਿੱਚ ਸ਼ਾਮਲ ਹੋ ਕੇ ਵਾਪਸ ਆਪਣੇ ਪਿੰਡ ਚੱਕ ਬਖਤੂ ਵੱਲ ਜਾ ਰਹੇ ਸਨ ਕਿ ਜਦੋਂ ਉਹ ਜੈਤੋ ਬਾਈਪਾਸ ਸੂਏ ਦੇ ਪੁਲ ਨੇੜੇ ਗੋਨਿਆਣਾ ਵਿਖੇ ਪੁੱਜੇ ਤਾਂ ਉਨ੍ਹਾਂ ਦੇ ਬੱਚੇ ਨੂੰ ਉਲਟੀ ਆਉਣ ਕਾਰਨ ਸੜਕ ਕਿਨਾਰੇ ਉਨ੍ਹਾਂ ਗੱਡੀ ਰੋਕ ਲਈ।ਰਜਿੰਦਰ ਕੌਰ ਨੇ ਪੁਲਸ ਨੂੰ ਦੱਸਿਆ ਸੀ ਕਿ ਜਦੋਂ ਉਹ ਗੱਡੀ ਵਿੱਚੋਂ ਨਿਕਲ ਕੇ ਆਪਣੇ ਬੱਚੇ ਨੂੰ ਉਲਟੀ ਕਰਵਾ ਰਹੀ ਸੀ ਤਾਂ ਪਿੱਛੋਂ ਇੱਕ ਆਰਟੀਗਾ ਗੱਡੀ ਆਈ, ਜਿਸ ਵਿੱਚ ਸੱਤ-ਅੱਠ ਨੌਜਵਾਨ ਸਵਾਰ ਸਨ।ਉਸ ਨੇ ਪੁਲਸ ਨੂੰ ਦੱਸਿਆ ਸੀ ਕਿ ਉਕਤ ਹਥਿਆਰਬੰਦ ਨੌਜਵਾਨਾਂ ਨੇ ਉਸ ਦੀ ਕੰਨ-ਪਟੀ ਉੱਪਰ ਪਿਸਤੌਲ ਲਗਾ ਲਿਆ ਤੇ ਸਾਰੇ ਗਹਿਣੇ ਗੱਟੇ ਦੇਣ ਲਈ ਕਿਹਾ।ਐੱਸ ਐੱਸ ਪੀ ਨੇ ਦੱਸਿਆ ਕਿ ਰਜਿੰਦਰ ਕੌਰ ਨੇ ਕਿਹਾ ਕਿ ਉਸ ਦੇ ਹੱਥਾਂ ਵਿੱਚ 28 ਤੋਲੇ ਸੋਨੇ ਦੀਆਂ ਚੂੜੀਆਂ, 9 ਤੋਲੇ ਸੋਨੇ ਦਾ ਰਾਣੀਹਾਰ ਤੇ ਉਸ ਦੇ ਪਤੀ ਸਾਹਿਲ ਦੇ ਹੱਥ ਵਿੱਚ ਪਾਇਆ 2 ਤੋਲੇ ਸੋਨੇ ਦਾ ਬ੍ਰੈਸਲਟ ਜ਼ਬਰਦਸਤੀ ਖੋਹ ਕੇ ਲੈ ਗਏ।ਐੱਸ ਐੱਸ ਪੀ ਨੇ ਦੱਸਿਆ ਕਿ ਐੱਨ ਆਰ ਆਈ ਜੋੜੇ ਨੇ ਦਾਅਵਾ ਕੀਤਾ ਸੀ ਕਿ ਲੁਟੇਰਿਆਂ ਨੇ ਉਨ੍ਹਾਂ ਕੋਲੋਂ ਕੋਲੇ ਕੁੱਲ 39 ਤੋਲੇ ਸੋਨਾ ਲੁੱਟ ਲਿਆ ਹੈ।ਐੱਨ ਆਰ ਆਈ ਜੋੜੇ ਨੇ ਕਾਰ ਵਿੱਚ ਭੱਜ ਰਹੇ ਕੁਝ ਲੋਕਾਂ ਦੀ ਵੀਡੀਓ ਵੀ ਪੁਲਸ ਨੂੰ ਸੌਂਪੀ, ਜਿਸ ਤੋਂ ਪੁਲਸ ਨੇ ਆਰਟੀਗਾ ਗੱਡੀ ਦਾ ਨੰਬਰ ਟਰੇਸ ਕਰ ਲਿਆ।

ਐੱਸ ਐੱਸ ਪੀ ਨੇ ਦੱਸਿਆ ਕਿ ਪੁਲਸ ਨੇ ਆਰਟੀਗਾ ਗੱਡੀ ਦੇ ਚਾਲਕ ਮਦਨ ਲਾਲ ਪੁੱਤਰ ਹਰੀ ਰਾਮ ਵਾਸੀ ਖੂਹੀ ਖੇੜਾ ਜ਼ਿਲ੍ਹਾ ਫਾਜ਼ਿਲਕਾ ਨੂੰ ਹਿਰਾਸਤ ਵਿੱਚ ਲੈ ਕੇ ਪੁੱਛ-ਗਿੱਛ ਕੀਤੀ ਤਾਂ ਉਸ ਨੇ ਦੱਸਿਆ ਕਿ ਉਸ ਦਿਨ ਉਸ ਦੀ ਕਾਰ ਵਿੱਚ ਵਾਲੀਬਾਲ ਦੇ ਖਿਡਾਰੀ ਸੁਰੇਸ਼ ਕੁਮਾਰ, ਸੰਦੀਪ ਕੁਮਾਰ, ਸੰਦੀਪ ਕੁਮਾਰ, ਪੰਕਜ ਕੁਮਾਰ, ਵਿਜੇਪਾਲ, ਪਵਨ ਕੁਮਾਰ, ਵਿਨੋਦ ਕੁਮਾਰ ਤੇ ਸਚਿਨ ਵਾਸੀ ਸਤੀਰਵਾਲਾ ਜ਼ਿਲ੍ਹਾ ਫਾਜ਼ਿਲਕਾ ਸਵਾਰ ਸਨ।ਉਨ੍ਹਾਂ ਦੱਸਿਆ ਕਿ ਉਕਤ ਪਤੀ-ਪਤਨੀ ਸੜਕ ਕਿਨਾਰੇ ਲੜ ਰਹੇ ਸਨ ਤੇ ਉਕਤ ਕਬੱਡੀ ਖਿਡਾਰੀ ਮਹਿਲਾ ਦੀ ਮਦਦ ਕਰਨ ਲਈ ਕਾਰ ਰੋਕ ਕੇ ਉਨ੍ਹਾਂ ਕੋਲ ਆਏ ਸਨ।ਐੱਸ ਐੱਸ ਪੀ ਨੇ ਦੱਸਿਆ ਕਿ ਐੱਨ ਆਰ ਆਈ ਜੋੜੇ ਨੇ ਮਦਦ ਕਰਨ ਲਈ ਰੁਕੇ ਵਾਲੀਬਾਲ ਖਿਡਾਰੀਆਂ ਉੱਪਰ ਹੀ ਲੁੱਟ-ਖੋਹ ਦਾ ਦੋਸ਼ ਲਗਾ ਦਿੱਤਾ ਤੇ ਮਨਘੜਤ ਕਹਾਣੀ ਬਣਾ ਕੇ ਪੁਲਸ ਨੂੰ ਇਤਲਾਹ ਦੇ ਦਿੱਤੀ।

ਉਨ੍ਹਾਂ ਦੱਸਿਆ ਕਿ ਪੁਲਸ ਨੇ ਐੱਨ ਆਰ ਆਈ ਜੋੜੇ ਦੀ ਸ਼ਿਕਾਇਤ ਤੋਂ ਬਾਅਦ ਅਣਪਛਾਤੇ ਲੁਟੇਰਿਆਂ ਖ਼ਿਲਾਫ ਕੇਸ ਦਰਜ ਕੀਤਾ ਸੀ, ਪਰ ਹੁਣ ਲੁੱਟ ਦੀ ਕਹਾਣੀ ਝੂਠੀ ਨਿਕਲਣ ਤੋਂ ਬਾਅਦ ਆਸਟਰੇਲੀਆ ਨਿਵਾਸੀ ਰਜਿੰਦਰ ਕੌਰ ਤੇ ਉਸ ਦੇ ਪਤੀ ਸਾਹਿਲ ਸਿੰਘ ਖਿਲਾਫ ਪੁਲਸ ਨੂੰ ਝੂਠੀ ਇਤਲਾਹ ਦੇਣ ਦਾ ਕੇਸ ਦਰਜ ਕੀਤਾ ਗਿਆ ਹੈ।ਐੱਸ ਐੱਸ ਪੀ ਨੇ ਲੋਕਾਂ ਨੂੰ ਕਿਹਾ ਕਿ ਉਹ ਪੁਲਸ ਕੋਲ ਸੱਚੀ ਇਤਲਾਹ ਹੀ ਦੇਣ, ਜੇਕਰ ਕਿਸੇ ਨੇ ਪੁਲਸ ਨੂੰ ਝੂਠੀ ਇਤਲਾਹ ਤੇ ਸ਼ਿਕਾਇਤ ਦਿੱਤੀ ਤਾਂ ਉਸ ਖਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਮੁਨਾਫੇ ਦੀ ਹਵਸ 'ਚ ਬੱਸਾਂ ਦੀ ਤੇਜ਼ ਰਫਤਾਰ ਹੈ ਸੜਕ ਹਾਦਸਿਆਂ ਦਾ ਮੁੱਖ ਕਾਰਨ : ਸੀ ਪੀ ਆਈ



**ਫਰੀਦਕੋਟ (ਗੁਰਪ੍ਰੀਤ ਸਿੰਘ ਬੇਦੀ, ਐਲਿਗਜੈਂਡਰ ਡਿਸੂਜਾ)**-ਫਰੀਦਕੋਟ ਵਿਖੇ ਮੰਗਲਵਾਰ ਸਵੇਰੇ ਅਬੋਹਰ ਤੋਂ ਸ੍ਰੀ ਅੰਮ੍ਰਿਤਸਰ ਜਾ ਰਹੀ ਤੇਜ਼ ਰਫਤਾਰ ਨਿਊ ਦੀਪ ਕੰਪਨੀ ਦੀ ਪ੍ਰਾਈਵੇਟ ਬੱਸ ਦੇ ਸੇਮ ਨਾਲੇ ਵਿੱਚ ਡਿੱਗਣ ਕਰਕੇ ਪੰਜ ਬੇਸ਼ਕੀਮਤੀ ਮਨੁੱਖੀ ਜਾਨਾਂ ਦੇ ਨੁਕਸਾਨ 'ਤੇ ਭਾਰਤੀ ਕਮਿਊਨਿਸਟ ਪਾਰਟੀ ਜ਼ਿਲ੍ਹਾ ਫਰੀਦਕੋਟ ਵੱਲੋਂ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ।ਪਾਰਟੀ ਦੇ ਜ਼ਿਲ੍ਹਾ ਸੈਕਟਰੀ ਅਸ਼ੋਕ ਕੌਸ਼ਲ, ਮੀਤ ਸਕੱਤਰ ਕਾਮਰੇਡ ਗੁਰਨਾਮ ਸਿੰਘ ਸਰਪੰਚ, ਨਰੇਗਾ ਮਜ਼ਦੂਰ ਆਗੂ ਕਾਮਰੇਡ ਗੋਰਾ ਪਿਪਲੀ ਤੇ ਕੈਸ਼ੀਅਰ ਗੁਰਚਰਨ ਸਿੰਘ ਮਾਨ ਨੇ ਘਟਨਾ ਸਥਾਨ ਤੇ ਮੈਡੀਕਲ ਕਾਲਜ ਦਾ ਦੌਰਾ ਕਰਨ ਬਾਅਦ ਦੱਸਿਆ ਕਿ ਇਸ ਹਾਦਸੇ ਵਿੱਚ ਪੰਜ ਪਰਵਾਰਾਂ ਨੇ ਆਪਣੇ ਪਿਆਰੇ ਜੀਅ ਹਮੇਸ਼ਾ ਲਈ ਗੁਆ ਲਏ ਹਨ ਅਤੇ ਗੰਭੀਰ ਜ਼ਖਮੀਆਂ ਵਿੱਚੋਂ ਕੁਝ ਦੇ ਹਮੇਸ਼ਾ ਲਈ ਅਪਾਹਜ ਹੋਣ ਦੀ ਸ਼ੰਕਾ ਹੈ।ਉਨ੍ਹਾ ਕਿਹਾ ਕਿ ਇਸ ਗੱਲ ਦੀ ਪੂਰੀ ਸੰਭਾਵਨਾ ਹੈ ਕਿ ਕੰਪਨੀ ਦਾ ਮਾਲਿਕ ਪੰਜਾਬ ਦੀ ਹਾਕਮ ਪਾਰਟੀ ਨਾਲ ਸਬੰਧਤ ਹੋਣ ਕਰਕੇ ਹਾਦਸੇ ਦੇ ਸਹੀ ਕਾਰਨਾਂ 'ਤੇ ਮਿੱਟੀ ਪਾ ਦਿੱਤੀ ਜਾਵੇਗੀ, ਜਦਕਿ ਸਭ ਲੋਕ ਜਾਣਦੇ ਹਨ ਕਿ ਇਸ ਕੰਪਨੀ ਵੱਲੋਂ ਸਵਾਰੀਆਂ ਚੁੱਕਣ ਤੇ ਮੁਨਾਫਾ ਕਮਾਉਣ ਦੀ ਹਵਸ ਤਹਿਤ ਆਏ ਦਿਨ ਲੋਕਾਂ ਦੀਆਂ ਜਾਨਾਂ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ।ਪੀ ਆਰ ਟੀ ਸੀ ਰਿਟਾਇਰ ਭਾਈਚਾਰਾ ਯੂਨੀਅਨ ਏਟਕ ਦੇ ਪ੍ਰਧਾਨ ਸੁਖਚਰਨ ਸਿੰਘ, ਗੁਰਦੀਪ ਭੋਲ਼ਾ ਤੇ ਸੁਖਦੇਵ ਸਿੰਘ ਮੱਲੀ ਨੇ ਕਿਹਾ ਕਿ ਸਰਕਾਰ ਵੱਲੋਂ ਸਹੀ ਟਰਾਂਸਪੋਰਟ ਨੀਤੀ ਅਮਲ ਵਿੱਚ ਨਾ ਲਿਆਉਣ ਕਾਰਨ ਨਿੱਜੀ ਬੱਸ ਮਾਲਕਾਂ ਵੱਲੋਂ ਨਾ ਸਿਰਫ ਵਰਕਰਾਂ ਦਾ ਸ਼ੋਸ਼ਣ ਕੀਤਾ ਜਾ ਰਿਹਾ ਹੈ, ਸਗੋਂ ਸਵਾਰੀਆਂ ਦੀਆਂ ਕੀਮਤੀ ਜਾਨਾਂ ਨਾਲ ਵੀ ਖਿਲਵਾੜ ਕੀਤਾ ਜਾ ਰਿਹਾ ਹੈ।ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਹਾਦਸੇ ਵਿੱਚ ਜਾਨ ਗੁਆਉਣ ਵਾਲੇ ਮੁਸਾਫਰਾਂ ਦੇ ਪਰਵਾਰਾਂ ਨੂੰ ਘੱਟ ਤੋਂ ਘੱਟ 10 ਲੱਖ ਰੁਪਏ, ਜ਼ਖਮੀਆਂ ਨੂੰ ਪੰਜ ਲੱਖ ਰੁਪਏ ਮੁਆਵਜ਼ਾ ਦਿੱਤਾ ਜਾਵੇ ਅਤੇ ਘਟਨਾ ਦੀ ਉੱਚ ਪੱਧਰੀ ਜਾਂਚ ਕਰਕੇ ਠੋਸ ਟਰਾਂਸਪੋਰਟ ਨੀਤੀ ਅਮਲ ਵਿੱਚ ਲਿਆਂਦੀ ਜਾਵੇ ਤਾਂ ਜੋ ਨਿੱਤ ਦਿਹਾੜੇ ਮਨੁੱਖੀ ਜਾਨਾਂ ਦੇ ਹੋ ਰਹੇ ਨੁਕਸਾਨ ਨੂੰ ਰੋਕਿਆ ਜਾ ਸਕੇ।

# ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਤ ਰੈਲੀ 22 ਨੂੰ : ਸਮਾਓਂ

**ਮਾਨਸਾ (ਆਤਮਾ ਸਿੰਘ ਪਮਾਰ)**-ਅਜ਼ਾਦ ਸਮਾਜ ਪਾਰਟੀ ਤੇ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਵੱਲੋਂ ਸ਼ਹੀਦ ਭਗਤ ਸਿੰਘ, ਰਾਜ ਗੁਰੂ ਤੇ ਸੁਖਦੇਵ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਤ ਮਾਨਸਾ ਵਿਖੇ ਇੰਨਕਲਾਬ ਰੈਲੀ ਕੀਤੀ ਜਾਵੇਗੀ, ਜਿਸ ਨੂੰ ਸੰਬੋਧਨ ਕਰਨ ਲਈ ਆਜ਼ਾਦ ਸਮਾਜ ਪਾਰਟੀ ਕਾਂਸ਼ੀ ਰਾਮ ਦੇ ਕੌਮੀ ਪ੍ਰਧਾਨ ਤੇ ਸੰਸਦ ਚੰਦਰਸ਼ੇਖਰ ਆਜ਼ਾਦ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਨਗੇ।ਇਹ ਫੈਸਲਾ ਇਥੇ ਮਾਲਵਾ ਜ਼ੋਨ ਦੇ ਮਜ਼ਦੂਰ ਆਗੂਆਂ ਦੀ ਇੱਕ ਜਨਰਲ ਮੀਟਿੰਗ ਦੌਰਾਨ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਆਜ਼ਾਦ ਸਮਾਜ ਪਾਰਟੀ ਦੇ ਸੂਬਾ ਕਮੇਟੀ ਮੈਂਬਰ ਤੇ ਮਜ਼ਦੂਰ ਮੁਕਤੀ ਮੋਰਚਾ ਆਜ਼ਾਦ ਪੰਜਾਬ ਦੇ ਸੂਬਾ ਪ੍ਰਧਾਨ ਭਗਵੰਤ ਸਿੰਘ ਸਮਾਓਂ ਨੇ ਕਿਹਾ ਕਿ ਭਾਜਪਾ ਮੋਦੀ ਸਰਕਾਰ ਦੀਆਂ ਕਾਰਪੋਰੇਟ ਕੰਪਨੀਆਂ ਪੱਖੀ ਨੀਤੀਆਂ ਕਾਰਨ ਦੇਸ਼ ਅੰਦਰ ਜਿੱਥੇ ਬੇਰੁਜ਼ਗਾਰੀ, ਮਹਿੰਗਾਈ ਦੇ ਚਲਦਿਆਂ ਆਮ ਲੋਕਾਂ ਦਾ ਜਿਊਣਾ ਦੁੱਭਰ ਹੋ ਰਿਹਾ ਹੈ, ਉੱਥੇ ਧਾਰਮਿਕ ਘੱਟ ਗਿਣਤੀ ਲੋਕਾਂ ਤੇ ਦਲਿਤਾਂ ਉੱਪਰ ਅੱਤਿਆਚਾਰ ਵੀ ਲਗਾਤਾਰ ਵੱਧ ਰਹੇ ਹਨ।ਉਨ੍ਹਾਂ ਕਿਹਾ ਕਿ ਸਭ ਦਾ ਸਾਥ ਤੇ ਸਭ ਦਾ ਵਿਕਾਸ ਦੇ ਨਾਅਰੇ ਲਾਉਣ ਵਾਲੇ ਪ੍ਰਧਾਨ ਮੰਤਰੀ ਮੋਦੀ ਨੇ ਆਪਣੇ 10 ਸਾਲਾਂ ਦੇ ਰਾਜ ਦੌਰਾਨ ਸਿਰਫ਼ ਆਪਣੇ ਚੰਦ ਸਰਮਾਏਦਾਰ ਮਿੱਤਰਾਂ ਦਾ ਹੀ ਵਿਕਾਸ ਕੀਤਾ ਹੈ।ਉਨ੍ਹਾਂ ਕਿਹਾ ਕਿ ਕੇਂਦਰ ਤੇ ਸੂਬਾ ਸਰਕਾਰਾਂ ਕਾਰਪੋਰੇਟ ਘਰਾਣੇ ਚਲਾ ਰਹੇ ਹਨ।ਉਨ੍ਹਾਂ ਕਿਹਾ ਕਿ ਪੰਜਾਬ ਦੀ ਮਾਨ ਸਰਕਾਰ ਹਰ ਪੱਧਰ 'ਤੇ ਫੇਲ੍ਹ ਹੋ ਚੁੱਕੀ ਹੈ। ਪੰਜਾਬ ਅੰਦਰ ਭ੍ਰਿਸ਼ਟਾਚਾਰ, ਨਸ਼ਿਆਂ ਦਾ ਕਾਲਾ ਕਾਰੋਬਾਰ, ਗੁੰਡਾਗਰਦੀ, ਪਿਛਲੀਆਂ ਸਰਕਾਰਾਂ ਦੇ ਰਾਜ ਤੋਂ ਵੀ ਵੱਧ ਗਈਆਂ ਹਨ।ਉਨ੍ਹਾਂ ਕਿਹਾ ਕਿ ਭਾਜਪਾ ਮੋਦੀ ਸਰਕਾਰ ਤੋਂ ਭਾਰਤੀ ਸੰਵਿਧਾਨ ਨੂੰ ਸਭ ਤੋਂ ਵੱਡਾ ਖਤਰਾ ਹੈ।ਇਸ ਲਈ ਆਪਣੇ ਸੰਵਿਧਾਨਕ ਹੱਕਾਂ ਤੇ ਸੰਵਿਧਾਨ ਦੀ ਰਾਖੀ ਲਈ ਮਜ਼ਦੂਰ, ਕਿਸਾਨਾਂ, ਨੌਜਵਾਨਾਂ, ਛੋਟੇ ਕਾਰੋਬਾਰੀਆਂ ਇੱਕਜੁਟ ਹੋਣ ਦੀ ਲੋੜ ਹੈ।ਉਨ੍ਹਾਂ ਕਿਹਾ ਕਿ 22 ਮਾਰਚ ਦੀ ਮਾਨਸਾ ਇੰਨਕਲਾਬ ਰੈਲੀ ਦੀ ਸਫਲਤਾ ਲਈ ਪਿੰਡਾਂ, ਸ਼ਹਿਰਾਂ ਅੰਦਰ ਮੀਟਿੰਗਾਂ, ਰੈਲੀਆਂ ਕਰਕੇ ਲਾਮਬੰਦੀ ਕੀਤੀ ਜਾਵੇਗੀ।ਇਸ ਮੌਕੇ ਮਜ਼ਦੂਰ ਮੁਕਤੀ ਮੋਰਚਾ ਆਜ਼ਾਦ ਦੇ ਸੂਬਾ ਜਨਰਲ ਸਕੱਤਰ ਹਰਵਿੰਦਰ ਸੇਮਾ, ਮੱਖਣ ਸਿੰਘ ਰਾਮਗੜ੍ਹ, ਭੀਮ ਆਰਮੀ ਦੇ ਕੈਪਟਨ ਹਰਭਜਨ ਸਿੰਘ ਸੰਗਰੂਰ, ਰੋਹੀ ਸਿੰਘ ਗੋਬਿੰਦਗੜ੍ਹ, ਇੰਜੀਨੀਅਰ ਰਜਿੰਦਰ ਸਿੰਘ ਮੌੜ, ਨਿੱਕਾ ਸਿੰਘ ਬਹਾਦਰਪੁਰ, ਮਨਜੀਤ ਕੌਰ ਜੋਗਾ, ਬਲਜੀਤ ਕੌਰ ਸਿੱਖਾਂ ਵਾਲ਼ੀ, ਸ਼ਿੰਗਾਰਾ ਸਿੰਘ ਚੌਹਨਕੇ, ਗੁਰਜੰਟ ਸਿੰਘ ਢਿੱਲਵਾਂ ਮੌਜੂਦ ਸਨ।



## ਕਾਤਰਾਂ

### ਮਹਾਸ਼ਿਵਰਾਤਰੀ 26 ਨੂੰ

**ਦੋਰਾਹਾ (ਹਰਮਿੰਦਰ ਸੇਠ)**-ਸਥਾਨਕ ਸ਼ਹਿਰ ਦੇ ਸ੍ਰੀ ਸ਼ਿਵ ਦਿਆਲਾ ਮੰਦਰ (ਅੜੈਚਾਂ ਰੋਡ) ਵਿਖੇ ਹਰ ਸਾਲ ਦੀ ਤਰ੍ਹਾਂ ਮੰਦਰ ਕਮੇਟੀ ਵੱਲੋਂ ਸ਼ਹਿਰ ਨਿਵਾਸੀਆਂ ਦੇ ਸਹਿਯੋਗ ਨਾਲ ਮਹਾਸ਼ਿਵਰਾਤਰੀ ਦਾ ਤਿਉਹਾਰ 26 ਫਰਵਰੀ ਨੂੰ ਬਹੁਤ ਹੀ ਸ਼ਰਧਾ ਤੇ ਉਤਸ਼ਾਹ ਨਾਲ਼ ਮਨਾਇਆ ਜਾ ਰਿਹਾ ਹੈ, ਜਿਸ ਵਿੱਚ ਭੋਲੇ ਬਾਬਾ ਜੀ ਦੇ ਮੰਦਰ ਸਮੇਤ ਪੂਰੇ ਮੰਦਰ ਨੂੰ ਬਹੁਤ ਹੀ ਖ਼ੂਬਸੂਰਤ ਤਰੀਕੇ ਨਾਲ ਸਜਾਇਆ ਜਾਵੇਗਾ।ਇਸ ਤੋਂ ਬਾਅਦ 27 ਫਰਵਰੀ ਨੂੰ ਮੰਦਰ ਕਮੇਟੀ ਵੱਲੋਂ ਭੋਲੇ ਨਾਥ ਜੀ ਦਾ ਲੰਗਰ ਭੰਡਾਰਾ ਅਤੁੱਟ ਵਰਤੇਗਾ।

### ਹੈੱਡ ਗ੍ਰੰਥੀ ਭਾਈ ਸਤਪਾਲ ਸਿੰਘ ਨਮਿੱਤ ਭੋਗ ਅੱਜ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਗੁਰਦੁਆਰਾ ਸਾਹਿਬ ਪਿੰਡ ਕਲਾਲ ਮਾਜਰਾ ਦੇ ਹੈਡ ਗ੍ਰੰਥੀ ਭਾਈ ਸਤਪਾਲ ਸਿੰਘ ਬੀਤੇ ਦਿਨੀਂ ਅਕਾਲ ਚਲਾਣਾ ਕਰ ਗਏ ਹਨ।ਇਸ ਦੁਖਦਾਈ ਮੌਕੇ 'ਤੇ ਗੁਰਦੁਆਰਾ ਕਮੇਟੀ ਦੇ ਸਮੂਹ ਅਹੁਦੇਦਾਰਾਂ, ਨਗਰ ਪੰਚਾਇਤ, ਯੂਥ ਕਲੱਬਾਂ, ਵੱਖ-ਵੱਖ ਸੰਸਥਾਵਾਂ, ਮੁਹਤਬਰਾਂ, ਪ੍ਰੈੱਸ ਕਲੱਬ ਮਹਿਲ ਕਲਾਂ ਨੇ ਡੂੰਘੇ ਦੁੱਖ ਦਾ ਇਜ਼ਹਾਰ ਕਰਦਿਆਂ ਪੀੜਤ ਪਰਵਾਰ ਨੂੰ ਹਰ ਸੰਭਵ ਸਹਿਯੋਗ ਦੇਣ ਦਾ ਭਰੋਸਾ ਦਿਵਾਇਆ।ਹੈੱਡ ਗਰੰਥੀ ਭਾਈ ਸਤਪਾਲ ਸਿੰਘ ਨਮਿੱਤ ਪਾਠ ਦਾ ਭੋਗ, ਅੰਤਿਮ ਅਰਦਾਸ ਅੱਜ 19 ਫਰਵਰੀ ਬੁੱਧਵਾਰ ਨੂੰ ਇੱਕ ਵਜੇ ਗੁਰਦੁਆਰਾ ਸਾਹਿਬ ਪਿੰਡ ਕਲਾਲ ਮਾਜਰਾ (ਬਰਨਾਲਾ) 'ਚ ਹੋਵੇਗੀ।

### ਵਿਆਹੁਤਾ ਨੂੰ ਕੁੱਟਮਾਰ ਕਰਕੇ ਘਰੋਂ ਕੱਢਿਆ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਵਿਖੇ ਇੱਕ ਵਿਆਹੁਤਾ ਕੋਲੋਂ ਹੋਰ ਦਾਜ ਮੰਗਣ ਤੇ ਤੰਗ ਪ੍ਰੇਸ਼ਾਨ ਕਰਕੇ ਉਸ ਨੂੰ ਘਰੋਂ ਬਾਹਰ ਕੱਢਣ ਦੇ ਦੋਸ਼ ਵਿੱਚ ਥਾਣਾ ਵੂਮੈਨ ਫਿਰੋਜ਼ਪੁਰ ਪੁਲਸ ਨੇ ਵਿਆਹੁਤਾ ਦੇ ਪਤੀ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਦਰਸ਼ਨ ਸਿੰਘ ਨੇ ਦੱਸਿਆ ਕਿ ਦਰਖਾਸਤ ਨੰਬਰ 408041 ਰਾਹੀਂ ਕਮਲਜੀਤ ਕੌਰ ਪੁੱਤਰੀ ਬਲਵਿੰਦਰ ਸਿੰਘ ਵਾਸੀ ਮੁਹੱਲਾ ਰਾਮਗੜ੍ਹੀਆ ਜ਼ਿਲ੍ਹਾ ਫਰੀਦਕੋਟ ਨੇ ਦੱਸਿਆ ਕਿ ਉਸ ਦਾ ਵਿਆਹ ਸੰਦੀਪ ਸਿੰਘ ਪੁੱਤਰ ਕੁਲਦੀਪ ਸਿੰਘ ਵਾਸੀ ਪਿੰਡ ਕਮਾਲਗੜ੍ਹ ਜ਼ਿਲ੍ਹਾ ਫਿਰੋਜ਼ਪੁਰ ਨਾਲ 11-12 ਸਾਲ ਪਹਿਲਾਂ ਹੋਇਆ ਸੀ। ਵਿਆਹ ਸਮੇਂ ਉਸ ਦੇ ਮਾਤਾ-ਪਿਤਾ ਨੇ ਆਪਣੀ ਹੈਸੀਅਤ ਤੋਂ ਵੱਧ ਦਾਜ ਦਿੱਤਾ ਸੀ, ਪਰ ਮੁਲਜ਼ਮ ਇਸ ਤੋਂ ਖੁਸ਼ ਨਹੀਂ ਸੀ। ਵਿਆਹੁਤਾ ਕਮਲਜੀਤ ਕੌਰ ਨੇ ਦੱਸਿਆ ਕਿ ਦੋਸ਼ੀ ਜੋ ਉਸ ਨੂੰ ਘੱਟ ਦਾਜ ਲਿਆਉਣ ਕਰਕੇ ਤੰਗ ਪ੍ਰੇਸ਼ਾਨ ਕਰਨ ਲੱਗਾ ਤੇ ਹੋਰ ਦਾਜ ਦੀ ਮੰਗ ਕਰਦਾ ਸੀ। ਵਿਆਹੁਤਾ ਨੇ ਦੱਸਿਆ ਕਿ ਉਸ ਵੱਲੋਂ ਇਨਕਾਰ ਕਰਨ 'ਤੇ ਮੁਲਜ਼ਮ ਨੇ ਉਸ ਨੂੰ ਕੁੱਟਮਾਰ ਕਰਕੇ ਘਰੋਂ ਕੱਢ ਦਿੱਤਾ। ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਦਰਸ਼ਨ ਸਿੰਘ ਨੇ ਦੱਸਿਆ ਕਿ ਪੁਲਸ ਨੇ ਬਾਅਦ ਪੜਤਾਲ ਉਕਤ ਮੁਲਜ਼ਮ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

### ਪਲੇਸਮੈਂਟ ਕੈਂਪ ਭਲਕੇ

**ਮਾਨਸਾ (ਆਤਮਾ ਸਿੰਘ ਪਮਾਰ)**-ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ/ਮਾਡਲ ਕੈਰੀਅਰ ਸੈਂਟਰ ਮਾਨਸਾ ਵਿਖੇ 20 ਫਰਵਰੀ ਨੂੰ 'ਭਾਰਤ ਫਾਈਨੈਂਸ਼ੀਅਲ ਇਨਕਲੂਜ਼ਨ ਲਿਮਟਿਡ (ਇੰਡਸਇੰਡ ਬੈਂਕ)' ਵੱਲੋਂ ਕਸਟਮਰ ਰੀਟੈਂਸ਼ਨ ਅਫ਼ਸਰ, ਅਸਿਸਟੈਂਟ ਟਰੇਨੀ ਦੀ ਭਰਤੀ ਲਈ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ।ਜਾਣਕਾਰੀ ਦਿੰਦਿਆਂ ਜ਼ਿਲ੍ਹਾ ਰੋਜ਼ਗਾਰ ਉਤਪਤੀ ਹੁਨਰ ਵਿਕਾਸ ਤੇ ਸਿਖਲਾਈ ਅਫ਼ਸਰ, ਮਾਨਸਾ ਸ੍ਰੀ ਰਵਿੰਦਰ ਸਿੰਘ ਨੇ ਦੱਸਿਆ ਕਿ ਇਸ ਪਲੇਸਮੈਂਟ ਕੈਂਪ ਵਿੱਚ ਘੱਟੋ ਘੱਟ ਯੋਗਤਾ 12ਵੀਂ ਪਾਸ ਕੇਵਲ ਲੜਕੇ ਭਾਗ ਲੈ ਸਕਦੇ ਹਨ, ਜਿਨ੍ਹਾਂ ਦੀ ਉਮਰ ਸੀਮਾ 18 ਤੋਂ 32 ਸਾਲ ਤੱਕ ਹੋਣੀ ਚਾਹੀਦੀ ਹੈ।ਉਨ੍ਹਾਂ ਦੱਸਿਆ ਕਿ ਚੁਣੇ ਗਏ ਪ੍ਰਾਰਥੀਆਂ ਨੂੰ ਤਨਖਾਹ 14 ਹਜ਼ਾਰ ਰੁਪਏ ਤੋਂ 18 ਹਜ਼ਾਰ ਰੁਪਏ ਪ੍ਰਤੀ ਮਹੀਨਾ ਮਿਲਣਯੋਗ ਹੋਵੇਗੀ।ਪ੍ਰਾਰਥੀ ਸਰੀਰਕ ਤੌਰ 'ਤੇ ਫਿੱਟ ਹੋਣੇ ਚਾਹੀਦੇ ਹਨ।ਚਾਹਵਾਨ ਪ੍ਰਾਰਥੀ ਆਪਣੇ ਅਸਲ ਯੋਗਤਾ ਸਰਟੀਫਿਕੇਟ ਦੀਆਂ ਫੋਟੋ ਕਾਪੀਆਂ, ਆਧਾਰ ਕਾਰਡ ਦੀ ਫੋਟੋ ਕਾਪੀ ਤੇ ਯੋਗਤਾ ਦਾ ਵੇਰਵਾ (ਰਜ਼ਿਊਮ) ਲੈ ਕੇ ਕੈਂਪ ਵਾਲੇ ਦਿਨ ਉਲਤ ਸਥਾਨ 'ਤੇ ਸਵੇਰੇ 10:00 ਵਜੇ ਪਹੁੰਚਣ।

### ਐਕਟਿਵਾ ਚੋਰੀ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਦੇ ਗਰਗ ਡਿਸਟ੍ਰੀਬਿਊਟਰ ਦੇ ਬਾਹਰੋਂ ਇਕ ਵਿਅਕਤੀ ਦੀ ਐਕਟਿਵਾ ਸਕੂਟਰ ਚੋਰੀ ਹੋਣ ਦੀ ਖ਼ਬਰ ਮਿਲੀ ਹੈ। ਇਸ ਸਬੰਧੀ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ ਅਣਪਛਾਤੇ ਵਿਅਕਤੀ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਵਿਜੇ ਮੋਂਗਾ ਪੁੱਤਰ ਸਤਪਾਲ ਮੋਂਗਾ ਵਾਸੀ ਮਕਾਨ ਨੰਬਰ 396 ਹਾਊਸਿੰਗ ਬੋਰਡ ਕਾਲੋਨੀ ਸਿਟੀ ਫਿਰੋਜ਼ਪੁਰ ਨੇ ਦੱਸਿਆ ਕਿ ਉਹ ਆਪਣੇ ਜਾਣਕਾਰ ਗਰਗ ਡਿਸਟ੍ਰੀਬਿਊਟਰ 'ਤੇ ਕੰਮ ਗਿਆ ਸੀ ਤੇ ਆਪਣੀ ਐਕਟਿਵਾ ਸਕੂਟਰ ਨੰਬਰ ਪੀਬੀ 05 ਏਈ 9827 ਬਾਹਰ ਖੜ੍ਹਾ ਕੀਤਾ ਸੀ, ਜਿਸ ਨੂੰ ਕੋਈ ਅਣਪਛਾਤਾ ਵਿਅਕਤੀ ਚੋਰੀ ਕਰਕੇ ਲੈ ਗਿਆ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਲਖਵਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਅਣਪਛਾਤੇ ਵਿਅਕਤੀ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

# ਟਰਾਂਸਫਾਰਮਰਾਂ 'ਚੋਂ ਤਾਂਬਾ ਕੱਢ ਕੇ ਵੇਚਣ ਵਾਲੇ ਗਰੋਹ ਦਾ ਪਰਦਾਫਾਸ਼

**450 ਕਿੱਲੋ ਤਾਂਬੇ ਸਮੇਤ 7 ਮੁਲਜ਼ਮ ਗ੍ਰਿਫਤਾਰ**



**ਮਲੋਟ (ਓਮ ਪ੍ਰਕਾਸ਼ ਸੇਖੂ)**-ਸ੍ਰੀ ਮੁਕਤਸਰ ਜ਼ਿਲ੍ਹੇ ਵਿੱਚ ਐੱਸ ਐੱਸ ਪੀ ਤੁਸ਼ਾਰ ਗੁਪਤਾ ਦੇ ਦਿਸ਼ਾ ਨਿਰਦੇਸ਼ ਹੇਠ ਮਲੋਟ ਦੇ ਪੁਲਸ ਉਪ ਕਪਤਾਨ ਇਕਬਾਲ ਸਿੰਘ ਸੰਧੂ ਦੀ ਰਹਿਨੁਮਾਈ ਹੇਠ ਥਾਣਾ ਸਦਰ ਮਲੋਟ ਦੇ ਐੱਸ ਐੱਚ ਓ ਵਰੁਣ ਕੁਮਾਰ ਯਾਦਵ ਵੱਲੋਂ ਖੇਤਾਂ ਵਿੱਚੋਂ ਟਰਾਂਸਫਾਰਮਰਾਂ ਦੀ ਚੋਰੀ ਕਰਕੇ ਉਨ੍ਹਾਂ ਵਿੱਚੋਂ ਤਾਂਬਾ ਕੱਢ ਕੇ ਵੇਚਣ ਵਾਲੇ ਇੱਕ ਵੱਡੇ ਗਰੋਹ ਦਾ ਪਰਦਾਫਾਸ਼ ਕੀਤਾ ਹੈ। ਇਸ ਦੀ ਜਾਣਕਾਰੀ ਦਿੰਦਿਆਂ ਡੀ ਐੱਸ ਪੀ ਮਲੋਟ ਇਕਬਾਲ ਸਿੰਘ ਸੰਧੂ ਐੱਸ ਐੱਚ ਓ ਥਾਣਾ ਸਦਰ ਵਰੁਣ ਕੁਮਾਰ ਯਾਦਵ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਮਲੋਟ ਪਿੰਡ ਦੇ ਵਾਸੀ ਗੁਰਸਵਿੰਦਰ ਸਿੰਘ ਵੱਲੋਂ ਆਪਣੀ ਸ਼ਿਕਾਇਤ ਵਿੱਚ ਦੱਸਿਆ ਗਿਆ ਸੀ ਕਿ ਪਿੰਡ ਭਗਵਾਨਪੁਰਾ ਦੇ ਖੇਤਾਂ ਵਿੱਚੋਂ ਟ੍ਰਾਂਸਫਾਰਮ ਚੋਰੀ ਕਰਕੇ ਉਨ੍ਹਾਂ ਦਾ ਤਾਂਬਾ ਵੇਚਿਆ ਗਿਆ ਹੈ। ਉਨ੍ਹਾਂ ਵੱਲੋਂ ਸੂਹ ਮਿਲਣ 'ਤੇ ਇਸ ਦੀ ਸੂਚਨਾ ਪੁਲਸ ਨੂੰ ਦਿੱਤੀ ਗਈ, ਜਿਸ 'ਤੇ ਕਾਰਵਾਈ ਕਰਦਿਆਂ ਡੀ ਐੱਸ ਪੀ ਇਕਬਾਲ ਸਿੰਘ ਤੇ ਐੱਸ ਐੱਚ ਓ ਵਰੁਣ ਕੁਮਾਰ ਯਾਦਵ ਵੱਲੋਂ ਇੱਕ ਵਿਸ਼ੇਸ਼ ਟੀਮ ਬਣਾ ਕੇ ਇਸ ਗਰੋਹ ਦਾ ਪਿੱਛਾ ਕੀਤਾ ਗਿਆ।

ਇਸ ਟੀਮ ਵੱਲੋਂ ਆਪਣੀ ਤਫਤੀਸ਼ ਵਿੱਚ ਇਹ ਪਾਇਆ ਗਿਆ ਕਿ ਇਹ ਗਰੋਹ ਅਬੋਹਰ ਸ਼ਹਿਰ ਦਾ ਰਹਿਣ ਵਾਲਾ ਹੈ। ਪੁਲਸ ਟੀਮ ਨੇ ਇਸ ਗਰੋਹ ਦੇ ਦੋ ਮੈਂਬਰ ਅਜੇ ਕੁਮਾਰ ਪੁੱਤਰ ਰਮੇਸ਼ ਕੁਮਾਰ ਵਾਸੀ ਈਦਗਾਹਾ ਬਸਤੀ ਅਬੋਹਰ ਤੇ ਗੁਰਸੇਵਕ ਸਿੰਘ ਪੁੱਤਰ ਧਰਮ ਸਿੰਘ ਵਾਸੀ ਇੰਦਰਾ ਨਗਰੀ ਅਬੋਹਰ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਪਾਸੋਂ ਇਸ ਵਾਰਦਾਤ ਵਿੱਚ ਵਰਤਿਆ ਗਿਆ ਇੱਕ ਮੋਟਰਸਾਈਕਲ ਸੀਡੀ 100 ਕਾਲੇ ਤੇ ਨੀਲੇ ਰੰਗ ਦਾ ਨੰਬਰ ਪੀਬੀ 22 ਯੂ 74 51 ਬਰਾਮਦ ਕੀਤਾ ਗਿਆ।

I, Ajit Masih S/o Hanso R/o VPO Pandori Bainsan Gurdaspur Punjab-143531, India have changed my name From Ajit Masih to Ajit Tung.

I, Josphen W/o Ajit Tung R/o VPO Pandori Bainsan Gurdaspur Punjab-142531, India have changed my name from Josphen to Josphen Tung.

I, Akash Marwaha S/o Saroop Nath R/o Gali No.2, Subhash Road, Chheharta, Amritsar Punjab -143105 have changed my name from Akash Marwaha to Marwaha is my surname and Akash is my given name.

I,Poonam W/O Rajan Arora R/O 19,Phase-5, F.G.C. Road,Chand Avenue, Amritsar, Punjab have changed my name from Poonam to Poonam Arora.Concerned note.

I, Rakkesh Kashyap S/O Mohinder Pal, R/o 37, Ground Floor MIG Flats, GGS Avenue, Jalandhar-I, Punjab- 144001, have changed my name and shall hereafter be Known as Rakesh Kashyap.

I, Suchi Batra, W/O Naman Kathuria, R/o 3F/128, Nit 3, Annapurna Dhaba, Nit, Faridabad, Haryana-121001. have changed my name and shall hereafter be Known as Juhi Kathuria.

I, Manpreet Singh S/O Bhupinder Singh, R/o 9011, 6, Mini Sectriate Road, Bathinda, Punjab- 151001, have changed my name and shall hereafter be Known as Manpreet Singh Gosal.

I, Rina w/o Sonu r/o H.No. 89, Gali No.2, Arya Nagar, Gulab Devi Road, Jalandhar have changed my name spelling from Rina to Rena. All Please Note.

I, Chander Mohan s/o Raj Kumar Mehta r/o Qtr No. 275, Police Lines, Opp Bus Stand, Jalandhar have changed my name to Given name as Chander & Surname as Mohan. All Please Note.

I, Ritika Dutta w/o Chander Mohan r/o Qtr No. 275, Police Lines, Opp Bus Stand, Jalandhar have changed my name to Ritika Mohan (Surname as Mohan). All Please Note.

I, Kuldip s/o Gurdial Ram r/o Katt, Po. Katt, Distt. Shaheed Bhagat Singh Nagar, Punjab- 144504 have changed my name and shall hereafter be known as Kuldip Mal. All Please Note.

I, Usha Alias Daljit Kaur W/o Avtar Singh R/o Vill. Maujowal, Po.Majara, Teh-Balachaur, Distt.SBS Nagar, have changed my name from Usha Alias Daljit Kaur to Daljit Kaur. All Please Note.

# ਅਮਰੀਕਾ ਤੋਂ ਡਿਪੋਰਟ ਨੌਜਵਾਨਾਂ ਨੂੰ ਰੁਜ਼ਗਾਰ ਮੁਹੱਈਆ ਕਰਵਾਏ ਸਰਕਾਰ : ਸੰਨੀ ਗਿੱਲ

ਮੋਗਾ (ਇਕਬਾਲ ਸਿੰਘ ਖਹਿਰਾ)-ਲੋਕਾਂ ਨਾਲ ਝੂਠੇ ਵਾਅਦੇ ਕਰਕੇ ਸੱਤਾ ਵਿੱਚ ਆਈ 'ਆਪ' ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਹੀ ਸਾਡਾ ਨੌਜਵਾਨ ਵਿਦੇਸ਼ਾਂ ਨੂੰ ਪ੍ਰਵਾਸ ਕਰ ਰਿਹਾ ਹੈ, ਕਿਉਂਕਿ 'ਆਪ' ਸਰਕਾਰ ਨੌਜਵਾਨਾਂ ਨੂੰ ਰੁਜ਼ਗਾਰ ਮੁਹੱਈਆ ਕਰਾਉਣ ਵਿੱਚ ਪੂਰੀ ਤਰ੍ਹਾਂ ਅਸਫ਼ਲ ਸਾਬਤ ਹੋਈ ਹੈ ਅਤੇ ਰੁਜ਼ਗਾਰ ਦੀ ਤਲਾਸ਼ ਵਿੱਚ ਸਾਡਾ ਲੱਖਾਂ ਦੀ ਤਦਾਦ ਵਿੱਚ ਨੌਜਵਾਨ ਪ੍ਰਵਾਸ ਕਰ ਗਿਆ, ਪਰ ਸਰਕਾਰ ਨੂੰ ਇਸ ਗੱਲ ਦੀ ਕੋਈ ਪ੍ਰਵਾਹ ਨਹੀਂ, ਜਦਕਿ ਇਹ ਬੜਾ ਅਹਿਮ ਤੇ ਸੰਵੇਦਨਸ਼ੀਲ ਮੁੱਦਾ ਹੈ, ਹੁਣ ਜਦਕਿ ਸਾਡੇ ਨੌਜਵਾਨਾਂ ਨੂੰ ਅਮਰੀਕਾ ਦੀ ਸਰਕਾਰ ਲਗਾਤਾਰ ਡਿਪੋਰਟ ਕਰ ਰਹੀ ਹੈ, ਜੋ ਵੱਡਾ ਚਿੰਤਾ ਦਾ ਵਿਸ਼ਾ ਹੈ, ਪਰ ਜਿਹੜੇ ਨੌਜਵਾਨ ਡਿਪੋਰਟ ਹੋ ਕੇ ਵਾਪਸ ਪੰਜਾਬ ਆ ਰਹੇ ਹਨ, ਉਨ੍ਹਾਂ ਦੇ ਮੁੜ ਵਸੇਬੇ ਲਈ ਸਰਕਾਰ ਰੁਜ਼ਗਾਰ ਮੁੱਹਈਆ ਕਰਾਏ।

ਇਹ ਪ੍ਰਗਟਾਵਾ ਹਲਕਾ ਮੋਗਾ ਦੇ ਸ਼੍ਰੋਮਣੀ ਅਕਾਲੀ ਦਲ ਦੇ ਇੰਚਾਰਜ ਸੰਜੀਤ ਸਿੰਘ ਸੰਨੀ ਗਿੱਲ ਨੇ ਕੀਤਾ।ਉਨ੍ਹਾਂ ਕਿਹਾ ਕਿ ਪੰਜਾਬ ਅੰਦਰ ਨਾ ਹੀ ਕਾਂਗਰਸ ਦੀ ਸਰਕਾਰ ਅਤੇ ਨਾ ਹੀ ਆਪ ਸਰਕਾਰ ਨੇ ਬੇਰੁਜ਼ਗਾਰ ਨੌਜਵਾਨਾਂ ਦੀ ਬਾਂਹ ਫੜੀ ਅਤੇ ਨਿਰਾਸ਼ਾ ਦੇ ਆਲਮ ਵਿਚ ਭਟਕਿਆ ਸਾਡਾ ਨੌਜਵਾਨ ਮਾਂ-ਬਾਪ ਦੇ ਕਮਾਏ ਲੱਖਾਂ ਰੁਪਏ ਖਰਚ ਏਜੰਟਾਂ ਰਾਹੀਂ ਗੈਰ ਕਾਨੂੰਨੀ ਢੰਗ ਨਾਲ ਅਮਰੀਕਾ ਪ੍ਰਵੇਸ਼ ਕਰ ਰਿਹਾ ਸੀ ਅਤੇ ਆਲਮ ਇਹ ਹੈ ਕਿ ਉਹ ਨੌਜਵਾਨ ਜਿਹੜੇ ਮਾਂ-ਬਾਪ ਦੀ ਕਿਰਤ ਕਮਾਈ ਦੇ ਲੱਖਾਂ ਰੁਪਏ ਲਵਾ ਕੇ ਆਪਣੇ ਪਰਵਾਰ ਦੀ ਗਰੀਬੀ ਧੋਣ ਦੇ ਸੁਪਨੇ ਸਜਾ ਕੇ ਗਏ ਸੀ, ਅੱਜ ਉਨ੍ਹਾਂ ਦੇ ਸੁਪਨੇ ਹੀ ਚਕਨਾਚੂਰ ਨਹੀਂ ਹੋਏ ਸਗੋਂ ਉਹ ਕਰਜ਼ੇ ਦੀ ਲਪੇਟ ਵਿੱਚ ਆਏ ਮਾਨਸਿਕ ਰੋਗੀ ਹੋ ਰਹੇ ਹਨ।

19-FEB-PAGE-7.qxd 2/18/2025 10:59 PM Page 1



## ਕੈਬਨਿਟ ਮੰਤਰੀ ਚੀਮਾ ਨੇ ਜ਼ਿਲ੍ਹਾ ਕਚਹਿਰੀਆਂ ਵਿਖੇ ਨਵੇਂ ਕੋਰੀਡੋਰ ਦਾ ਰੱਖਿਆ ਨੀਂਹ ਪੱਥਰ



**ਸੰਗਰੂਰ (ਪ੍ਰਵੀਨ ਸਿੰਘ)**- ਪੰਜਾਬ ਦੇ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾਂ ਵੱਲੋਂ ਅੱਜ ਜ਼ਿਲ੍ਹਾ ਕਚਹਿਰੀਆਂ ਵਿਖੇ ਵਕੀਲਾਂ ਦੇ ਚੈਂਬਰ ਕੰਪਲੈਕਸ ਵਿਚ ਬਲਾਕ ਏ ਨੂੰ ਸਰਵਿਸ ਬਲਾਕ ਨਾਲ ਜੋੜਨ ਵਾਲੇ ਨਵੇਂ ਕੋਰੀਡੋਰ ਦਾ ਨੀਂਹ ਪੱਥਰ ਰੱਖਿਆ ਗਿਆ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਬਾਰ ਐਸੋਸੀਏਸ਼ਨ ਸੰਗਰੂਰ ਵੱਲੋਂ ਜਿਵੇਂ ਹੀ ਕੋਰੀਡੋਰ ਦਾ ਮਾਮਲਾ ਉਨ੍ਹਾਂ ਦੇ ਧਿਆਨ ਵਿਚ ਲਿਆਂਦਾ ਗਿਆ ਤਾਂ ਉਨ੍ਹਾਂ ਨੇ ਇਸ ਦੇ ਨਿਰਮਾਣ ਲਈ 15 ਲੱਖ ਰੁ: ਦੀ ਗ੍ਰਾਂਟ ਜਾਰੀ ਕੀਤੀ ਅਤੇ ਹੁਣ ਇਸ ਦੇ ਨਿਰਮਾਣ ਕਾਰਜ ਤੇਜ਼ੀ ਨਾਲ ਕੀਤੇ ਜਾ ਰਹੇ ਹਨ। ਨੀਂਹ ਪੱਥਰ ਰੱਖਣ ਦੀ ਰਸਮ ਅਦਾ ਕਰਨ ਮਗਰੋਂ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾਂ ਨੇ ਜ਼ਿਲ੍ਹਾ ਬਾਰ ਐਸੋ: ਵੱਲੋਂ ਚੈਂਬਰ ਕੰਪਲੈਕਸ ਵਿਖੇ ਆਯੋਜਿਤ ਸਮਾਰੋਹ ਵਿਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਵਿਧਾਇਕ ਸੰਗਰੂਰ ਸ਼੍ਰੀਮਤੀ ਨਰਿੰਦਰ ਕੌਰ ਭਰਾਜ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਸਮਾਗਮ ਦੌਰਾਨ ਜ਼ਿਲ੍ਹਾ ਬਾਰ ਐਸੋ: ਦੇ ਪ੍ਰਧਾਨ ਸੁਖਜਿੰਦਰ ਸਿੰਘ ਢੀਂਡਸਾ ਨੇ ਸਵਾਗਤੀ ਸ਼ਬਦ ਸਾਂਝੇ ਕਰਦਿਆਂ ਸ੍ਰੀ ਚੀਮਾ ਦਾ ਧੰਨਵਾਦ ਕੀਤਾ। ਗੁਰਤੇਜ ਸਿੰਘ ਗਰੇਵਾਲ ਮੈਂਬਰ ਪੰਜਾਬ ਬਾਰ ਕੌਂਸਲ, ਸੁਰਜੀਤ ਸਿੰਘ ਗਰੇਵਾਲ, ਬੇਅੰਤ ਸਿੰਘ ਛਾਜਲੀ, ਦਲਜੀਤ ਸਿੰਘ ਸੇਖੋਂ ਨੇ ਵੀ ਵਿਚਾਰ ਸਾਂਝੇ ਕੀਤੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਐਸ.ਐਸ.ਪੀ ਸਰਤਾਜ ਸਿੰਘ ਚਾਹਲ, ਕੈਬਿਨਟ ਮੰਤਰੀ ਦੇ ਓ.ਐਸ.ਡੀ ਤਪਿੰਦਰ ਸਿੰਘ ਸੋਹੀ, ਮਾਰਕੀਟ ਕਮੇਟੀ ਧੂਰੀ ਦੇ ਚੇਅਰਮੈਨ ਰਾਜਵੰਤ ਸਿੰਘ ਘੁੱਲੀ, ਪੰਜਾਬ ਗਊ ਸੇਵਾ ਕਮਿਸ਼ਨ ਦੇ ਚੇਅਰਮੈਨ ਅਸ਼ੋਕ ਕੁਮਾਰ ਲੱਖਾ, ਜ਼ਿਲ੍ਹਾ ਅਟਾਰਨੀ ਹਰਦੀਪ ਸਿੰਘ ਕਾਹਲੋਂ ਸਮੇਤ ਵੱਡੀ ਗਿਣਤੀ 'ਚ ਜ਼ਿਲ੍ਹਾ ਬਾਰ ਐਸੋ: ਦੇ ਮੈਂਬਰ ਤੇ ਹੋਰ ਪਤਵੰਤੇ ਹਾਜ਼ਰ ਸਨ।

## 12ਵੀਂ ਜਮਾਤ ਦੇ ਵਿਦਿਆਰਥੀਆਂ ਲਈ ਕਰਵਾਇਆ ਅਸ਼ੀਰਵਾਦ ਸਮਾਗਮ



**ਰਾਜਪੁਰਾ (ਰਮੇਸ਼ ਕਟਾਰੀਆ)**-ਇੱਥੋਂ ਦੇ ਭਾਈ ਸਹਿਬ ਭਾਈ ਦਇਆ ਸਿੰਘ ਸਕੂਲ ਰਾਜਪੁਰਾ ਵਿਖੇ 12ਵੀਂ ਜਮਾਤ ਦੀ ਸਲਾਨਾ ਪ੍ਰੀਖਿਆ ਵਿੱਚ ਚੜ੍ਹਦੀ ਕਲਾ ਲਈ ਅਸ਼ੀਰਵਾਦ ਸਮਾਗਮ ਕਰਵਾਇਆ ਗਿਆ। ਇਸ ਮੌਕੇ ਸ੍ਰੀ ਸੁਖਮਨੀ ਸਹਿਬ ਦੇ ਭੋਗ ਪਾਏ ਗਏ। ਉਪਰੰਤ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਭਰਪੂਰ ਸਿੰਘ ਅਤੇ ਪ੍ਰਿੰਸੀਪਲ ਮੈਡਮ ਸੋਨੀਆ ਰਾਣੀ ਨੇ ਬੱਚੀਆਂ ਨੂੰ ਪੜ੍ਹਾਈ ਦੇ ਨਾਲ ਨਾਲ ਸਮੇਂ ਦਾ ਸਹੀ ਉਪਯੋਗ ਕਰਨ ਬਾਰੇ ਕਿਹਾ। ਸਕੂਲ ਪ੍ਰਬੰਧਕ ਕੁਲਵੰਤ ਸਿੰਘ ਅਤੇ ਸੀਨੀਅਰ ਅਧਿਆਪਕਾਂ ਨੇ ਵੀ ਬੱਚਿਆਂ ਨੂੰ ਸਖ਼ਤ ਮਿਹਨਤ ਕਰਕੇ ਚੰਗੇ ਨੰਬਰ ਪ੍ਰਾਪਤ ਕਰਨ ਨੂੰ ਕਿਹਾ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪਹੁੰਚੇ ਟ੍ਰਸਟ ਦੇ ਚੇਅਰਮੈਨ ਸੰਤ ਬਾਬਾ ਗੁਰਦੇਵ ਸਿੰਘ ਬਨੂੰੜ ਵਾਲਿਆਂ ਨੇ ਵਿਦਿਆਰਥੀਆਂ ਨੂੰ ਆਪਣੇ ਪ੍ਰਵਚਨ ਰਾਹੀ ਜੀਵਨ ਨੂੰ ਸਹੀ ਢੰਗ ਨਾਲ ਜਿਉਣ ਦੀ ਵਿਧੀ ਦੱਸੀ ਅਤੇ ਅਸ਼ੀਰਵਾਦ ਵੀ ਦਿੱਤਾ। ਇਸ ਮੌਕੇ ਸਕੂਲ ਦਾ ਸੀਨੀਅਰ ਸਟਾਫ ਵੀ ਮੌਜੂਦ ਸੀ।

## ਲਾਰੈਂਸ ਸਕੂਲ 'ਚ ਆਕਾਰ ਸੰਬੰਧੀ ਐਕਟੀਵਿਟੀਜ਼ ਕਰਵਾਈਆਂ




**ਬਾਘਾ ਪੁਰਾਣਾ (ਮਨੀ ਸਿੰਗਲਾ)**-ਲਾਰੈਂਸ ਇੰਟਰਨੈਸ਼ਨਲ ਕਾਨਵੈਂਟ ਸਕੂਲ ਵਿੱਚ ਬੱਚਿਆਂ ਨੂੰ ਪੜ੍ਹਾਈ ਦੇ ਰਵਾਇਤੀ ਤਰੀਕਿਆਂ ਨੂੰ ਛੱਡ ਕੇ ਆਧੁਨਿਕ ਐਕਟੀਵਿਟੀ ਰਾਹੀਂ ਬੱਚਿਆਂ 'ਚ ਪੜ੍ਹਾਈ ਪ੍ਰਤੀ ਰੁਚੀ ਪੈਦਾ ਕੀਤੀ ਜਾਂਦੀ ਹੈ।ਬੱਚਿਆਂ ਨੂੰ ਆਸਾਨੀ ਨਾਲ ਸਮਝਾਉਣ ਲਈ ਅਲੱਗ-ਅਲੱਗ ਐਕਟੀਵਿਟੀਜ਼ ਕਰਵਾਈਆਂ ਜਾਂਦੀਆਂ ਹਨ।ਸਕੂਲ ਦੇ ਚੇਅਰਮੈਨ ਤਰਸੇਮ ਗਰਗ, ਪ੍ਰਿੰਸੀਪਲ ਜੀਨਮ, ਮਨੋਜ ਕੁਮਾਰ ਨੇ ਦੱਸਿਆ ਕਿ ਸਕੂਲ ਦੇ ਕਿੰਡਰਗਾਰਡਨ ਵਿੰਗ ਦੇ ਬੱਚਿਆਂ ਨੂੰ ਐਕਟੀਵਿਟੀ ਰਾਹੀਂ ਸਮਝਾਉਣ ਨਾਲ ਉਨ੍ਹਾਂ ਦੇ ਮਾਨਸਿਕ, ਬੌਧਿਕ, ਸਰੀਰਕ ਅਤੇ ਭਾਸ਼ਾਈ ਵਿਕਾਸ ਵਿੱਚ ਵਾਧਾ ਹੁੰਦਾ ਹੈ।ਜਿਸ ਨਾਲ ਉਨ੍ਹਾਂ ਨੂੰ ਜਲਦੀ ਸਿੱਖਣ ਵਿੱਚ ਮਦਦ ਮਿਲਦੀ ਹੈ। ਨਰਸਰੀ ਕਲਾਸ ਦੇ ਬੱਚਿਆਂ ਦੀ ਅੰਗਰੇਜ਼ੀ ਵਿਸ਼ੇ ਨਾਲ ਸੰਬੰਧਿਤ ਐਕਟੀਵਿਟੀ ਕਰਵਾਈ।ਜਿਸ ਵਿੱਚ ਬੱਚਿਆਂ ਨੂੰ ਵਸਤੂਆਂ ਦੇ ਆਕਾਰ ਬਾਰੇ ਜਾਣਕਾਰੀ ਦਿੱਤੀ।ਬੱਚਿਆਂ ਨੂੰ ਵਸਤੂਆਂ ਦੀ ਲੰਬੇ, ਛੋਟੇ ਤੇ ਵੱਡੇ ਦੇ ਫਰਕ ਨੂੰ ਮੁਢਲੇ ਪੱਧਰ ਤੋਂ ਸਮਝਾਇਆ।ਅਧਿਆਪਕ ਨੇ ਬੱਚਿਆਂ ਨੂੰ ਪਾਣੀ ਵਾਲੀ ਵੱਡੀ ਬੋਤਲ ਦੇ ਕੋਲ ਛੋਟੀ ਬੋਤਲ ਰੱਖ ਕੇ ਅਤੇ ਵੱਡੀ ਪੈਨਸਿਲ ਦੇ ਕੋਲ ਛੋਟੀ ਪੈਨਸਿਲ ਰੱਖ ਕੇ ਵੱਡੇ-ਛੋਟੇ ਅਤੇ ਲੰਮੇ ਬਾਰੇ ਜਾਣੂ ਕਰਵਾਇਆ।ਐਕਟੀਵਿਟੀ ਰਾਹੀਂ ਸਾਰੇ ਬੱਚੇ ਜਲਦੀ ਨਾਲ ਸਿੱਖਦੇ ਹਨ।

## ਨਿਊ ਗ੍ਰੇਨ ਮਾਰਕੀਟ ਵੈੱਲਫੇਅਰ ਸੁਸਾਇਟੀ ਦੀ ਚੋਣ



**ਰਾਜਪੁਰਾ (ਰਮੇਸ਼ ਕਟਾਰੀਆ)**-ਇੱਥੋਂ ਦੀ ਨਿਊ ਗ੍ਰੇਨ ਮਾਰਕੀਟ ਵੈੱਲਫੇਅਰ ਸੁਸਾਇਟੀ ਦੀ ਹੋਈ ਚੋਣ ਵਿੱਚ ਦਵਿੰਦਰ ਸਿੰਘ ਬੈਦਵਾਨ 96 ਵੋਟਾਂ ਲੈ ਕੇ ਦੂਜੀ ਵਾਰ ਦੋ ਸਾਲ ਲਈ ਪ੍ਰਧਾਨ ਚੁਣੇ ਗਏ।ਮੰਡੀ ਦੀਆਂ ਹੋਈਆਂ ਚੋਣਾਂ ਵਿੱਚ 197 ਵੋਟਾਂ ਪਈਆਂ, ਜਿਨ੍ਹਾਂ ਵਿੱਚੋਂ ਦਵਿੰਦਰ ਸਿੰਘ ਬੈਦਵਾਨ ਨੂੰ 96, ਰਿੰਕੂ ਕੁਕਰੇਜਾ ਨੂੰ 53 ਤੇ ਸਾਬਕਾ ਪ੍ਰਧਾਨ ਰੁਪਿੰਦਰ ਸਿੰਘ ਸੰਧੂ ਰੂਪੀ ਨੂੰ 48 ਵੋਟਾਂ ਪਈਆਂ।ਇਹ ਚੋਣ ਆਮ ਤੇ ਖਾਸ ਲਈ ਚਰਚਾ ਦਾ ਵਿਸ਼ਾ ਬਣੀ ਹੋਈ ਸੀ।ਜ਼ਿਕਰਯੋਗ ਹੈ ਕਿ ਰਾਜਪੁਰਾ ਦੀ ਇਹ ਅਨਾਜ ਮੰਡੀ ਏਸ਼ੀਆ ਦੀਆਂ ਸਭ ਤੋਂ ਵੱਡੀਆਂ ਮੰਡੀਆਂ ਵਿੱਚ ਗਿਣੀ ਜਾਂਦੀ ਹੈ ਅਤੇ ਇਸ ਮੰਡੀ ਵਿੱਚ ਪੂਰੇ ਸਾਲ 800 ਤੋਂ 900 ਕਰੋੜ ਰੁਪਏ ਦਾ ਵਪਾਰ ਹੁੰਦਾ ਹੈ।

## ਰਾਇਟਵੇ ਨੇ ਲਵਾਇਆ ਆਸਟ੍ਰੇਲੀਆ ਸਟੂਡੈਂਟ ਵੀਜ਼ਾ



**ਮੋਗਾ (ਇਕਬਾਲ ਸਿੰਘ ਖਹਿਰਾ)**-ਮਾਲਵਾ ਖੇਤਰ ਦੀ ਪ੍ਰਸਿੱਧ ਰਾਇਟਵੇ ਏਅਰਲਿੰਕਸ ਇੰਮੀਗ੍ਰੇਸ਼ਨ ਤੇ ਆਈਲਟਸ ਸੰਸਥਾ, ਜੋ ਪੰਜਾਬ ਦੇ ਇਲਾਵਾ ਪੂਰੇ ਭਾਰਤ ਵਿੱਚ ਕੰਮ ਕਰ ਰਹੀ ਹੈ।ਇਸ ਸੰਸਥਾ ਨੇ ਹਜ਼ਾਰਾਂ ਹੀ ਵਿਦਆਰਥੀਆਂ ਦੇ ਵਿਦੇਸ਼ 'ਚ ਪੜ੍ਹਾਈ ਕਰਨ ਦੇ ਸੁਪਨਿਆਂ ਨੂੰ ਪੂਰਾ ਕੀਤਾ ਹੈ।ਅੱਜ ਸੰਸਥਾ ਨੇ ਕਰਨਵੀਰ ਸਿੰਘ ਪੁੱਤਰ ਬਲਜੀਤ ਸਿੰਘ ਵਾਸੀ ਠੁੱਲੀਵਾਲ, ਬਰਨਾਲਾ ਦਾ ਆਸਟ੍ਰੇਲੀਆ ਦੀ ਨਿਊ ਕੈਸਟਲ ਯੂਨੀਵਰਸਿਟੀ ਸਿਡਨੀ ਦਾ ਸਟੂਡੈਂਟ ਵੀਜ਼ਾ ਲਗਵਾ ਕੇ ਦਿੱਤਾ।ਇਸ ਮੌਕੇ ਸੰਸਥਾ ਦੇ ਡਾਇਰੈਕਟਰ ਦੇਵਪ੍ਰਿਅ ਤਿਆਗੀ ਨੇ ਕਿਹਾ ਕਿ ਅਫਵਾਹਾਂ 'ਤੇ ਧਿਆਨ ਨਾ ਦਿਉ। ਉਨ੍ਹਾ ਕਿਹਾ ਕਿ ਜਿਨ੍ਹਾਂ ਬੱਚਿਆਂ ਦੇ ਕੈਨੇਡਾ ਤੇ ਯੂ ਕੇ ਦੇ ਸਟੱਡੀ ਕੇਸ ਰੀਫਿਊਜ਼ ਹੋ ਚੁੱਕੇ ਹੈ, ਉਹ ਆਸਟ੍ਰੇਲੀਆ ਲਈ ਅਪਲਾਈ ਕਰ ਸਕਦੇ ਹਨ ਤੇ ਜੇਕਰ ਕੋਈ ਵੀ ਵਿਜ਼ਟਰ ਜਾਂ ਟੂਰਿਸਟ ਵੀਜ਼ੇ 'ਤੇ ਯੂ ਕੇ, ਕੈਨੇਡਾ ਜਾਂ ਆਸਟ੍ਰੇਲੀਆ ਜਾਣਾ ਚਾਹੁੰਦਾ ਹੋਵੇ ਤਾਂ ਉਹ ਵੀ ਅਪਲਾਈ ਕਰ ਸਕਦਾ ਹੈ।ਉਨ੍ਹਾ ਕਿਹਾ ਕਿ ਹੁਣ ਬੱਚੇ ਕਾਲਜ ਤੇ ਅੰਬੈਸੀ ਦੀ ਫੀਸ ਵੀਜ਼ਾ ਲੱਗਣ ਤੋਂ ਬਾਅਦ ਦੇ ਸਕਦੇ ਹਨ।ਇਸ ਮੌਕੇ ਸੰਸਥਾ ਦੇ ਡਾਇਰੈਕਟਰ ਦੇਵਪ੍ਰਿਅ ਤਿਆਗੀ ਨੇ ਕਰਨਵੀਰ ਸਿੰਘ ਨੂੰ ਵਧਾਈ ਦਿੱਤੀ।

## ਡਾ. ਰਣਵੀਰ ਕੌਰ ਮੀਆਂ ਵੱਲੋਂ ਅੱਖਾਂ ਦਾ ਮੁਫਤ ਚੈੱਕਅਪ ਕੈਂਪ



**ਬੁਢਲਾਡਾ (ਅਸ਼ੋਕ ਲਾਕੜਾ)**-ਕਾਂਗਰਸ ਪਾਰਟੀ ਦੀ ਹਲਕਾ ਇੰਚਾਰਜ ਬੁਢਲਾਡਾ ਤੇ ਸੀਨੀਅਰ ਵਾਈਸ ਪ੍ਰਧਾਨ ਜ਼ਿਲ੍ਹਾ ਮਾਨਸਾ ਡਾ. ਰਣਵੀਰ ਕੌਰ ਮੀਆਂ ਦੀ ਅਗਵਾਈ ਹੇਠ ਹਲਕਾ ਬੁਢਲਾਡਾ ਦੇ ਪਿੰਡ ਸ਼ੇਰਖਾਂ ਵਿਖੇ ਅਡਵਾਂਸ ਆਈ ਕੇਅਰ ਹਸਪਤਾਲ ਮਾਨਸਾ ਦੇ ਡਾ. ਵਿਕਾਸ ਤੇ ਉਨ੍ਹਾਂ ਦੀ ਟੀਮ ਦੇ ਸਹਿਯੋਗ ਸਦਕਾ ਅੱਖਾਂ ਦਾ ਮੁਫ਼ਤ ਚੈੱਕਅਪ ਕੈਂਪ ਲਗਵਾਇਆ ਗਿਆ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹਲਕਾ ਇੰਚਾਰਜ ਡਾ. ਰਣਵੀਰ ਕੌਰ ਮੀਆਂ ਨੇ ਕਿਹਾ ਕਿ ਇਸ ਕੈਂਪ ਵਿੱਚ 200 ਦੇ ਲਗਭਗ ਮਰੀਜ਼ਾਂ ਨੇ ਆਪਣੀਆਂ ਅੱਖਾਂ ਦਾ ਚੈੱਕਅਪ ਕਰਵਾਇਆ ਤੇ ਮੁਫਤ ਦਵਾਈਆਂ ਦਿੱਤੀਆਂ ਗਈਆਂ। ਉਨ੍ਹਾ ਕਿਹਾ ਕਿ ਪਿੰਡ-ਪਿੰਡ ਜਾ ਕੇ ਅਜਿਹੇ ਕੈਂਪ ਲਗਾਏ ਜਾਣਗੇ ਤਾਂ ਜੋ ਅੱਖਾਂ ਤੋਂ ਕਮਜ਼ੋਰ ਪੀੜਤਾਂ ਦਾ ਇਲਾਜ ਕੀਤਾ ਜਾ ਸਕੇ ਅਤੇ ਉਨ੍ਹਾਂ ਦੀ ਨਜ਼ਰ ਸ਼ਕਤੀ ਵਾਪਸ ਦਿਵਾਈ ਜਾ ਸਕੇ।ਇਸ ਮੌਕੇ ਸੀਨੀਅਰ ਕਾਂਗਰਸੀ ਆਗੂ ਕਿਸਾਨ ਵਿੰਗ ਦੇ ਬਲਾਕ ਪ੍ਰਧਾਨ ਸ੍ਰ. ਦਰਸ਼ਨ ਸਿੰਘ ਗੁਰਨੇ ਖੁਰਦ, ਸਤਨਾਮ ਸਿੰਘ, ਜਗਸੀਰ ਸਿੰਘ ਚਹਿਲ, ਗੁਰਬਾਜ ਸਿੰਘ, ਬਲਜੀਤ ਕੌਰ, ਸਰਬਜੀਤ ਸਿੰਘ ਮੀਆਂ ਆਦਿ ਕਾਂਗਰਸੀ ਆਗੂ ਹਾਜ਼ਰ ਸਨ।

## ਜਤਿੰਦਰ ਸੋਨੀ ਮੰਡੇਰ ਬਣੇ ਆੜ੍ਹਤੀਆ ਐਸੋਸੀਏਸ਼ਨ ਧੂਰੀ ਦੇ ਪ੍ਰਧਾਨ



**ਧੂਰੀ (ਬਿੰਨੀ ਗਰਗ)**-ਆੜ੍ਹਤੀਆ ਐਸੋਸੀਏਸ਼ਨ ਧੂਰੀ ਦੀ ਚੋਣ ਹੋਈ, ਜਿਸ ਵਿੱਚ ਹੋਏ ਸਖ਼ਤ ਮੁਕਾਬਲੇ ਤੋਂ ਜਤਿੰਦਰ ਸਿੰਘ ਸੋਨੀ ਮੰਡੇਰ ਪ੍ਰਧਾਨ ਚੁਣੇ ਗਏ ਤੇ ਅਗਲੇ ਦੋ ਸਾਲਾਂ ਲਈ ਉਹ ਪ੍ਰਧਾਨ ਰਹਿਣਗੇ।ਜ਼ਿਕਰਯੋਗ ਯੋਗ ਹੈ ਕਿ ਪ੍ਰਧਾਨ ਜਗਤਾਰ ਸਿੰਘ ਸਮਰਾ ਲਗਾਤਾਰ ਪੰਜ ਵਾਰ ਪ੍ਰਧਾਨ ਰਹੇ ਹਨ। ਚੋਣ ਕਮੇਟੀ ਵਿੱਚ ਸੀਨੀਅਰ ਮੈਂਬਰ ਵਿਜੈ ਸਿੰਗਲਾ, ਨਰੇਸ਼ ਕੁਮਾਰ ਗੁਪਤਾ, ਵਿਪਨ ਕੁਮਾਰ ਕਾਂਝਲਾ, ਪ੍ਰਦੀਪ ਮਿੱਤਲ, ਬਲਵਿੰਦਰ ਸ਼ਰਮਾ ਤੇ ਗੁਰਦੀਪ ਸਿੰਘ ਸ਼ਾਮਲ ਸਨ।ਕਮੇਟੀ ਨੇ ਚੋਣ ਪ੍ਰਕਿਰਿਆ ਸ਼ੁਰੂ ਕਰਕੇ ਨੌਮੀਨੇਸ਼ਨਾਂ ਦੀ ਮੰਗ ਕੀਤੀ ਤਾਂ ਜਗਤਾਰ ਸਿੰਘ ਸਮਰਾ ਤੇ ਜਤਿੰਦਰ ਸਿੰਘ ਸੋਨੀ ਮੰਡੇਰ ਦੇ ਨਾਂਅ ਪੇਸ਼ ਹੋਏ।ਦੋਨਾਂ ਉਮੀਦਵਾਰਾਂ ਵਿੱਚਕਾਰ ਹੋਏ ਮੁਕਾਬਲੇ ਵਿੱਚ ਨਵੇਂ ਪ੍ਰਧਾਨ ਜਤਿੰਦਰ ਸਿੰਘ ਸੋਨੀ ਮੰਡੇਰ ਨੇ ਸਾਬਕਾ ਪ੍ਰਧਾਨ ਜਗਤਾਰ ਸਿੰਘ ਸਮਰਾ ਨੂੰ 8 ਵੋਟਾਂ ਦੇ ਫਰਕ ਨਾਲ ਹਰਾਇਆ।ਨਵੇਂ ਬਣੇ ਪ੍ਰਧਾਨ ਜਤਿੰਦਰ ਸਿੰਘ ਸੋਨੀ ਮੰਡੇਰ ਨੇ ਆੜ੍ਹਤੀਆ ਭਾਈਚਾਰੇ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਆੜ੍ਹਤੀਏ ਭਾਈਚਾਰੇ ਨੂੰ ਪੇਸ਼ ਆ ਰਹੀਆਂ ਮੁਸ਼ਕਲਾਂ ਦੇ ਹੱਲ ਲਈ ਦਿਨ-ਰਾਤ ਮਿਹਨਤ ਕਰਨਗੇ।ਇਸ ਮੌਕੇ ਸਮੂਹ ਆੜ੍ਹਤੀਆ ਐਸੋਸੀਏਸ਼ਨ ਦੇ ਮੈਂਬਰਾਂ ਨੇ ਐਸੋਸੀਏਸ਼ਨ ਦੇ ਕੰਮਕਾਜ ਵਿੱਚ ਨਵ-ਨਿਯੁਕਤ ਪ੍ਰਧਾਨ ਨੂੰ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿਵਾਇਆ।ਇਸ ਮੌਕੇ ਜਾਗ ਸਿੰਘ ਸਰਪੰਚ, ਧਰਮ ਪਾਲ ਬਾਂਸਲ, ਭਵਨਜੀਤ ਸਿੰਘ, ਜਗਤਾਰ ਸਿੰਘ ਮੈਂਬਰ, ਗੋਪਾਲ ਕ੍ਰਿਸ਼ਨ, ਬਸੰਤ ਕੁਮਾਰ ਤੇ ਹੋਰ ਮੈਂਬਰ ਹਾਜ਼ਰ ਸਨ।

# ਪੁਲਸ ਨੇ ਅੰਨ੍ਹੇ ਕਤਲ ਦੀ ਗੁੱਥੀ ਸੁਲਝਾਈ, ਮੁਲਜ਼ਮ ਗ੍ਰਿਫ਼ਤਾਰ



**ਬੱਧਨੀ ਕਲਾਂ (ਲਵਲੀ ਮਾਛੀਕੇ)**- ਬੱਧਨੀ ਕਲਾਂ ਪੁਲਸ ਨੇ ਪਿੰਡ ਦੌਧਰ ਵਿਖੇ ਹੋਏ ਅੰਨ੍ਹੇ ਕਤਲ ਦੀ ਗੁੱਥੀ ਸੁਲਝਾ ਲਈ ਹੈ ਤੇ ਮੁਲਜ਼ਮ ਨੂੰ ਗ੍ਰਿਫਤਾਰ ਕਰ ਲਿਆ ਹੈ।ਪਿਛਲੇ ਦਿਨੀਂ 10 ਫਰਵਰੀ 2025 ਨੂੰ ਬਲਦੇਵ ਸਿੰਘ ਪੁੱਤਰ ਚਮਕੌਰ ਸਿੰਘ ਵਾਸੀ ਮੱਲਾ ਰੋਡ, ਡੱਲਾ (ਜਗਰਾਓਂ) ਨੇ ਪੁਲਸ ਕੋਲ ਆਪਣਾ ਬਿਆਨ ਦਰਜ ਕਰਵਾਇਆ ਸੀ ਕਿ 10 ਫਰਵਰੀ ਦੀ ਦਰਮਿਆਨੀ ਰਾਤ ਨੂੰ ਕੋਈ ਨਾ-ਮਲੂਮ ਵਿਅਕਤੀ ਮੁਦਈ ਦੀ ਸੱਸ ਗੁਰਮੇਲ ਕੌਰ ਪਤਨੀ ਨਾਹਰ ਸਿੰਘ ਵਾਸੀ ਦੌਧਰ ਸ਼ਰਕੀ ਦੀ ਹੱਤਿਆ ਕਰਕੇ ਸੋਨੇ ਦੀਆਂ ਵਾਲੀਆਂ ਤੇ ਕੋਕਾ ਚੋਰੀ ਕਰਕੇ ਲੈ ਗਏ।ਇਸ ਸਬੰਧੀ ਥਾਣਾ ਬੱਧਨੀ ਕਲਾਂ ਵਿਖੇ ਨਾ-ਮਲੂਮ ਮੁਲਜ਼ਮਾਂ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ ਸੀ।ਸ੍ਰੀ ਅਜੇ ਗਾਂਧੀ ਆਈ. ਪੀ. ਐੱਸ./ਐੱਸ. ਐੱਸ. ਪੀ. ਮੋਗਾ ਦੀ ਯੋਗ ਅਗਵਾਈ ਹੇਠ ਸ੍ਰੀ ਅਨਵਰ ਅਲੀ ਉੱਪ-ਕਪਤਾਨ ਪੁਲਸ ਸਬ ਡਵੀਜ਼ਨ ਨਿਹਾਲ ਸਿੰਘ ਵਾਲਾ ਦੇ ਦਿਸ਼ਾ ਨਿਰਦੇਸ਼ ਅਨੁਸਾਰ ਇੰਸਪੈਕਟਰ ਗੁਰਮੇਲ ਸਿੰਘ ਮੁੱਖ ਅਫ਼ਸਰ ਥਾਣਾ ਬੱਧਨੀ ਕਲਾਂ ਵੱਲੋਂ ਪੁਲਸ ਦੀਆਂ ਸਪੈਸ਼ਲ ਟੀਮਾਂ ਬਣਾ ਕੇ ਟੈਕਨੀਕਲ ਤਰੀਕੇ ਨਾਲ ਮੁਲਜ਼ਮਾਂ ਨੂੰ ਟ੍ਰੇਸ ਕਰਨ ਲਈ ਤਫ਼ਤੀਸ਼ ਅਮਲ ਵਿੱਚ ਲਿਆਂਦੀ ਗਈ।ਤਫਤੀਸ਼ ਦੌਰਾਨ ਪਤਾ ਲੱਗਾ ਕਿ ਗੁਰਮੇਲ ਕੌਰ ਦਾ ਕਤਲ ਮਨਪ੍ਰੀਤ ਸਿੰਘ ਉਰਫ ਬਿੱਟੂ ਪੁੱਤਰ ਜਗਦੀਸ਼ ਸਿੰਘ ਵਾਸੀ ਦੌਧਰ ਸਰਕੀ ਵੱਲੋਂ ਕੀਤਾ ਗਿਆ ਹੈ, ਜਿਸ 'ਤੇ ਮਨਪ੍ਰੀਤ ਸਿੰਘ ਉਕਤ ਨੂੰ ਇਸ ਮੁਕੱਦਮਾ ਵਿੱਚ 16 ਫਰਵਰੀ 2025 ਨੂੰ ਦੋਸ਼ੀ ਨਾਮਜ਼ਦ ਕੀਤਾ ਗਿਆ ਤੇ ਦੋਸ਼ੀ ਮਨਪ੍ਰੀਤ ਸਿੰਘ ਉਰਫ ਬਿੱਟੂ ਉਕਤ ਨੂੰ 16 ਫਰਵਰੀ 2025 ਨੂੰ ਹੀ ਇੰਸਪੈਕਟਰ ਗੁਰਮੇਲ ਸਿੰਘ ਮੁੱਖ ਅਫਸਰ ਥਾਣਾ ਬੱਧਨੀ ਕਲਾਂ ਵੱਲੋਂ ਗ੍ਰਿਫਤਾਰ ਕੀਤਾ ਗਿਆ।ਮੁਲਜ਼ਮ ਨੇ ਪੁੱਛਗਿੱਛ ਦੌਰਾਨ ਮੰਨਿਆ ਕਿ ਉਹ ਗੁਰਮੇਲ ਕੌਰ ਦੇ ਘਰ ਚੋਰੀ ਕਰਨ ਦੀ ਨੀਅਤ ਨਾਲ ਦਾਖਲ ਹੋਇਆ ਸੀ। ਗੁਰਮੇਲ ਕੌਰ ਨੇ ਮੁਲਜ਼ਮ ਨੂੰ ਪਛਾਣ ਕੇ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ, ਜਿਸ ਕਾਰਨ ਮੁਲਜ਼ਮ ਨੇ ਗੁਰਮੇਲ ਕੌਰ ਦਾ ਨੱਕ ਤੇ ਮੂੰਹ ਬੰਦ ਕਰਕੇ ਗਲਾ ਦਬਾ ਕੇ ਗੁਰਮੇਲ ਕੌਰ ਦਾ ਕਤਲ ਕਰ ਦਿੱਤਾ ਅਤੇ ਗੁਰਮੇਲ ਕੌਰ ਦੀਆਂ ਕੰਨਾਂ ਦੀਆਂ ਵਾਲੀਆਂ ਤੇ ਕੋਕਾ ਚੋਰੀ ਕਰ ਲਿਆ।ਮੁਲਜ਼ਮ ਮਨਪ੍ਰੀਤ ਸਿੰਘ ਉਰਫ ਬਿੱਟੂ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਦੋ ਦਿਨ ਦਾ ਪੁਲਸ ਰਿਮਾਂਡ ਹਾਸਲ ਕੀਤਾ ਗਿਆ ਤੇ ਦੋਸ਼ੀ ਵੱਲੋਂ ਚੋਰੀ ਕੀਤੀਆਂ ਸੋਨੇ ਦੀਆਂ ਬਾਲ਼ੀਆਂ ਬਰਾਮਦ ਕੀਤੀਆਂ ਗਈਆਂ ਹਨ।ਮੁਲਜ਼ਮ ਖ਼ਿਲਾਫ਼ ਪਹਿਲਾਂ ਵੀ ਮੁਕੱਦਮਾ ਥਾਣਾ ਸਦਰ ਜਗਰਾਓਂ ਵਿੱਚ ਦਰਜ ਹੈ।

## ਸੀਵਰੇਜ ਸਮੱਸਿਆ ਦੇ ਹੱਲ ਸੰਬੰਧੀ ਗੁਮਰਾਹਕੁਨ ਅਫਵਾਹਾਂ ਤੋਂ ਸੁਚੇਤ ਰਹਿਣ ਸ਼ਹਿਰੀ : ਸੰਘਰਸ਼ ਕਮੇਟੀ

### *114ਵੇਂ ਦਿਨ ਵੀ ਜਥੇਬੰਦੀਆਂ ਤੇ ਸ਼ਹਿਰੀਆਂ ਦੇ ਸਹਿਯੋਗ ਨਾਲ ਧਰਨਾ ਜਾਰੀ*



**ਮਾਨਸਾ (ਆਤਮਾ ਸਿੰਘ ਪਮਾਰ)**-ਸੀਵਰੇਜ ਸਮੱਸਿਆ ਦੇ ਪੱਕੇ ਹੱਲ ਲਈ ਚੱਲ ਰਿਹਾ ਧਰਨਾ ਅੱਜ 114ਵੇਂ ਦਿਨ ਵੀ ਸੇਵਾ ਸਿੰਘ ਠੀਕਰੀਵਾਲਾ ਚੌਂਕ ਵਿਖੇ ਵਾਇਸ ਪ੍ਰਧਾਨ ਨਗਰ ਕੌਂਸਲ ਰਾਮਪਾਲ ਸਿੰਘ ਬੱਪੀਆਣਾ, ਅੰਮ੍ਰਿਤ ਪਾਲ ਗੋਗਾ, ਹੰਸਾ ਸਿੰਘ ਤੇ ਅਜੀਤ ਸਿੰਘ ਸਰਪੰਚ ਦੀ ਅਗਵਾਈ ਵਿੱਚ ਭਰਾਤਰੀ ਜਥੇਬੰਦੀਆਂ ਤੇ ਸ਼ਹਿਰੀਆਂ ਦੇ ਸਹਿਯੋਗ ਨਾਲ ਜਾਰੀ ਰਿਹਾ।ਇਸ ਸਮੇਂ ਵੱਖ ਵੱਖ ਜਥੇਬੰਦੀਆਂ ਦੇ ਆਗੂਆਂ ਤੇ ਸ਼ਹਿਰੀਆਂ ਦੇ ਸਹਿਯੋਗ ਨਾਲ ਜਾਰੀ ਧਰਨੇ ਨੂੰ ਸੰਬੋਧਨ ਕਰਦਿਆਂ ਆਗੂਆਂ ਨੇ ਕਿਹਾ ਕਿ ਰੋਜ਼ਾਨਾ ਦੀ ਤਰ੍ਹਾਂ ਧਰਨਾ ਅੱਜ ਵੀ ਜੋਸ਼ੋ ਖਰੋਸ਼ ਨਾਲ ਜਾਰੀ ਹੈ ਬੇਸ਼ੱਕ ਕਈ ਤਰ੍ਹਾਂ ਦੀਆਂ ਚਰਚਾਵਾਂ ਸੀਵਰੇਜ ਸਮੱਸਿਆ ਦੇ ਹੱਲ, ਫੰਡ ਤੇ ਟੈਂਡਰਾਂ ਸਬੰਧੀ ਤੱਥਾਂ ਰਹਿਤ ਸੁਣਨ ਨੂੰ ਮਿਲ ਰਹੀਆਂ ਹਨ, ਪਰ ਸੀਵਰੇਜ ਸਮੱਸਿਆ ਦੇ ਸਾਰਥਿਕ ਹੱਲ ਤੱਕ ਧਰਨਾ ਜਾਰੀ ਰਹੇਗਾ।ਉਨ੍ਹਾਂ ਸਮੂਹ ਸੰਸਥਾਵਾਂ ਤੇ ਸ਼ਹਿਰੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਸਰਕਾਰ ਜਾਂ ਪ੍ਰਸ਼ਾਸਨ ਵੱਲੋਂ ਕੋਈ ਵੀ ਨੁਮਾਇੰਦਾ ਸੀਵਰੇਜ ਸਮੱਸਿਆ ਦੇ ਹੱਲ ਸਬੰਧੀ ਕੀਤੀ ਕਿਸੇ ਠੋਸ ਚਾਰਾਜੋਈ ਸਬੰਧੀ ਜਾਣਕਾਰੀ ਦੇਣ ਲਈ ਧਰਨਾਕਾਰੀਆਂ ਜਾਂ ਸੰਘਰਸ਼ ਕਮੇਟੀ ਨੂੰ ਮਿਲਣ ਲਈ ਨਹੀਂ ਪਹੁੰਚਿਆ।ਇਸ ਲਈ ਭਰਾਤਰੀ ਸਾਂਝ ਤੇ ਜਥੇਬੰਦਕ ਜਾਬਤੇ ਨੂੰ ਕਾਇਮ ਰੱਖਦੇ ਹੋਏ ਪਹਿਲਾਂ ਦੀ ਤਰ੍ਹਾਂ ਤਨਦੇਹੀ ਨਾਲ ਧਰਨੇ ਵਿੱਚ ਸ਼ਮੂਲੀਅਤ ਕਰਨ ਲਈ ਪਹੁੰਚਣ ਦੀ ਅਪੀਲ ਕਰਦੇ ਹੋਏ ਸਰਕਾਰ ਤੇ ਪ੍ਰਸ਼ਾਸਨ ਤੋਂ ਮੰਗ ਵੀ ਕੀਤੀ ਕਿ ਸੀਵਰੇਜ ਸਮੱਸਿਆ ਦਾ ਜਲਦੀ ਹੱਲ ਕੀਤਾ ਜਾਵੇ ਤਾਂ ਜੋ ਪੀੜਤ ਸ਼ਹਿਰੀਆਂ ਨੂੰ ਸੁੱਖ ਦਾ ਸਾਹ ਮਿਲ ਸਕੇ।ਆਗੂਆਂ ਨੇ ਸ਼ਹਿਰੀਆਂ ਨੂੰ ਕਿਸੇ ਤਰ੍ਹਾਂ ਦੇ ਗੁੰਮਰਾਹਕੁਨ ਪ੍ਰਚਾਰ ਤੋਂ ਸੁਚੇਤ ਰਹਿਣ ਦੀ ਅਪੀਲ ਕੀਤੀ।ਇਸ ਸਮੇਂ ਡਾ. ਧੰਨਾ ਮੱਲ ਗੋਇਲ, ਕ੍ਰਿਸ਼ਨ ਚੌਹਾਨ, ਸੰਦੀਪ ਸਿੰਘ ਘੰਡ, ਬਿੱਕਰ ਸਿੰਘ ਮੰਘਾਣੀਆ, ਰਤਨ ਕੁਮਾਰ ਭੋਲਾ, ਸੁਖਦੇਵ ਸਿੰਘ ਮਾਨਸਾ, ਬੂਟਾ ਸਿੰਘ ਐੱਫ ਸੀ ਆਈ, ਮਨਜੀਤ ਸਿੰਘ ਮੀਹਾਂ, ਸ਼ਸ਼ੀ ਭੂਸ਼ਨ, ਮੇਜ਼ਰ ਸਿੰਘ ਦੂਲੋਵਾਲ, ਗੁਰਮੀਤ ਸਿੰਘ, ਗੁਰਤੇਜ ਸਿੰਘ, ਹਰਪ੍ਰੀਤ ਸਿੰਘ, ਗੁਰਦੇਵ ਸਿੰਘ, ਦਲੇਲ ਸਿੰਘ ਵਾਲਾ, ਹਰਜੀਵਨ ਸਿੰਘ ਸਰਾਂ, ਬਿੱਟੂ ਟੈਂਟ ਵਾਲਾ, ਦਲਵਿੰਦਰ ਸਿੰਘ ਆਦਿ ਆਗੂ ਮੌਜੂਦ ਸਨ।

## ਦੁਨੀਆ ਦੀ ਸਭ ਤੋਂ ਵੱਡੀ ਆਧਿਆਤਮਕ ਭੀੜ ਨੂੰ ਆਸਾਨ ਬਣਾ ਰਿਹਾ ਹੈ ਭਾਰਤੀ ਰੇਲਵੇ

**ਨਵੀਂ ਦਿੱਲੀ** : ਪ੍ਰਯਾਗਰਾਜ ਹੁਣ ਤਕ ਮਹਾ ਕੁੰਭ 2025 ਵਿਚ 53 ਕਰੋੜ ਪਵਿੱਤਰ ਇਸ਼ਨਾਨ ਹੋਣ ਦਾ ਗਵਾਹ ਬਣ ਚੁੱਕਾ ਹੈ , ਜੋ ਕਿ ਦੁਨੀਆ ਦਾ ਸਭ ਤੋਂ ਵੱਡਾ ਧਾਰਮਿਕ ਇਕੱਠ ਹੈ।ਹਰ ਰੋਜ਼ ਲੱਖਾਂ ਸ਼ਰਧਾਲੂ ਇਥੇ ਪਹੁੰਚ ਰਹੇ ਹਨ ਤੇ ਭਾਰਤੀ ਰੇਲਵੇ ਇਸ ਪਵਿੱਤਰ ਸਮਾਗਮ ਵਿੱਚ ਯਾਤਰੀਆਂ ਦੀ ਯਾਤਰਾ ਨੂੰ ਆਸਾਨ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਰਿਹਾ ਹੈ। ਮਹਾ ਕੁੰਭ ਖੇਤਰ ਵਿੱਚ ਪਿਛਲੇ 3 ਸਾਲਾਂ ਵਿੱਚ ?5,000 ਕਰੋੜ ਦੀ ਲਾਗਤ ਨਾਲ ਵੱਡੇ ਪੱਧਰ ਦੀ ਲੋਜਿਸਟਿਕ ਤਿਆਰੀ ਕੀਤੀ ਗਈ ਹੈ, ਜਿਸ ਵਿੱਚ ਨਵੀਨੀਕਰਣ ਕੀਤੇ ਰੇਲਵੇ ਸਟੇਸ਼ਨ, ਆਧੁਨਿਕ ਭੀੜ ਪ੍ਰਬੰਧਨ ਪ੍ਰਣਾਲੀਆਂ, ਗੁੱਡਸ ਟਰੇਨਾਂ ਨੂੰ ਡੈਡੀਕੇਟਿਡ ਫ੍ਰੇਟ ਕੌਰਿਡੋਰ 'ਚ ਤਬਦੀਲ ਕੀਤਾ ਗਿਆ ਹੈ, ਤਾਂ ਜੋ ਯਾਤਰੀ ਟ੍ਰੈਫਿਕ ਨੂੰ ਪਹਿਲ ਦਿੱਤੀ ਜਾ ਸਕੇ।200 ਰੇਕ ਦੋਵੇਂ ਪਾਸਿਆਂ ਇੰਜਣਾਂ ਨਾਲ ਯਾਤਰਾ ਤੇਜ਼ ਕਰਨ ਲਈ ਤੈਨਾਤ, ਵੱਡੇ ਰੇਲਵੇ ਇਨਫਰਾਸਟ੍ਰਕਚਰ ਸੁਧਾਰ ਲਈ 3,700 ਕਰੋੜ ਦਾ ਨਿਵੇਸ਼, 12 ਭਾਸ਼ਾਵਾਂ ਵਿੱਚ ਐਲਾਨ ਦੀ ਵਿਵਸਥਾ (ਪ੍ਰਯਾਗਰਾਜ, ਨੈਨੀ, ਚੇਓਕੀ, ਸੁਬੇਦਾਰਗੰਜ), 3 ਰੰਗ-ਅਧਾਰਤ ਯਾਤਰੀ ਪ੍ਰਣਾਲੀ ?? (ਲਾਲ): ਲਖਨਊ, ਅਯੋਧਿਆ, ਬਨਾਰਸ, ? (ਨੀਲਾ): ਡੀ.ਡੀ.ਯੂ, ਸਸਾਰਾਮ, ਪਟਨਾ ? (ਪੀਲਾ): ਮਾਨਿਕਪੁਰ, ਝਾਂਸੀ, ਸਤਨਾ, ਕਟਨੀ, ?? (ਹਰਾ): ਕਾਨਪੁਰ, ਆਗਰਾ, ਦਿੱਲੀ, 3,000 ਚਾਲਕ × ਚਾਲਕ ਸਟਾਫ ਨਾਲ 53 ਕਰੋੜ ਇਸ਼ਨਾਨ ਹੋਣ ਉੱਪਰ, ਭਾਰਤੀ ਰੇਲਵੇ ਨੇ ਯਾਤਰੀਆਂ ਲਈ ਆਸਾਨ ਅਤੇ ਸੁਖਦ ਯਾਤਰਾ ਯਕੀਨੀ ਬਣਾਈ ਹੈ।

## ਚੋਰਾਂ ਨੇ 3 ਘਰਾਂ ਨੂੰ ਬਣਾਇਆ ਨਿਸ਼ਾਨਾ, ਲੱਖਾਂ ਦਾ ਸਾਮਾਨ, ਗਹਿਣੇ ਤੇ ਨਗਦੀ ਚੁਰਾਈ



**ਨਾਭਾ (ਵਰਿੰਦਰ ਵਰਮਾ)**

ਸ਼ਹਿਰ ਵਿੱਚ ਦਿਨੋਂ-ਦਿਨ ਵਧ ਰਹੀਆਂ ਚੋਰੀ ਦੀਆਂ ਵਾਰਦਾਤਾਂ ਵਿੱਚ ਲਗਾਤਾਰ ਵਾਧਾ ਹੁੰਦਾ ਜਾ ਰਿਹਾ ਹੈ, ਇਸੇ ਤਰ੍ਹਾਂ ਬੌੜਾਂ ਗੇਟ ਏਰੀਏ ਵਿੱਚ ਚੋਰਾਂ ਨੇ 2 ਰਾਤਾਂ ਦੌਰਾਨ 3 ਘਰਾਂ ਨੂੰ ਨਿਸ਼ਾਨਾ ਬਣਾ ਕੇ ਲੱਖਾਂ ਰੁਪਏ ਦਾ ਸਾਮਾਨ, ਸੋਨਾ, 35000 ਨਗਦੀ ਤੇ ਮੋਟਰਸਾਈਕਲ ਚੋਰੀ ਕਰਕੇ ਰਫੂ ਚੱਕਰ ਹੋ ਗਏ।ਪਰਿਵਾਰ ਰਿਸ਼ਤੇਦਾਰੀ ਵਿੱਚ ਵਿਆਹ ਸਮਾਗਮ 'ਤੇ ਗਿਆ ਹੋਇਆ ਸੀ, ਉਨ੍ਹਾਂ ਨੂੰ ਗੁਆਂਢੀਆਂ ਨੇ ਸੂਚਿਤ ਕੀਤਾ ਕਿ ਤੁਹਾਡੇ ਘਰ ਵਿੱਚ ਚੋਰੀ ਹੋ ਗਈ। ਇਸ ਮੌਕੇ ਵਿਆਹ ਸਮਾਗਮ ਤੋਂ ਪਰਤੇ ਮਕਾਨ ਮਾਲਕ ਬਨੀ ਕੁਮਾਰ ਨੇ ਦੱਸਿਆ ਕਿ ਅਸੀਂ ਆ ਕੇ ਦੇਖਿਆ ਤਾਂ ਤਾਲਾ ਟੁੱਟਿਆ ਹੋਇਆ ਸੀ, ਸਾਰਾ ਸਾਮਾਨ ਖਿਲਰਿਆ ਪਿਆ ਸੀ ਤੇ ਸਾਡਾ ਲੱਖਾਂ ਰੁਪਏ ਦਾ ਸੋਨਾ ਤੇ ਨਗਦੀ ਚੋਰ ਲੈ ਕੇ ਫਰਾਰ ਹੋ ਗਏ, ਦੂਜੇ ਘਰਾਂ ਦੇ ਮਾਲਕ ਸੁਨੀਤਾ ਰਾਣੀ ਤੇ ਸਨੀ ਕੁਮਾਰ ਨੇ ਕਿਹਾ ਕਿ ਅਸੀਂ ਰਾਜਪੁਰੇ ਗਏ ਹੋਏ ਸੀ ਤਾਂ ਆ ਕੇ ਦੇਖਿਆ ਸਾਰਾ ਸਾਮਾਨ ਖਿਲਰਿਆ ਪਿਆ ਸੀ।ਮੇਰੀ ਨੂੰਹ ਦਾ ਸੈੱਟ ਤੇ ਹੋਰ ਸੋਨੇ ਦਾ ਸਾਮਾਨ ਤੇ ਨਕਦੀ ਚੋਰ ਚੋਰੀ ਕਰਕੇ ਲੈ ਗਏ ਅਤੇ ਸਾਡਾ ਮੋਟਰਸਾਈਕਲ ਵੀ ਚੋਰ ਲੈ ਗਏ।ਘਰ ਦੇ ਮਾਲਕਾਂ ਵੱਲੋਂ ਪੁਲਸ ਨੂੰ ਸੂਚਨਾ ਦਿੱਤੀ ਗਈ ਤੇ ਪੁਲਸ ਵੱਲੋਂ ਇੱਕੋ ਹੀ ਜਵਾਬ ਕਿ ਜਲਦੀ ਹੀ ਚੋਰਾਂ ਨੂੰ ਗ੍ਰਿਫਤਾਰ ਕੀਤਾ ਜਾਵੇਗਾ।

## ਫ਼ਰੀਦਕੋਟ-ਕੋਟਕਪੂਰਾ ਸੜਕ 'ਤੇ ਹੋਏ ਬੱਸ ਹਾਦਸੇ ਦੀ ਉੱਚ ਪੱਧਰੀ ਜਾਂਚ ਦੀ ਮੰਗ

**ਕੋਟਕਪੂਰਾ (ਰਛਪਾਲ ਭੁੱਲਰ)**-ਆਮ ਆਦਮੀ ਪਾਰਟੀ ਦੇ ਹਲਕਾ ਗਿੱਦੜਬਾਹਾ ਤੋਂ ਵਿਧਾਇਕ ਹਰਦੀਪ ਸਿੰਘ ਡਿੰਪੀ ਢਿੱਲੋਂ ਦੀ ਨਿੱਜੀ ਬੱਸ ਕੰਪਨੀ ਨਿਊ ਦੀਪ ਬੱਸ ਸਰਵਿਸ ਲੋਕਾਂ ਦੀ ਜਾਨ ਦਾ ਖੌਅ ਬਣੀ ਹੋਈ ਹੈ।ਕੁੱਝ ਸਮਾਂ ਪਹਿਲਾਂ ਸ੍ਰੀ ਮੁਕਤਸਰ ਸਾਹਿਬ-ਕੋਟਕਪੂਰਾ ਵਿਚਕਾਰ ਪਿੰਡ ਝਬੇਲਵਾਲੀ ਕੋਲ ਇਸ ਬੱਸ ਕੰਪਨੀ ਦੇ ਜੌੜੀਆਂ ਨਹਿਰਾਂ 'ਤੇ ਵਾਪਰੇ ਇੱਕ ਸੜਕ ਹਾਦਸੇ ਵਿੱਚ ਗਈਆਂ ਕੀਮਤੀ ਜਾਨਾਂ ਦੇ ਵਾਰਿਸ ਇਸ ਮੰਦਭਾਗੀ ਦੁਰਘਟਨਾ ਦੇ ਸਦਮੇ 'ਚੋਂ ਬਾਹਰ ਨਹੀਂ ਨਿਕਲੇ ਸਨ।ਇਸ ਤੋਂ ਇਲਾਵਾ ਇਸ ਨਿੱਜੀ ਬੱਸ ਕੰਪਨੀ ਵੱਲੋਂ ਇੱਕਾ ਦੁੱਕਾ ਵਿਅਕਤੀਆਂ ਨੂੰ ਦਰੜਨ ਦੀਆਂ ਮੰਦਭਾਗੀਆਂ ਖਬਰਾਂ ਹਰ ਰੋਜ਼ ਪੜ੍ਹਨ ਅਤੇ ਸੁਣਨ ਨੂੰ ਮਿਲਦੀਆਂ ਹੀ ਰਹਿੰਦੀਆਂ ਹਨ।ਅੱਜ ਸਵੇਰੇ ਫਿਰ ਇਸ ਕੰਪਨੀ ਦੀ ਤੇਜ਼ ਰਫਤਾਰ ਬੱਸ ਨੇ ਫਰੀਦਕੋਟ ਅਤੇ ਕੋਟਕਪੂਰਾ ਦੇ ਵਿਚਕਾਰ ਸੇਮ ਨਾਲੇ ਵਿੱਚ ਬੱਸ ਸੁੱਟ ਕੇ ਅੱਧੀ ਦਰਜਨ ਦੇ ਕਰੀਬ ਪਰਿਵਾਰਾਂ ਦੇ ਘਰਾਂ ਵਿੱਚ ਮੁੜ ਸੱਥਰ ਵਿਛਾ ਦਿੱਤੇ ਹਨ ਤੇ ਦੋ ਦਰਜਨ ਦੇ ਕਰੀਬ ਜ਼ਖ਼ਮੀ ਵਿਅਕਤੀ ਆਪਣੀ ਜ਼ਿੰਦਗੀ ਅਤੇ ਮੌਤ ਦੀ ਲੜਾਈ ਵੱਖ-ਵੱਖ ਹਸਪਤਾਲਾਂ ਵਿੱਚ ਲੜ ਰਹੇ ਹਨ, ਜਿਨ੍ਹਾਂ ਵਿੱਚ ਕੁਝ ਦੇ ਉਮਰ ਭਰ ਲਈ ਅਪਾਹਜ ਹੋਣ ਦੇ ਸ਼ੰਕੇ ਬਰਕਰਾਰ ਹਨ।ਇਸ ਮੰਦਭਾਗੀ ਦੁਰਘਟਨਾ 'ਤੇ ਪੰਜਾਬ ਪੈਨਸ਼ਨਰਜ਼ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਪ੍ਰੇਮ ਚਾਵਲਾ, ਜ਼ਿਲ੍ਹਾ ਫ਼ਰੀਦਕੋਟ ਦੇ ਪ੍ਰਧਾਨ ਕੁਲਵੰਤ ਸਿੰਘ ਚਾਨੀ, ਅਸ਼ੋਕ ਕੌਸ਼ਲ, ਇਕਬਾਲ ਸਿੰਘ ਮੰਘੇੜਾ, ਮੁਖਤਿਆਰ ਸਿੰਘ ਮੱਤਾ, ਤਰਸੇਮ ਨਰੂਲਾ, ਸੋਮ ਨਾਥ ਅਰੋੜਾ, ਗੁਰਚਰਨ ਸਿੰਘ ਮਾਨ ਤੇ ਮਦਨ ਲਾਲ ਸ਼ਰਮਾ ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਸਾਰੇ ਮ੍ਰਿਤਕ ਵਿਅਕਤੀਆਂ ਦੇ ਪਰਵਾਰਾਂ ਨਾਲ ਦਿਲੀ ਹਮਦਰਦੀ ਦਾ ਪ੍ਰਗਟਾਵਾ ਕੀਤਾ ਹੈ ਤੇ ਸਾਰੇ ਜ਼ਖ਼ਮੀ ਵਿਅਕਤੀਆਂ ਦੇ ਜਲਦੀ ਸਿਹਤਯਾਬ ਹੋਣ ਦੀ ਕਾਮਨਾ ਕੀਤੀ ਹੈ।ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਇਸ ਘਟਨਾ ਦੀ ਉੱਚ ਪੱਧਰੀ ਜਾਂਚ ਕਰਾ ਕੇ ਨਿਊ ਦੀਪ ਬੱਸ ਕੰਪਨੀ ਦੇ ਮਾਲਕਾਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ।

## ਕ੍ਰਿਸ਼ਨ ਬਰਗਾੜੀ ਯਾਦਗਾਰੀ ਸਮਾਗਮ 23 ਨੂੰ

**ਸੰਗਰੂਰ (ਪ੍ਰਵੀਨ ਸਿੰਘ)**-ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਦੀ ਇੱਕ ਵਿਸ਼ੇਸ਼ ਇਕੱਤਰਤਾ ਜ਼ੋਨ ਜਥੇਬੰਦਕ ਮੁਖੀ ਮਾਸਟਰ ਪਰਮ ਵੇਦ ਤੇ ਇਕਾਈ ਮੁਖੀ ਸੁਰਿੰਦਰ ਪਾਲ ਉਪਲੀ ਦੀ ਅਗਵਾਈ ਵਿੱਚ ਸੰਗਰੂਰ ਵਿਖੇ ਹੋਈ।ਇਸ ਮੀਟਿੰਗ ਵਿੱਚ ਪਹਿਲੇ ਸਰੀਰ ਪ੍ਰਦਾਨੀ ਤਰਕਸ਼ੀਲ ਲਹਿਰ ਦੇ ਮਰਹੂਮ ਨਾਇਕ ਕ੍ਰਿਸ਼ਨ ਬਰਗਾੜੀ ਦੀ 23ਵੀਂ ਬਰਸੀ ਤੇ ਕ੍ਰਿਸ਼ਨ ਬਰਗਾੜੀ ਯਾਦਗਾਰੀ ਸਮਾਗਮ 23 ਫਰਵਰੀ ਨੂੰ ਤਰਕਸ਼ੀਲ ਭਵਨ ਬਰਨਾਲਾ ਵਿਖੇ ਹੋਣ ਜਾ ਰਿਹਾ ਹੈ, ਉਸ ਸਮਾਗਮ ਵਿੱਚ ਭਰਵੀਂ ਸ਼ਮੂਲੀਅਤ ਕਰਨ ਦਾ ਫੈਸਲਾ ਕੀਤਾ ਗਿਆ।ਇਸ ਯਾਦਗਾਰੀ ਸਮਾਗਮ ਵਿੱਚ ਕ੍ਰਿਸ਼ਨ ਬਰਗਾੜੀ ਯਾਦਗਾਰੀ ਸਨਮਾਨ ਉੱਘੇ ਇਤਿਹਾਸਕਾਰ ਸੁਭਾਸ਼ ਪਰਿਹਾਰ ਨੂੰ ਦਿੱਤਾ ਜਾਵੇਗਾ।ਇਸ ਸਮਾਗਮ ਵਿੱਚ ਅਜੋਕੇ ਫਾਸ਼ੀਵਾਦੀ ਦੌਰ ਵਿੱਚ ਦਰਪੇਸ਼ ਚੁਣੌਤੀਆਂ ਤੇ ਸਾਡੇ ਕਾਰਜ ਵਿਸ਼ੇ 'ਤੇ ਕੀਤੀ ਜਾਣ ਵਾਲੀ ਵਿਚਾਰ ਚਰਚਾ ਦੇ ਮੁੱਖ ਵਕਤਾ ਪੰਜਾਬ ਲੋਕ ਸੱਭਿਆਚਾਰ ਮੰਚ ਪੰਜਾਬ ਦੇ ਪ੍ਰਧਾਨ ਸਾਥੀ ਅਮੋਲਕ ਸਿੰਘ ਹੋਣਗੇ।ਮੀਟਿੰਗ ਵਿੱਚ ਉਪਰੋਕਤ ਤੋਂ ਇਲਾਵਾ ਸੁਖਦੇਵ ਸਿੰਘ ਕਿਸ਼ਨਗੜ੍ਹ, ਕ੍ਰਿਸ਼ਨ ਸਿੰਘ, ਜਸਦੇਵ ਸਿੰਘ, ਮਾਸਟਰ ਕਰਤਾਰ ਸਿੰਘ, ਪ੍ਰਗਟ ਸਿੰਘ ਬਾਲੀਆਂ, ਗੁਰਦੀਪ ਸਿੰਘ, ਸੀਤਾ ਰਾਮ ਬਾਲਦ ਕਲਾਂ, ਪ੍ਰਹਿਲਾਦ ਸਿੰਘ ਤੇ ਹੇਮ ਰਾਜ ਨੇ ਸ਼ਮੂਲੀਅਤ ਕੀਤੀ।

## ਬੀ ਕੇ ਯੂ ਏਕਤਾ ਸਿੱਧੂ ਦੇ ਨੁਮਾਇੰਦੇ ਐੱਸ ਐੱਸ ਪੀ ਨੂੰ ਮਿਲੇ



**ਫਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)**- ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂ ਦੇ ਨੁਮਾਇੰਦੇ ਤੇ ਪਿੰਡ ਕਾਉਣੀ ਦੇ ਮੋਹਤਵਰਾਂ ਵੱਲੋਂ ਮਾਨਯੋਗ ਐੱਸ ਐੱਸ ਪੀ ਫਰੀਦਕੋਟ ਨਾਲ ਭੇਟ ਕੀਤੀ ਤੇ ਕਈ ਤਰ੍ਹਾਂ ਦੇ ਮਸਲੇ ਵਿਚਾਰੇ। ਇਨ੍ਹਾਂ ਵਿੱਚ ਇੱਕ ਪਿੰਡ ਕਾਉਣੀ ਦੇ ਖਾਲੇ ਦਾ ਮਸਲਾ ਵੀ ਸੀ, ਜੋਕਿ ਕੁਲਵਿੰਦਰ ਸਿੰਘ ਦੇ ਅਤੇ ਹੋਰ ਲੋਕਾਂ ਦੇ ਖੇਤਾਂ ਨੂੰ ਖਾਲਾ ਜਾਂਦਾ ਸੀ, ਉਹ ਸੁਖਵਿੰਦਰ ਸਿੰਘ ਆਦਿ ਵੱਲੋਂ ਢਾਹ ਦਿੱਤਾ ਗਿਆ ਸੀ। ਇਸ ਦਾ ਕੇਸ ਪਹਿਲਾਂ ਵੀ 28 ਨਵੰਬਰ 2025 ਨੂੰ ਪਰਚਾ ਦਰਜ ਹੋਇਆ ਸੀ, ਇਹ ਪਰਚਾ ਸਾਦਿਕ ਥਾਣਾ ਸਦਰ ਵਿਖੇ ਨੰਬਰ ਇਕ ਸੌ ਦੋ ਹੈ। ਇਸ ਕੇਸ ਦਾ ਨਿਪਟਾਰਾ ਪੁਲਸ ਦੀ ਸਹਾਇਤਾ ਨਾਲ ਤੇ ਪਿੰਡ ਦੇ ਮੋਹਤਵਰਾਂ ਵੱਲੋਂ ਰਾਜ਼ੀਨਾਮਾ ਕਰਵਾ ਦਿੱਤਾ ਗਿਆ ਸੀ, ਪਰ ਦੁਬਾਰਾ ਫੇਰ ਸੁਖਵਿੰਦਰ ਸਿੰਘ ਆਦਿ ਵੱਲੋਂ ਇਹ ਖਾਲ ਢਾਹ ਦਿੱਤਾ ਗਿਆ ਸੀ, ਇਸ ਕਰਕੇ ਅਗਲੇ ਖੇਤਾਂ ਨੂੰ ਆਬਕਾਸੀ ਨਹੀਂ ਹੋ ਰਹੀ ਸੀ ਤੇ ਇਹ ਵੀ ਦੱਸਣ ਵਾਲੀ ਗੱਲ ਹੈ ਕਿ ਪਿੰਡ ਕਾਉਣੀ ਦਾ ਧਰਤੀ ਹੇਠਲਾ ਪਾਣੀ ਬਹੁਤ ਹੀ ਖਰਾਬ ਹੈ, ਜਿਸ ਕਰਕੇ ਫਸਲਾਂ ਦਾ ਬਹੁਤ ਨੁਕਸਾਨ ਹੁੰਦਾ ਹੈ। ਫਸਲਾਂ ਨੂੰ ਸਹੀ ਤਰੀਕੇ ਨਾਲ ਪਕਾਉਣ ਲਈ ਨਹਿਰੀ ਪਾਣੀ ਬਹੁਤ ਜ਼ਰੂਰੀ ਹੈ। ਇਹ ਖਾਲ ਢਾਹਿਆ ਜਾਣ ਕਰਕੇ ਅਗਲੇ ਖੇਤਾਂ ਵਾਲਿਆਂ ਨੂੰ ਬਹੁਤ ਹੀ ਸਮੱਸਿਆ ਆ ਰਹੀ ਸੀ। ਇਸੇ ਸੰਦਰਭ ਵਿੱਚ ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਦੇ ਸਾਦਕ ਬਲਾਕ ਦੇ ਪ੍ਰਧਾਨ ਨਾਇਬ ਸਿੰਘ ਤੇ ਪਿੰਡ ਦੇ ਪਤਵੰਤਿਆਂ ਵੱਲੋਂ ਮਾਣਯੋਗ ਐੱਸ ਐੱਸ ਪੀ ਨਾਲ ਮਿਲਣੀ ਕੀਤੀ ਗਈ।

ਇਹ ਮਿਲਣੀ ਬੜੇ ਸੁਖਾਵੇਂ ਮਾਹੌਲ ਵਿੱਚ ਹੋਈ ਤੇ ਪੁਲਸ ਵੱਲੋਂ ਤੁਰੰਤ ਕਾਰਵਾਈ ਕਰਨ ਦਾ ਭਰੋਸਾ ਦਿੱਤਾ ਗਿਆ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਧਾਨ ਸਾਦਕ ਨਾਇਬ ਸਿੰਘ ਨੇ ਦੱਸਿਆ ਕਿ ਪੁਲਸ ਨੇ ਭਾਈਚਾਰੇ ਦੀ ਸਾਂਝ ਨੂੰ ਤਰਜੀਹ ਦੇਣ ਵਾਲੀ ਗੱਲ ਵੀ ਕਹੀ ਤੇ ਲੜਾਈ ਝਗੜਿਆਂ ਤੋਂ ਦੂਰ ਰਹਿਣ ਦੀ ਗੱਲ ਵੀ ਕਹੀ।

## ਕਮਿਊਨਿਟੀ ਹੈਲਥ ਸੈਂਟਰ ਦਾ ਬੁਰਾ ਹਾਲ, ਦਰਜਾ ਚਾਰ ਕਰਮਚਾਰੀ ਕਰ ਰਹੇ ਕੰਪਿਊਟਰ ਆਪ੍ਰੇਟਰ ਦੀ ਡਿਊਟੀ

**ਗੁਰੂ ਹਰਸਹਾਏ (ਫਕੀਰ ਚੰਦ ਸਿਕਰੀ)**- ਕਮਿਊਨਿਟੀ ਹੈਲਥ ਸੈਂਟਰ ਆਪਣੇ ਕਿਸੇ ਨਾ ਕਿਸੇ ਕਾਰਨਾਮੇ ਨੂੰ ਲੈ ਕੇ ਹਮੇਸ਼ਾ ਹੀ ਚਰਚਾ ਵਿੱਚ ਰਹਿੰਦਾ ਹੈ, ਜਿੱਥੇ ਇਸ ਕਮਿਊਨਿਟੀ ਹੈਲਥ ਸੈਂਟਰ ਵਿਖੇ 12 ਦੇ ਕਰੀਬ ਡਾਕਟਰਾਂ ਦੀਆਂ ਅਸਾਮੀਆਂ ਪਿਛਲੇ ਲੰਮੇ ਸਮੇਂ ਤੋਂ ਖਾਲੀ ਪਈਆਂ ਹਨ, ਉਥੇ ਹੀ ਜਿਹੜੀਆਂ ਅਸਾਮੀਆਂ ਤੇ ਇਸ ਹਸਪਤਾਲ ਵਿੱਚ ਡਾਕਟਰ ਮੌਜੂਦ ਹਨ, ਉਹ ਵੀ ਆਪਣੇ ਟਾਈਮ 'ਤੇ ਹਸਪਤਾਲ ਵਿਖੇ ਨਹੀਂ ਪਹੁੰਚਦੇ, ਜਿਸ ਕਰਕੇ ਆਪਣਾ ਚੈੱਕਅਪ ਕਰਾਉਣ ਆਉਂਦੇ ਮਰੀਜ਼ਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਜਿਹੜੇ ਅੱਠ ਤੋਂ 10 ਦੇ ਕਰੀਬ ਦਰਜਾ ਚਾਰ ਕਰਮਚਾਰੀ ਤਾਇਨਾਤ ਹਨ, ਉਨ੍ਹਾਂ ਕੋਲੋਂ ਉਹ ਕੰਮ ਲੈਣ ਦੀ ਬਜਾਏ ਅਧਿਕਾਰੀਆਂ ਵੱਲੋਂ ਦਰਜਾ ਚਾਰ ਦੇ ਕਰਮਚਾਰੀਆਂ ਦੇ ਨਾਲ ਮਿਲੀਭੁਗਤ ਕਰਕੇ ਉਨ੍ਹਾਂ ਦੀ ਮਨਮਰਜ਼ੀ ਦੇ ਨਾਲ ਉਨ੍ਹਾਂ ਨੂੰ ਕੰਮ ਦਿੱਤੇ ਗਏ ਹਨ ਅਤੇ ਇਨ੍ਹਾਂ ਵਿੱਚੋਂ ਕਈ ਕਰਮਚਾਰੀ ਤਾਂ ਆਪਣੀ ਡਿਊਟੀ 'ਤੇ ਨਹੀਂ ਆਉਂਦੇ ਹਨ, ਪ੍ਰੰਤੂ ਉਨ੍ਹਾਂ ਦੀ ਹਾਜ਼ਰੀ ਲੱਗੀ ਹੁੰਦੀ ਹੈ, ਜਦਕਿ ਜਿਹੜੀ ਪੋਸਟ ਉਨ੍ਹਾਂ ਕਰਮਚਾਰੀਆਂ ਦੀ ਹੈ, ਉਸ ਪੋਸਟ ਦਾ ਕੰਮ ਨਾ ਹੋਣ ਕਰਕੇ ਕਮਿਊਨਿਟੀ ਹੈਲਥ ਸੈਂਟਰ ਵਿਖੇ ਕਾਫੀ ਗੰਦਗੀ ਹੈ। ਜਾਣਕਾਰੀ ਅਨੁਸਾਰ ਕਮਿਊਨਿਟੀ ਹੈਲਥ ਸੈਂਟਰ ਗੁਰੂ ਹਰਸਹਾਏ ਵਿਖੇ ਦਰਜਾ ਚਾਰ ਦੇ ਅੱਠ ਤੋਂ 10 ਦੇ ਕਰੀਬ ਕਰਮਚਾਰੀ ਕੰਮ ਕਰ ਰਹੇ ਹਨ, ਪ੍ਰੰਤੂ ਉਹ ਆਪਣੀ ਡਿਊਟੀ ਪੂਰੀ ਤਨਦੇਹੀ ਤੇ ਇਮਾਨਦਾਰੀ ਦੇ ਨਾਲ ਨਹੀਂ ਕਰ ਰਹੇ ਹਨ, ਜਿਸ ਕਰਕੇ ਸਰਕਾਰ ਨੂੰ ਲੱਖ ਰੁਪਏ ਦਾ ਚੂਨਾ ਲਗ ਰਿਹਾ ਹੈ। ਅਧਿਕਾਰੀਆਂ ਦੀ ਸ਼ਹਿ 'ਤੇ ਉਹ ਇਧਰ ਉਧਰ ਘੁੰਮ ਕੇ ਆਪਣਾ ਟਾਈਮ ਟਪਾ ਕੇ ਘਰ ਚਲੇ ਜਾਂਦੇ ਹਨ, ਜਦਕਿ ਜਿਹੜੇ ਡਿਊਟੀ ਸਰਕਾਰ ਵੱਲੋਂ ਉਨ੍ਹਾਂ ਨੂੰ ਦਿੱਤੀ ਗਈ ਹੈ, ਉਸ ਨੂੰ ਨਹੀਂ ਕਰ ਰਹੇ ਹਨ, ਜਿਸ ਕਰਕੇ ਆਪਣਾ ਇਲਾਜ ਕਰਵਾਉਣ ਆਉਂਦੇ ਮਰੀਜ਼ਾਂ ਨੂੰ ਵੀ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਸਬੰਧੀ ਸ਼ਹਿਰ ਦੇ ਸਮਾਜ ਸੇਵੀ ਲੋਕਾਂ ਨੇ ਪ੍ਰਸ਼ਾਸਨ ਨੇ ਉੱਚ ਅਧਿਕਾਰੀਆਂ ਤੋਂ ਮੰਗ ਕੀਤੀ ਹੈ ਕਿ ਕਮਿਊਨਿਟੀ ਹੈਲਥ ਸੈਂਟਰ ਦੇ ਚੱਲ ਰਹੇ ਇਹ ਸਿਸਟਮ ਨੂੰ ਸੁਧਾਰਿਆ ਜਾਵੇ ਤਾਂ ਜੋ ਆਪਣਾ ਇਲਾਜ ਕਰਵਾਉਣ ਆਉਂਦੇ ਮਰੀਜ਼ਾਂ ਨੂੰ ਮੁਸ਼ਕਲਾਂ ਨਾ ਆਣ ਤੇ ਜਿਹੜੇ ਅਧਿਕਾਰੀਆਂ ਦੀ ਸ਼ਹਿ 'ਤੇ ਇਹ ਵਿਅਕਤੀ ਇਮਾਨਦਾਰੀ ਦੇ ਨਾਲ ਕੰਮ ਨਹੀਂ ਕਰ ਰਹੇ ਹਨ, ਉਨ੍ਹਾਂ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ।

BEFORE THE DELHI INTERNATIONAL ARBITRATION CENTRE, DELHI HIGH COURT COMPOUND, NEW DELHI
Case Ref. No. DIAC/9074/08-24
IN THE MATTER OF:
LEASEPLAN INDIA PRIVATE LIMITED ...CLAIMANT
Versus
AUSPICE TRANSITOS PRIVATE LIMITED & ORS. .....RESPONDENTS

To,
1. M/s Auspice Transitos Private Limited
2. Mr. Abhishek Jalan, Director
3. Ms. Komal Saluja, Director
Registered Address:- 277, B.B. Ganguly Street, 4th Floor, Room No. 402 & 403, Kolkata, West Bengal-700012;
Correspondence Address:- 222 A.J.C. Bose Road, 5th Floor, Flat No.05A, Kolkata, West Bengal-700017;
Also at:- 1003, Tower 3, Bestech Parkview Residency, Sector 66 A, Mohali, Punjab-160062.

WHEREAS the above-named Claimant has initiated arbitration proceeding against Respondent. WHEREAS the Sole Arbitrator Mr. Mrinal Madhav has been appointed by Delhi International Arbitration Centre (DIAC) in the above matter. AND WHEREAS it has been shown to the satisfaction of the Hon'ble Tribunal that it is not possible to serve you, the above named Respondents, in the ordinary way, therefore this notice is given by advertisement in terms of order dated 28.10.2024 directing you to make appearance before Ld. Sole Arbitrator of this Delhi International Arbitration Centre (DIAC) on 25.02.2025 at 4:30 pm to defend the above-mentioned Arbitration Proceedings. Take Notice that in default of your appearance on the day before mentioned, the Statement of Claim on behalf of the Claimant will be heard and determined in absence.

Seal

By the Order
Mr. Mrinal Madhav,
Ld. Sole Arbitrator, DIAC

## ਸੈਂਟਰ ਹਾਕੇ ਵਾਲਾ ਦੇ ਸਮੂਹ ਸਕੂਲਾਂ 'ਚ ਬਾਲ ਮੇਲਾ ਮਨਾਇਆ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਸਿੱਖਿਆ ਵਿਭਾਗ ਦੇ ਦਿਸ਼ਾ ਨਿਰਦੇਸ਼ਾਂ ਤੇ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਸਿੱਖਿਆ ਫਿਰੋਜ਼ਪੁਰ ਅਤੀ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਫਿਰੋਜ਼ਪੁਰ ਦੀ ਰਹਿਨੁਮਾਈ ਹੇਠ ਸੈਂਟਰ ਹਾਕੇ ਵਾਲਾ ਦੇ ਸਮੂਹ ਸਕੂਲ ਸਰਕਾਰੀ ਪ੍ਰਾਇਮਰੀ ਸਕੂਲ ਹਾਕੇਵਾਲਾ, ਰਾਮੇਵਾਲਾ, ਬਸਤੀ ਨਿਜ਼ਾਮਦੀਨ, ਬਸਤੀ ਟੈਂਕਾਂ ਵਾਲੀ, ਗੋਬਿੰਦ ਨਗਰੀ, ਗਿੱਲਾਂਵਾਲਾ, ਪੱਧਰੀ ਤੇ ਸਰਕਾਰੀ ਪ੍ਰਾਇਮਰੀ ਸਕੂਲ ਰੱਜੀਵਾਲਾ ਵਿਖੇ ਅੰਜੂ ਬਾਲਾ ਸੀਐਚਟੀ ਹਾਕੇ ਵਾਲਾ ਨੇ ਦੱਸਿਆ ਕਿ ਸੈਂਟਰ ਹਾਕੇ ਵਾਲਾ ਦੇ ਸਮੂਹ ਸਕੂਲਾਂ ਵਿੱਚ ਬਾਲ ਮੇਲਾ ਬੜਾ ਉਤਸ਼ਾਹਜਨਕ ਮਨਾਇਆ ਗਿਆ। ਸਰਕਾਰੀ ਪ੍ਰਾਇਮਰੀ ਸਕੂਲ ਰੱਜੀਵਾਲਾ ਸੈਂਟਰ ਹਰ ਟੀਚਰ ਅੰਜੂ ਬਾਲਾ ਨੇ ਮੇਲੇ ਵਿੱਚ ਸ਼ਿਰਕਤ ਕੀਤੀ ਅਤੇ ਬੱਚਿਆਂ ਤੇ ਉਨ੍ਹਾਂ ਦੇ ਮਾਪਿਆਂ ਦੀਆਂ ਗਤੀਵਿਧੀਆਂ ਦੇਖੀਆਂ। ਬੱਚਿਆਂ ਨੂੰ ਤੇ ਉਨ੍ਹਾਂ ਦੇ ਮਾਪਿਆਂ ਨੂੰ ਇਨਾਮ ਵੀ ਵੰਡੇ ਗਏ।ਇਸ ਮੇਲੇ ਵਿੱਚ ਐੱਸ ਐੱਮ ਸੀ ਮੈਂਬਰ ਪੰਚਾਇਤ ਮੈਂਬਰ ਬੱਚਿਆਂ ਦੀ ਮਾਪਿਆਂ ਨੇ ਹਿੱਸਾ ਲਿਆ।ਅੰਜੂ ਬਾਲਾ ਨੇ ਦੱਸਿਆ ਕਿ ਸੈਂਟਰ ਹਾਕੇ ਵਾਲਾ ਦੇ ਸਮੂਹ ਸਕੂਲਾਂ ਵਿੱਚ ਬਾਲ ਮੇਲਾ ਸਫਲਤਾ ਨਾਲ ਹੋਰ ਨਿਬੜਿਆ।

## ਟ੍ਰਾਈ ਸਾਈਕਲ ਵੰਡਣ ਦਾ ਕੈਂਪ ਅੱਜ

**ਮੋਗਾ (ਇਕਬਾਲ ਸਿੰਘ ਖਹਿਰਾ)**-ਉਪਭੋਗਤਾ ਅਧਿਕਾਰ ਸੰਗਠਨ ਦੇ ਪੰਜਾਬ ਪ੍ਰਧਾਨ ਪੰਕਜ ਸੂਦ ਨੇ ਦੱਸਿਆ ਕਿ ਊਨਾ ਦੇ ਐਨਜੀਓ ਦੇ ਸਹਿਯੋਗ ਨਾਲ ਭਾਰਤ ਸਰਕਾਰ ਦੇ ਅਦਾਰੇ ਭਾਰਤੀਯ ਕ੍ਰਿਤ੍ਰਿਮ ਅੰਗ ਨਿਰਮਾਣ ਨਿਗਮ ਸਹਾਇਕ ਉਤਪਾਦਨ ਕੇਂਦਰ ਦੇ ਦਿਸ਼ਾ ਨਿਰਦੇਸ਼ ਅਤੇ ਸਹਿਯੋਗ ਨਾਲ 100 ਦੇ ਕਰੀਬ ਬੈਟਰੀ ਚਲਿਤ ਟ੍ਰਾਈ ਸਾਈਕਲ ਲਾਭਪਾਤਰੀਆਂ ਨੂੰ ਵੰਡਣ ਦਾ ਕੈਂਪ ਭੁਪਿੰਦਰ ਖਾਲਸਾ ਸਕੂਲ ਮੋਗਾ ਵਿਖੇ 19 ਤਰੀਕ ਸਵੇਰੇ 10 ਵਜੇ ਸ਼ੁਰੂ ਕੀਤਾ ਜਾਵੇਗਾ, ਜਿਸ ਵਿੱਚ ਪਹਿਲਾ ਹੀ ਰਜਿਸਟਰ ਕੀਤੇ 100 ਅੰਗਹੀਣਾਂ ਨੂੰ ਮੁਫ਼ਤ ਬੈਟਰੀ ਚਲਿਤ ਟ੍ਰਾਈ ਸਾਈਕਲ ਦਿੱਤੇ ਜਾਣੇ ਹਨ। ਪ੍ਰੋਜੈਕਟ ਦੀ ਇੰਚਾਰਜ ਸੀ ਆਰ ਓ ਇਸਤਰੀ ਵਿੰਗ ਦੀ ਪੰਜਾਬ ਜਨਰਲ ਸਕੱਤਰ ਡਾਕਟਰ ਸਰਬਜੀਤ ਬਰਾੜ, ਪ੍ਰੇਮ ਭੂਸ਼ਣ ਗੁਪਤਾ, ਮੀਨਾ ਸ਼ਰਮਾ ਸਵਾਭਿਮਾਨ ਸੁਸਾਇਟੀ ਮੋਗਾ ਤੇ ਮੋਗਾ ਜ਼ਿਲਾ ਪ੍ਰਸ਼ਾਸਨ ਵੱਲੋਂ ਅਫਸਰ ਸਾਹਿਬਾਨ ਭਾਗ ਲੈਣਗੇ। ਸੀ ਆਰ ਓ ਇਸਤਰੀ ਵਿੰਗ ਪੰਜਾਬ ਦੀ ਪ੍ਰਧਾਨ ਜਯੋਤੀ ਸੂਦ ਤੇ ਉਨ੍ਹਾਂ ਦੀ ਇਸਤਰੀ ਵਿੰਗ ਦੀ ਟੀਮ ਵੱਲੋਂ ਇਸ ਸਾਰੇ ਪ੍ਰੋਗਰਾਮ ਦੀ ਦੇਖ-ਰੇਖ ਦਾ ਜ਼ਿੰਮਾ ਚੁੱਕਿਆ ਗਿਆ ਹੈ।

### ਉੱਤਰ ਰੇਲਵੇ

**ਈ-ਨਿਵਿਦਾ ਸੂਚਨਾ**

ਸੀਨੀ. ਮੰਡਲ ਬਿਜਲੀ ਇੰਜੀਨੀਅਰ/ਟੀ.ਆਰ./ ਉੱਤਰ ਰੇਲਵੇ, ਜੰਮੂ ਤਵੀ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਈ-ਟੈਂਡਰਾਂ (www.ireps.gov.in) ਦੀ ਮੰਗ ਕੀਤੀ ਜਾਂਦੀ ਹੈ। ਟੈਂਡਰਕਾਰਕ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ।

ਟੈਂਡਰ ਨੰਬਰ : ਨੰ. 251J-ਬਿਜਲੀ-T-15-2024-25 ਕੰਮਾਂ ਦਾ ਵੇਰਵਾ: ਬਡਗਾਮ ਵਿਚ 16 ਟਾਈਪ I ਕਵਾਟਰ, 18 ਟਾਈਪ II ਕਵਾਟਰ ਅਤੇ 6 ਟਾਈਪ IV ਕਵਾਟਰ ਦੀ ਉਸਾਰੀ ਵਿਚ ਬਿਜਲੀ ਕੰਮ। ਅੰਦਾਜਨ ਲਾਗਤ (ਰੁ) : Rs. 93,36,966.96 ਬਿਆਨਾ ਰਾਸ਼ੀ (ਰੁ): 1,86,700.00 ਕੰਮ ਦਾ ਸਮਾਂ: 06 ਮਹੀਨੇ ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ : 10.03.2025 15:00 Hrs. ਦੇ ਬਾਅਦ ਵੈਬਸਾਈਟ : www.ireps.gov.in

ਨੰ.251J-ਬਿਜਲੀ/ਬਿਜਲੀ-ਟੈਂਡਰ ਨੋਟਿਸ ਨੰ./15/2024-25 ਮਿਤੀ:- 15.02.2025 533/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

**ਬਾ-ਅਦਾਲਤ ਅਮਰਜੀਤ ਸਿੰਘ, ਨਾਇਬ ਤਹਿਸੀਲਦਾਰ ਕਰਤਾਰਪੁਰ।**

(ਅਖਬਾਰ ਇਸ਼ਤਿਹਾਰ)

ਇਸ ਦਫਤਰ ਵਿਚ ਇਕ ਇਕ ਹਲਫੀਆ ਬਿਆਨ ਜੋ ਕਿ ਲਖਵਿੰਦਰ ਸਿੰਘ ਪੁੱਤਰ ਨਿਰਵੈਰ ਸਿੰਘ ਪੁੱਤਰ ਕਿਰਪਾਲ ਸਿੰਘ ਉਰਫ ਗੋਪਾਲ ਸਿੰਘ ਵਾਸੀ ਰਾਜਾ ਗਾਰਡਨ ਕਪੂਰਥਲਾ ਰੋਡ ਜ਼ਿਲਾ ਜਲੰਧਰ ਵਲੋਂ ਪੇਸ਼ ਕੀਤਾ ਗਿਆ ਹੈ, ਜਿਸ ਮੁਤਾਬਿਕ ਵਾਕਿਆ ਰਕਬਾ ਆਲਮਪੁਰ ਜਿਲਾ ਜਲੰਧਰ ਦੇ ਮਾਲ ਰਿਕਾਰਡ ਵਿਚ ਉਸ ਦਾ ਨਾਮ ਲਖਵਿੰਦਰਪਾਲ ਸਿੰਘ ਪੁੱਤਰ ਨਿਰਵੈਰ ਸਿੰਘ ਪੁੱਤਰ ਕਿਰਪਾਲ ਸਿੰਘ ਉਰਫ ਗੋਪਾਲ ਸਿੰਘ ਆ ਰਿਹਾ ਹੈ ਜੱਦ ਕਿ ਉਸ ਦਾ ਅਸਲ ਨਾਮ ਲਖਵਿੰਦਰ ਸਿੰਘ ਪੁੱਤਰ ਨਿਰਵੈਰ ਸਿੰਘ ਪੁੱਤਰ ਕਿਰਪਾਲ ਸਿੰਘ ਉਰਫ ਗੋਪਾਲ ਸਿੰਘ ਹੈ ਇਹ ਕਿ ਲਖਵਿੰਦਰਪਾਲ ਸਿੰਘ ਅਤੇ ਲਖਵਿੰਦਰ ਸਿੰਘ ਇਕ ਨਾਂ ਦੇ ਵਿਅਕਤੀ ਹੈ। ਇਹ ਕਿ ਹੁਣ ਉਕਤ ਜਮ੍ਹਾਂਬੰਦੀ ਵਿਚ ਲਖਵਿੰਦਰਪਾਲ ਸਿੰਘ ਪੁੱਤਰ ਨਿਰਵੈਰ ਸਿੰਘ ਪੁੱਤਰ ਕਿਰਪਾਲ ਸਿੰਘ ਉਰਫ ਗੋਪਾਲ ਸਿੰਘ ਦੀ ਥਾਂ ਲਖਵਿੰਦਰਪਾਲ ਉਰਫ ਲਖਵਿੰਦਰ ਸਿੰਘ ਪੁੱਤਰ ਨਿਰਵੈਰ ਸਿੰਘ ਪੁੱਤਰ ਕਿਰਪਾਲ ਸਿੰਘ ਉਰਫ ਗੋਪਾਲ ਸਿੰਘ ਦਰਜ ਕਰਨ ਦੀ ਤਜਵੀਜ ਹੈ।

ਇਸ ਨੋਟਿਸ ਰਾਂਹੀ ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਮਾਲ ਰਿਕਾਰਡ ਵਿਚ ਵਿਅਕਤੀ ਦਾ ਨਾਮ ਬਦਲਣ ਲਈ ਜੇਕਰ ਕਿਸ ਨੂੰ ਕੋਈ ਇਤਰਾਜ ਹੋਵੇ ਤਾਂ ਉਹ 15 ਦਿਨਾਂ ਦੇ ਅੰਦਰ ਅੰਦਰ ਇਸ ਦਫਤਰ ਵਿਚ ਆਪਣਾ ਪੱਖ/ਇਤਰਾਜ ਪੇਸ਼ ਕਰ ਸਕਦਾ ਹੈ। ਇਹ ਨੋਟਿਸ ਸਰਕਾਰ ਦੇ ਪੱਤਰ ਨੰਬਰ ਮੀਮੋ ਨੰਬਰ 25/78/2012-ਭ.ਮ-2/12445-71 ਚੰਡੀਗੜ ਮਿਤੀ 26.7.13 ਵਿਚ ਦਰਜ ਹਦਾਇਤਾ ਅਨੁਸਾਰ ਜਾਰੀ ਕੀਤਾ ਜਾਂਦਾ ਹੈ। ਇਸਤੋ ਬਾਅਦ ਕਿਸੇ ਪੱਖ/ਇਤਰਾਜ ਤੇ ਕੋਈ ਵਿਚਾਰ ਨਹੀ ਕੀਤਾ ਜਾਵੇਗਾ ਅਤੇ ਰਿਕਾਡ ਮਾਲ ਵਿਚ ਬਿਨੈਕਾਰ ਦਾ ਨਾਮ ਦਰਜ਼ ਕਰਨ ਦੇ ਹੁਕਮ ਜਾਰੀ ਕਰ ਦਿਤੇ ਜਾਣਗੇ।

ਨੰਬਰ -653 / ਰੀਡਰ/ਮਿਤੀ 13.02.2025 ਨਾਇਬ ਤਹਿਸੀਲਦਾਰ ਕਰਤਾਰਪੁਰ।

### St. Soldier Law College

Invites online applications on **(stsoldierlawcollege@rediffmail.com)** for regular post of **Principal on regular basis. (https://stsoldierlawcollege.in.)** Qualification and Grade as per UGC/BCI/Punjab Govt. /GNDU norms. Reservation Policy will be as per Punjab Govt. rules. Candidates must submit online application within 15 days from the date of publication of advertisement. A copy of the application alongwith a demand draft of Rs. 1180/- (non-refundable) in favour of Registrar, Guru Nanak Dev University, Amritsar may also be sent to Dean, CDC, Guru Nanak Dev University, Amritsar within stipulated time through Registered Post. Candidate must send the required documents alongwith the application as per the list available for Unaided Colleges in the CDC Portal on University website **(www.gndu.ac.in)**. Incomplete application (without the required documents) 'or' the application received after due date will not be entertained.

**Chairman**

### ਅਦਾਲਤੀ ਇਸ਼ਤਿਹਾਰ

**ਬਾ-ਅਦਾਲਤ ਸ੍ਰੀ ਮਨਦੀਪ ਸਿੰਘ ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਅਵੱਲ/ਦੋਮ ਫਗਵਾੜਾ, ਜ਼ਿਲ੍ਹਾ ਕਪੂਰਥਲਾ**

ਬਲਜੋਧ ਸਿੰਘ ਪੁੱਤਰ ਗੋਬਿੰਦਰਪਾਲ ਸਿੰਘ ਪੁੱਤਰ ਸਰਵਨ ਸਿੰਘ ਵਾਸੀ ਪਿੰਡ ਰਿਹਾਣਾ ਜੱਟਾਂ ਤਹਿਸੀਲ ਫਗਵਾੜਾ ਜ਼ਿਲ੍ਹਾ ਕਪੂਰਥਲਾ। ......ਫਰੀਕ ਅੱਵਲ......

ਬਨਾਮ

1. ਰਵਿੰਦਰ ਸਿੰਘ ਪੁੱਤਰ ਪਿਆਰਾ ਸਿੰਘ ਪੁੱਤਰ ਈਸ਼ਰ ਸਿੰਘ, 2. ਗੁਰਦੇਵ ਕੌਰ ਵਿਧਵਾ ਬਲਜੀਤ ਸਿੰਘ ਪੁੱਤਰ ਪਿਆਰਾ ਸਿੰਘ, 3. ਬਲਵਿੰਦਰ ਕੌਰ ਪੁੱਤਰੀ ਬਲਜੀਤ ਸਿੰਘ ਪੁੱਤਰ ਪਿਆਰਾ ਸਿੰਘ, 4. ਮਨਜਿੰਦਰ ਸਿੰਘ ਪੁੱਤਰ ਬਲਜੀਤ ਸਿੰਘ ਪੁੱਤਰ ਪਿਆਰਾ ਸਿੰਘ, 5. ਕੁਲਜਿੰਦਰ ਸਿੰਘ ਪੁੱਤਰ ਬਲਜੀਤ ਸਿੰਘ ਪੁੱਤਰ ਪਿਆਰਾ ਸਿੰਘ, 6. ਤਰਸੇਮ ਕੌਰ ਪਤਨੀ ਮੋਹਨ ਸਿੰਘ ਪੁੱਤਰ ਮਹਿੰਦਰ ਸਿੰਘ, 7. ਪਵਨ ਕੁਮਾਰ ਪੁੱਤਰ ਪਰਮਜੀਤ ਸਿੰਘ ਪੁੱਤਰ ਮਹਿੰਗਾ ਸਿੰਘ, 8. ਹਰਪ੍ਰੀਤ ਸਿੰਘ ਪੁੱਤਰ ਲਾਜਵੰਤ ਸਿੰਘ, 9. ਸੁਰਿੰਦਰ ਸਿੰਘ ਪੁੱਤਰ ਜਗੀਰ ਸਿੰਘ ਪੁੱਤਰ ਅੱਛਰ ਸਿੰਘ, 10. ਕਮਲਪ੍ਰੀਤ ਸਿੰਘ ਬੈਂਸ ਪੁੱਤਰ ਜਸਪ੍ਰੀਤ ਸਿੰਘ ਬੈਂਸ ਪੁੱਤਰ ਪਿਆਰਾ ਸਿੰਘ ਸਾਰੇ ਵਾਸੀਆਨ ਪਿੰਡ ਰਿਹਾਣਾ ਜੱਟਾਂ ਤਹਿਸੀਲ ਫਗਵਾੜਾ ਜ਼ਿਲ੍ਹਾ ਕਪੂਰਥਲਾ। ......ਫਰੀਕੈਨ ਦੋਮ......

ਦਰਖਾਸਤ ਤਕਸੀਮ ਅਰਾਜੀ 05 ਕਨਾਲ 10 ਮਰਲਾ ਖਸਰਾ ਨੰਬਰ 991/464 ਖੇਵਟ ਨੰਬਰ 331/315 ਖਤੌਨੀ ਨੰਬਰ 511 ਵਾਕਿਆ ਰਕਬਾ ਪਿੰਡ ਰਿਹਾਣਾ ਜੱਟਾਂ ਤਹਿਸੀਲ ਫਗਵਾੜਾ ਜ਼ਿਲ੍ਹਾ ਕਪੂਰਥਲਾ। ਜਮਾਂਬੰਦੀ ਸਾਲ 2019-20.

ਉਕਤ ਕੇਸ ਵਿੱਚ ਇਸ ਅਦਾਲਤ ਨੂੰ ਯਕੀਨ ਹੋ ਚੁੱਕਾ ਹੈ ਕਿ ਫਰੀਕੈਨ ਦੋਮ ਦੀ ਤਲਬੀ ਅਸਾਨ ਤਰੀਕੇ ਨਾਲ ਨਹੀਂ ਹੋ ਸਕਦੀ। ਇਸ ਲਈ ਇਸ ਇਸ਼ਤਿਹਾਰ ਰਾਹੀਂ ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਕਤ ਫਰੀਕੈਨ ਦੋਮ ਦੀ ਤਲਬੀ ਲਈ ਮਿਤੀ 03.03.2025 ਮੁਕਰਰ ਕੀਤੀ ਗਈ ਹੈ। ਇਹ ਫਰੀਕੈਨ ਦੋਮ ਉਕਤ ਨੂੰ ਅਸਾਲਤਨ ਜਾਂ ਵਕਾਲਤਨ ਰਾਹੀਂ ਹਾਜ਼ਰ ਹੋ ਕੇ ਪੈਰਵੀ ਕਰ ਸਕਦੇ ਹਨ। ਨਾ ਹਾਜ਼ਰ ਆਉਣ ਦੀ ਸੂਰਤ ਵਿੱਚ ਇਹਨਾਂ ਫਰੀਕੈਨ ਦੋਮ ਦੇ ਵਿਰੁੱਧ ਯਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਇਹ ਇਸ਼ਤਿਹਾਰ ਅੱਜ ਮਿਤੀ 13.02.2025 ਨੂੰ ਮੇਰੇ ਹਸਤਾਖਰ ਅਤੇ ਮੋਹਰ ਅਦਾਲਤ ਨਾਲ ਜਾਰੀ ਹੋਇਆ ਹੈ।

ਨੰਬਰ 19/ਰੀਡਰ-2

ਸਹੀ/-
ਨਾਇਬ ਤਹਿਸੀਲਦਾਰ-ਕਮ-ਸਹਾਇਕ
ਕੁਲੈਕਟਰ ਦਰਜਾ ਪਹਿਲਾ, ਫਗਵਾੜਾ

### ਅਦਾਲਤੀ ਇਸ਼ਤਿਹਾਰ

**ਬਾ-ਅਦਾਲਤ ਸ੍ਰੀ ਮਨਦੀਪ ਸਿੰਘ ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਅਵੱਲ/ਦੋਮ ਫਗਵਾੜਾ, ਜ਼ਿਲ੍ਹਾ ਕਪੂਰਥਲਾ**

ਬਲਜੋਧ ਸਿੰਘ ਪੁੱਤਰ ਗੋਬਿੰਦਰਪਾਲ ਸਿੰਘ ਪੁੱਤਰ ਸਰਵਨ ਸਿੰਘ ਵਾਸੀ ਪਿੰਡ ਰਿਹਾਣਾ ਜੱਟਾਂ ਤਹਿਸੀਲ ਫਗਵਾੜਾ ਜ਼ਿਲ੍ਹਾ ਕਪੂਰਥਲਾ। ......ਫਰੀਕ ਅੱਵਲ......

ਬਨਾਮ

1. ਸੇਵਾ ਸਿੰਘ ਪੁੱਤਰ ਸੁੰਦਰ ਸਿੰਘ ਪੁੱਤਰ ਸ਼ੇਰ ਸਿੰਘ, 2. ਰਜਿੰਦਰ ਕੌਰ ਵਿਧਵਾ ਸੁਰਜੀਤ ਸਿੰਘ ਪੁੱਤਰ ਸੁੰਦਰ ਸਿੰਘ ਸਾਰੇ ਵਾਸੀਆਨ ਪਿੰਡ ਰਿਹਾਣਾ ਜੱਟਾਂ ਤਹਿਸੀਲ ਫਗਵਾੜਾ ਜ਼ਿਲ੍ਹਾ ਕਪੂਰਥਲਾ। ......ਫਰੀਕੈਨ ਦੋਮ......

ਦਰਖਾਸਤ ਤਕਸੀਮ ਅਰਾਜੀ 02 ਕਨਾਲ 19 ਮਰਲਾ ਖਸਰਾ ਨੰਬਰ 1133/972/267 ਖੇਵਟ ਨੰਬਰ 354/334 ਖਤੌਨੀ ਨੰਬਰ 541 ਵਾਕਿਆ ਰਕਬਾ ਪਿੰਡ ਰਿਹਾਣਾ ਜੱਟਾਂ ਤਹਿਸੀਲ ਫਗਵਾੜਾ ਜ਼ਿਲ੍ਹਾ ਕਪੂਰਥਲਾ। ਜਮਾਂਬੰਦੀ ਸਾਲ 2019-20.

ਉਕਤ ਕੇਸ ਵਿੱਚ ਇਸ ਅਦਾਲਤ ਨੂੰ ਯਕੀਨ ਹੋ ਚੁੱਕਾ ਹੈ ਕਿ ਫਰੀਕੈਨ ਦੋਮ ਦੀ ਤਲਬੀ ਅਸਾਨ ਤਰੀਕੇ ਨਾਲ ਨਹੀਂ ਹੋ ਸਕਦੀ। ਇਸ ਲਈ ਇਸ ਇਸ਼ਤਿਹਾਰ ਰਾਹੀਂ ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਕਤ ਫਰੀਕੈਨ ਦੋਮ ਦੀ ਤਲਬੀ ਲਈ ਮਿਤੀ 03.03.2025 ਮੁਕਰਰ ਕੀਤੀ ਗਈ ਹੈ। ਇਹ ਫਰੀਕੈਨ ਦੋਮ ਉਕਤ ਨੂੰ ਅਸਾਲਤਨ ਜਾਂ ਵਕਾਲਤਨ ਰਾਹੀਂ ਹਾਜ਼ਰ ਹੋ ਕੇ ਪੈਰਵੀ ਕਰ ਸਕਦੇ ਹਨ। ਨਾ ਹਾਜ਼ਰ ਆਉਣ ਦੀ ਸੂਰਤ ਵਿੱਚ ਇਹਨਾਂ ਫਰੀਕੈਨ ਦੋਮ ਦੇ ਵਿਰੁੱਧ ਯੱਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਇਹ ਇਸ਼ਤਿਹਾਰ 13.02.2025 ਨੂੰ ਮੇਰੇ ਹਸਤਾਖਰ ਅਤੇ ਮੋਹਰ ਅਦਾਲਤ ਨਾਲ ਜਾਰੀ ਹੋਇਆ ਹੈ।

ਨੰਬਰ 20/ਰੀਡਰ-2

ਸਹੀ/-
ਨਾਇਬ ਤਹਿਸੀਲਦਾਰ-ਕਮ-ਸਹਾਇਕ
ਕੁਲੈਕਟਰ ਦਰਜਾ ਪਹਿਲਾ, ਫਗਵਾੜਾ

### Capital Small Finance Bank Ltd.

HO:- MIDAS Corporate Park, 3rd Floor, 37, G.T. Road, Jalandhar-144001, Punjab, India

**ਕਬਜ਼ਾ ਨੋਟਿਸ** (ਅਚੱਲ ਜਾਇਦਾਦ ਲਈ)
(ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002, ਦੇ ਰੂਲ 8 (1) ਅਧੀਨ)

ਜਿਵੇਂ ਕਿ ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਟਾਈਜ਼ੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਅਸੈੱਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ (ਐਕਟ, 2002 ਅਧੀਨ ਅਤੇ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਨਿਯਮ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਮਿਤੀ 19.12.2023 ਨੂੰ ਡਿਮਾਂਡ ਨੋਟਿਸ ਜਾਰੀ ਕਰਕੇ ਕਰਜ਼ਦਾਰ ਅਤੇ ਗਰੰਟਰ ਮੈਸਰਜ਼ ਗਣੇਸ਼ ਟਰੇਡਿੰਗ ਕੰਪਨੀ ਰਾਹੀਂ ਇਸ ਦੇ ਮਾਲਕ ਸ੍ਰੀ ਮੁਕੇਸ਼ ਕੁਮਾਰ ਅਗਰਵਾਲ, ਸ੍ਰੀ ਮੁਕੇਸ਼ ਅਗਰਵਾਲ ਪੁੱਤਰ ਸ੍ਰੀ ਸਤ ਨਰਾਇਣ ਅਗਰਵਾਲ, ਪੂਨਮ ਰਾਣੀ ਪਤਨੀ ਮੁਕੇਸ਼ ਕੁਮਾਰ ਸ੍ਰੀ ਅਰਵਿੰਦ ਕੁਮਾਰ ਪੁੱਤਰ ਰਜਿੰਦਰ ਕੁਮਾਰ ਨੂੰ ਨੋਟਿਸ ਵਿੱਚ ਵਰਨਣ ਬਕਾਇਆ ਨਿਕਲਦੀ ਰਕਮ ਰੁਪਏ 11,75,602.50 (ਰੁਪਏ ਗਿਆਰਾਂ ਲੱਖ ਪੱਜਤਰ ਹਜ਼ਾਰ ਛੇ ਸੌ ਦੋ ਅਤੇ ਪੰਜਾਹ ਪੈਸੇ ਕੇਵਲ) ਦੀ ਮਿਤੀ 1.12.2023 ਤੋਂ ਲਾਗੂ ਭਵਿੱਖੀ ਵਿਆਜ ਸਮੇਤ ਵਰਣਨ ਨੋਟਿਸ ਦੇ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਅਦਾਇਗੀ ਕਰਨ ਲਈ ਕਿਹਾ ਸੀ।

ਕਰਜ਼ਦਾਰ ਬਕਾਇਆ ਨਿਕਲਦੀ ਰਕਮ ਦੀ ਅਦਾਇਗੀ ਕਰਨ 'ਚ ਨਾਕਾਮ ਰਹੇ ਹਨ। ਇਸ ਲਈ ਕਰਜ਼ਦਾਰ ਅਤੇ ਗਰੰਟਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਦਰਸਾਏ ਨਿਯਮਾਂ ਦੇ ਨਿਯਮ 8 ਅਤੇ 9 ਨਾਲ ਪੜ੍ਹੇ ਜਾਂਦੇ ਉਕਤ ਐਕਟ ਦੇ ਸੈਕਸ਼ਨ 13 (4) ਤਹਿਤ ਖੁਦ ਨੂੰ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦੱਸੀ ਜਾਇਦਾਦ ਦਾ ਮਿਤੀ 17 ਫਰਵਰੀ 2025 ਨੂੰ ਕਬਜ਼ਾ ਲੈ ਲਿਆ ਹੈ।

ਖਾਸ ਤੌਰ 'ਤੇ ਕਰਜ਼ਦਾਰਾਂ ਅਤੇ ਗਰੰਟਰ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦੇ ਲੈਣ-ਦੇਣ ਦੀ ਸੂਰਤ 'ਚ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਵੱਲੋਂ ਬਕਾਇਆ ਨਿਕਲਦੀ ਰਕਮ ਰੁਪਏ 11,75,602.50 (ਰੁਪਏ ਗਿਆਰਾਂ ਲੱਖ ਪੱਜਤਰ ਹਜ਼ਾਰ ਛੇ ਸੌ ਦੋ ਅਤੇ ਪੰਜਾਹ ਪੈਸੇ ਕੇਵਲ) ਦੀ ਮਿਤੀ 1.12.2023 ਤੋਂ ਲਾਗੂ ਭਵਿੱਖੀ ਵਿਆਜ ਸਮੇਤ ਵਸੂਲੀ ਕੀਤੀ ਜਾਵੇਗੀ।

ਉਪਲੱਬਧ ਸਮੇਂ 'ਚ ਸਕਿਓਰਡ ਐਸੈਂਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

**ਅਚੱਲ ਜਾਇਦਾਦ ਦਾ ਵੇਰਵਾ**

ਜਾਇਦਾਦ ਦਾ ਉਚਿਤ ਰਹਿਣਨਾਮਾ : ਟਾਈਟਲ ਡੀਡ ਨੰ. 2022-23/116/1/1232 ਮਿਤੀ 15.06.2022 ਰਾਹੀਂ ਸ੍ਰੀ ਮੁਕੇਸ਼ ਅਗਰਵਾਲ ਪੁੱਤਰ ਸ੍ਰੀ ਸਤ ਨਰਾਇਣ ਅਗਰਵਾਲ ਦੀ ਮਾਲਕੀ ਹੇਠ ਗੋਬਿੰਦ ਇਨਕਲੇਵ, ਨੇੜੇ ਨਾਨਕਪੁਰਾ, ਗੋਲ ਬਾਗ, ਫਿਰੋਜ਼ਪੁਰ, ਹਦਬਸਤ ਨੰ. 108 ਵਿਖੇ ਸਥਿਤ ਜਾਇਦਾਦ ਰਕਬਾ 4.28 ਮਰਲੇ ਦੇ ਸਾਰੇ ਹਿੱਸੇ।

ਮਿਤੀ : 17.02.2025, ਸਥਾਨ : ਫਿਰੋਜ਼ਪੁਰ (ਅਧਿਕਾਰਤ ਅਫਸਰ)

### ਉੱਤਰ ਰੇਲਵੇ

**ਈ-ਨੀਲਾਮੀ ਸੂਚਨਾ**

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਸੀਨੀਅਰ ਮੰਡਲ ਵਾਣਿਜ ਪ੍ਰਬੰਧਕ/ਮਾਲਭਾੜਾ, ਉੱਤਰ ਰੇਲਵੇ, ਫਿਰੋਜ਼ਪੁਰ ਦੁਆਰਾ ਹੇਠਾਂ ਦਿਤੇ ਗਏ ਕੰਮ ਦੇ ਲਈ ਯੋਗ ਅਤੇ ਰਜਿਸਟਰਡ ਬੋਲੀਦਾਤਾਵਾਂ ਤੋਂ ਫਿਰੋਜ਼ਪੁਰ ਮੰਡਲ ਵਿਚ ਈ-ਨੀਲਾਮੀ ਮੰਗ ਕੀਤੀ ਗਈ ਹੈ:

| ਨੀਲਾਮੀ ਸੂਚੀ ਨੰ. | ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ | ਕੰਮ ਦਾ ਨਾਮ |
|---|---|---|
| EAFZR-SLR25-30 | 05.03.2025 ਨੂੰ 11:00 Hrs. | ਗੱਡੀਆਂ ਵਿਚ ਪਾਰਸਲ ਸਪੇਸ ਨੂੰ ਲੀਜ ਤੇ ਦੇਣ ਦਾ ਠੇਕਾ (ਟ੍ਰੇਨ ਨੰਬਰ/ਐਸਐਲਆਰ ਕੰਪਾਰਟਮੈਂਟ): 19226/F1, 15212/F1, 12412/F1, 14504/F1, 19416/F1, 19226/R1, 12414/R1, 15212/R1 & 19612/F1. |

ਵਿਸਤ੍ਰਿਤ ਜਾਣਕਾਰੀ ਅਤੇ ਪੰਜੀਕਰਨ ਦੇ ਲਈ, ਕਿਰਪਾ ਰੇਲਵੇ ਦੀ ਵੈਬਸਾਈਟ www.ireps.gov.in 'ਤੇ ਜਾਓ।

ਨੰਬਰ : 179-C/E-Auction/FZR/25 ਤਾਰੀਕ : 17.02.2025 550/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## ਅਮਰੀਕਾ ਨੇ ਫਿਰ ਜ਼ੰਜੀਰਾਂ 'ਚ ਭੇਜੇ ਭਾਰਤੀ ਨਾਗਰਿਕ, ਕੇਂਦਰ ਸਰਕਾਰ ਚੁੱਪ ਕਿਉਂ : ਰਾਹੁਲ ਖੰਨਾ



**ਟਾਂਡਾ ਉੜਮੁੜ (ਜਸਵਿੰਦਰ ਸੰਧੂ)**

ਏਜੰਟਾਂ ਦੇ ਜਾਲ ਵਿੱਚ ਫਸ ਕੇ ਗਲਤ ਢੰਗ ਨਾਲ ਬਾਰਡਰ ਪਾਰ ਕਰਕੇ ਅਮਰੀਕਾ ਪਹੁੰਚੇ ਭਾਰਤੀ ਨਾਗਰਿਕਾਂ ਨੂੰ ਲਗਾਤਾਰ ਹੱਥਕੜੀਆਂ ਪਾ ਕੇ ਭਾਰਤ ਏਅਰਪੋਰਟ 'ਤੇ ਭੇਜਣਾ ਅਣਮਨੁੱਖੀ ਵਰਤਾਰਾ ਹੈ, ਜਿਸਦੇ ਸਦਕਾ ਅਮਰੀਕਾ ਅਤੇ ਭਾਰਤ ਸਰਕਾਰ ਖਿਲਾਫ ਰੋਸ ਦਾ ਪ੍ਰਗਟਾਵਾ ਕਰਨ ਸਬੰਧੀ ਸ਼ਿਵ ਸੈਨਾ ਹਿੰਦੁਸਤਾਨ ਦੇ ਜ਼ਿਲ੍ਹਾ ਚੇਅਰਮੈਨ ਵਿਵੇਕ ਵਿਜਨ ਅਤੇ ਸੀਨੀਅਰ ਸ਼ਹਿਰੀ ਪ੍ਰਧਾਨ ਰਾਜੀਵ ਖੰਨਾ ਦੀ ਅਗਵਾਈ ਵਿੱਚ ਇੱਕ ਮੀਟਿੰਗ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਸ਼ਿਵ ਸੈਨਾ ਹਿੰਦੁਸਤਾਨ ਦੇ ਪੰਜਾਬ ਕਾਰਜਕਾਰੀ ਪ੍ਰਧਾਨ ਰਾਹੁਲ ਖੰਨਾ ਸ਼ਾਮਿਲ ਹੋਏ। ਉਨ੍ਹਾਂ ਨਾਲ ਸਨਾਤਨ ਧਰਮ ਸਭਾ ਅਹਿਆਪੁਰ ਦੇ ਪ੍ਰਧਾਨ ਨਿਖਲੇਸ ਜਸਰਾ ਨੈਨੂੰ, ਸ਼ਿਵ ਸੈਨਾ ਦੋਆਬਾ ਪ੍ਰਧਾਨ ਪ੍ਰਸ਼ਾਂਤ ਪੰਡਿਤ, ਦੋਆਬਾ ਉਪ ਪ੍ਰਧਾਨ ਦੀਪਕ ਠਾਕੁਰ, ਜ਼ਿਲ੍ਹਾ ਉਪ ਚੇਅਰਮੈਨ ਸੰਜੀਵ ਖੰਨਾ ਅਤੇ ਬਲਾਕ ਪ੍ਰਧਾਨ ਗਣੇਸ਼ ਵੈਦ ਹਾਜ਼ਰ ਸਨ। ਮੀਟਿੰਗ 'ਚ ਸ਼ਾਮਿਲ ਵਿਅਕਤੀਆਂ ਨੂੰ ਸੰਬੋਧਨ ਕਰਦੇ ਹੋਏ ਪ੍ਰਧਾਨ ਰਾਹੁਲ ਖੰਨਾ ਨੇ ਕਿਹਾ ਕਿ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਆਪਣੀ ਅਮਰੀਕਾ ਫੇਰੀ ਸਮੇਂ ਉੱਥੇ ਦੇ ਰਾਸ਼ਟਰਪਤੀ ਡੋਨਲਡ ਟ੍ਰੰਪ ਦੇ ਅੱਗੇ ਇਹ ਮੁੱਦਾ ਜ਼ੋਰਦਾਰ ਢੰਗ ਨਾਲ ਚੁੱਕਣਾ ਚਾਹੀਦਾ ਸੀ। ਅਜਿਹਾ ਨਾ ਕਰਨ ਕਾਰਨ ਭਾਰਤ ਵਾਸੀਆਂ ਦੇ ਮਨਾਂ ਵਿੱਚ ਰੋਸ ਦੀ ਭਾਵਨਾ ਵੱਧਦੀ ਜਾ ਰਹੀ ਹੈ। ਰਾਹੁਲ ਖੰਨਾ ਨੇ ਕੇਂਦਰ ਸਰਕਾਰ ਨੂੰ ਪੁਰਜ਼ੋਰ ਅਪੀਲ ਕੀਤੀ ਕਿ ਗੈਰ ਢੰਗ ਨਾਲ ਅਮਰੀਕਾ ਗਏ ਭਾਰਤੀ ਨਾਗਰਿਕਾਂ ਨੂੰ ਪੂਰੀ ਇੱਜਤ ਨਾਲ ਵਾਪਸ ਲਿਆਉਣ ਦੇ ਪੁਖਤਾ ਪ੍ਰਬੰਧ ਕੀਤੇ ਜਾਣ। ਇਸ ਮੌਕੇ 'ਤੇ ਗਗਨ ਕੁਮਾਰ, ਵਿੱਕੀ ਕੁਮਾਰ, ਨਿਤਿਨ ਚੌਹਾਨ, ਸੰਨੀ ਖੋਸਲਾ, ਵਿਜੇ ਮਾਹੌਲਾ, ਸਾਹਿਲ ਪ੍ਰੀਤ ਸਿੰਘ, ਅਕਾਸ਼ਦੀਪ ਸਿੰਘ,ਅਜੇ ਕੁਮਾਰ ਅਤੇ ਸਮੂਹ ਸ਼ਿਵ ਸੈਨਾ ਵਰਕਰਾਂ ਨੇ ਅਮਰੀਕਾ ਤੇ ਕੇਂਦਰ ਸਰਕਾਰ ਖਿਲਾਫ ਰੋਸ ਦਾ ਪ੍ਰਗਟਾਵਾ ਕੀਤਾ।

## ਟਰੰਪ ਸਰਕਾਰ ਵੱਲੋਂ ਭਾਰਤੀ ਨੌਜਵਾਨਾਂ ਨਾਲ ਬਦਸਲੂਕੀ ਕਰਨਾ ਮੰਦਭਾਗਾ : ਜਥੇ. ਸੁਖਦੀਪ ਸਿੰਘ

**ਬੰਗਾ (ਅਵਤਾਰ ਕਲੇਰ)**- ਅਮਰੀਕਾ ਵਿੱਚ ਡੋਨਲਡ ਟਰੰਪ ਦੀ ਸਰਕਾਰ ਵੱਲੋਂ ਲਏ ਗਏ ਸਖਤ ਫੈਸਲੇ ਦੇ ਤਹਿਤ ਗੈਰ ਕਾਨੂੰਨੀ ਢੰਗ ਨਾਲ ਅਮਰੀਕਾ ਵਿੱਚ ਪ੍ਰਵੇਸ਼ ਕੀਤੇ ਭਾਰਤੀਆਂ, ਜਿਹਨਾਂ ਵਿੱਚ ਪੰਜਾਬੀ ਵੀ ਸ਼ਾਮਲ ਹਨ , ਨੂੰ ਬੇੜੀਆਂ ਵਿੱਚ ਅਤੇ ਹੱਥਕੜੀਆਂ ਨਾਲ ਜਕੜ ਕੇ ਵਤਨ ਵਾਪਸ ਭੇਜਣਾ ਬਹੁਤ ਮੰਦਭਾਗਾ ਹੈ, ਜਿਸ ਨੂੰ ਲੈ ਕੇ ਭਾਰਤ ਦੇ ਲੋਕਾਂ 'ਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਜਥੇਦਾਰ ਸੁਖਦੀਪ ਸਿੰਘ ਸੁਕਾਰ ਜ਼ਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਬਾਦਲ ਕੀਤਾ। ਉਹਨਾਂ ਕਿਹਾ ਕਿ ਇਹ ਨੌਜਵਾਨ ਰੋਜ਼ੀ ਰੋਟੀ ਦੀ ਖਾਤਰ ਪ੍ਰਦੇਸਾਂ ਨੂੰ ਪ੍ਰਵਾਸ ਕਰਦੇ ਹਨ। ਬੇਸ਼ੱਕ ਦੂਜੇ ਦੇਸ਼ਾਂ ਲਈ ਇਸ ਨੂੰ ਗੈਰ ਕਾਨੂੰਨੀ ਮੰਨਿਆ ਜਾਂਦਾ ਹੈ ,ਪ੍ਰੰਤੂ ਹਰੇਕ ਸਰਕਾਰ ਨੂੰ ਇਸ ਗੱਲ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਇਹਨਾਂ ਵਤਨ ਵਾਪਸ ਭੇਜੇ ਨੌਜਵਾਨਾਂ ਦੇ ਮਾਨਵੀ ਅਧਿਕਾਰਾਂ ਨੂੰ ਬਹਾਲ ਰੱਖਿਆ ਜਾਵੇ। ਉਹਨਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਇਹਨਾਂ ਬੱਚਿਆਂ ਦੇ ਨਾਲ ਅਤੇ ਇਹਨਾਂ ਦੇ ਪਰਿਵਾਰਾਂ ਨਾਲ ਹਮੇਸ਼ਾ ਖੜਾ ਹੈ ਅਤੇ ਇਹਨਾਂ ਨੂੰ ਮੁੜ ਵਸੇਬਾ ਕਰਨ ਲਈ ਸ਼੍ਰੋਮਣੀ ਅਕਾਲੀ ਦਲ ਵੱਲੋਂ ਹਰ ਸੰਭਵ ਸਹਾਇਤਾ ਦਿੱਤੀ ਜਾਵੇਗੀ।

## ਗ੍ਰਿੱਪ 3.0 ਪ੍ਰੋਗਰਾਮ ਦਾ ਮੰਤਵ ਵਿਲੱਖਣ ਨਵੀਨਤਾਕਾਰੀ ਕੰਮ ਕਰਨ ਵਾਲੇ ਲੋਕਾਂ ਨੂੰ ਉਤਸ਼ਾਹਤ ਕਰਨਾ

**ਜਲੰਧਰ (ਸ਼ੈਲੀ ਐਲਬਰਟ)**-ਆਈ.ਕੇ. ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ (ਆਈ.ਕੇ.ਜੀ.ਪੀ.ਟੀ.ਯੂ.) ਵਿਖੇ ਵੀਰਵਾਰ ਨੂੰ 'ਗ੍ਰਿਪ 3.0' ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਗਈ। ਯੂਨੀਵਰਸਿਟੀ ਵੱਲੋਂ ਇਹ ਆਯੋਜਨ ਪੰਜਾਬ ਸਟੇਟ ਕੌਂਸਲ ਫਾਰ ਸਾਇੰਸ ਐਂਡ ਟੈਕਨਾਲੋਜੀ ਪੰਜਾਬ ਸਰਕਾਰ, ਨੈਸ਼ਨਲ ਇਨੋਵੇਸ਼ਨ ਫਾਊਂਡੇਸ਼ਨ ਭਾਰਤ ਸਰਕਾਰ, ਸਾਇੰਸ ਐਂਡ ਟੈਕਨਾਲੋਜੀ ਐਂਡ ਐਨਵਾਇਰਮੈਂਟ ਵਿਭਾਗ ਪੰਜਾਬ ਸਰਕਾਰ ਅਤੇ ਸਾਇੰਸ ਐਂਡ ਟੈਕਨਾਲੋਜੀ ਐਂਡ ਐਨਵਾਇਰਮੈਂਟ ਵਿਭਾਗ, ਭਾਰਤ ਸਰਕਾਰ ਦੇ ਨਾਲ ਇੱਕ ਸਾਂਝੀ ਭਾਈਵਾਲੀ ਸਦਕਾ ਕਰਵਾਇਆ ਗਿਆ। ਇਹ ਪ੍ਰੋਗਰਾਮ ਪੰਜਾਬ ਦੇ ਜ਼ਮੀਨੀ ਪੱਧਰ ਦੇ ਨਵੀਨਤਾਕਾਰਾਂ (ਇਨੋਵੇਟਰਸ) ਨੂੰ ਸਸ਼ਕਤ ਬਣਾਉਣ ਲਈ ਕਰਵਾਇਆ ਗਿਆ ਸੀ! ਯੂਨੀਵਰਸਿਟੀ ਦੇ ਵਾਈਸ ਚਾਂਸਲਰ (ਉਪ ਕੁਲਪਤੀ) ਪ੍ਰੋਫੈਸਰ (ਡਾ.) ਸੁਸ਼ੀਲ ਮਿੱਤਲ, ਰਜਿਸਟਰਾਰ ਡਾ. ਐਸ.ਕੇ. ਮਿਸ਼ਰਾ ਅਤੇ ਪ੍ਰਬੰਧਕ ਕਮੇਟੀ ਦੇ ਹੋਰ ਮੈਂਬਰਾਂ ਨੇ ਮਿਲ ਕੇ ਇਸਦਾ ਉਦਘਾਟਨ ਕੀਤਾ। ਪ੍ਰੋਫੈਸਰ ਡਾ. ਮਿੱਤਲ ਮੁੱਖ ਮਹਿਮਾਨ ਵਜੋਂ ਸ਼ਾਮਿਲ ਸਨ, ਜਦੋਂ ਕਿ ਰਜਿਸਟਰਾਰ ਡਾ. ਐਸ.ਕੇ. ਮਿਸ਼ਰਾ ਵਿਸ਼ੇਸ਼ ਮਹਿਮਾਨ ਵਜੋਂ ਮੌਜੂਦ ਰਹੇ। ਪ੍ਰੋਗਰਾਮ ਦੇ ਉਦਘਾਟਨੀ ਸੈਸ਼ਨ ਵਿੱਚ ਪੀ.ਐਸ.ਸੀ.ਐਸ.ਟੀ ਵਿਗਿਆਨੀ ਡਾ. ਮਨਪ੍ਰੀਤ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਭਾਰਤ ਸਰਕਾਰ ਦੇ ਸਹਿਯੋਗ ਨਾਲ, ਗ੍ਰਿੱਪ 3.0 ਪ੍ਰੋਗਰਾਮ ਸ਼ੁਰੂ ਕੀਤਾ ਹੈ ਜਿਸਦਾ ਉਦੇਸ਼ ਜ਼ਮੀਨੀ ਪੱਧਰ 'ਤੇ ਵਿਲੱਖਣ ਨਵੀਨਤਾਕਾਰੀ ਕੰਮ ਕਰਨ ਵਾਲੇ ਲੋਕਾਂ ਨੂੰ ਉਤਸ਼ਾਹਿਤ ਕਰਨਾ ਹੈ। ਇਸ ਵਿੱਚ ਵਿਦਿਅਕ ਸੰਸਥਾਵਾਂ ਦੀ ਭਾਗੀਦਾਰੀ ਨਵੀਨਤਾਕਾਰਾਂ ਅਤੇ ਨਵੀਨਤਾ ਨੂੰ ਉਤਸ਼ਾਹਿਤ ਕਰਨ ਲਈ ਕੰਮ ਕਰੇਗੀ ਹੈ। ਉਨ੍ਹਾਂ ਦੱਸਿਆ ਕਿ ਪਿੰਡ ਪੱਧਰ ਤੇ ਪੰਚਾਂ ਅਤੇ ਸਰਪੰਚਾਂ ਰਾਹੀਂ ਵੀ ਨਵੀਨਤਾਵਾਂ ਅਤੇ ਨਵੀਨਤਾਕਾਰਾਂ ਤੱਕ ਪਹੁੰਚ ਦਾ ਕੰਮ ਕੀਤਾ ਜਾ ਰਿਹਾ ਹੈ। ਮੁੱਖ ਮਹਿਮਾਨ ਵਜੋਂ ਬੋਲਦਿਆਂ ਪ੍ਰੋਫੈਸਰ (ਡਾ.) ਸੁਸ਼ੀਲ ਮਿੱਤਲ ਨੇ ਗ੍ਰਿੱਪ 3.0 ਪ੍ਰੋਗਰਾਮ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਨਵੀਨਤਾ ਅਤੇ ਨਵੀਨਤਾਕਾਰੀ ਦੋਵੇਂ ਵਿਦਿਆਰਥੀਆਂ ਲਈ ਵੀ ਮਾਰਗਦਰਸ਼ਕ ਵਜੋਂ ਕੰਮ ਕਰਦੇ ਹਨ। ਉਹ ਸਿੱਖਿਆ ਸੰਸਥਾਵਾਂ ਵਿੱਚ ਅਜਿਹੇ ਸਮਾਗਮਾਂ ਦਾ ਆਯੋਜਨ ਕਰਨਾ ਬਹੁਤ ਜ਼ਰੂਰੀ ਹੈ। ਵਿਸ਼ੇਸ਼ ਮਹਿਮਾਨ ਰਜਿਸਟਰਾਰ ਡਾ. ਐਸ.ਕੇ. ਮਿਸ਼ਰਾ ਨੇ ਇਸ ਸਮਾਗਮ ਲਈ ਪ੍ਰਬੰਧਕ ਕਮੇਟੀ ਨੂੰ ਵਧਾਈ ਦਿੱਤੀ। ਉਨ੍ਹਾਂ ਨੇ ਭਾਰਤ ਸਰਕਾਰ ਵੱਲੋਂ ਰਾਸ਼ਟਰੀ ਪੱਧਰ ਤੇ ਚਲਾਏ ਜਾ ਰਹੇ ਅਜਿਹੇ ਪ੍ਰੋਗਰਾਮਾਂ ਨੂੰ ਇੱਕ ਮਜ਼ਬੂਤ ਭਾਰਤ ਦੇ ਹਿੱਤ ਵਿੱਚ ਇੱਕ ਪਹਿਲਕਦਮੀ ਦੱਸਿਆ। ਪ੍ਰੋਗ੍ਰਾਮ ਬਾਰੇ ਦੱਸਦੇ ਹੋਏ ਡਾ. ਚਰਨ ਕਮਲ ਨੇ ਵੀ ਪ੍ਰੋਗਰਾਮ ਨੂੰ ਸੰਬੋਧਨ ਕੀਤਾ। ਸਵਾਗਤੀ ਭਾਸ਼ਣ ਡਾ. ਐਮ.ਐਸ. ਬੇਦੀ (ਸਹਾਇਕ ਨਿਰਦੇਸ਼ਕ, ਆਈ.ਕੇ.ਜੀ.ਪੀ.ਟੀ.ਯੂ.) ਵੱਲੋਂ ਦਿੱਤਾ ਗਿਆ। ਰਾਏ ਸਿੰਘ ਰਾਜੂ (ਗਨ ਕਲੀਨਿੰਗ ਮਸ਼ੀਨ), ਡਾ. ਗ੍ਰੀਸ਼ ਸਪਰਾ (ਗ੍ਰੀਨ ਬ੍ਰਿਗੇਡ - ਵੇਸਟ ਮਸ਼ੀਨ) ਨੇ ਰੂਰਲ ਇਨੋਵੇਸ਼ਨ ਸ਼ੋਅ ਵਿੱਚ ਵਧੀਆ ਪ੍ਰਦਰਸ਼ਨ ਕੀਤਾ । ਇਸ ਦੌਰਾਨ ਨੇੜਲੇ ਪਿੰਡਾਂ ਦੇ ਸਰਪੰਚ ਵੀ ਸ਼ਾਮਿਲ ਹੋਏ। ਅੰਤ ਵਿੱਚ ਡਾ. ਨੀਲਕੰਠ ਗਰੋਵਰ (ਮੁਖੀ ਬੀ.ਆਈ.ਸੀ) ਵੱਲੋਂ ਧੰਨਵਾਦ ਦਾ ਮਤਾ ਪੜ੍ਹਿਆ ਗਿਆ।

## ਮੁੰਡੀਆਂ ਨੇ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ 'ਚ 44 ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਸੌਂਪੇ

**ਚੰਡੀਗੜ੍ਹ, (ਗੁਰਜੀਤ ਬਿੱਲਾ)**-ਜਲ ਸਪਲਾਈ ਤੇ ਸੈਨੀਟੇਸ਼ਨ ਮੰਤਰੀ ਸ. ਹਰਦੀਪ ਸਿੰਘ ਮੁੰਡੀਆਂ ਨੇ ਵਿਭਾਗ ਵਿੱਚ 44 ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਸੌਂਪੇ। ਪੰਜਾਬ ਭਵਨ ਵਿਖੇ ਹੋਏ ਇੱਕ ਸਾਦੇ ਪਰ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਮੁੰਡੀਆਂ ਨੇ ਨਿਯੁਕਤੀ ਪੱਤਰ ਸੌਂਪਦਿਆਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਹੁਣ ਤੱਕ 50 ਹਜ਼ਾਰ ਤੋਂ ਵੱਧ ਸਰਕਾਰੀ



ਨੌਕਰੀਆਂ ਦਿੱਤੀਆਂ ਗਈਆਂ ਹਨ। ਉਨ੍ਹਾਂ ਨਵੇਂ ਭਰਤੀ ਹੋਏ ਉਮੀਦਵਾਰਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਭਰਤੀ ਹੋਏ ਨੌਜਵਾਨਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੇ ਜੀਵਨ ਵਿੱਚ ਅੱਜ ਨਵੇਂ ਅਧਿਆਏ ਦੀ ਸ਼ੁਰੂਆਤ ਹੋਈ ਹੈ।ਜਲ ਸਪਲਾਈ ਤੇ ਸੈਨੀਟੇਸ਼ਨ ਮੰਤਰੀ ਨੇ ਕਿਹਾ ਕਿ ਸਰਕਾਰ ਵੱਲੋਂ ਪਾਰਦਰਸ਼ਤਾ ਤੇ ਇਮਾਨਦਾਰੀ ਨਾਲ ਨਵੀਂ ਭਰਤੀ ਕੀਤੀ ਜਾ ਰਹੀ ਹੈ, ਇਸ ਕਾਰਨ ਉਹ ਉਮੀਦ ਕਰਦੇ ਹਨ ਕਿ ਨਵੇਂ ਭਰਤੀ ਹੋਏ ਉਮੀਦਵਾਰ ਆਪਣੀ ਡਿਊਟੀ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਉਣਗੇ।ਕੁਝ ਉਮੀਦਵਾਰਾਂ ਨੂੰ ਤਰਸ ਦੇ ਆਧਾਰ ਉੱਤੇ ਵੀ ਨੌਕਰੀ ਦਿੱਤੀ ਗਈ ਹੈ। ਭਰਤੀ ਹੋਏ ਉਮੀਦਵਾਰਾਂ ਵਿੱਚ 8 ਜੂਨੀਅਰ ਨਕਸ਼ਾ ਨਵੀਸ, 4 ਕਲਰਕ, 19 ਹੈਲਪਰ ਟੈਕਨੀਕਲ, 12 ਸੇਵਾਦਾਰ ਤੇ ਇੱਕ ਚੌਕੀਦਾਰ ਸ਼ਾਮਲ ਹਨ। ਇਸ ਮੌਕੇ ਵਿਭਾਗ ਦੇ ਡਾਇਰੈਕਟਰ ਅਮਿਤ ਤਲਵਾੜ ਵੀ ਹਾਜ਼ਰ ਸਨ।

## ਨਵੀਂ ਐਂਬੂਲੈਂਸ ਖਰੀਦਣ ਲਈ 10 ਲੱਖ ਰੁਪਏ ਦਾਨ

**ਡੇਰਾ ਬਸੀ (ਵਿਨੈ ਕੁਮਾਰ ਜੈਨ)**—ਸ਼੍ਰੀ ਰਾਮਲੀਲਾ ਕਮੇਟੀ ਰਜਿਸਟਰ ਨੰਬਰ 812 ਡੇਰਾਬੱਸੀ



ਵੱਲੋਂ ਦਾਨੀ ਸੱਜਣਾਂ ਨੂੰ ਨਵੀਂ ਐਂਬੂਲੈਂਸ ਗੱਡੀ ਖਰੀਦਣ ਦੀ ਅਪੀਲ ਕੀਤੀ ਗਈ ਜਿਸ ਦੇ ਨਤੀਜੇ ਵਜੋਂ ਸਮਾਜ ਸੇਵੀ ਗੁਰਦੀਪ ਸਿੰਘ ਚਹਿਲ ਦੇ ਯਤਨਾਂ ਸਦਕਾ ਰਾਈਨ ਇੰਜਨੀਅਰਿੰਗ ਪ੍ਰਾਈਵੇਟ ਲਿਮਟਿਡ ਕੰਪਨੀ ਵੱਲੋਂ 100000 ਰੁਪਏ ਦੀ ਰਾਸ਼ੀ ਦਾ ਚੈੱਕ ਪ੍ਰਧਾਨ ਰਵਿੰਦਰ ਵੈਸ਼ਨੋ, ਕੈਸ਼ੀਅਰ ਉਪੇਸ਼ ਬੰਸਲ ਸਕੱਤਰ ਦਿਨੇਸ਼ ਕੁਮਾਰ ਸਰਪ੍ਰਸਤ ਬਲਬੀਰ ਮੱਗੋ ਨੂੰ ਭੇਂਟ ਕੀਤਾ ਗਿਆ।ਉਨ੍ਹਾਂ ਭਰੋਸਾ ਦਿਵਾਇਆ ਕਿ ਉਹ ਇਸ ਸਮਾਜ ਸੇਵੀ ਕਾਰਜ ਲਈ ਵਿੱਤੀ ਸਹਾਇਤਾ ਪ੍ਰਾਪਤ ਕਰਨ ਲਈ ਹੋਰ ਉਪਰਾਲੇ ਕਰਨਗੇ।ਪ੍ਰਧਾਨ ਰਵਿੰਦਰ ਵੈਸ਼ਨਵ ਨੇ ਦੱਸਿਆ ਕਿ ਪਿਛਲੇ 16 ਸਾਲਾਂ ਤੋਂ ਸ਼੍ਰੀ ਰਾਮਲੀਲਾ ਕਮੇਟੀ ਦੀ ਐਂਬੂਲੈਂਸ ਗੱਡੀ ਬਿਨਾਂ ਕਿਸੇ ਨਫੇ-ਨੁਕਸਾਨ ਦੇ ਸਮਾਜ ਸੇਵਾ ਲਈ ਸਮਰਪਿਤ ਹੈ।ਹੁਣ ਨਵੀਂ ਐਂਬੂਲੈਂਸ ਗੱਡੀ ਖਰੀਦੀ ਜਾਵੇਗੀ।ਉਨ੍ਹਾਂ ਦੱਸਿਆ ਕਿ ਸਾਡੀ ਸੰਸਥਾ ਦਾਨ ਲੈਣ ਲਈ ਟੈਕਸ ਮੁਕਤ ਹੈ। ਇਸ ਮੌਕੇ ਹਾਜ਼ਰ ਸਮਾਜ ਸੇਵੀ ਬਰਖਾ ਰਾਮ ਨੇ ਦੱਸਿਆ ਕਿ ਉਕਤ ਸੰਸਥਾ ਪਿਛਲੇ ਲੰਮੇ ਸਮੇਂ ਤੋਂ ਵੱਖ-ਵੱਖ ਤਰ੍ਹਾਂ ਦੇ ਧਰਮ ਪ੍ਰਚਾਰ ਅਤੇ ਸਮਾਜ ਸੇਵਾ ਦੇ ਕੰਮਾਂ ਲਈ ਪ੍ਰਸਿੱਧ ਹੈ।

## ਰੁੜਕਾ ਖੁਰਦ ਵਿਖੇ ਮੈਗਾ ਕੈਂਸਰ ਚੈੱਕਅੱਪ ਕੈਂਪ 23 ਨੂੰ

**ਫਗਵਾੜਾ, (ਡਾ. ਰਮਨ)**- ਸਾਂਝਾ ਪੰਜਾਬ ਐਸੋਸੀਏਸ਼ਨ ਅਤੇ ਵੱਰਲਡ ਕੈਂਸਰ ਕੇਅਰ ਵੱਲੋਂ ਗੌਰਿਮੈਂਟ ਮਿਡਲ ਸਕੂਲ ਪਿੰਡ ਰੁੜਕਾ ਖੁਰਦ, ਤਹਿਸੀਲ ਫਿਲੌਰ ਵਿਖੇ 23 ਫਰਵਰੀ ਨੂੰ ਮੈਗਾ ਕੈਂਸਰ ਚੈੱਕ-ਅੱਪ ਕੈਂਪ ਲਗਾਇਆ ਜਾ ਰਿਹਾ ਹੈ, ਜਿਸ ਵਿੱਚ ਔਰਤਾਂ ਅਤੇ ਮਰਦਾਂ ਦੇ ਕੈਂਸਰ ਦੀ ਸਰੀਰਕ ਜਾਂਚ, ਔਰਤਾਂ ਦੇ ਛਾਤੀ ਦੇ ਕੈਂਸਰ ਦੀ ਜਾਂਚ ਲਈ(ਮੈਮੋਗ੍ਰਾਫੀ) ਟੈਸਟ, ਔਰਤਾਂ ਦੇ ਬੱਚੇਦਾਨੀ ਦੇ ਕੈਂਸਰ ਦੀ ਜਾਂਚ ਲਈ (ਪੈਪ ਸਮੀਅਰ), ਮਰਦਾਂ ਦੇ ਗਦੂਦਾਂ ਦੇ ਕੈਂਸਰ ਲਈ ਪੀਐਸਏ ਟੈਸਟ, ਔਰਤਾਂ ਤੇ ਮਰਦਾਂ ਦੇ ਮੂੰਹ ਦੇ ਕੈਂਸਰ ਦੀ ਜਾਂਚ, ਹੱਡੀਆਂ ਦੇ ਟੈਸਟ, ਔਰਤਾਂ ਤੇ ਮਰਦਾਂ ਦੀ ਬਲੱਡ ਕੈਂਸਰ ਦੀ ਜਾਂਚ, ਔਰਤਾਂ ਦੇ ਮਰਦਾਂ ਦੀ ਸ਼ੂਗਰ ਅਤੇ ਬਲੱਡ ਪ੍ਰੈਸ਼ਰ ਟੈਸਟ ਹੋਣਗੇ ਅਤੇ ਸ਼ੂਗਰ, ਬਲੱਡ ਪ੍ਰੈਸ਼ਰ ਸਬੰਧੀ ਦਵਾਈਆਂ, ਆਮ ਬਿਮਾਰੀਆਂ ਸਬੰਧੀ ਮੁਫ਼ਤ ਦਵਾਈਆਂ ਦਿੱਤੀਆਂ ਜਾਣਗੀਆ ਅਤੇ ਕੈਂਸਰ ਦੇ ਮਰੀਜ਼ਾਂ ਦੇ ਇਲਾਜ਼ ਲਈ ਸਹੀ ਸਲਾਹ ਦਿੱਤੀ ਜਾਵੇਗੀ। ਕੈਂਪ ਵਿੱਚ ਅੱਖਾਂ ਦੇ ਚੈੱਕਅੱਪ ਕੈਂਪ ਤੇ ਐਨਕਾਂ ਫਰੀ ਦਿੱਤੀਆਂ ਜਾਣਗੀਆਂ। ਕੈਂਪ ਵਿੱਚ ਵਿਸ਼ੇਸ਼ ਤੌਰ 'ਤੇ ਕੁਲਵੰਤ ਸਿੰਘ ਧਾਲੀਵਾਲ ਪੁੱਜਣਗੇ। ਇਹ ਸੂਚਨਾ ਅਮਰੀਕਾ ਵਸਦੇ ਐਨ.ਆਰ.ਆਈ. ਲਖਬੀਰ ਸਿੰਘ ਸਹੋਤਾ ਕਾਲਾ ਟਰੈਸੀ ਨੇ ਦਿੱਤੀ।

## 25 ਦੀ ਰੈਲੀ ਲਈ ਕੀਤੀ ਤਹਿਸੀਲ ਪੱਧਰੀ ਮੀਟਿੰਗ



**ਫਿਲੌਰ (ਹਰਜਿੰਦਰ ਕੌਰ ਚਾਹਲ)**- ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਦੀ ਤਹਿਸੀਲ ਕਮੇਟੀ ਦੀ ਇੱਕ ਮੀਟਿੰਗ ਤਹਿਸੀਲ ਪ੍ਰਧਾਨ ਸਰਬਜੀਤ ਸੰਗੋਵਾਲ ਦੀ ਪ੍ਰਧਾਨਗੀ ਹੇਠ ਹੋਈ, ਜਿਸ 'ਚ 25 ਫਰਵਰੀ ਦੀ ਰੈਲੀ ਦੀ ਤਿਆਰੀ ਵਾਸਤੇ ਠੋਸ ਯੋਜਨਾਬੰਦੀ ਕੀਤੀ ਗਈ। ਹੁਣ ਤੱਕ ਕੀਤੀਆਂ ਤਿਆਰੀਆਂ 'ਤੇ ਤਸੱਲੀ ਦਾ ਪ੍ਰਗਟਾਵਾ ਕਰਦਿਆਂ ਨੋਟ ਕੀਤਾ ਗਿਆ ਕਿ ਆਉਣ ਵਾਲੇ ਦਿਨਾਂ 'ਚ ਪ੍ਰਚਾਰ ਮੁਹਿੰਮ ਹੋਰ ਤੇਜ਼ ਕੀਤੀ ਜਾਵੇਗੀ।ਤਹਿਸੀਲ ਸਕੱਤਰ ਡਾ. ਸਰਬਜੀਤ ਮੁਠੱਡਾ ਨੇ ਦੱਸਿਆ ਕਿ ਪ੍ਰਚਾਰ ਲਈ ਫਲੈਕਸ ਲਗਾਏ ਜਾ ਰਹੇ ਹਨ ਅਤੇ ਇਸ ਦੇ ਨਾਲ ਹੀ ਰੈਲੀ ਦੀ ਤਿਆਰੀ ਲਈ ਵੱਡੇ ਫਲੈਕਸ ਵੀ ਲਗਾਏ ਜਾਣਗੇ।ਮੀਟਿੰਗ 'ਚ ਪਾਰਟੀ ਦੇ ਜ਼ਿਲ੍ਹਾ ਸਕੱਤਰ ਜਸਵਿੰਦਰ ਸਿੰਘ ਢੇਸੀ, ਸੂਬਾ ਕਮੇਟੀ ਮੈਂਬਰ ਪਰਮਜੀਤ ਰੰਧਾਵਾ ਅਤੇ ਸ਼ਿਵ ਕੁਮਾਰ ਤਿਵਾੜੀ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਇਸ ਤੋਂ ਇਲਾਵਾ ਸੰਗਰਾਮੀ ਲਹਿਰ ਅਤੇ ਫੰਡ ਤੋਂ ਇਲਾਵਾ ਪਾਰਟੀ ਦੀ ਮੈਂਬਰਸ਼ਿੱਪ ਬਾਰੇ ਵਿਚਾਰ ਚਰਚਾ ਕੀਤੀ ਗਈ।

## ਖੇਤ ਮਜ਼ਦੂਰਾਂ ਦੀਆਂ ਮੰਗਾਂ ਲਈ ਜ਼ਿਲ੍ਹਾ ਪੱਧਰੀ ਮੁਜ਼ਾਹਰੇ 21 ਤੋਂ : ਨੂਰਪੁਰੀ, ਗੁਰਮੇਸ਼

**ਨਵਾ ਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਕੁਲ ਹਿੰਦ ਖੇਤ ਮਜਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਸਾਥੀ ਰਾਮ ਸਿੰਘ ਨੂਰਪੁਰੀ ਤੇ ਸੂਬਾ ਜਨਰਲ ਸਕੱਤਰ ਸਾਥੀ ਗੁਰਮੇਸ਼ ਸਿੰਘ ਨੇ ਸਾਂਝੇ ਪ੍ਰੈੱਸ ਬਿਆਨ ਰਾਹੀਂ ਦੱਸਿਆ ਹੈ ਕਿ ਖੇਤ ਮਜ਼ਦੂਰਾਂ ਦੀਆਂ ਭਖਦੀਆਂ ਮੰਗਾਂ, ਜਿਵੇਂ ਕਿ ਮਨਰੇਗਾ ਮਜ਼ਦੂਰਾਂ ਦੀ ਦਿਹਾੜੀ 600 ਰੁਪਏ/ਦਿਨ ਅਤੇ 250 ਦਿਨ ਕੰਮ ਦਿੱਤਾ ਜਾਵੇ, ਗਰੀਬ ਖੇਤ ਮਜ਼ਦੂਰਾਂ ਦੇ ਕਰਜ਼ੇ ਮਾਫ ਕੀਤੇ ਜਾਣ, ਰਿਹਾਇਸ਼ੀ 10 ਮਰਲੇ ਦੇ ਪਲਾਟ ਦਿੱਤੇ ਜਾਣ ਤੇ ਉਸਦੀ ਉਸਾਰੀ ਲਈ 5 ਲੱਖ ਰੁਪਏ ਗ੍ਰਾਂਟ ਦਿੱਤੀ ਜਾਵੇ, ਪਿੰਡਾਂ ਦੀ ਪੰਚਾਇਤੀ ਜ਼ਮੀਨ ਦਾ ਤੀਜਾ ਹਿੱਸਾ ਦਲਿਤ ਪਰਵਾਰਾਂ ਨੂੰ ਖੇਤੀ ਲਈ ਦਿੱਤਾ ਜਾਵੇ, ਪਬਲਿਕ ਵੰਡ ਪ੍ਰਣਾਲੀ ਮਜ਼ਬੂਤ ਕਰਕੇ ਖਾਣ-ਪੀਣ ਤੇ ਆਮ ਵਰਤੋਂ ਦੀਆਂ ਚੀਜ਼ਾਂ ਦੀ ਸਪਲਾਈ ਯਕੀਨੀ ਬਣਾਈ ਜਾਵੇ, ਦਲਿਤ ਔਰਤਾਂ 'ਤੇ ਹੋ ਰਹੇ ਹਮਲੇ ਬੰਦ ਕੀਤੇ ਜਾਣ ,ਪਿੰਡਾਂ ਵਿੱਚ ਲਾਲ ਲਕੀਰ ਅੰਦਰ ਗਰੀਬਾਂ ਨੂੰ ਮਾਲਕੀ ਹੱਕ ਦਿੱਤੇ ਜਾਣ ਲਈ ਪਹਿਲਾਂ 40 ਸਬ ਡਵੀਜ਼ਨਾਂ 'ਤੇ ਮੰਗ ਪੱਤਰ ਦੇ ਕੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਸਰਕਾਰ ਇਨ੍ਹਾਂ ਗਰੀਬ ਲੋਕਾਂ ਦੀਆਂ ਮੰਗਾਂ ਵੱਲ ਧਿਆਨ ਦੇ ਕੇ ਫੌਰੀ ਹੱਲ ਕਰੇ। ਸੰਘਰਸ਼ ਦੇ ਦੂਜੇ ਪੜਾਅ ਵਜੋਂ ਜ਼ਿਲ੍ਹਾ ਪੱਧਰੀ ਮੁਜ਼ਾਹਰੇ 21 ਫਰਵਰੀ ਨੂੰ ਸੰਗਰੂਰ ਤੇ ਅੰਮ੍ਰਿਤਸਰ, 24 ਫਰਵਰੀ ਨੂੰ ਤਰਨਤਾਰਨ, ਹੁਸ਼ਿਆਰਪੁਰ ਤੇ ਬਠਿੰਡਾ, 25 ਫਰਵਰੀ ਨੂੰ ਨਵਾਂਸ਼ਹਿਰ, ਪਠਾਨਕੋਟ ਤੇ ਮਲੇਰਕੋਟਲਾ,26 ਫਰਵਰੀ ਨੂੰ ਜਲੰਧਰ, ਪਟਿਆਲਾ ਮੁਕਤਸਰ ਸਾਹਿਬ ਤੇ ਰੋਪੜ 27 ਫਰਵਰੀ ਨੂੰ ਲੁਧਿਆਣਾ, ਬਰਨਾਲਾ ਤੇ ਮੋਗਾ, 28 ਫਰਵਰੀ ਨੂੰ ਫਾਜ਼ਿਲਕਾ,ਮਾਨਸਾ ਤੇ ਗੁਰਦਾਸਪੁਰ ਵਿਖੇ ਕੀਤੇ ਜਾ ਰਹੇ ਹਨ।

## ਸੇਂਟ ਸੋਲਜਰ ਕਾਲਜ ਵਿਖੇ ਕਰਵਾਈ 15ਵੀਂ ਸਾਲਾਨਾ ਖੇਡ ਮੀਟ



**ਜਲੰਧਰ, (ਇਕਬਾਲ ਸਿੰਘ ਉੱਭੀ)**- ਸੇਂਟ ਸੋਲਜਰ ਕਾਲਜ (ਸਹਿ-ਸਿੱਖਿਆ) ਜਲੰਧਰ ਵਿਖੇ ਕਾਲਜ ਡਾਇਰੈਕਟਰ ਡਾ. ਵੀਨਾ ਦਾਦਾ ਦੀ ਪ੍ਰਧਾਨਗੀ ਹੇਠ 15ਵੀਂ ਸਾਲਾਨਾ ਖੇਡ ਮੀਟਿੰਗ ਦਾ ਆਯੋਜਨ ਕੀਤਾ ਗਿਆ। ਇਸ ਸਮਾਗਮ ਵਿੱਚ ਮੈਨੇਜਿੰਗ ਡਾਇਰੈਕਟਰ ਪ੍ਰੋਫੈਸਰ ਮਨਹਰ ਅਰੋੜਾ ਮੁੱਖ ਮਹਿਮਾਨ ਵਜੋਂ ਮੌਜੂਦ ਸਨ। ਸਰੀਰਕ ਸਿੱਖਿਆ ਅਧਿਆਪਕਾ ਮਿਸ ਗੁਰਜੀਤ ਕੌਰ ਅਤੇ ਕਾਮਰਸ ਅਧਿਆਪਕ ਗੌਰਵ ਕਪੂਰ ਦੀ ਅਗਵਾਈ ਹੇਠ, ਵਿਦਿਆਰਥੀਆਂ ਨੇ ਪਹਿਲਾਂ ਪਰੇਡ ਕੀਤੀ ਅਤੇ ਅਨੁਸਾਸ਼ਨ ਨਾਲ ਖੇਡਾਂ ਵਿੱਚ ਹਿੱਸਾ ਲੈਣ ਦੀ ਸਹੁੰ ਚੁੱਕੀ। 100 ਮੀਟਰ ਦੌੜ, 200 ਮੀਟਰ ਦੌੜ, ਤਿੰਨ-ਪੈਰਾਂ ਦੀ ਦੌੜ, ਬੋਰੀ ਦੌੜ, ਲੰਬੀ ਛਾਲ, ਸ਼ਾਟ ਪੁੱਟ, ਡਿਸਕਸ ਥ੍ਰੋ ਅਤੇ ਰੱਸਾਕਸੀ ਸਮੇਤ ਵੱਖ-ਵੱਖ ਖੇਡ ਮੁਕਾਬਲੇ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ ਵਿੱਚ ਮੁੰਡਿਆਂ ਅਤੇ ਕੁੜੀਆਂ ਦੋਵਾਂ ਨੇ ਹਿੱਸਾ ਲਿਆ, ਜਿੱਥੇ ਵਿਦਿਆਰਥੀਆਂ ਨੇ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕੀਤਾ ਅਤੇ ਸੋਨ, ਚਾਂਦੀ ਅਤੇ ਕਾਂਸੀ ਦੇ ਤਗਮੇ ਜਿੱਤੇ। ਲੜਕਿਆਂ ਵਿੱਚ ਸਰਵੋਤਮ ਐਥਲੀਟ ਦਾ ਖਿਤਾਬ +2 ਜਮਾਤ ਦੇ ਆਸੀਸ ਨੂੰ ਦਿੱਤਾ ਗਿਆ, ਜਦੋਂ ਕਿ ਸਰਵੋਤਮ ਐਥਲੀਟ ਕੁੜੀਆਂ ਦਾ ਖਿਤਾਬ ਬੀ.ਏ ਜਮਾਤ ਦੀ ਨੀਤੂ ਨੂੰ ਦਿੱਤਾ ਗਿਆ। ਗਰੁੱਪ ਦੇ ਚੇਅਰਮੈਨ ਅਨਿਲ ਚੋਪੜਾ ਅਤੇ ਵਾਈਸ ਚੇਅਰਪਰਸਨ ਸ਼੍ਰੀਮਤੀ ਸੰਗੀਤਾ ਚੋਪੜਾ ਨੇ ਕਾਲਜ ਦੀ ਪਹਿਲਕਦਮੀ 'ਤੇ ਉਨ੍ਹਾਂ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਨੂੰ ਸਖਤ ਮਿਹਨਤ ਕਰਨ ਲਈ ਉਤਸ਼ਾਹਿਤ ਕੀਤਾ।

## ਰਾਊਂਡ ਗਰਾਸ ਹਾਕੀ ਅਕੈਡਮੀ ਤੇਹਿੰਗ ਨੇ ਕਰਵਾਏ ਮੁਕਾਬਲੇ

**ਫਿਲੌਰ (ਨਿਰਮਲ)**-ਰਾਊਂਡ ਗਰਾਸ ਹਾਕੀ ਅਕੈਡਮੀ ਤੇਹਿੰਗ (ਫਿਲੌਰ) ਵੱਲੋਂ ਹਾਕੀ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਮੁੱਖ ਮਹਿਮਾਨ ਵਜੋਂ ਪ੍ਰਗਟ ਸਿੰਘ ਉਲੰਪੀਅਨ ਅਤੇ ਬਲਜੀਤ ਸਿੰਘ ਢਿੱਲੋਂ ਉਲੰਪੀਅਨ ਅਰਜਨ ਐਵਾਰਡੀ ਕਮਾਂਡੈਂਟ ਪੰਜਾਬ ਪੁਲਸ ਸ਼ਾਮਿਲ ਹੋਏ। ਅੰਡਰ



17 ਹਾਕੀ ਜੇਤੂ ਟੀਮ ਏਕਨੂਰ ਹਾਕੀ ਅਕੈਡਮੀ ਤੇਹਿੰਗ (ਫਿਲੌਰ) ਨੂੰ ਪਹਿਲਾ ਇਨਾਮ ਅਤੇ ਦੂਜਾ ਇਨਾਮ ਰਾਮਪੁਰ ਛੰਨਾ ਦੋਨਾਂ ਟੀਮਾਂ ਨੂੰ ਦਿੱਤਾ ਗਿਆ। ਅੰਡਰ 12 ਪਹਿਲਾ ਇਨਾਮ ਜੇਤੂ ਰਾਮਪੁਰ ਛੰਨਾ ਅਤੇ ਦੂਜਾ ਇਨਾਮ ਏਕਨੂਰ ਹਾਕੀ ਅਕੈਡਮੀ ਤੇਹਿੰਗ ਨੂੰ ਬੀਰਪਾਲ ਸਿੰਘ ਅਮਰੀਕਾ ਵੱਲੋਂ ਦਿੱਤਾ ਗਿਆ।ਤੀਰਥ ਸਿੰਘ ਜੌਹਲ ਅਤੇ ਬੂਟਾ ਸਿੰਘ ਜੌਹਲ ਪ੍ਰਬੰਧਕ ਨੇ ਦੱਸਿਆ ਕਿ ਪਿੰਡ ਦੇ ਵਿਦੇਸ਼ਾਂ ਤੋਂ ਪੁੱਜੇ ਐਨ.ਆਰ.ਆਈ ਜਗਰੂਪ ਸਿੰਘ ਜਰਖੜ, ਦਲਜੀਤ ਸਿੰਘ, ਰਾਮਸਰਨ, ਆਰ ਐਸ ਸਚਨ ਜੱਬੋਵਾਲ ਤੋਂ ਰੀਪੂ ਦਮਨ ਸਿੰਘ, ਰਾਮ ਸਰਨ ਸਰਬਜੀਤ ਸਿੰਘ, ਗੁਰਦੀਪ ਸਿੰਘ, ਮੱਘਰ ਸਿੰਘ ਅਮਰੀਕਾ, ਗੁਰਦੇਵ ਸਿੰਘ ਕੈਨੇਡਾ, ਲਸ਼ਕਰੀ ਰਾਮ ਕੋਚ, ਤੇਜਾ ਸਿੰਘ ਜੌਹਲ, ਤਰਸੇਮ ਲਾਲ ਬਿੱਲੂ, ਸੁਖਵੰਤ ਸਿੰਘ ਬੰਤ, ਗੁਰਜੀਤ ਸਿੰਘ ਕੋਚ, ਸੁਖਰਾਜ ਸਿੰਘ ਐਡਵੋਕੇਟ ਅਤੇ ਪਿੰਡ ਨਿਵਾਸੀ ਹਾਜ਼ਰ ਸਨ।

## ਵਾਰਡਾਂ ਦੇ ਪ੍ਰਮੁੱਖ ਕੰਮ 3 ਮਹੀਨਿਆਂ ਦੇ ਅੰਦਰ-ਅੰਦਰ ਕਰਵਾਏ ਜਾਣ : ਡਾ. ਰਵਜੋਤ ਸਿੰਘ



**ਜਲੰਧਰ (ਇਕਬਾਲ ਸਿੰਘ ਉਭੀ)**

ਪੰਜਾਬ ਦੇ ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਨੇ ਸ਼ਹਿਰ ਵਿੱਚ ਸਾਫ਼-ਸਫਾਈ, ਸੁੰਦਰੀਕਰਨ, ਸੜਕਾਂ, ਰੌਸ਼ਨੀ, ਜਲ ਸਪਲਾਈ ਅਤੇ ਸੀਵਰੇਜ ਵਿਵਸਥਾ ਸਮੇਤ ਹੋਰ ਬੁਨਿਆਦੀ ਸਹੂਲਤਾਂ ਨੂੰ ਹੋਰ ਬਿਹਤਰ ਬਣਾਉਣ 'ਤੇ ਜ਼ੋਰ ਦਿੰਦਿਆਂ ਨਗਰ ਨਿਗਮ ਜਲੰਧਰ ਦੇ ਅਧਿਕਾਰੀਆਂ ਨੂੰ ਕੌਂਸਲਰਾਂ ਨਾਲ ਤਾਲਮੇਲ ਕਰਕੇ ਵਾਰਡਾਂ ਦੇ ਪ੍ਰਮੁੱਖ ਕੰਮ 3 ਮਹੀਨਿਆਂ ਦੇ ਅੰਦਰ-ਅੰਦਰ ਕਰਵਾਉਣ ਦੇ ਆਦੇਸ਼ ਦਿੱਤੇ। ਨਗਰ ਨਿਗਮ ਦੇ ਕਮਿਸ਼ਨਰ ਗੌਤਮ ਜੈਨ, ਮੇਅਰ ਵਿਨੀਤ ਧੀਰ, ਨਗਰ ਨਿਗਮ ਦੇ ਅਧਿਕਾਰੀਆਂ ਅਤੇ ਕੌਂਸਲਰਾਂ ਨਾਲ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕੈਬਨਿਟ ਮੰਤਰੀ ਨੇ ਸ਼ਹਿਰ ਦੇ ਸਮੂਹ ਵਾਰਡਾਂ ਵਿੱਚ ਸਫਾਈ ਸੇਵਕਾਂ ਦੀ ਬਰਾਬਰ ਵੰਡ ਕਰਨ ਲਈ ਕਿਹਾ ਤਾਂ ਜੋ ਸਫਾਈ ਵਿਵਸਥਾ ਨੂੰ ਹੋਰ ਪ੍ਰਭਾਵਸ਼ਾਲੀ ਢੰਗ ਲਾਗੂ ਕੀਤਾ ਜਾ ਸਕੇ। ਉਨ੍ਹਾਂ ਅਧਿਕਾਰੀਆਂ ਨੂੰ ਵਾਰਡਾਂ ਦੀਆਂ ਸਫਾਈ, ਸੀਵਰੇਜ ਓਵਰ ਫਲੋਅ, ਜਲ ਸਪਲਾਈ, ਲਾਈਟਾਂ ਆਦਿ ਨਾਲ ਸਬੰਧਤ ਸਮੱਸਿਆਵਾਂ ਫੀਲਡ ਵਿੱਚ ਜਾ ਕੇ ਹੱਲ ਕਰਨ ਦੇ ਨਿਰਦੇਸ਼ ਦਿੱਤੇ।ਕੂੜਾ ਪ੍ਰਬੰਧਨ ਲਈ ਕੀਤੇ ਜਾ ਰਹੇ ਉਪਰਾਲਿਆਂ ਦਾ ਜਾਇਜ਼ਾ ਲੈਂਦਿਆਂ ਡਾ. ਰਵਜੋਤ ਸਿੰਘ ਨੇ ਕੂੜੇ ਦਾ ਵਿਗਿਆਨਕ ਢੰਗ ਨਾਲ ਨਿਪਟਾਰਾ ਕਰਵਾਉਣ 'ਤੇ ਜ਼ੋਰ ਦਿੱਤਾ ਤਾਂ ਜੋ ਸ਼ਹਿਰ ਵਿੱਚ ਡੰਪਿੰਗ ਸਾਈਟਾਂ ਦੀ ਗਿਣਤੀ ਘਟਾਈ ਜਾ ਸਕੇ। ਸਥਾਨਕ ਸਰਕਾਰਾਂ ਮੰਤਰੀ ਨੇ ਨਗਰ ਨਿਗਮ ਅਧਿਕਾਰੀਆਂ ਨੂੰ ਕਿਹਾ ਕਿ ਘਰਾਂ ਵਿੱਚੋਂ ਕੂੜਾ ਇਕੱਠਾ ਕਰਨ ਦੀ ਵਿਵਸਥਾ ਨੂੰ ਹੋਰ ਮਜ਼ਬੂਤ ਬਣਾਉਣ ਤੋਂ ਇਲਾਵਾ ਸੜਕਾਂ ਦੀ ਰੋਜ਼ਾਨਾ ਸਫਾਈ ਨੂੰ ਯਕੀਨੀ ਬਣਾਇਆ ਜਾਵੇ । ਉਨ੍ਹਾਂ ਕਿਹਾ ਕਿ ਸ਼ਹਿਰ ਵਿੱਚ ਰੌਸ਼ਨੀ ਦੇ ਢੁੱਕਵੇਂ ਪ੍ਰਬੰਧ ਕੀਤੇ ਜਾਣ, ਜਿਸ ਦੇ ਲਈ ਪੁਰਾਣੀਆਂ ਸਟ੍ਰੀਟ ਲਾਈਟਾਂ ਦੀ ਮੁਰੰਮਤ ਦੇ ਨਾਲ-ਨਾਲ ਨਵੀਆਂ ਸਟ੍ਰੀਟ ਲਾਈਟਾਂ ਲਾਉਣ ਦੀ ਪ੍ਰਕਿਰਿਆ ਤੇਜ਼ ਕੀਤੀ ਜਾਵੇ।ਮੀਟਿੰਗ ਵਿੱਚ ਜੁਆਇੰਟ ਡਾਇਰੈਕਟਰ ਸਥਾਨਕ ਸਰਕਾਰਾਂ ਜਗਦੀਪ ਸਹਿਗਲ, ਜੁਆਇੰਟ ਕਮਿਸ਼ਨਰ ਨਗਰ ਨਿਗਮ ਜਲੰਧਰ ਰਾਕੇਸ਼ ਕੁਮਾਰ, ਡਾ. ਮਨਦੀਪ ਕੌਰ ਤੇ ਸੁਮਨਦੀਪ ਕੌਰ, ਸੀਨੀਅਰ ਆਪ ਆਗੂ ਰਾਜਵਿੰਦਰ ਕੌਰ ਥਿਆੜਾ ਤੇ ਦਿਨੇਸ਼ ਢੱਲ, ਸੀਨੀਅਰ ਡਿਪਟੀ ਮੇਅਰ ਬਲਬੀਰ ਸਿੰਘ ਢਿੱਲੋਂ, ਡਿਪਟੀ ਮੇਅਰ ਮਲਕੀਤ ਸਿੰਘ ਅਤੇ ਨਗਰ ਨਿਗਮ ਦੇ ਅਧਿਕਾਰੀ ਅਤੇ ਕੌਂਸਲਰ ਵੀ ਮੌਜੂਦ ਸਨ।

## ਗਦਰੀ ਬਾਬਿਆਂ ਨੂੰ ਸਮਰਪਤ ਚੀਮਿਆਂ ਦਾ ਛਿੰਝ ਮੇਲਾ 27 ਨੂੰ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)** —ਇਲਾਕੇ ਦੀ ਸੁੱਖ ਸ਼ਾਂਤੀ ਲਈ ਗਦਰੀ ਬਾਬਿਆਂ ਨੂੰ ਸਮਰਪਿਤ ਛਿੰਝ ਕਮੇਟੀ ਚੀਮਾ ਵਲੋਂ ਸਾਲਾਨਾ ਛਿੰਝ ਮੇਲਾ 27 ਫਰਵਰੀ ਨੂੰ ਬੜੀ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਖੁਸ਼ਪਾਲ ਨਾਹਣਾ ਨੇ ਦੱਸਿਆ ਕਿ ਇਸ ਛਿੰਝ ਮੇਲੇ ਦੇ ਪਟਕੇ ਦੀ ਕੁਸ਼ਤੀ ਦਾ ਪਲੇਠਾ ਇਨਾਮ ਲਛਮਣ ਸਿੰਘ ਦੀ ਯਾਦ ਵਿੱਚ ਉਹਨਾਂ ਦੇ ਪੋਤਿਆਂ ਵਲੋਂ ਇਕ ਬੁਲਟ ਮੋਟਰ ਸਾਈਕਲ ਦਿੱਤਾ ਜਾਵੇਗਾ । ਪਟਕੇ ਦੀ ਦੂਸਰੀ ਕੁਸ਼ਤੀ ਦਾ ਇੱਕ ਲੱਖ ਰੁਪਏ ਦਾ ਇਨਾਮ ਸਵਰਗੀ ਮਾਸਟਰ ਮਲਕੀਤ ਸਿੰਘ ਅਤੇ ਸਵਰਗੀ ਹਰਜਿੰਦਰ ਕੌਰ ਦੇ ਪਰਵਾਰ ਵਲੋਂ ਦਿੱਤਾ ਜਾਵੇਗਾ ਅਤੇ ਪਟਕੇ ਦੀ ਤੀਸਰੀ ਕੁਸ਼ਤੀ ਦਾ 61000 ਰੁਪਏ ਦਾ ਇਨਾਮ ਗੁਰਪਾਲ ਸਿੰਘ ਚੀਮਾ ਦੇ ਪਰਵਾਰ ਵਲੋਂ ਦਿੱਤਾ ਜਾਵੇਗਾ, ਪਟਕੇ ਦੀ ਚਾਰ ਨੰਬਰ ਦੀ ਕਸ਼ਸਤੀ ਦਾ ਇਨਾਮ 41000 ਰੁਪਏ ਦਾ ਇਨਾਮ ਗੁਰਪ੍ਰੀਤ ਕਨੇਡਾ ਅਤੇ ਅਮਿਤ ਯੂ ਕੇ ਵਲੋਂ ਅਤੇ ਪਟਕੇ ਦੀ ਪੰਜਵੀਂ ਕਸ਼ਸਤੀ ਦਾ ਇਨਾਮ 31000 ਰੁਪਏ ਅਤੇ 21000 ਰੁਪਏ ਦਾ ਇਨਾਮ ਸੰਦੀਪ ਸਿੰਘ ਕਨੇਡਾ ਅਤੇ ਮੱਖਣ ਪਹਿਲਵਾਨ ਵਲੋਂ ਦਿੱਤਾ ਜਾਵੇਗਾ। ਇਸ ਛਿੰਝ ਮੇਲੇ ਵਿੱਚ ਚੋਟੀ ਦੇ ਪਹਿਲਵਾਨ ਕਲਵਾ ਗੁੱਜਰ, ਸੰਦੀਪ ਖੰਨਾ, ਪਰਮਿੰਦਰ ਪੱਟੀ, ਸੁਭਮ ਰਾਈਏਵਾਲ, ਲੱਕੀ ਕੋਹਾਲੀ, ਸਨੀਵਾਰ ਕੋਹਾਲੀ ਛੋਟਾ ਸਦਾਮ, ਸੋਨੂੰ ਰਾਈਵਾਲ, ਸੂਰਜ ਫਗਵਾੜਾ, ਸੰਨੀ ਰਾਮੇਵਾਲ, ਵੰਸ ਪਟਿਆਲਾ ਅਤੇ ਹੋਰ ਪਹਿਲਵਾਨ ਕੁਸ਼ਤੀਆਂ ਲੜਨਗੇ। ਛਿੰਝ ਵਿੱਚ ਗੁਰੂ ਦਾ ਲੰਗਰ ਅਤੁੱਟ ਵਰਤੇਗਾ।

## ਸਮਾਜ ਸੇਵੀ ਕਾਰਜਾਂ ਨੂੰ ਤਰਜੀਹ ਦੇਵਾਂਗੇ : ਅਰੋੜਾ

**ਟਾਂਡਾ ਉੜਮੁੜ, (ਉਂਕਾਰ ਸਿੰਘ)**-ਸ਼ਹਿਰ ਦੀ ਪ੍ਰਮੁੱਖ ਸਮਾਜ ਸੇਵੀ ਸੰਸਥਾ ਸਹਾਰਾ ਵੈਲਫੇਅਰ ਕਲੱਬ (ਰਜਿ) ਉੜਮੜ ਦੀ ਇੱਕ ਅਹਿਮ ਮੀਟਿੰਗ ਕਲੱਬ ਦੇ ਚੇਅਰਮੈਨ ਸੁਖਵਿੰਦਰ ਸਿੰਘ ਅਰੋੜਾ ਦੀ ਸਰਪ੍ਰਸਤੀ ਹੇਠ ਹੋਈ ਜਿਸ ਵਿੱਚ ਆਉਣ ਵਾਲੇ ਸਾਲ ਦੇ ਕੀਤੇ ਜਾਣ ਵਾਲੇ ਕੰਮਾਂ ਤੇ ਵਿਚਾਰ ਚਰਚਾ ਕੀਤੀ ਗਈ। ਇਸ ਮੌਕੇ ਕਲੱਬ ਦੀ ਨਵੀਂ ਚੁਣੀ ਗਈ ਟੀਮ ਵੱਲੋਂ ਹਾਜਰ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ ਅਤੇ ਨਵੇਂ ਸਾਲ ਵਿੱਚ ਕੀਤੇ ਜਾਣ ਵਾਲੇ ਕੰਮਾਂ ਵਿੱਚ ਆਪਣਾ ਵੱਧ ਤੋਂ ਵੱਧ ਸਹਿਯੋਗ ਦੇਣ ਦਾ ਵਾਅਦਾ ਕੀਤਾ। ਕਲੱਬ ਦੇ ਨਵੇਂ ਬਣੇ ਪ੍ਰਧਾਨ ਰਕੇਸ ਕੁਮਾਰ ਡੇਜੀ ਨੇ ਕਿਹਾ ਕਿ ਕਲੱਬ ਵੱਲੋਂ ਜਲਦੀ ਹੀ ਸ਼ਿਵ ਭੂਮੀ ਸ਼ਮਸ਼ਾਨ ਘਾਟ ਉੜਮੜ ਦੇ ਗੇਟ ਦੀ ਨਵ ਉਸਾਰੀ ਦਾ ਕੰਮ ਆਰੰਭ ਕੀਤਾ ਜਾਵੇਗਾ ਅਤੇ ਇਸੇ ਤਰ੍ਹਾਂ ਹੋਰ ਅਧੂਰੇ ਪਏ ਕੰਮਾਂ ਨੂੰ ਪੂਰਾ ਕੀਤਾ ਜਾਵੇਗਾ। ਇਸ ਮੌਕੇ ਪ੍ਰਧਾਨ ਰਕੇਸ ਦੇਸੀ ਤੋਂ ਇਲਾਵਾ ਤਰਸੇਮ ਪੱਪੂ, ਲਾਟੀ ਮਦਾਨ, ਆਤਮਜੀਤ ਸਿੰਘ ਸੋਢੀ, ਨਰੇਸ਼ ਜੈਨ, ਸੇਵਾ ਸਿੰਘ, ਬੱਬੂ ਸੰਧਾਵਾਲੀਆ, ਮਹਿੰਦਰ ਪਾਲ ਮਦਾਨ ਅਤੇ ਹੋਰ ਮੈਂਬਰ ਹਾਜਰ ਸਨ।



## ਰਿਆਤ ਬਾਹਰਾ ਕਾਮਰਸ ਵਿਭਾਗ ਦੇ ਵਿਦਿਆਰਥੀਆਂ ਨੇ ਕੀਤਾ ਉਦਯੋਗਿਕ ਦੌਰਾ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਰਿਆਤ ਬਾਹਰਾ ਮੈਨੇਜਮੈਂਟ ਕਾਲਜ ਦੇ ਕਾਮਰਸ



ਵਿਭਾਗ ਦੇ ਵਿਦਿਆਰਥੀਆਂ ਨੇ ਸਚਦੇਵਾ ਸਟਾਕਸ ਪ੍ਰਾਈਵੇਟ ਲਿਮਟਿਡ, ਹੁਸ਼ਿਆਰਪੁਰ ਦਾ ਉਦਯੋਗਿਕ ਦੌਰਾ ਕੀਤਾ। ਇਸ ਦੌਰੇ ਦਾ ਉਦੇਸ਼ ਸਟਾਕ ਮਾਰਕੀਟ ਦੇ ਕੰਮਕਾਜ ਅਤੇ ਵਪਾਰ ਪ੍ਰਕਿਰਿਆ ਨੂੰ ਸਮਝਣਾ ਸੀ।ਇਹ ਦੌਰਾ ਕਾਲਜ ਦੇ ਪ੍ਰਿੰਸੀਪਲ ਡਾ. ਹਰਿੰਦਰ ਸਿੰਘ ਗਿੱਲ ਅਤੇ ਕਾਮਰਸ ਵਿਭਾਗ ਦੇ ਇੰਚਾਰਜ ਦਵਿੰਦਰ ਠਾਕੁਰ ਦੀ ਅਗਵਾਈ ਹੇਠ ਆਯੋਜਿਤ ਕੀਤਾ ਗਿਆ ਸੀ। ਇਸ ਦੌਰਾਨ ਮਾਹਿਰ ਅਮਨਦੀਪ ਕੌਰ ਨੇ ਸਟਾਕ ਮਾਰਕੀਟ, ਵਪਾਰ ਅਤੇ ਮਾਰਕੀਟ ਗਤੀਵਿਧੀਆਂ ਬਾਰੇ ਜਾਣਕਾਰੀ ਦਿੱਤੀ। ਐਕਸਚੇਂਜ ਦੇ ਅਧਿਕਾਰੀਆਂ ਨੇ ਇੱਕ ਪੇਸ਼ਕਾਰੀ ਦਿੱਤੀ, ਜਿਸ ਵਿੱਚ ਬਾਜ਼ਾਰ ਦੀ ਬਣਤਰ ਅਤੇ ਆਰਥਿਕਤਾ 'ਤੇ ਇਸਦੇ ਪ੍ਰਭਾਵ ਬਾਰੇ ਦੱਸਿਆ ਗਿਆ।ਸਚਦੇਵਾ ਸਟਾਕਸ ਦੇ ਪਰਮਜੀਤ ਸਿੰਘ ਸਚਦੇਵਾ ਨੇ ਵਿਦਿਆਰਥੀਆਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਨੂੰ ਅਸਲ-ਸਮੇਂ ਦੀ ਵਪਾਰ ਪ੍ਰਕਿਰਿਆ ਦਿਖਾਈ। ਇਹ ਟੂਰ ਇੱਕ ਸਵਾਲ-ਜਵਾਬ ਸੈਸ਼ਨ ਨਾਲ ਸਮਾਪਤ ਹੋਇਆ, ਜਿਸ ਨਾਲ ਵਿਦਿਆਰਥੀਆਂ ਨੂੰ ਉਦਯੋਗ ਦੇ ਪੇਸ਼ੇਵਰਾਂ ਤੋਂ ਸਿੱਖਣ ਦਾ ਮੌਕਾ ਮਿਲਿਆ। ਇਸ ਮੌਕੇ ਸਹਾਇਕ ਪ੍ਰੋਫੈਸਰ ਲਵਪ੍ਰੀਤ ਸਿੰਘ, ਸਹਾਇਕ ਪ੍ਰੋਫੈਸਰ ਅੰਕਿਤਾ ਠਾਕੁਰ ਅਤੇ ਬੀ.ਕਾਮ (ਆਨਰਜ਼) ਦੇ ਵਿਦਿਆਰਥੀਆਂ ਨੇ ਭਾਗ ਲਿਆ।

## ਡੇਅਰੀ ਉੱਦਮ ਸਿਖ਼ਲਾਈ ਕੋਰਸ ਦੀ ਸ਼ੁਰੂਆਤ 24 ਤੋਂ

**ਜਲੰਧਰ (ਸ਼ੈਲੀ ਐਲਬਰਟ, ਇਕਬਾਲ ਸਿੰਘ ਉਭੀ)**—ਪੰਜਾਬ ਡੇਅਰੀ ਵਿਕਾਸ ਬੋਰਡ/ਵਿਭਾਗ ਵੱਲੋਂ ਚਾਰ ਹਫਤੇ ਦਾ ਡੇਅਰੀ ਉੱਦਮ ਸਿਖ਼ਲਾਈ ਕੋਰਸ 24 ਫਰਵਰੀ ਤੋਂ ਡੇਅਰੀ ਸਿਖ਼ਲਾਈ ਕੇਂਦਰ, ਫ਼ਗਵਾੜਾ ਵਿਖੇ ਸ਼ੁਰੂ ਹੋਣ ਜਾ ਰਿਹਾ ਹੈ। ਡਿਪਟੀ ਡਾਇਰੈਕਟਰ ਡੇਅਰੀ ਕਸ਼ਮੀਰ ਸਿੰਘ ਨੇ ਦੱਸਿਆ ਕਿ ਪੇਂਡੂ ਖੇਤਰ ਨਾਲ ਸਬੰਧਤ ਚਾਹਵਾਨ ਨੌਜਵਾਨ, ਜਿਨ੍ਹਾਂ ਦੀ ਉਮਰ 18 ਤੋਂ 55 ਸਾਲ ਦਰਮਿਆਨ ਹੋਵੇ ਅਤੇ ਘੱਟ ਤੋਂ ਘੱਟ 10ਵੀਂ ਪਾਸ ਹੋਣ ਅਤੇ ਪਹਿਲਾਂ ਘੱਟੋ-ਘੱਟ 5 ਪਸ਼ੂ ਰੱਖੇ ਹੋਣ, ਸਿਖ਼ਲਾਈ ਵਿੱਚ ਭਾਗ ਲੈ ਸਕਦੇ ਹਨ।ਡਿਪਟੀ ਡਾਇਰੈਕਟਰ ਨੇ ਅੱਗੇ ਦੱਸਿਆ ਕਿ ਇਸ ਸਿਖ਼ਲਾਈ ਕੋਰਸ ਵਿੱਚ ਡੇਅਰੀ ਫਾਰਮਰਜ਼ ਨੂੰ ਕੁਸ਼ਲ ਡੇਅਰੀ ਮੈਨੇਜਰ ਬਣਾਉਣ ਲਈ ਵੱਖ-ਵੱਖ ਵਿਸ਼ਾ ਮਾਹਿਰਾਂ ਵੱਲੋਂ ਪਸ਼ੂਆਂ ਦੀ ਸਾਂਭ-ਸੰਭਾਲ, ਵੱਖ-ਵੱਖ ਬੀਮਾਰੀਆਂ, ਮਨਸੂਹੀ ਗਰਭਦਾਨ, ਦੁੱਧ ਤੋਂ ਦੁੱਧ ਪਦਾਰਥ ਤਿਆਰ ਕਰਨ ਦੀ ਪ੍ਰੈਕਟੀਕਲ ਸਿਖ਼ਲਾਈ ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਮਾਡਲ ਕੈਟਲ ਸ਼ੈਡਾਂ ਦੀ ਉਸਾਰੀ, ਦੁੱਧ ਚੁਆਈ ਮਸ਼ੀਨਾਂ ਅਤੇ ਡੇਅਰੀ ਦੇ ਧੰਦੇ ਦੇ ਮੁਕੰਮਲ ਮਸ਼ੀਨੀਕਰਨ ਲਈ ਲੋੜੀਂਦੀਆਂ ਤਕਨੀਕਾਂ ਅਤੇ ਸਬਸਿਡੀਆਂ ਬਾਰੇ ਵੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਜਾਵੇਗੀ।ਉਨ੍ਹਾਂ ਦੱਸਿਆ ਕੋਰਸ ਕਰਨ ਦੇ ਚਾਹਵਾਨ ਨੌਜਵਾਨ 19-02-2025 ਤੱਕ ਦਫ਼ਤਰ, ਡਿਪਟੀ ਡਾਇਰੈਕਟਰ, ਡੇਅਰੀ ਵਿਕਾਸ ਜਲੰਧਰ, ਆਰ.ਡੀ.ਡੀ.ਐਲ ਕੰਪਲੈਕਸ ਲਾਡੋਵਾਲੀ ਰੋਡ ਵਿਖੇ ਆ ਕੇ ਪ੍ਰਾਸਪੈਕਟ (ਫਾਰਮ) ਹਾਸਲ ਕਰ ਸਕਦੇ ਹਨ।

## ਸਰਕਾਰੀ ਸਕੂਲ 'ਚ ਕਰਵਾਈ ਸਾਲਾਨਾ ਅਥਲੈਟਿਕਸ ਮੀਟ

**ਅੱਡਾ ਸਰਾਂ (ਕਾਜਲ)**

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੁਰਾਦਪੁਰ ਨਰਿਆਲ ਵਿਖੇ ਪ੍ਰਿੰਸੀਪਲ ਦਲਬੀਰ ਕੌਰ ਦੀ ਅਗਵਾਈ 'ਚ ਕਰਵਾਈ ਗਈ ਐਥਲੈਟਿਕਸ ਮੀਟ ਦਾ ਉਦਘਾਟਨ



ਸਕੂਲ ਦੇ ਸਾਰੇ ਹਾਊਸਾਂ ਦੇ ਵਿਦਿਆਰਥੀਆਂ ਦੇ ਮਾਰਚ ਪਾਸਟ ਤੋਂ ਬਾਅਦ ਹਵਾ 'ਚ ਗੁਬਾਰੇ ਛੱਡ ਕੇ ਕੀਤਾ ਗਿਆ। ਇਸ ਦੌਰਾਨ 100 ਮੀਟਰ ਦੌੜ ਵਿਚ ਰਵੀ ਕੁਮਾਰ ਪਹਿਲੇ ਸਥਾਨ 'ਤੇ ਰਿਹਾ।ਉੱਚੀ ਛਾਲ ਵਿਚ ਅਮਨਦੀਪ ਸਿੰਘ ਪਹਿਲੇ, ਸਾਹਿਲ ਮਰਵਾਹਾ ਲੰਬੀ ਛਾਲ ਵਿਚ , ਬਲਕਾਰ ਸਿੰਘ ਹੈਮਰ ਥ੍ਰੋ ਵਿਚ , ਪ੍ਰੇਮਪਾਲ ਸਿੰਘ 400 ਮੀਟਰ, 800 ਮੀਟਰ ਅਤੇ 300 ਮੀਟਰ ਦੌੜ ਵਿਚ ਪਹਿਲੇ ਸਥਾਨ 'ਤੇ ਰਹੇ ।ਲੜਕੀਆਂ ਦੇ ਵਰਗ ਵਿਚ 100 ਮੀਟਰ, 400 ਮੀਟਰ ਅਤੇ 600 ਮੀਟਰ ਦੌੜ ਵਿਚ ਆਸ਼ਾ ਪਹਿਲੇ ਸਥਾਨ 'ਤੇ ਰਹੀ।ਸਵਿੱਤਰੀ ਨੇ ਹੈਮਰ ਥਰੋਅ ਵਿਚ ਪਹਿਲਾ ਸਥਾਨ ਹਾਸਲ ਕੀਤਾ। ਵਿਦਿਆਰਥੀਆਂ ਨੇ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ।ਸਰਪੰਚ ਬਲਵੀਰ ਚੰਦ, ਪ੍ਰਿੰਸੀਪਲ ਦਲਬੀਰ ਕੌਰ ਨੇ ਜੇਤੂ ਬੱਚਿਆਂ ਨੂੰ ਇਨਾਮ ਦਿੱਤੇ ਅਤੇ ਖੇਡਾਂ ਦੀ ਮਹੱਤਤਾ ਬਾਰੇ ਦੱਸਿਆ। ਇਸ ਮੌਕੇ ਐਨ.ਆਰ.ਆਈ ਉਂਕਾਰ ਸਿੰਘ, ਬਲਕਾਰ ਸਿੰਘ, ਡੀ.ਪੀ.ਈ., ਮਲਕੀਤ ਸਿੰਘ, ਅਸ਼ੋਕ ਕੁਮਾਰ, ਜਸਵਿੰਦਰ ਸਿੰਘ, ਹਰਪ੍ਰੀਤ ਸਿੰਘ, ਪ੍ਰਦੀਪ ਸਿੰਘ, ਰਵਿੰਦਰ ਸਿੰਘ, ਲਖਬੀਰ ਸਿੰਘ, ਇੰਦਰਜੀਤ ਸਿੰਘ, ਸੁਖਵਿੰਦਰ ਸਿੰਘ, ਬਲਜਿੰਦਰ ਕੌਰ, ਪੁਨੀਤ ਸੈਣੀ, ਦਲਵਿੰਦਰ ਪ੍ਰੀਤ ਕੌਰ, ਕੁਲਵਿੰਦਰ ਕੌਰ, ਸੁਰਿੰਦਰਪਾਲ ਸਿੰਘ, ਬਲਜਿੰਦਰ ਕੌਰ ਅਤੇ ਹੋਰ ਵੀ ਹਾਜ਼ਰ ਸਨ।

## ਸਾਲਾਨਾ 72ਵੀਂ ਬਰਸੀ ਮੌਕੇ ਮਹਾਨ ਗੁਰਮਤਿ ਸਮਾਗਮ ਕਰਵਾਏ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**

ਪਿੰਡ ਮੌਜੋਮਜਾਰਾ ਵਿਖੇ ਗੁਰਦੁਆਰਾ ਹਰਫੁੱਲਵਾੜੀ ਡੱਬਰੀ ਸਾਹਿਬ ਵਿਖੇ ਤੱਪ ਅਸਥਾਨ ਬ੍ਰਹਮ ਗਿਆਨੀ 108 ਸੰਤ ਬਾਬਾ ਉਦੈ ਸਿੰਘ ਜੀ ਦੇ ਅਸਥਾਨ 'ਤੇ ਬਾਬਾ ਜੀ ਦੀ ਸਾਲਾਨਾ 72ਵੀਂ ਬਰਸੀ ਮੌਕੇ ਮੁੱਖ ਸੇਵਾਦਾਰ ਜਿੰਦਾ ਸ਼ਹੀਦ ਜਥੇਦਾਰ ਬਾਬਾ ਨਿਹਾਲ ਸਿੰਘ ਜੀ ਤਰਨਾ ਦਲ ਹਰੀਆਂ ਵੇਲਾਂ ਦੀ ਅਗਵਾਈ ਹੇਠ ਮਹਾਨ ਗੁਰਮਤਿ ਸਮਾਗਮ ਸ਼ਰਧਾ ਨਾਲ ਭਾਵਨਾ ਨਾਲ ਕਰਵਾਏ ਗਏ।ਸੇਵਾਦਾਰ ਦੁੱਖਭੰਜਨ ਸਿੰਘ ਹਾਰਟਾ ਨੇ ਕਿ ਸ਼੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ, ਉਪਰੰਤ ਖੁੱਲੇ ਪੰਡਾਲ ਵਿੱਚ ਜਿੰਦਾ ਸ਼ਹੀਦ ਜਥੇਦਾਰ ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ ਤਰਨਾ ਦਲ, ਭਾਈ ਗੁਰਮੀਤ ਸਿੰਘ ਹਾਰਟਾ, ਭਾਈ ਸਰਬਜੀਤ ਸਿੰਘ ਕਥਾ ਵਾਚਕ ਲੁਧਿਆਣਾ, ਭਾਈ ਮੰਗਲ ਸਿੰਘ ਨੰਗਲ ਸੋਢੀਆਂ, ਭਾਈ ਗੁਰਪ੍ਰਤਾਪ ਸਿੰਘ ਪਦਮ ਇੰਟਰਨੈਸ਼ਨਲ ਢਾਡੀ ਜਥਾ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।ਪ੍ਰਬੰਧਕਾਂ ਵੱਲੋਂ ਪ੍ਰਮੁੱਖ ਸ਼ਖਸ਼ੀਅਤਾਂ ਅਤੇ ਸਹਿਯੋਗੀਆਂ ਨੂੰ ਸਿਰਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਸਾਲਾਨਾ ਬੈਲ ਗੱਡੀਆਂ ਦੀਆਂ ਦੌੜਾਂ ਵੀ ਕਰਵਾਈਆਂ ਗਈਆਂ। ਇਸ ਮੌਕੇ ਜਸਵਿੰਦਰ ਸਿੰਘ ਮੁੱਖਲਿਆਣਾ, ਭਾਗ ਸਿੰਘ ਹਾਰਟਾ,



ਰਣਜੀਤ ਸਿੰਘ ਜ਼ੋਰਾਂ, ਬਾਬਾ ਤੀਰਥ ਸਿੰਘ, ਗੁਰਨਾਮ ਸਿੰਘ ਗਾਮਾ, ਮਨਦੀਪ ਸਿੰਘ ਗ੍ਰੰਥੀ, ਜੁਗਰਾਜ ਸਿੰਘ ਹੈਡ ਗ੍ਰੰਥੀ ਮੁੱਖਲਿਆਣਾ, ਹਰਚਰਨ ਸਿੰਘ, ਮਿਸਤਰੀ ਇੰਦਰਜੀਤ ਸਿੰਘ, ਜਤਿੰਦਰ ਸਿੰਘ ਰਾਣਾ, ਮਿਸਤਰੀ ਜੋਗਿੰਦਰ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।ਇਸ ਮੌਕੇ ਚਾਹ-ਪਕੌੜੇ ਤੇ ਗੁਰੂ ਜੀ ਦੇ ਅਤੁੱਟ ਵਰਤਾਏ ਗਏ।

## ਐੱਸ ਸੀ ਕਮਿਸ਼ਨ ਦਾ ਚੇਅਰਮੈਨ ਨਾ ਲਗਾਉਣਾ ਸਰਕਾਰ ਦੀ ਘਟੀਆ ਸੋਚ ਦਾ ਪ੍ਰਗਟਾਵਾ : ਸਲਾਣਾ

**ਮਹਿਤਪੁਰ (ਰਾਜਾ)**

ਐਸ ਸੀ/ ਬੀ ਸੀ ਅਧਿਆਪਕ ਯੂਨੀਅਨ ਪੰਜਾਬ ਦੇ ਪ੍ਰਧਾਨ ਬਲਜੀਤ ਸਿੰਘ ਸਲਾਣਾ ਨੇ ਹੋਰ ਅਹੁਦੇਦਾਰਾਂ ਨਾਲ ਪ੍ਰੈਸ ਬਿਆਨ ਜਾਰੀ ਕਰਦਿਆਂ ਮੁੱਖ ਮੰਤਰੀ ਪੰਜਾਬ ਤੇ ਪੰਜਾਬ ਸਰਕਾਰ ਦੀ ਕਰੜੇ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ। ਕਿਉਂਕਿ 3 ਸਾਲ ਬੀਤਣ ਦੇ ਬਾਵਜੂਦ ਪੰਜਾਬ ਸਰਕਾਰ ਨੇ 40 ਪ੍ਰਤੀਸ਼ਤ ਐਸ. ਸੀ. ਅਬਾਦੀ ਨੂੰ ਇਨਸਾਫ ਦੇਣ ਲਈ ਅਜੇ ਤੱਕ ਐਸ. ਸੀ. ਕਮਿਸ਼ਨ ਪੰਜਾਬ ਦਾ ਚੇਅਰਮੈਨ ਨਿਯੁਕਤ ਨਹੀਂ ਕੀਤਾ। ਆਮ ਆਦਮੀ ਪਾਰਟੀ ਦੀ ਪੰਜਾਬ 'ਚ ਸਰਕਾਰ ਬਣਦੇ ਸਾਰ ਹੀ ਐਸ. ਸੀ. ਕਮਿਸ਼ਨ ਪੰਜਾਬ ਦੇ ਮੈਂਬਰਾਂ ਦੀ ਗਿਣਤੀ 10 ਤੋਂ ਘਟਾ ਕੇ 5 ਕਰ ਦਿੱਤੀ ਗਈ, ਜੋ ਵੱਡੀ ਐਸ. ਸੀ. ਅਬਾਦੀ ਲਈ ਜ਼ੁਲਮ ਜਿਆਦਤੀ ਦੇ ਕੇਸਾਂ ਦੀ ਸੁਣਵਾਈ ਹੀ ਨਹੀਂ ਕਰ ਸਕਦੇ।ਪਿਛਲੇ ਲੰਬੇ ਸਮੇਂ ਤੋਂ ਐਸ.ਸੀ. ਕਮਿਸ਼ਨ ਦੇ ਰਿਟਾਇਰ ਹੋ ਚੁੱਕੇ ਮੈਂਬਰਾਂ ਦੇ ਅਹੁਦੇ ਵੀ ਖ਼ਾਲੀ ਪਏ ਹਨ। ਐੱਸ.ਸੀ. ਮੁਲਾਜ਼ਮਾਂ ਦੇ ਹੱਕ ਵਾਲੀ 85ਵੀਂ



ਸੰਵਿਧਾਨਕ ਸੋਧ ਵੀ ਅੱਜ ਤੱਕ ਲਾਗੂ ਨਹੀਂ ਕੀਤੀ ਗਈ। ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਨੇ ਪਿਛੜੇ ਵਰਗਾਂ ਦੇ ਲੋਕਾਂ ਦੀ ਮੰਡਲ ਕਮਿਸ਼ਨ ਰਿਪੋਰਟ ਨੂੰ ਵੀ ਲਾਗੂ ਨਹੀਂ ਕੀਤਾ ਗਿਆ, ਜਿਸ ਅਨੁਸਾਰ ਇਹਨਾਂ ਵਰਗਾਂ ਦੇ ਬੇਰੁਜਗਾਰ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦੀ ਭਰਤੀ 'ਚ 27% ਰਾਖਵਾਂਕਰਨ ਮਿਲਣਾ ਸੀ।

## ਆਪ ਦੇ ਸੁਮਿਤ ਖੰਨਾ ਭਾਜਪਾ 'ਚ ਸ਼ਾਮਲ

**ਡੇਰਾਬਸੀ, (ਵਿਨੈ ਕੁਮਾਰ ਜੈਨ)**-ਡੇਰਾਬੱਸੀ ਭਾਜਪਾ ਨੇਤਾ ਅਤੇ ਸੂਬਾ ਸੱਕਤਰ ਸੰਜੀਵ ਖੰਨਾ ਨੇ ਆਮ ਆਦਮੀ ਪਾਰਟੀ ਦੇ ਪੁਰਾਣੇ ਵਲੰਟੀਅਰ ਸੁਮਿਤ ਗੁਪਤ ਭਾਜਪਾ ਨੂੰ ਭਾਜਪਾ ਵਿੱਚ ਸ਼ਾਮਲ ਕਰਵਾਇਆ।ਗੁਪਤਾ ਕਦੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਦੇ ਨਜ਼ਦੀਕੀ ਰਹੇ ਹਨ। ਸੰਜੀਵ ਖੰਨਾ ਨੇ ਨਿੱਜੀ ਤੌਰ 'ਤੇ ਉਨ੍ਹਾਂ ਦੇ ਘਰ ਪਹੁੰਚੇ ਜਿੱਥੇ ਉਨ੍ਹਾਂ ਨੇ ਭਾਜਪਾ ਦਾ ਸ਼ਾਲ ਪਹਿਨਾ ਕੇ ਉਨ੍ਹਾਂ ਨੂੰ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਕੀਤਾ। ਗੁਪਤਾ ਨੇ ਕਿਹਾ ਕਿ ਉਸ ਨੇ ਪਾਰਟੀ ਨੂੰ ਛੱਡਣ ਦਾ



ਫੈਸਲਾ ਹਲਕੇ ਮਨ ਨਾਲ ਨਹੀਂ ਲਿਆ ਹੈ। ਇਕ ਬਿਆਨ ਵਿਚ, ਉਸਨੇ ਆਪਣੇ ਖਿੱਤੇ ਦੀ ਮੌਜੂਦਾ ਸਥਿਤੀ ਤੋਂ ਨਾਰਾਜ਼ਗੀ ਜ਼ਾਹਰ ਕਰਦਿਆਂ, ਕਿਹਾ ਕਿ ਆਮ ਆਦਮੀ ਪਾਰਟੀ ਵਿੱਚ ਹੁਣ ਮੌਕਿਆਂ ਦੀ ਘਾਟ ਹੈ ਕਿਉਂਕਿ ਲੋਕਾਂ ਦੇ ਕੰਮ ਨਹੀਂ ਹੋ ਰਹੇ। ਉਨ੍ਹਾਂ ਇਹ ਵੀ ਦੱਸਿਆ ਕਿ ਉਹ ਮੰਨਦਾ ਹੈ ਕਿ ਭਾਜਪਾ ਹੀ ਇਸ ਖੇਤਰ ਵਿੱਚ ਅਸਲ ਤਬਦੀਲੀਆਂ ਅਤੇ ਵਿਕਾਸ ਲਿਆ ਸਕਦੀ ਹੈ।

## ਧਾਰਮਿਕ ਦੀਵਾਨ ਸਜਾ ਕੇ ਮਨਾਇਆ ਸਤਿਗੁਰੂ ਰਾਮ ਸਿੰਘ ਦਾ ਆਗਮਨ ਦਿਵਸ

**ਜਲੰਧਰ (ਨਵਾਂ ਜ਼ਮਾਨਾ ਸਰਵਿਸ)** ਪਿੰਡ ਜਗਰਾਲ, ਜਲੰਧਰ ਵਿਖੇ ਵਰਤਮਾਨ ਨਾਮਧਾਰੀ ਮੁਖੀ ਠਾਕੁਰ ਦਲੀਪ ਸਿੰਘ ਦੇ ਅਸ਼ੀਰਵਾਦ ਸਦਕਾ ਅਵਤਾਰ ਸਿੰਘ, ਸਤਨਾਮ ਸਿੰਘ, ਗੁਰਨਾਮ ਸਿੰਘ ਅਤੇ ਭਾਨ ਸਿੰਘ ਦੇ ਪਰਵਾਰ ਵਲੋਂ ਸੰਗਤ ਦੇ ਸਹਿਯੋਗ ਨਾਲ ਸੁਤੰਤਰਤਾ ਸੰਗਰਾਮ ਦੇ ਮੋਢੀ, ਮਹਾਨ ਕ੍ਰਾਂਤੀਕਾਰੀ ਗੁਰੂ, ਨਾਮਧਾਰੀ ਪੰਥ ਦੇ ਬਾਨੀ ਸਤਿਗੁਰੂ ਰਾਮ ਸਿੰਘ ਦਾ ਆਗਮਨ ਦਿਵਸ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਾਜ਼ਰੀ ਵਿੱਚ ਵਿਸ਼ੇਸ਼ ਦੀਵਾਨ ਸਜਾਏ ਗਏ। ਪ੍ਰਸਿੱਧ ਰਾਗੀ ਜਥਿਆਂ ਨੇ ਕੀਰਤਨ ਦੀ ਹਾਜ਼ਰੀ ਭਰੀ। ਇਸ ਮੌਕੇ ਮਹਾਨ ਵਿਦਵਾਨਾਂ ਦੁਆਰਾ ਉਹਨਾਂ ਦੇ ਉਪਕਾਰਾਂ ਅਤੇ ਜੀਵਨ 'ਤੇ ਚਾਨਣਾ ਪਾਇਆ।ਇਸ ਮੌਕੇ ਮੌਜੂਦਾ ਨਾਮਧਾਰੀ ਮੁਖੀ ਠਾਕੁਰ ਦਲੀਪ ਸਿੰਘ ਵਲੋਂ ਸੁਨੇਹਾ ਦਿੱਤਾ ਕਿ ਹਰ ਸਿੱਖ ਨੂੰ ਉਹਨਾਂ 'ਤੇ ਮਾਣ ਕਰਨਾ ਚਾਹੀਦਾ ਹੈ। ਜਿਨ੍ਹਾਂ ਨੇ ਜੂਨ 1863 ਵਿੱਚ ਬਾਲ ਵਿਆਹ 'ਤੇ ਪ੍ਰਤੀਬੰਧ ਲਾ ਕੇ ਵਿਆਹ ਲਈ ਘੱਟੋ-ਘੱਟ ਉਮਰ 18 ਸਾਲ ਨਿਰਧਾਰਤ ਕੀਤੀ। ਇਹ ਉਨ੍ਹਾਂ ਦੀ ਅਦਭੁਤ ਦੂਰਦਰਸ਼ਤਾ ਅਤੇ ਵਿਲੱਖਣ ਸਮਾਜ ਸੁਧਾਰਕ ਹੋਣ ਦਾ ਪ੍ਰਮਾਣ ਹੈ। ਹੈ। ਇਸ ਮੌਕੇ ਨਾਮਧਾਰੀ ਪੰਥ ਦੇ ਪ੍ਰਧਾਨ ਸੂਬਾ ਅਮਰੀਕ ਸਿੰਘ ਨੇ ਕਿਹਾ ਕਿ ਉਹ ਅਲੌਕਿਕ ਸ਼ਖ਼ਸੀਅਤ ਹਨ। ਉਹਨਾਂ ਨੇ 1857 ਦੀ ਵਿਸਾਖੀ ਨੂੰ ਖਾਲਸਾ ਪੰਥ ਦੀ ਪੁਨਰ ਸਥਾਪਨਾ ਕਰਕੇ ਅਤੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਮਰਿਆਦਾ ਦੁਬਾਰਾ ਲਾਗੂ ਕਰ ਕੇ ਦੇਸ਼ ਅਤੇ ਧਰਮ ਦੀ ਰੱਖਿਆ ਦੀ ਭਾਵਨਾ ਨੂੰ ਦ੍ਰਿੜ੍ਹ ਕਰਵਾਇਆ। ਉਹਨਾਂ ਨੇ 1857 ਦੇ ਵਿਦਰੋਹ ਤੋਂ ਪਹਿਲਾਂ 'ਨਾਮਧਾਰੀ ਸਿੱਖ' ਸੰਪਰਦਾ 'ਕੂਕਾ ਲਹਿਰ'ਦੀ ਨੀਂਹ ਰੱਖੀ। ਉਹਨਾਂ ਨੇ ਸਭ ਤੋਂ ਪਹਿਲਾਂ ਅੰਗਰੇਜ਼ੀ ਵਸਤੂਆਂ ਦਾ ਬਾਈਕਾਟ ਕੀਤਾ। ਉਹਨਾਂ ਨੇ ਅੰਗਰੇਜ਼ ਸਰਕਾਰ ਦੇ ਸਮਾਨਾਂਤਰ ਆਪਣੀ ਸਰਕਾਰ ਬਣਾਈ। ਨੇਪਾਲ ਅਤੇ ਕਸ਼ਮੀਰ ਵਿੱਚ 'ਕੂਕਾ ਰੈਜੀਮੈਂਟ' ਬਣਾ ਕੇ ਅੰਗਰੇਜ਼ਾਂ ਵਿਰੁੱਧ ਯੁੱਧ ਦੀ ਤਿਆਰੀ ਕੀਤੀ। ਅੰਗਰੇਜ਼ਾਂ ਨੂੰ ਭਾਰਤ ਵਿੱਚੋਂ



ਕੱਢਣ ਲਈ ਰੂਸ ਨਾਲ ਸਬੰਧ ਕਾਇਮ ਕੀਤੇ। ਉਹਨਾਂ ਤੋਂ ਪ੍ਰੇਰਿਤ ਹੋ ਕੇ ਹਜ਼ਾਰਾਂ ਨਾਮਧਾਰੀ ਸਿੱਖਾਂ ਨੇ ਦੇਸ਼ ਦੀ ਆਜ਼ਾਦੀ ਲਈ ਮਹਾਨ ਕੁਰਬਾਨੀਆਂ ਦਿੱਤੀਆਂ। ਪ੍ਰਿੰਸੀਪਲ ਰਾਜਪਾਲ ਕੌਰ ਨੇ ਕਿਹਾ ਕਿ ਉਹਨਾਂ ਨੇ ਇਸਤਰੀਆਂ ਨੂੰ ਅੰਮ੍ਰਿਤਪਾਨ ਕਰਵਾ ਮਾਤਾ ਹੁਕਮੀ ਜੀ ਨੂੰ ਸੂਬਾ ਗਵਰਨਰ ਦੀ ਪਦਵੀ ਦੇ ਕੇ ਔਰਤਾਂ ਨੂੰ ਸਮਾਜ ਵਿੱਚ ਉੱਚਾ ਸਥਾਨ ਦਿੱਤਾ। ਪ੍ਰਿੰਸੀਪਲ ਹਰਮਨਪ੍ਰੀਤ ਸਿੰਘ ਕਾਹਲੋਂ ਅਤੇ ਸਵਰਨ ਸਿੰਘ ਸਨੇਹੀ ਨੇ ਵੀ ਉਹਨਾਂ ਦੁਆਰਾ ਚਲਾਏ ਮਹਾਨ ਸਤਿਆਗ੍ਰਹਿ ਅਤੇ ਸਵਦੇਸ਼ੀ ਲਹਿਰ 'ਤੇ ਚਾਨਣਾ ਪਾਇਆ ।ਇਸ ਮੌਕੇ ਸਵਾਮੀ ਨਿੱਤਿਆਨੰਦ, ਡਾਕਟਰ ਕੁਲਵਿੰਦਰ ਕੌਰ ਮਿਨਹਾਸ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ। ਇਸ ਮੌਕੇ ਸੂਬਾ ਭਗਤ ਸਿੰਘ, ਸੂਬਾ ਅਮਰੀਕ ਸਿੰਘ, ਸੂਬਾ ਰਤਨ ਸਿੰਘ, ਵਿਸ਼ਵ ਨੌਜਵਾਨ ਵਿੱਦਿਅਕ ਜੱਥੇ ਦੇ ਪ੍ਰਧਾਨ ਪਲਵਿੰਦਰ ਸਿੰਘ,ਮਾਸਟਰ ਸੁਖਦੇਵ ਸਿੰਘ, ਦਇਆ ਸਿੰਘ, ਮਾਸਟਰ ਸੁਖਵਿੰਦਰ ਸਿੰਘ, ਜਵਾਹਰ ਸਿੰਘ, ਸੁਰਜੀਤ ਕੌਰ, ਜਸਬੀਰ ਕੌਰ, ਸਰਬਜੀਤ ਕੌਰ, ਗੁਰਮੀਤ ਕੌਰ ਆਦਿ ਬੇਅੰਤ ਸੰਗਤ ਨੇ ਸ਼ਮੂਲੀਅਤ ਕੀਤੀ।

## ਕ੍ਰਿਸ਼ੀ ਵਿਗਿਆਨ ਕੇਂਦਰ ਨੇ ਪੱਦੀ ਸੂਰਾ ਸਿੰਘ ਵਿਖੇ ਖੇਤ ਦਿਵਸ ਮਨਾਇਆ



**ਹੁਸ਼ਿਆਰਪੁਰ (ਬਲਬੀਰ ਸਿੰਘ ਸੈਣੀ)**

ਕ੍ਰਿਸ਼ੀ ਵਿਗਿਆਨ ਕੇਂਦਰ, ਬਾਹੋਵਾਲ ਵੱਲੋਂ ਪਰਾਲੀ ਪ੍ਰਬੰਧਨ ਅਪਣਾਏ ਪਿੰਡ ਪੱਦੀ ਸੂਰਾ ਸਿੰਘ ਵਿਖੇ ਪਰਾਲੀ ਪ੍ਰਬੰਧਨ ਉਪਰੰਤ ਬੀਜੀ ਕਣਕ ਸਬੰਧੀ ਖੇਤ ਦਿਵਸ ਦਾ ਆਯੋਜਨ ਕੀਤਾ ਗਿਆ। ਕੈਂਪ ਦੀ ਸ਼ੁਰੂਆਤ ਵਿੱਚ ਸਹਿਯੋਗੀ ਨਿਰਦੇਸ਼ਕ (ਸਿਖਲਾਈ), ਕ੍ਰਿਸ਼ੀ ਵਿਗਿਆਨ ਕੇਂਦਰ ਡਾ. ਮਨਿੰਦਰ ਸਿੰਘ ਬੌਂਸ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਕਿਸਾਨ ਝੋਨੇ ਦੀ ਪਰਾਲੀ ਨੂੰ ਨਾ ਸਾੜਨ ਅਤੇ ਉਪਲਬੱਧ ਮਸ਼ੀਨਰੀ ਤੇ ਤਕਨੀਕਾਂ ਰਾਂਹੀ ਇਸ ਦਾ ਯੋਗ ਪ੍ਰਬੰਧ ਕਰਕੇ ਵਾਤਾਵਰਣ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਦੀ ਯੋਗ ਅਗਵਾਈ ਹੇਠ ਵਿਭਾਗਾਂ ਦੀ ਪਹਿਲਕਦਮੀ ਅਤੇ ਕਿਸਾਨਾਂ ਦੇ ਭਰਪੂਰ ਸਹਿਯੋਗ ਸਦਕਾ ਇਸ ਸਾਲ ਪਰਾਲੀ ਸਾੜਨ ਦੇ ਕੇਸਾਂ ਵਿੱਚ ਬਹੁਤ ਗਿਰਾਵਟ ਆਈ ਹੈ ਅਤੇ ਜ਼ਿਲ੍ਹੇ ਵਿੱਚ ਸਿਰਫ 29 ਕੇਸ ਹੀ ਦਰਜ ਹੋਏ ਹਨ। ਇਸ ਮੌਕੇ ਸਹਾਇਕ ਪ੍ਰੋਫੈਸਰ (ਖੇਤੀਬਾੜੀ ਇੰਜੀਨਿਅਰਿੰਗ) ਡਾ. ਅਜੈਬ ਸਿੰਘ ਨੇ ਪਰਾਲੀ ਪ੍ਰਬੰਧਨ ਉਪਲਬੱਧ ਮਸ਼ੀਨਰੀ-ਸਰਫੇਸ ਸੀਡਰ, ਸਮਾਰਟ ਸੀਡਰ, ਸੁਪਰ ਸੀਡਰ, ਹੈਪੀ ਸੀਡਰ, ਉਲਟਾਵਾਂ ਹੱਲ, ਜੀਰੋ ਟਿੱਲ ਡਰਿੱਲ, ਰੋਟਾਵੇਟਰ ਤੇ ਬੇਲਰ ਦੀ ਵਰਤੋਂ ਤੇ ਕਾਰਗੁਜਾਰੀ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ ਅਤੇ ਪਰਾਲੀ ਦੀ ਪਸ਼ੂ ਖੁਰਾਕ, ਮਲਚ, ਖੁੰਬ ਉਤਪਾਦਨ, ਊਰਜਾ, ਖਾਦ ਤੇ ਗੱਤਾ ਉਦਯੋਗ ਵਿੱਚ ਵਰਤੋਂ ਬਾਰੇ ਵੀ ਜਾਗਰੂਕ ਕੀਤਾ। ਪ੍ਰੋਗਰਾਮ ਸਹਾਇਕ, ਕ੍ਰਿਸ਼ੀ ਵਿਗਿਆਨ ਕੇਂਦਰ ਸੁਨੀਤਾ ਨੇ ਮਿੱਟੀ ਪਰਖ ਦੀ ਮਹੱਤਤਾ ਤੇ ਮਿੱਟੀ ਪਰਖ ਲਈ ਨਮੂਨੇ ਲੈਣ ਦੀ ਵਿਧੀ ਬਾਰੇ ਦੱਸਿਆ ਗਿਆ।ਕਿਸਾਨਾਂ ਨੇ ਝੋਨੇ ਦੀ ਪਰਾਲੀ ਦਾ ਪ੍ਰਬੰਧਨ ਕਰਨ ਉਪਰੰਤ ਕਣਕ ਦੀ ਬਿਜਾਈ ਦੀ ਪ੍ਰਦਰਸ਼ਨੀ ਵਾਲੇ ਖੇਤਾਂ ਦਾ ਦੌਰਾ ਵੀ ਕੀਤਾ, ਜਿੱਥੇ ਕੇ.ਵੀ.ਕੇ. ਦੇ ਵਿਗਿਆਨੀਆਂ ਨੇ ਕਿਸਾਨਾਂ ਨਾਲ ਉਨ੍ਹਾਂ ਦੇ ਖਦਸ਼ਿਆਂ ਬਾਰੇ ਵਿਚਾਰ-ਚਰਚਾ ਕੀਤੀ। ਅਖੀਰ ਵਿੱਚ ਪਿੰਡ ਪੱਦੀ ਸੂਰਾ ਸਿੰਘ ਦੇ ਪੰਚ ਕੁਲਵੰਤ ਸਿੰਘ ਵੱਲੋਂ ਆਏ ਮਾਹਿਰਾਂ ਅਤੇ ਕਿਸਾਨਾਂ ਦਾ ਧੰਨਵਾਦ ਕੀਤਾ ਗਿਆ।ਇਸ ਖੇਤ ਦਿਵਸ ਵਿੱਚ ਪਿੰਡ ਪੱਦੀ ਸੂਰਾ ਸਿੰਘ ਦੇ ਅਗਾਂਹਵਧੂ ਕਿਸਾਨ ਰੁਪਿੰਦਰ ਸਿੰਘ ਗਿੱਲ, ਜਸਪ੍ਰੀਤ ਸਿੰਘ ਪੂਨੀਆ, ਨੰਬਰਦਾਰ ਕੁਲਦੀਪ ਸਿੰਘ, ਭੁਪਿੰਦਰ ਸਿੰਘ ਲਾਲੀ, ਮਨਵੀਰ ਸਿੰਘ ਰਾਣੂ ਅਤੇ ਪਿੰਡ ਸੈਲਾ ਖੁਰਦ ਦੇ ਰਮਨਦੀਪ ਸਿੰਘ ਤੋਂ ਇਲਾਵਾ ਹੋਰ ਕਿਸਾਨ ਵੀ ਮੌਜੂਦ ਸਨ।

## ਸਰਕਾਰੀ ਕਾਲਜ ਟਾਂਡਾ 'ਚ ਲਗਾਈ ਕਰੀਅਰ ਕੌਂਸਲਿੰਗ ਵਰਕਸ਼ਾਪ

**ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਓਕਾਰ ਸਿੰਘ)**- ਗਿਆਨੀ ਕਰਤਾਰ ਸਿੰਘ ਯਾਦਗਾਰੀ ਸਰਕਾਰੀ ਕਾਲਜ, ਟਾਂਡਾ ਵਿਖੇ ਕਰੀਅਰ ਕੌਂਸਲਿੰਗ ਲਈ ਵਰਕਸ਼ਾਪ ਕਰਵਾਈ ਗਈ।.



ਪ੍ਰਿੰਸੀਪਲ ਡਾ. ਸ਼ਸ਼ੀ ਬਾਲਾ ਦੀ ਯੋਗ ਅਗਵਾਈ ਹੇਠ ਕਰੀਅਰ ਕੌਂਸਲਿੰਗ ਅਤੇ ਪਲੇਸਮੈਂਟ ਸੈੱਲ ਦੇ ਇੰਚਾਰਜ ਪ੍ਰੋ. ਵਿਜੇ ਪਾਲ ਵੱਲੋਂ ਜ਼ਿਲ੍ਹਾ ਰੋਜਗਾਰ ਅਤੇ ਕਾਰੋਬਾਰ ਬਿਊਰੋ/ ਮਾਡਲ ਕਰੀਅਰ ਸੈਂਟਰ, ਹੁਸ਼ਿਆਰਪੁਰ ਦੇ ਸਹਿਯੋਗ ਨਾਲ ਕਰਵਾਈ ਗਈ। ਇਸ ਵਰਕਸ਼ਾਪ ਵਿਚ ਸਮੂਹ ਵਿਦਿਆਰਥੀਆਂ ਨੇ ਭਾਗ ਲਿਆ । ਯੰਗ ਪ੍ਰੋਫੈਸ਼ਨਲ ਵਿਕਰਮ ਸਿੰਘ ਨੇ ਵਿਦਿਆਰਥੀਆਂ ਨੂੰ ਜ਼ਿਲ੍ਹਾ ਰੋਜਗਾਰ ਦਫਤਰ ਦੀ ਐਪ 'ਡੀ. ਬੀ. ਈ. ਈ. ਆਨਲਾਈਨ' ਅਤੇ ਭਾਰਤ ਸਰਕਾਰ ਦੇ ਨੈਸ਼ਨਲ ਕਰਿਅਰ ਸਰਵਿਸ ਪੋਰਟਲ ਦੀ ਜਾਣਕਾਰੀ ਦਿੱਤੀ ਤਾਂ ਜੋ ਉਹ ਭਵਿੱਖ ਵਿੱਚ ਆਨਲਾਈਨ ਮਾਧਿਅਮ ਰਾਹੀਂ ਨੌਕਰੀਆਂ, ਸਰਕਾਰੀ ਸਬਸਿਡੀ ਅਤੇ ਰੋਜਗਾਰ ਮੇਲਿਆਂ ਬਾਰੇ ਜਾਣਕਾਰੀ ਹਾਸਿਲ ਕਰ ਸਕਣ। ਐਨ. ਆਈ. ਆਈ. ਟੀ. ਲਿਮਿਟਿਡ ਵੱਲੋਂ ਆਏ ਮਹਿਮਾਨ ਨਰਿੰਦਰ ਸਿੰਘ ਨੇ ਵਿਦਿਆਰਥੀਆਂ ਨੂੰ ਪੀ. ਸੀ. ਐੱਸ , ਆਈ. ਏ.ਐੱਸ. ਬਣਨ ਅਤੇ ਐਕਸਿਸ ਬੈਂਕ ਵਿਚ ਨੌਕਰੀ ਲੈਣ ਲਈ ਯੋਗਤਾ ਅਤੇ ਉਮਰ ਦੀ ਜਾਣਕਾਰੀ ਦਿੱਤੀ। ਸਟੇਜ ਸੰਚਾਲਨ ਦਾ ਕੰਮ ਪ੍ਰੋ. ਰੰਜਨਾ ਗੁਪਤਾ ਨੇ ਕੀਤਾ। ਇਸ ਮੌਕੇ ਤੇ ਪ੍ਰੋ. ਤਸਵਿੰਦਰ, ਪ੍ਰੋ. ਮਨਮੋਹਨ ਸਿੰਘ, ਪ੍ਰੋ. ਤੇਜਵਿੰਦਰ ਚੀਮਾ, ਪ੍ਰੋ. ਨਵਜੀਤ ਕੌਰ ਪ੍ਰੋ. ਰਾਜਨਦੀਪ, ਪ੍ਰੋ.ਵਿਜੇਪਾਲ ਸਿੰਘ, ਪ੍ਰੋ.ਤਸ਼ਵਿੰਦਰ ਸਿੰਘ, ਡਾ.ਮਨੀਸ਼ ਕੁਮਾਰ ਅਤੇ ਵੱਡੀ ਗਿਣਤੀ ਵਿੱਚ ਵਿਦਿਆਰਥੀ ਹਾਜਰ ਸਨ।

19 Feb Page-9.qxd 2/18/2025 11:17 PM Page 1



# ਸੂਬੇ 'ਚ 3 ਸਾਲਾਂ ਦੌਰਾਨ ਕਰੀਬ 94 ਹਜ਼ਾਰ ਕਰੋੜ ਰੁਪਏ ਤੋਂ ਜ਼ਿਆਦਾ ਦਾ ਨਿਵੇਸ਼ : ਸੌਂਦ

**ਚੰਡੀਗੜ੍ਹ, (ਗੁਰਜੀਤ ਬਿੱਲਾ)**— ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਪਹਿਲ ਕਦਮੀ ਸਕਦਾ ਉਦਯੋਗਾਂ ਲਈ ਰਵਾਇਤੀ ਸਟੈਂਪ ਪੇਪਰ ਦੀ ਥਾਂ ਗ੍ਰੀਨ ਸਟੈਂਪ ਪੇਪਰ ਪੰਜਾਬ ਸਰਕਾਰ ਦੀ ਇੱਕ ਵਿਲੱਖਣ ਸ਼ੁਰੂਆਤ ਹੈ। ਇਹ ਇੱਕ ਆਨ ਲਾਈਨ ਪ੍ਰਕਿਰਿਆ ਹੈ, ਜਿਸ ਨਾਲ ਜ਼ਿਆਦਾ ਪਾਰਦਰਸ਼ਤਾ ਆਈ ਹੈ ਅਤੇ ਜ਼ਮੀਨ ਪ੍ਰਾਪਤੀ ਲਈ ਧੋਖੇਬਾਜ਼ੀ ਦੀ ਗੁੰਜਾਇਸ਼ ਖਤਮ ਹੋਈ ਹੈ। ਜ਼ਮੀਨ ਪ੍ਰਾਪਤੀ ਲਈ ਜ਼ਰੂਰੀ ਪ੍ਰਵਾਨਗੀਆਂ ਮਿਲਣ ਤੋਂ ਬਾਅਦ ਗ੍ਰੀਨ ਸਟੈਂਪ ਪੇਪਰ ਜਾਰੀ ਹੁੰਦਾ ਹੈ ਜਿਸ ਰਾਹੀਂ ਉਦਯੋਗ ਰਜਿਸਟਰਡ ਸੇਲ ਡੀਡ ਕਰਨ ਯੋਗ ਹੋ ਜਾਂਦੇ ਹਨ।ਸੌਂਦ ਨੇ ਦੱਸਿਆ ਕਿ ਗ੍ਰੀਨ ਸਟੈਂਪ ਪੇਪਰ ਅਤੇ ਉਦਯੋਗਾਂ ਦੀ ਉੱਨਤੀ ਤੇ ਪ੍ਰਫੁੱਲਤਾ ਲਈ ਪੰਜਾਬ ਸਰਕਾਰ ਦੀ ਸੰਜੀਦਗੀ ਅਤੇ ਸੁਹਿਰਦਤਾ ਸਦਕਾ ਪੰਜਾਬ ਸਰਕਾਰ ਨੂੰ ਮਾਰਚ 2022 ਤੋਂ ਲੈ ਕੇ ਹੁਣ ਤੱਕ, ਕਰੀਬ 3 ਸਾਲਾਂ ਦੌਰਾਨ 94,203 ਕਰੋੜ ਰੁਪਏ ਦੇ ਨਿਵੇਸ਼ ਪ੍ਰਸਤਾਵ ਮਿਲੇ ਹਨ। ਇਸ ਸਦਕਾ 4 ਲੱਖ ਤੋਂ ਜ਼ਿਆਦਾ ਵਿਅਕਤੀਆਂ ਨੂੰ ਰੁਜ਼ਗਾਰ ਮਿਲੇਗਾ। ਸੌਂਦ ਨੇ ਹੋਰਨਾਂ ਉਦਯੋਗਪਤੀਆਂ ਨੂੰ ਵੀ ਪੰਜਾਬ ਵਿੱਚ ਨਿਵੇਸ਼ ਕਰਨ ਦਾ ਸੱਦਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀਆਂ ਸਨਅਤ ਪੱਖੀ ਨੀਤੀਆਂ ਸਦਕਾ ਵੱਡੇ-ਵੱਡੇ ਸਨਅਤੀ ਘਰਾਣੇ ਪੰਜਾਬ ਵਿੱਚ ਆਪਣੀਆਂ ਇਕਾਈਆਂ ਸਥਾਪਤ ਕਰਨ ਵਿੱਚ ਦਿਲਚਸਪੀ ਵਿਖਾ ਰਹੀਆਂ ਹਨ।ਉਨ੍ਹਾਂ ਅੱਗੇ ਕਿਹਾ ਕਿ ਨਿਵੇਸ਼ ਲਈ ਪੰਜਾਬ ਦਾ ਮਾਹੌਲ ਸਾਜ਼ਗਾਰ, ਢੁਕਵਾਂ ਅਤੇ ਸ਼ਾਂਤੀਪੂਰਵਕ ਹੈ ਅਤੇ ਉਦਯੋਗਾਂ ਦੇ ਵਿਕਾਸ ਲਈ ਪੰਜਾਬ ਸਰਕਾਰ ਪੂਰੇ ਸਮਰਪਣ ਨਾਲ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਦੀਆਂ ਨੀਤੀਆਂ ਵੀ ਉਦਯੋਗ ਪੱਖੀ ਹਨ ਅਤੇ ਛੋਟੇ ਤੇ ਦਰਮਿਆਨੇ ਉਦਯੋਗਪਤੀ ਆਪਣਾ ਕਾਰੋਬਾਰ ਅੱਜ ਹੀ ਇਕ ਹਲਫ਼ੀਆ ਬਿਆਨ ਦੇ ਕੇ ਸ਼ੁਰੂ ਕਰ ਸਕਦੇ ਹਨ ਅਤੇ ਜ਼ਰੂਰੀ ਦਸਤਾਵੇਜ਼ੀ ਪ੍ਰਕਿਰਿਆ 3 ਸਾਲਾਂ ਦੇ ਅੰਦਰ ਅੰਦਰ ਪੂਰੀ ਕੀਤੀ ਜਾ ਸਕਦੀ ਹੈ। ਉਦਯੋਗ ਤੇ ਵਣਜ ਅਤੇ ਨਿਵੇਸ਼ ਪ੍ਰੋਤਸਾਹਨ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਦੱਸਿਆ ਕਿ ਗ੍ਰੀਨ ਸਟੈਂਪ ਪੇਪਰ ਦੀ ਇਸ ਪਹਿਲ ਕਦਮੀ ਨਾਲ ਉਦਯੋਗਪਤੀਆਂ ਲਈ ਕਾਨੂੰਨੀ ਦਸਤਾਵੇਜ਼ਾਂ ਦੀ ਪ੍ਰੋਸੈਸਿੰਗ ਤੇਜ਼ ਹੋਈ ਹੈ।ਸਭ ਤੋਂ ਅਹਿਮ ਸਾਰਾ ਕੁਝ ਆਨ ਲਾਈਨ ਹੋਣ ਸਦਕਾ ਲੋਕਾਂ ਦੇ ਕੰਮ ਆਸਾਨੀ ਨਾਲ ਤੇ ਜਵਾਬਦੇਹੀ ਨਾਲ ਹੋ ਜਾਂਦੇ ਹਨ। ਸੌਂਦ ਨੇ ਦੱਸਿਆ ਕਿ ਗ੍ਰੀਨ ਸਟੈਂਪ ਪੇਪਰ ਨਾਲ ਉਦਯੋਗਾਂ ਨੂੰ ਰੈਗੂਲੇਟਰੀ ਪ੍ਰਵਾਨਗੀਆਂ ਤੇਜ਼ੀ ਨਾਲ ਜਾਰੀ ਕਰਨ ਨੂੰ ਯਕੀਨੀ ਬਣਾਇਆ ਜਾਂਦਾ ਹੈ।ਛੇ ਵਿਭਾਗਾਂ ਵੱਲੋਂ ਨਿਰਧਾਰਤ ਸਮਾਂ-ਸੀਮਾਵਾਂ ਵਿੱਚ ਸਿੰਗਲ ਵਿੰਡੋ ਸਿਸਟਮ ਰਾਹੀਂ ਪੂਰਵ-ਮਨਜ਼ੂਰੀਆਂ ਦਿੱਤੀਆਂ ਜਾਂਦੀਆਂ ਹਨ। ਇਹ ਵਿਭਾਗ ਹਨ- ਮਾਲ, ਹਾਊਸਿੰਗ ਅਤੇ ਸ਼ਹਿਰੀ ਵਿਕਾਸ, ਸਥਾਨਕ ਸਰਕਾਰਾਂ, ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ, ਜੰਗਲਾਤ ਤੇ ਜੰਗਲੀ ਜੀਵ, ਕਿਰਤ ਅਤੇ ਫੈਕਟਰੀਆਂ।

# ਸਤਿਗੁਰੂ ਰਵਿਦਾਸ ਦੀ ਬਾਣੀ ਨੇ ਸਮਾਜ ਨੂੰ ਹਮੇਸ਼ਾ ਸਹੀ ਸੇਧ ਦਿੱਤੀ : ਹਰਜੋਤ ਬੈਂਸ



ਭਲਾਣ (ਹਰਭਜਨ ਢਿੱਲੋਂ) —ਸਤਿਗੁਰੂ ਰਵਿਦਾਸ ਜੀ ਦੀ ਬਾਣੀ ਨੇ ਸਮਾਜ ਨੂੰ ਹਮੇਸ਼ਾ ਸਹੀ ਸੇਧ ਦਿੱਤੀ ਹੈ ਤੇ ਦੇਸ਼ ਦੀ ਏਕਤਾ ਅਤੇ ਭਾਈਚਾਰਕ ਸਾਂਝ ਵਿੱਚ ਉਨ੍ਹਾਂ ਦਾ ਵੱਡਾ ਯੋਗਦਾਨ ਹੈ। ਭਗਤ ਰਵਿਦਾਸ ਜੀ ਇੱਕ ਕਵੀ, ਸਮਾਜ ਸੁਧਾਰਕ ਅਤੇ ਅਧਿਆਤਮਿਕ ਸਖਸ਼ੀਅਤ ਸਨ। ਇਹ ਪ੍ਰਗਟਾਵਾ ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਕੂਲ ਸਿੱਖਿਆ, ਤਕਨੀਕੀ ਸਿੱਖਿਆ, ਉਚੇਰੀ ਸਿੱਖਿਆ, ਉਦਯੋਗਿਕ ਸਿਖਲਾਈ, ਭਾਸ਼ਾ ਅਤੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਪੰਜਾਬ ਨੇ ਬੀਤੇ ਦਿਨ ਰਾਏਪੁਰ ਅੱਪਰ ਵਿੱਚ ਧਾਰਮਿਕ ਸਮਾਗਮ ਵਿੱਚ ਸਤਿਗੁਰੂ ਰਵਿਦਾਸ ਜੀ ਦੀਆਂ ਸਿੱਖਿਆਵਾ ਅਤੇ ਬਾਣੀ ਦਾ ਜਿਕਰ ਕਰਦੇ ਹੋਏ ਕੀਤਾ। ਬੈਂਸ ਨੇ ਦੜੋਲੀ ਲੋਅਰ ਵਿਖੇ ਰਵਿਦਾਸ ਜੀ ਦੇ ਮੰਦਿਰ ਵਿੱਚ ਹਾਜ਼ਰੀ ਲਗਵਾਈ। ਬੈਂਸ ਨੇ ਕਿਹਾ ਕਿ ਸਾਡਾ ਦੇਸ਼ ਵੱਖ ਵੱਖ ਧਰਮਾਂ ਨੂੰ ਇੱਕ ਮਾਲਾ ਵਿੱਚ ਸੰਜੋਣ ਵਾਲਾ ਸੰਸਾਰ ਦਾ ਇੱਕੋ ਇੱਕ ਮੁਲਕ ਹੈ, ਜਿਸ ਵਿੱਚ ਵੱਖ ਵੱਖ ਧਰਮਾਂ ਜਾਤਾਂ ਦੇ ਲੋਕ ਭਾਈਚਾਰਕ ਸਾਂਝ ਕਾਇਮ ਰੱਖ ਰਹੇ ਹਨ। ਉਨ੍ਹਾਂ ਨੇ ਵੱਖ ਵੱਖ ਧਾਰਮਿਕ ਸਮਾਗਮਾਂ ਵਿਚ ਸ਼ਿਰਕਤ ਕੀਤੀ ਅਤੇ ਭਗਤ ਰਵਿਦਾਸ ਜੀ ਦੀ ਬਾਣੀ ਸਰਵਣ ਕੀਤੀ। ਉਨ੍ਹਾਂ ਨੇ ਰਾਏਪੁਰ ਅੱਪਰ ਵਿਚ ਚੱਲ ਰਹੇ ਧਾਰਮਿਕ ਅਸਥਾਨ ਦੇ ਕੰਮ ਲਈ ਢਾਈ ਲੱਖ ਰੁਪਏ ਦਿੱਤੇ। ਇਸ ਮੌਕੇ ਦੀਪਕ ਸੋਨੀ ਮੀਡੀਆ ਕੋਆਰਡੀਨੇਟਰ, ਪੰਮੂ ਢਿੱਲੋਂ ਸਰਪੰਚ, ਗੁਰਵਿੰਦਰ ਕੌਰ ਸਰਪੰਚ, ਦਲਜੀਤ ਕਾਕਾ, ਨਿਤਿਨ ਬਾਸੋਵਾਲ, ਰਜਿੰਦਰ ਕਾਕੂ, ਸ਼ਿਵ ਕੁਮਾਰ ਸਰਪੰਚ ਦੜੋਲੀ ਅੱਪਰ, ਸੁਖਵਿੰਦਰ ਸਿੰਘ, ਸੁਰਜੀਤ ਕੁਮਾਰ, ਭਾਗੋ ਬੇਗਮ, ਬਿੰਦੀ ਸੇਖੋਂ, ਵਿੱਕਰ ਸਿੰਘ, ਭਾਗ ਸਿੰਘ ਸਰਪੰਚ ਦੜੋਲੀ ਲੋਅਰ, ਰਾਜ ਕੁਮਾਰ, ਮਾ.ਵਿਜੇ ਕੁਮਾਰ, ਮਨੋਜ ਲਾਲ ਰਾਣੂ, ਸੁਰਿੰਦਰ, ਸੋਮ ਨਾਥ ਪ੍ਰਧਾਨ, ਰਾਹੁਲ ਸੋਨੀ, ਸੁਮਿਤ ਬ੍ਰਹਮਪੁਰ ਤੇ ਵੱਡੀ ਗਿਣਤੀ ਵਿਚ ਪਤਵੰਤੇ ਹਾਜ਼ਰ ਸਨ।

# ਮੁੱਖ ਕਮਿਸ਼ਨਰ ਵੱਲੋਂ 'ਪੰਜਾਬ ਪਾਰਦਰਸ਼ਤਾ ਤੇ ਜਵਾਬਦੇਹੀ ਐਕਟ' ਨੂੰ ਸਖ਼ਤੀ ਨਾਲ ਲਾਗੂ ਕਰਨ ਦੇ ਨਿਰਦੇਸ਼

**ਜਲੰਧਰ (ਸੁਰਿੰਦਰ ਕੁਮਾਰ)** ਪੰਜਾਬ ਰਾਜ ਪਾਰਦਰਸ਼ਤਾ ਅਤੇ ਜਵਾਬਦੇਹੀ ਕਮਿਸ਼ਨ ਦੇ ਮੁੱਖ ਕਮਿਸ਼ਨਰ ਵਿਜੇ ਕੁਮਾਰ ਜੰਜੂਆ ਨੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ 'ਪੰਜਾਬ ਪਾਰਦਰਸ਼ਤਾ ਅਤੇ ਜਵਾਬਦੇਹੀ ਐਕਟ, 2018' ਨੂੰ ਪੂਰੀ ਤਰ੍ਹਾਂ ਲਾਗੂ ਕਰਨ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ।ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਜੰਜੂਆ ਨੇ ਕਿਹਾ ਕਿ ਇਹ ਐਕਟ ਸਰਕਾਰੀ ਸੇਵਾਵਾਂ ਸਮੇਂ-ਸਿਰ ਅਤੇ ਨਿਰਵਿਘਨ ਢੰਗ ਨਾਲ ਪ੍ਰਦਾਨ ਕਰਨ ਦੀ ਗਾਰੰਟੀ ਦੇਣ ਲਈ ਬਣਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਨਿਰਧਾਰਿਤ ਸਮੇਂ ਤੋਂ ਵੱਧ ਕਿਸੇ ਵੀ ਦੇਰੀ ਲਈ ਪ੍ਰਤੀ ਮਾਮਲੇ ਵਿੱਚ 10 ਹਜ਼ਾਰ ਰੁਪਏ ਤੱਕ ਜੁਰਮਾਨਾ ਲਗਾਇਆ ਜਾਵੇਗਾ। ਐਕਟ ਵਿੱਚ ਵੱਖ-ਵੱਖ ਸੇਵਾਵਾਂ ਲਈ ਸਪਸ਼ਟ ਸਮਾਂ ਸੀਮਾ ਦਰਸਾਈ ਗਈ ਹੈ, ਜਿਸ ਸਦਕਾ ਨਾਗਰਿਕ ਬੇਲੋੜੀ ਦੇਰੀ ਦੇ ਮਾਮਲੇ ਵਿੱਚ ਅਪੀਲ ਕਰ ਸਕਦੇ ਹਨ।ਉਨ੍ਹਾਂ ਸਰਕਾਰੀ ਸੇਵਾਵਾਂ ਮੁਹੱਈਆ ਕਰਵਾਉਣ ਵਿੱਚ ਪਾਰਦਰਸ਼ਤਾ ਅਤੇ ਜਵਾਬਦੇਹੀ ਯਕੀਨੀ ਬਣਾਉਣ ਵਿੱਚ ਕਮਿਸ਼ਨ ਦੀ ਭੂਮਿਕਾ ਬਾਰੇ ਵਿਸਥਾਰ ਨਾਲ ਦੱਸਿਆ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨਾਗਰਿਕ ਸੇਵਾਵਾਂ ਨੂੰ ਕੁਸ਼ਲ ਅਤੇ ਪਾਰਦਰਸ਼ੀ ਬਣਾਉਣ ਲਈ ਵਚਨਬੱਧ ਹੈ ਅਤੇ ਇਸ ਵਿੱਚ ਕਿਸੇ ਕਿਸਮ ਦੀ ਢਿੱਲ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਐਕਟ ਦਾ ਉਦੇਸ਼ ਰਾਜ ਭਰ ਵਿੱਚ ਪ੍ਰਸ਼ਾਸਨ ਦੀ ਕੁਸ਼ਲਤਾ ਨੂੰ ਵਧਾਉਣਾ ਅਤੇ ਸਰਕਾਰੀ ਸੇਵਾਵਾਂ ਵਿੱਚ ਜਵਾਬਦੇਹੀ ਨੂੰ ਯਕੀਨੀ ਬਣਾਉਣਾ ਹੈ।ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਮੁੱਖ ਕਮਿਸ਼ਨਰ ਨੂੰ ਜਲੰਧਰ ਪ੍ਰਸ਼ਾਸਨ ਵੱਲੋਂ ਸੇਵਾਵਾਂ ਨੂੰ ਸੁਚਾਰੂ ਬਣਾਉਣ ਲਈ ਕੀਤੇ ਜਾ ਰਹੇ ਯਤਨਾਂ ਤੋਂ ਜਾਣੂ ਕਰਵਾਇਆ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਐਕਟ ਦੀ ਪਾਲਣਾ ਲਈ ਵਚਨਬੱਧ ਹੈ। ਡਾ. ਅਗਰਵਾਲ ਨੇ ਇਹ ਵੀ ਦੱਸਿਆ ਕਿ ਜਲੰਧਰ ਵੱਲੋਂ ਨਾਗਰਿਕ ਸੇਵਾਵਾਂ ਪ੍ਰਦਾਨ ਕਰਨ ਵਿੱਚ ਪੰਜਾਬ ਵਿੱਚ ਸਭ ਤੋਂ ਮੋਹਰੀ ਸਥਾਨ ਹਾਸਲ ਕੀਤਾ ਗਿਆ ਹੈ। ਮੀਟਿੰਗ ਵਿੱਚ ਵਧੀਕ ਡਿਪਟੀ ਕਮਿਸ਼ਨਰ (ਜ.ਟੀ.) ਸੁਨੀਲ ਫੋਗਾਟ, ਆਰ.ਟੀ.ਏ. ਬਲਬੀਰ ਰਾਜ ਸਿੰਘ, ਜੁਆਇੰਟ ਕਮਿਸ਼ਨਰ ਨਗਰ ਨਿਗਮ ਡਾ. ਮਨਦੀਪ ਕੌਰ, ਫੀਲਡ ਅਫ਼ਸਰ ਇੰਦਰਪਾਲ ਸਿੰਘ, ਜ਼ਿਲ੍ਹਾ ਮਾਲ ਅਫ਼ਸਰ ਨਵਦੀਪ ਸਿੰਘ ਭੋਗਲ ਅਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ/ ਕਰਮਚਾਰੀ ਮੌਜੂਦ ਸਨ।

# ਸੁਖਵਿੰਦਰ ਕੌਰ ਆਂਗਨਵਾੜੀ ਹੈਲਪਰ ਦੀ ਸੇਵਾ ਮੁਕਤੀ 'ਤੇ ਦਿੱਤੀ ਵਿਦਾਇਗੀ ਪਾਰਟੀ



**ਬਲਾਚੌਰ (ਜਸਵਿੰਦਰ ਬੈਂਸ)** - ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ, ਪੰਜਾਬ ਅਧੀਨ ਸਰਕਲ ਗੜ੍ਹੀ ਕਾਨੂੰਗੋ ਦੇ ਆਂਗਨਵਾੜੀ ਸੈਂਟਰ ਮਹਿੰਦੀਪੁਰ-1 ਵਿਖੇ ਤਾਇਨਾਤ ਸੁਖਵਿੰਦਰ ਕੌਰ, ਆਂਗਣਵਾੜੀ ਹੈਲਪਰ ਨੂੰ 70 ਸਾਲ ਦੀ ਉਮਰ ਪੂਰੀ ਕਰਨ ਤੇ ਦਫਤਰ ਬਾਲ ਵਿਕਾਸ ਪ੍ਰੋਜੈਕਟ ਅਫਸਰ, ਬਲਾਚੌਰ ਅਤੇ ਸਰਕਲ ਗੜ੍ਹੀ ਕਾਨੂੰਗੋ ਦੇ ਸਮੂਹ ਆਂਗਣਵਾੜੀ ਵਰਕਰਾਂ ਵੱਲੋਂ ਨਿੱਘੀ ਵਿਦਾਇਗੀ ਦਿੱਤੀ ਗਈ।ਇਸ ਮੌਕੇ ਪੂਰਨ ਪੰਕਜ ਸ਼ਰਮਾ ਬਾਲ ਵਿਕਾਸ ਪ੍ਰੋਜੈਕਟ ਅਫਸਰ, ਬਲਾਚੌਰ ਵੱਲੋਂ ਸਬੰਧਿਤ ਆਂਗਣਵਾੜੀ ਹੈਲਪਰ ਵੱਲੋਂ ਨਿਭਾਈ ਗਈ ਸੇਵਾ ਲਈ ਉਨ੍ਹਾਂ ਦੀ ਸ਼ਲਾਘਾ ਅਤੇ ਧੰਨਵਾਦ ਕਰਦੇ ਹੋਏ ਸਨਮਾਨ ਚਿੰਨ੍ਹ ਪ੍ਰਦਾਨ ਕੀਤਾ ਗਿਆ।

ਇਸ ਮੌਕੇ ਹਰਸ਼ ਬਾਲਾ, ਨੀਲਮ ਕੁਮਾਰੀ, ਪਰਮਜੀਤ ਕੌਰ, ਸੁਪਰਵਾਈਜ਼ਰ ਸ਼ਿਵਾਨੀ, ਮਨਜੀਤ ਕੌਰ, ਸੁਸ਼ਮਾ, ਸਮੂਹ ਆਂਗਣਵਾੜੀ ਵਰਕਰ ਅਤੇ ਹੋਰ ਵੱਖ ਵੱਖ ਸ਼ਖਸੀਅਤਾਂ ਹਾਜ਼ਰ ਸਨ।

# ਸਰਕਾਰੀ ਹਾਈ ਸਕੂਲ ਰੱਕੜਾਂ ਢਾਹਾ ਨੇ ਸਿਲਵਰ ਜੁਬਲੀ ਸਮਾਗਮ ਮਨਾਇਆ



**ਬਲਾਚੌਰ (ਜਸਵਿੰਦਰ ਬੈਂਸ)**- ਸਰਕਾਰੀ ਹਾਈ ਸਕੂਲ ਰੱਕੜਾਂ ਢਾਹਾ ਨੇ 25ਵਾਂ ਸਾਲਾਨਾ ਸਮਾਗਮ ਸਿਲਵਰ ਜੁਬਲੀ ਦੇ ਤੌਰ 'ਤੇ ਬੜੀ ਧੂਮ ਧਾਮ ਨਾਲ ਮਨਾਇਆ।ਮੁੱਖ ਮਹਿਮਾਨ ਹਰਵਿੰਦਰ ਸਿੰਘ ਰੱਕੜ ਐਨ. ਆਰ. ਆਈ ਸਨ।ਉਨ੍ਹਾਂ ਕਿਹਾ ਕਿ ਵਿੱਦਿਆ ਸਭ ਤੋਂ ਵੱਡਾ ਧੰਨ ਹੈ। ਵਿਦਿਆਰਥੀ ਇਸ ਧੰਨ ਨੂੰ ਪ੍ਰਾਪਤ ਕਰਨ ਅਤੇ ਆਪਣੇ ਭਵਿੱਖ ਨੂੰ ਸੁਨਹਿਰਾ ਬਣਾਉਣ। ਸਕੂਲ ਇੰਚਾਰਜ ਭੁਪਿੰਦਰ ਕੁਮਾਰ ਵਲੋਂ ਸਕੂਲ ਦੀਆਂ ਪ੍ਰਾਪਤੀਆਂ ਦੀ ਸਾਲਾਨਾ ਰਿਪੋਰਟ ਪੇਸ਼ ਕੀਤੀ ਗਈ।ਵਿਦਿਆਰਥੀਆਂ ਵਲੋਂ ਸ਼ਾਨਦਾਰ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ।ਸਕੂਲ ਵਿੱਚ ਡਾ. ਕਸ਼ਮੀਰ ਸਿੰਘ ਦੇਹਲ (ਯੂ ਐਸ ਏ) ਐਵਾਰਡ, ਊਧਮ ਮੈਨਨ ਐਵਾਰਡ, ਜੀ. ਐਨ ਫਾਊਂਡੇਸ਼ਨ ਐਵਾਰਡ, ਸਰਦਾਰਨੀ ਜਸਪਾਲ ਕੌਰ ਐਵਾਰਡ ਅਤੇ ਰਾਮ ਸਰੂਪ ਸੈਂਪਲਾ ਐਵਾਰਡ ਆਦਿ ਪਿੰਡ ਵਾਸੀਆਂ ਅਤੇ ਐਨ. ਆਰ. ਆਈਜ਼ ਵਲੋਂ ਸਥਾਪਤ ਕੀਤੇ ਗਏ ਹਨ। ਇਨ੍ਹਾਂ ਐਵਾਰਡਾਂ ਵਿੱਚ ਡਾ. ਗਿਆਨ ਕੌਰ ਰੱਕੜ ਦਾ ਵਿਸ਼ੇਸ਼ ਯੋਗਦਾਨ ਹੈ ਜਿਹਨਾਂ ਨੇ ਸਕੂਲ ਨੂੰ ਵੱਡੀਆਂ ਰਾਸ਼ੀਆਂ ਦਾਨ ਦੇ ਰੂਪ ਵਿੱਚ ਦਿੱਤੀਆਂ ਹਨ। ਸਮਾਗਮ ਵਿੱਚ ਕਸ਼ਮੀਰ ਸਿੰਘ ਦੇਹਲ, ਪ੍ਰੇਮ ਰੱਕੜ ਸਰਪੰਚ, ਭਾਗ ਸਿੰਘ ਰੱਕੜ, ਨਾਜਰ ਰਾਮ ਮਾਨ ਸਾਬਕਾ ਡੀ. ਈ. ਓ, ਨੰਬਰਦਾਰ ਗੁਰਸੈਲ ਸਿੰਘ, ਬਲਦੇਵ ਰਾਜ ਸ਼ਾਸਤਰੀ, ਜੱਥੇਦਾਰ ਕੇਵਲ ਸਿੰਘ, ਕੈਪਟਨ ਸਤਨਾਮ ਸਿੰਘ, ਮਾਸਟਰ ਦੇਸ ਰਾਜ, ਸਾਬਕਾ ਸਰਪੰਚ ਸੁਰਿੰਦਰ ਕੌਰ, ਬਾਬਾ ਗੁਰਮੁਖ ਦਾਸ, ਕਾਮਰੇਡ ਰਾਮ ਕੁਮਾਰ ਸੈਂਪਲਾ, ਗ੍ਰਾਮ ਪੰਚਾਇਤ ਮੈਂਬਰ ਰੱਕੜਾਂ ਢਾਹਾ, ਸਕੂਲ ਮੈਨੇਜਮੈਂਟ ਕਮੇਟੀ, ਸਕੂਲ ਸਟਾਫ਼, ਮਾਪੇ, ਵੱਡੀ ਗਿਣਤੀ ਵਿੱਚ ਪਿੰਡ ਵਾਸੀ ਅਤੇ ਵਿਦਿਆਰਥੀ ਹਾਜ਼ਰ ਸਨ।

# ਡਾ. ਵਿਨੈ ਭਾਰਤੀ ਨੇ ਯੋਗਾ ਟ੍ਰੇਨਰਾਂ ਨੂੰ ਦਿੱਤੀ ਸਿਖਲਾਈ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**— ਪੰਜਾਬ ਸਰਕਾਰ ਦੀ ਯੋਗ ਮੁਹਿੰਮ ਤਹਿਤ ਕਰਵਾਏ ਗਏ ਸੀ.ਐਮ. ਦੀ ਯੋਗਸ਼ਾਲਾ ਦੇ ਰਿਫਰੈਸਰ ਕੋਰਸ ਵਿੱਚ ਮੋਰਾਰਜੀ ਦੇਸਾਈ ਨੈਸ਼ਨਲ ਇੰਸਟੀਚਿਊਟ ਆਫ ਯੋਗਾ ਦੇ ਪ੍ਰਸਿੱਧ ਯੋਗਾ ਥੈਰੇਪਿਸਟ ਅਤੇ ਮਾਹਿਰ ਡਾਕਟਰ ਵਿਨੈ ਭਾਰਤੀ ਨੇ ਟ੍ਰੇਨਰਾਂ ਨੂੰ ਯੋਗਾ ਦੇ ਸਹੀ ਅਭਿਆਸ ਅਤੇ ਮਹੱਤਵ ਬਾਰੇ ਦੱਸਿਆ। ਇਸ ਮੌਕੇ ਉਨ੍ਹਾਂ ਪੰਜਾਬ ਸਰਕਾਰ ਦੀ ਯੋਗ ਮੁਹਿੰਮ ਦੀ ਸ਼ਲਾਘਾ ਕਰਦਿਆਂ ਇਸ ਨੂੰ ਵਧੀਆ ਉਪਰਾਲਾ ਕਰਾਰ ਦਿੱਤਾ। ਡਾ. ਵਿਨੈ ਭਾਰਤੀ ਨੇ ਆਪਣੇ ਲੈਕਚਰ ਵਿੱਚ ਕਿਹਾ ਕਿ ਯੋਗਾ ਨਾ ਸਿਰਫ ਸਰੀਰਕ ਸਿਹਤ ਵਿੱਚ ਸੁਧਾਰ ਕਰਦਾ ਹੈ, ਸਗੋਂ ਮਾਨਸਿਕ ਅਤੇ ਅਧਿਆਤਮਿਕ ਸਿਹਤ ਲਈ ਵੀ ਬੇਹੱਦ ਲਾਹੇਵੰਦ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਅੱਜ ਦੀ ਤਣਾਅ ਭਰੀ ਜ਼ਿੰਦਗੀ ਵਿੱਚ ਯੋਗ ਰਾਹੀਂ ਸਾਂਤੀ ਅਤੇ ਸੰਤੁਲਨ ਪ੍ਰਾਪਤ ਕਰਨਾ ਸੰਭਵ ਹੈ। ਉਨ੍ਹਾਂ ਟ੍ਰੇਨਰਾਂ ਨੂੰ ਸਮਝਾਇਆ ਕਿ ਵੱਖ-ਵੱਖ ਯੋਗਾ ਆਸਣਾਂ ਦਾ ਸਹੀ ਅਭਿਆਸ ਸਰੀਰ ਨੂੰ ਮਜਬੂਤ ਬਣਾਉਂਦਾ ਹੈ ਅਤੇ ਮਾਨਸਿਕ ਸਾਂਤੀ ਨੂੰ ਵਧਾਉਂਦਾ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਟ੍ਰੇਨਰਾਂ ਨੂੰ ਯੋਗ ਦੇ ਪ੍ਰਚਾਰ-ਪ੍ਰਸਾਰ ਲਈ ਵੱਧ ਤੋਂ ਵੱਧ ਸਰਗਰਮ ਭੂਮਿਕਾ ਨਿਭਾਉਣ ਅਤੇ ਵੱਧ ਤੋਂ ਵੱਧ ਲੋਕਾਂ ਨੂੰ ਇਸ ਦੇ ਲਾਭਾਂ ਤੋਂ ਜਾਣੂ ਕਰਵਾਉਣ ਦੀ ਅਪੀਲ ਕੀਤੀ। ਟ੍ਰੇਨਰਾਂ ਨੇ ਯੋਗ ਦੇ ਲਾਭਾਂ ਅਤੇ ਇਸ ਦੇ ਪ੍ਰਭਾਵਸ਼ਾਲੀ ਅਭਿਆਸ ਬਾਰੇ ਜਾਣਕਾਰੀ ਪ੍ਰਾਪਤ ਕਰਨ ਤੋਂ ਬਾਅਦ ਇਸ ਨੂੰ ਆਪਣੇ ਜੀਵਨ ਵਿੱਚ ਅਪਨਾਉਣ ਦਾ ਸੰਕਲਪ ਲਿਆ। ਪੰਜਾਬ ਸਰਕਾਰ ਦੇ ਸਲਾਹਕਾਰ, ਕਮਲੇਸ਼ ਮਿਸ਼ਰਾ ਅਤੇ ਅਮਰੇਸ਼ ਕੁਮਾਰ ਝਾਅ, ਜ਼ਿਲ੍ਹਾ ਕੋਆਰਡੀਨੇਟਰ ਨਿਰਮਲ ਸਿੰਘ, ਪ੍ਰਤਿਮਾ ਡਾਬਰ, ਵੰਦਨਾ, ਜਤਿਨ ਕੁਮਾਰ ਅਤੇ ਲਵਪ੍ਰੀਤ ਸਿੰਘ ਸਮੇਤ ਹੋਰਨਾਂ ਨੇ ਪ੍ਰੋਗਰਾਮ ਵਿੱਚ ਸ਼ਿਰਕਤ ਕੀਤੀ ਅਤੇ ਲੋਕਾਂ ਨੂੰ ਯੋਗਾ ਪ੍ਰਤੀ ਜਾਗਰੂਕ ਕਰਨ ਲਈ ਸੂਬਾ ਸਰਕਾਰ ਦੇ ਲਗਾਤਾਰ ਯਤਨਾਂ ਦੀ ਸ਼ਲਾਘਾ ਕੀਤੀ। ਇਸ ਮੁਹਿੰਮ ਰਾਹੀਂ ਪੰਜਾਬ ਸਰਕਾਰ ਨੇ ਯੋਗ ਨੂੰ ਲੋਕਾਂ ਤੱਕ ਲਿਜਾਣ ਦੀ ਦਿਸ਼ਾ ਵਿੱਚ ਇੱਕ ਅਹਿਮ ਕਦਮ ਚੁੱਕਿਆ ਹੈ, ਜਿਸ ਨਾਲ ਸੂਬੇ ਦੇ ਲੋਕ ਸਰੀਰਕ ਅਤੇ ਮਾਨਸਿਕ ਤੌਰ 'ਤੇ ਤੰਦਰੁਸਤ ਰਹਿਣਗੇ।



# ਸੂਬੇ 'ਚ ਬਣੇਗੀ ਨਗਰ ਨਿਗਮ ਵਜੋਂ ਤੀਜੀ ਸਰਕਾਰ : ਸੈਣੀ

**ਚੰਡੀਗੜ੍ਹ (ਕ੍ਰਿਸ਼ਨ ਗਰਗ)** - ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਘਰ-ਘਰ ਤੱਕ ਸਰਕਾਰ ਦੀ ਯੋਜਨਾਵਾਂ ਦਾ ਲਾਭ ਪਹੁੰਚਾਉਣ ਲਈ ਹੁਣ ਸੂਬੇ ਵਿਚ ਨਗਰ ਨਿਗਮ ਵਜੋਂ ਤੀਜੀ ਸਰਕਾਰ ਬਣੇਗੀ। ਸੂਬੇ ਵਿਚ ਕੇਂਦਰ, ਰਾਜ ਅਤੇ ਹੁਣ ਸ਼ਹਿਰ ਦੀ ਸਰਕਾਰ ਮਿਲ ਕੇ ਤੇਜੀ ਨਾਲ ਵਿਕਾਸ ਕੰਮਾਂ ਨੂੰ ਪੂਰਾ ਕਰੇਗੀ। ਨਗਰ ਨਿਗਮਾਂ ਦੇ ਚੋਣਾਂ ਵਿਚ ਭਾਜਪਾ ਦੇ ਮੇਅਰ, ਚੇਅਰਮੈਨ ਅਤੇ ਪਾਰਸ਼ਦ ਭਾਰੀ ਬਹੁਮਤ ਨਾਲ ਜਿੱਤ ਹਾਸਲ ਕਰਨਗੇ। ਮੁੱਖ ਮੰਤਰੀ ਸੈਣੀ ਸੋਮਵਾਰ ਨੂੰ ਕੁਰੂਕਸ਼ੇਤਰ ਦੇ ਥਾਨੇਸਰ ਵਿਚ ਕਾਰਜਕਰਤਾਵਾਂ ਨਾਲ ਗੱਲਬਾਤ ਕਰ ਰਹੇ ਸਨ।ਉਨ੍ਹਾਂ ਨੇ ਕਿਹਾ ਕਿ ਦੇਸ਼ ਦੀ ਜਨਤਾ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਜਨਭਲਾਈਕਾਰੀ ਨੀਤੀਆਂ 'ਤੇ ਲਗਾਤਾਰ ਭਰੋਸਾ ਜਤਾ ਰਹੀ ਹੈ। ਹਰਿਆਣਾ ਵਿਧਾਨ ਸਭਾ ਚੋਣਾਂ ਵਿਚ ਵੀ ਸੂਬੇ ਦੀ ਜਨਤਾ ਨੇ ਭਾਜਪਾ ਨੂੰ ਲਗਾਤਾਰ ਤੀਜੀ ਵਾਰ ਜਨ ਸੇਵਾ ਦੀ ਜਿੰਮੇਵਾਰੀ ਸੌਂਪੀ ਹੈ ਅਤੇ ਦਿੱਲੀ ਵਿਚ ਹੋਏ ਚੋਣਾਂ ਵਿਚ ਵੀ ਭਾਰਤੀ ਜਨਤਾ ਪਾਰਟੀ ਨੇ ਭਾਰਤੀ ਬਹੁਮਤ ਨਾਲ ਆਪਣੀ ਜਿੱਤ ਦਰਜ ਕੀਤੀ ਹੈ। ਹਰਿਆਣਾ ਨਿਗਮ ਚੋਣਾਂ ਵਿਚ ਵੀ ਭਾਜਪਾ ਆਪਣੀ ਜਿੱਤ ਦਾ ਪਰਚਮ ਲਹਿਰਾਏਗੀ।

# ਅੰਤਰਰਾਸ਼ਟਰੀ ਮੈਕਸੀਲੋਫੇਸ਼ੀਅਲ ਦਿਵਸ ਮੌਕੇ ਆਰ ਬੀ ਡੀ ਸੀ ਐੱਚ ਵੱਲੋਂ ਰੈਲੀ



**ਕੁਰਾਲੀ (ਮੋਹਨ ਅੱਗਰਵਾਲ)**—ਰਿਆਤ ਬਾਹਰਾ ਡੈਂਟਲ ਕਾਲਜ ਅਤੇ ਹਸਪਤਾਲ ਵਿਖੇ ਓਰਲ ਅਤੇ ਮੈਕਸੀਲੋਫੇਸ਼ੀਅਲ ਸਰਜਰੀ ਵਿਭਾਗ ਨੇ ਉਤਸ਼ਾਹ ਨਾਲ ਅੰਤਰਰਾਸ਼ਟਰੀ ਓਰਲ ਅਤੇ ਮੈਕਸੀਲੋਫੇਸ਼ੀਅਲ ਸਰਜਨ ਦਿਵਸ ਮਨਾਇਆ।ਡਾ: ਅਕਸ਼ੈ ਸ਼ਰਮਾ ਪ੍ਰਿੰਸੀਪਲ ਡਾ: ਸੰਦੀਪ ਗਰਗ ਵਿਭਾਗ ਦੇ ਮੁਖੀ ਦੀ ਅਗਵਾਈ ਹੇਠ ਹੋਏ ਇਹ ਸਮਾਗਮ ਭਾਰਤ ਦੇ ਪਹਿਲੇ ਓਰਲ ਅਤੇ ਮੈਕਸੀਲੋਫੇਸ਼ੀਅਲ ਸਰਜਨ, ਡਾ: ਮੀਨੂ ਸੋਰਾਬਜੀ ਗਿਨਵਾਲਾ ਦੇ ਜਨਮ ਦਿਨ ਨੂੰ ਸਮਰਪਿਤ ਸੀ । ਇਸ ਸਾਲ ਦਾ ਥੀਮ 'ਓਰਲ ਕੈਂਸਰ ਦੀ ਸ਼ੁਰੂਆਤੀ ਪਛਾਣ ਅਤੇ ਰੋਕਥਾਮ' ਸੀ।ਡਾ: ਸੰਦੀਪ ਗਰਗ ਅਤੇ ਡਾ: ਸੂਰਿਆ ਉਦੈ ਸਿੰਘ ਨੇ ਸ਼ੁਰੂਆਤੀ ਲੱਛਣਾਂ ਦੀ ਪਛਾਣ ਕਰਨ ਅਤੇ ਮੂੰਹ ਦੇ ਕੈਂਸਰ ਤੋਂ ਬਚਾਅ ਬਾਰੇ ਜਾਗਰੂਕਤਾ ਭਾਸ਼ਣ ਦਿੱਤਾ।ਆਰਬੀਡੀਸੀਐਚ ਦੇ ਫੈਕਲਟੀ ਅਤੇ ਵਿਦਿਆਰਥੀਆਂ ਨੇ ਸਰਗਰਮੀ ਨਾਲ ਵਿਚਾਰ ਵਟਾਂਦਰੇ ਵਿੱਚ ਹਿੱਸਾ ਲਿਆ ਅਤੇ ਮੂੰਹ ਦੀ ਸਿਹਤ ਬਾਰੇ ਮਹੱਤਵਪੂਰਨ ਤੱਥ ਸਿੱਖੇ।ਇੱਕ 3ਡੀ ਮਾਡਲ ਮੇਕਿੰਗ ਮੁਕਾਬਲੇ ਨੇ ਮੌਖਿਕ ਅਤੇ ਮੈਕਸੀਲੋਫੇਸ਼ੀਅਲ ਸਰਜਰੀ ਵਿੱਚ ਵਿਦਿਆਰਥੀਆਂ ਦੀ ਰਚਨਾਤਮਕਤਾ ਦਾ ਪ੍ਰਦਰਸ਼ਨ ਕੀਤਾ।ਇਹ ਪ੍ਰਤੀਯੋਗਿਤਾ ਦਾ ਨਿਰਣਾ ਡਾ: ਅਕਸ਼ੈ ਸ਼ਰਮਾ ਅਤੇ ਡਾ: ਦੀਪਤੀ ਭਟਨਾਗਰ (ਪ੍ਰੋਫੈਸਰ ਅਤੇ ਐਚਓਡੀ, ਓਐਮਡੀਆਰ ਵਿਭਾਗ) ਦੁਆਰਾ ਕੀਤਾ ਗਿਆ।ਇਹ ਸਮਾਗਮ ਯੂਨੀਵਰਸਿਟੀ ਕੈਂਪਸ ਵਿੱਚ ਇੱਕ ਸ਼ਾਨਦਾਰ ਓਰਲ ਹੈਲਥ ਜਾਗਰੂਕਤਾ ਮਾਰਚ ਦੇ ਨਾਲ ਸਮਾਪਤ ਹੋਇਆ ਜਿਸ ਵਿੱਚ ਫੈਕਲਟੀ ਮੈਂਬਰਾਂ, ਵਿਦਿਆਰਥੀਆਂ ਅਤੇ ਸਟਾਫ ਨੇ ਮੂੰਹ ਦੀ ਸਿਹਤ ਬਾਰੇ ਜਾਗਰੂਕਤਾ ਫੈਲਾਉਣ ਲਈ ਭਾਗ ਲਿਆ।

# ਮੌਸਮੀ ਬਿਮਾਰੀਆਂ ਤੋਂ ਬਚਾਅ ਲਈ ਕੀਤਾ ਜਾਗਰੂਕ

**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**

ਸੀ ਐਚ ਸੀ ਕਾਲਾ ਬੱਕਰਾ ਬਲਾਕ ਭੋਗਪੁਰ ਦੇ ਕਰੀਬ 100 ਪਿੰਡਾਂ ਤੋਂ ਆਈਆਂ 90 ਆਸ਼ਾ ਵਰਕਰਾਂ ਦੀ ਮੀਟਿੰਗ ਕੀਤੀ ਗਈ। ਜਿਸ ਵਿੱਚ ਸੀਨੀਅਰ ਮੈਡੀਕਲ ਅਫ਼ਸਰ ਡਾ ਰਿਚਰਡ ਓਹਰੀ ਨੇ ਆਸ਼ਾ ਵਰਕਰਾਂ ਨੂੰ ਆਪਣੇ ਆਪਣੇ ਪਿੰਡ ਵਿੱਚ ਸਿਹਤ ਗਤੀਵਿਧੀਆਂ ਨੂੰ ਤੇਜ਼ ਕਰਨ ਲਈ ਪ੍ਰੇਰਿਆ। ਡਾ. ਓਹਰੀ ਨੇ ਆਸ਼ਾ ਵਰਕਰਾਂ ਨੂੰ ਡੇਂਗੂ ਮਲੇਰੀਆ ਤੇ ਹੋਰ ਮੌਸਮੀ ਬੀਮਾਰੀਆਂ ਤੋਂ ਆਪ ਬਚਣ ਤੇ ਪਿੰਡਾਂ ਦੇ ਲੋਕਾਂ ਨੂੰ ਬਚਾਉਣ ਬਾਰੇ ਜਾਗਰੂਕ ਕੀਤਾ। ਉਨਾਂ ਨੂੰ ਪ੍ਰੇਰਿਆ ਕਿ ਗੁਰਦੁਆਰਿਆਂ ਮੰਦਰਾਂ ਦੇ ਸਪੀਕਰਾਂ ਰਾਹੀਂ ਅਨਾਊਂਸਮੈਂਟ ਕਰਵਾਉਣ ਕਿ ਲੋਕ ਆਪਣੇ ਘਰਾਂ ਵਿੱਚ ਕੂਲਰਾਂ ਗਮਲਿਆਂ ਟੁੱਟੇ ਭੱਜੇ ਭਾਂਡਿਆਂ ਫਰਿੱਜਾਂ ਦੇ ਪਿੱਛੇ ਟਰੇਆਂ ਵਿਚ ਪਾਣੀ ਖੜ੍ਹਾ ਨਾ ਹੋਣ ਦੇਣ। ਉਨ੍ਹਾਂ ਨੇ ਮੀਡੀਆ ਨੂੰ ਦੱਸਿਆ ਕਿ ਬਲਾਕ ਭੋਗਪੁਰ ਦੇ ਸਕੂਲਾਂ ਵਿੱਚ 15 ਸਿਹਤ ਟੀਮਾਂ ਰੋਜ਼ਾਨਾ ਬੱਚਿਆਂ ਨੂੰ ਬੀਮਾਰੀਆਂ ਤੋਂ ਬਚਾਅ ਲਈ ਜਾਗਰੂਕ ਕਰ ਰਹੀਆਂ ਹਨ। ਡਾ. ਓਹਰੀ ਨੇ ਆਸ਼ਾ ਵਰਕਰਾਂ ਨੂੰ ਸਿਹਤ ਨਾਲ ਸਬੰਧਿਤ ਹੋਰ ਵਿਸ਼ਿਆਂ ਪ੍ਰਤੀ ਵੀ ਜਾਗਰੂਕ ਕੀਤਾ, ਜਿਵੇਂ ਕਿ ਸਰਕਾਰੀ ਹਸਪਤਾਲ ਵਿਚ ਸੁਰੱਖਿਅਤ ਜਣੇਪਾ, ਟੀ ਬੀ ਬੀਮਾਰੀ ਦੇ ਮਰੀਜ਼ਾਂ ਨੂੰ ਲੱਭ ਕੇ ਉਨ੍ਹਾਂ ਦਾ ਇਲਾਜ ਸ਼ੁਰੂ ਕਰਵਾਉਣਾ, ਕੋੜ੍ਹ ਦੇ ਮਰੀਜ਼ਾਂ ਦਾ ਸਰਵੇ , ਉਨ੍ਹਾਂ ਨੂੰ ਮੁਫ਼ਤ ਟੈਸਟ ਇਲਾਜ ਲਈ ਹਸਪਤਾਲ ਜਲੰਧਰ ਭੇਜਣਾ ਤੇ ਮਹਿਕਮੇ ਦੇ ਹੋਰ ਪ੍ਰੋਗਰਾਮਾਂ ਨੂੰ ਨੇਪਰੇ ਚਾੜ੍ਹਨ ਲਈ ਤਨ ਦੇਹੀ ਨਾਲ ਕੰਮ ਕਰਨ ਲਈ ਪ੍ਰੇਰਿਆ ਤਾਂ ਕਿ ਲੋਕਾਂ ਦਾ ਸਿਹਤ ਪੱਧਰ ਉੱਚਾ ਉੱਠ ਸਕੇ।



# ਗੁਲਿੰਡ 'ਚ ਗੁਰੂ ਰਵਿਦਾਸ ਪ੍ਰਕਾਸ਼ ਪੁਰਬ ਸ਼ਰਧਾ ਨਾਲ ਮਨਾਇਆ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**— ਥੋੜ੍ਹੀ ਦੂਰੀ ਪਿੰਡ ਗੁਲਿੰਡ ਵਿੱਚ ਗੁਰੂ ਰਵਿਦਾਸ ਜਨਮ ਉਤਸਵ ਕਮੇਟੀ ਵੱਲੋਂ ਸੁਰਜੀਤ ਸਿੰਘ, ਰਕੇਸ਼ ਰਾਣਾ ਹੀਰ, ਬਲਵਿੰਦਰ ਕੁਮਾਰ ਬੈਂਸ, ਕ੍ਰਿਸ਼ਨਜੀਤ ਤੇ ਮਨਪ੍ਰੀਤ ਰਾਜੂ ਦੀ ਅਗਵਾਈ ਹੇਠ ਸ਼੍ਰੀ ਗੁਰੂ ਰਵਿਦਾਸ ਜੀ ਦਾ 648 ਵਾਂ ਜਨਮ ਦਿਵਸ ਪੂਰੀ ਸ਼ਰਧਾ ਅਤੇ ਚਾਵਾਂ ਨਾਲ ਮਨਾਇਆ ਗਿਆ।ਮਨੀਸ਼ਾ ਹੀਰ ਅਤੇ ਜਸਵਿੰਦਰ ਸਿੰਘ ਰਿੱਕੀ, ਸਤੀਸ਼ ਚੰਦਰ, ਪ੍ਰਿੰਸ ਹੀਰ ਦੀ ਕੀਰਤਨ ਸਭਾ ਨੇ ਗੁਰੂ ਜੀ ਦੇ ਬਾਰੇ ਬੜੀ ਸੁਰੀਲੀ ਆਵਾਜ ਵਿੱਚ ਸ਼ਬਦ ਕੀਰਤਨ ਕੀਤਾ।ਇਸ ਮੌਕੇ ਗੁਰਬਚਨ ਸਿੰਘ (ਸਰਪੰਚ), ਮੇਜਰ ਸਿੰਘ (ਨੰਬਰਦਾਰ), ਜਰਨੈਲ ਸਿੰਘ (ਪ੍ਰਧਾਨ), ਕਵੇਲ ਚੰਦ (ਪ੍ਰਧਾਨ ਵਾਲਮੀਕ ਸਭਾ), ਦਲੀਪ ਕੁਮਾਰ (ਸਾਬਕਾ ਸਰਪੰਚ ਸ਼ੇਰਪੁਰ) ਮਾਸਟਰ ਨਰਿੰਦਰ ਕੁਮਾਰ, ਦੇਵ ਰਾਜ ਹੀਰ, ਜੁਗਿੰਦਰ ਸਿੰਘ, ਸੁਰਜੀਤ ਸਿੰਘ (ਪੰਚ), ਰਾਮ (ਪੰਚ), ਫੌਜੀ ਚਮਨ ਲਾਲ, ਗੁਰਦੀਪ ਕੌਰ (ਸਾਬਕਾ ਸਰਪੰਚ ਖੁਸਰੋਪੁਰ), ਸੁਖਦੇਵ ਸਿੰਘ, ਸੁਰਜੀਤ ਰਾਮ (ਜੀਤਾ), ਭਾਈ ਸਵਰਨ ਸਿੰਘ, ਪ੍ਰੀਤਮ ਦਾਸ ਬੈਂਸ, ਕ੍ਰਿਸ਼ਨਾ ਦੇਵੀ (ਭੋਲੀ), ਮਨਵੀਰ ਕੌਰ, ਕਮਲਜੀਤ ਕੌਰ, ਸੀਮਾ ਰਾਣੀ, ਅਮਰਜੀਤ ਕੌਰ, ਜੁਗਿੰਦਰ ਕੌਰ, ਵਿਜੇ ਕਮਾਰ ਬੰਗੜ, ਮਨਦੀਪ ਕੁਮਾਰ ਬੰਗੜ ਅਤੇ ਹੋਰ ਸ਼ਰਧਾਲੂ ਪਹੁੰਚੇ।ਪਿੰਡ ਦੇ ਸਰਪੰਚ ਗੁਰਬਚਨ ਸਿੰਘ ਅਤੇ ਮੇਜਰ ਸਿੰਘ (ਨੰਬਰਦਾਰ) ਨੇ ਕਿਹਾ ਕਿ ਇਹ ਪਿੰਡ ਸ਼ੁਰੂ ਤੋਂ ਹੀ 1982 ਵਿੱਚ ਅੰਬੇਡਕਰ ਮਿਸ਼ਨ ਦੀ ਚਿੰਗਾਰੀ ਬਲਣ ਨਾਲ ਬਾਮਸਫੇ, ਡੀ.ਐਸ. 4 ਅਤੇ ਬਹੁਜਨ ਸਮਾਜ ਪਾਰਟੀ ਦੀ ਲਹਿਰ ਚੱਲੀ ਸੀ ਜਿਸ ਨੇ ਸਮੁੱਚੇ ਪੰਜਾਬ ਅਤੇ ਦੇਸ਼ ਪੱਧਰ 'ਤੇ ਪੂਰਾ ਯੋਗਦਾਨ ਪਾਇਆ ਹੈ।ਮਾਸਟਰ ਮਹਿੰਦਰ ਸਿੰਘ ਹੀਰ ਨੇ ਕਿਹਾ ਕਿ ਗੁਰੂ ਸਾਹਿਬਾਨ ਦੁਨੀਆਂ ਵਿੱਚ ਸਮਾਜਿਕ ਕ੍ਰਾਂਤੀ ਦੇ ਮੋਢੀ ਹੋਏ ਹਨ। ਉਹਨਾਂ ਕਿਹਾ ਕਿ ਅੱਜ ਫਿਰ ਦੇਸ਼ ਵਿੱਚ ਸੰਵਿਧਾਨ ਖਤਮ ਕਰਕੇ ਮਨੂੰ ਸਮ੍ਰਿਤੀ ਦਾ ਸੰਵਿਧਾਨ ਲਾਗੂ ਕਰਨ ਲਈ ਸਾਜਿਸ਼ਾਂ ਹੋ ਰਹੀਆਂ ਹਨ ਜਿਸ ਕਰਕੇ ਸਾਨੂੰ ਹਰ ਸਮੇਂ ਦੇਸ਼ ਅਤੇ ਮਨੁੱਖਤਾ ਨੂੰ ਬਚਾਉਣ ਲਈ ਅਤੇ ਆਪਣੇ ਖੁੱਸੇ ਅਧਿਕਾਰਾਂ ਨੂੰ ਬਹਾਲ ਕਰਾਉਣ ਲਈ ਦ੍ਰਿੜ ਅਤੇ ਤਿੱਖੇ ਸੰਘਰਸ਼ ਕਰਨ ਲਈ ਸਦਾ ਤਿਆਰ ਰਹਿਣਾ ਚਾਹੀਦਾ ਹੈ।ਸਮੁੱਚੇ ਸਮਾਗਮ ਨੂੰ ਸਫਲਤਾ ਪੂਰਵਕ ਚਲਾਉਣ ਲਈ ਪ੍ਰਬੰਧਕ ਕਮੇਟੀ ਮੈਂਬਰਾਂ ਦੀ ਅਗਵਾਈ ਵਿੱਚ ਸਰਵ ਸੁਖਵੀਰ ਸਿੰਘ, ਗੁਰਪ੍ਰੀਤ ਹੀਰ, ਜਸਵਿੰਦਰ ਕੁਮਾਰ ਰਿੱਕੀ, ਗੁਰਮੁੱਖ ਸਿੰਘ, ਹਰਵਿੰਦਰ ਸਿੰਘ, ਮੰਨੂ ਹੀਰ, ਰਵਿੰਦਰ ਕੁਮਾਰ, ਵਿਨਿਤ ਕੁਮਾਰ, ਅਮਰਜੀਤ ਕੌਰ ਰੂਬੀ, ਮਨੀਸ਼ਾ ਹੀਰ, ਰਾਣੀ, ਰਜਨੀ, ਵਿਨੋਦ ਕੁਮਾਰ ਅਤੇ ਹੋਰ ਸੱਜਣਾਂ ਨੇ ਸੰਗਤਾਂ ਲਈ ਨਿਊਡਲ, ਚਾਹ ਪਕੌੜੇ, ਕੌਫੀ ਅਤੇ ਲੰਗਰ ਦਾ ਪ੍ਰਬੰਧ ਕੀਤਾ।

# ਸਕੂਲੀ ਵਿਦਿਆਰਥਣਾਂ ਨੂੰ ਭੇਟ ਕੀਤੀ ਖੇਡ ਸਮੱਗਰੀ



**ਫਗਵਾੜਾ (ਜਸਵਿੰਦਰ ਢੱਡਾ, ਡਾ. ਰਮਨ )** — ਲਾਇਨਜ਼ ਕਲੱਬ ਫਗਵਾੜਾ ਚੈਂਪੀਅਨ ਨੇ ਸਮਾਜ ਸੇਵਾ ਦੀ ਲੜੀ ਨੂੰ ਅੱਗੇ ਤੋਰਦਿਆਂ ਅੱਜ ਸਥਾਨਕ ਪੁਰਾਣਾ ਡਾਕਖਾਨਾ ਰੋਡ ਸਥਿਤ ਰਾਮਗੜ੍ਹੀਆ ਗਰਲਜ਼ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਦੀਆਂ ਵਿਦਿਆਰਥਣਾਂ ਲਈ ਖੇਡ ਸਮੱਗਰੀ ਭੇਂਟ ਕੀਤੀ। ਇਸ ਦੌਰਾਨ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ ਲਾਇਨਜ਼ ਇੰਟਰਨੈਸ਼ਨਲ 321-ਡੀ ਦੇ ਡਿਸਟ੍ਰਿਕਟ ਚੇਅਰਮੈਨ (ਪੀਸ ਪੋਸਟਰ) ਲਾਇਨ ਗੁਰਦੀਪ ਸਿੰਘ ਕੰਗ ਐਮ.ਜੇ.ਐਫ. ਨੇ ਕਲੱਬ ਵੱਲੋਂ ਕੀਤੇ ਜਾ ਰਹੇ ਸਮਾਜ ਸੇਵਾ ਦੇ ਕੰਮਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਕਲੱਬ ਨੇ ਆਪਣੀ ਸਥਾਪਨਾ ਦੇ ਪਹਿਲੇ ਹੀ ਸਾਲ ਵਿੱਚ ਡਿਸਟ੍ਰਿਕਟ 321-ਡੀ ਦੇ ਮੋਹਰੀ ਕਲੱਬਾਂ ਵਿੱਚ ਆਪਣੀ ਵੱਖਰੀ ਪਛਾਣ ਕਾਇਮ ਕੀਤੀ ਹੈ।ਸਕੂਲ ਪ੍ਰਿੰਸੀਪਲ ਸਵਿਤਾ ਹਾਂਡਾ ਨੇ ਵੀ ਕਲੱਬ ਦੇ ਇਸ ਉਪਰਾਲੇ ਲਈ ਸਾਰੇ ਲਾਇਨਜ਼ ਮੈਂਬਰਾਂ ਦੀ ਸ਼ਲਾਘਾ ਕੀਤੀ। ਕਲੱਬ ਪ੍ਰਧਾਨ ਲਾਇਨ ਸੰਜੀਵ ਸੂਰੀ ਨੇ ਦੱਸਿਆ ਕਿ ਇਸ ਪ੍ਰੋਜੈਕਟ ਦੇ ਡਾਇਰੈਕਟਰ ਲਾਇਨ ਅਜੇ ਕੁਮਾਰ ਕਲੱਬ ਕੈਸ਼ੀਅਰ ਸਨ।ਉਨ੍ਹਾਂ ਕਿਹਾ ਕਿ ਕਲੱਬ ਨੇ ਵਿਦਿਆਰਥਣਾਂ ਦੀ ਖੇਡਾਂ ਪ੍ਰਤੀ ਰੁਚੀ ਵਧਾਉਣ ਦੇ ਉਦੇਸ਼ ਨਾਲ ਇਹ ਪ੍ਰੋਜੈਕਟ ਕੀਤਾ ਹੈ ਕਿਉਂਕਿ ਆਮ ਤੌਰ 'ਤੇ ਵਿਦਿਆਰਥੀਆਂ ਲਈ ਬਹੁਤ ਉਪਰਾਲੇ ਕੀਤੇ ਜਾਂਦੇ ਹਨ ਪਰ ਬਹੁਤ ਘੱਟ ਸੰਸਥਾਵਾਂ ਵਿਦਿਆਰਥਣਾਂ ਵੱਲ ਧਿਆਨ ਦਿੰਦੀਆਂ ਹਨ। ਉਨ੍ਹਾਂ ਭਰੋਸਾ ਦਿਵਾਇਆ ਕਿ ਅਜਿਹੇ ਪ੍ਰੋਜੈਕਟ ਭਵਿੱਖ ਵਿੱਚ ਵੀ ਜਾਰੀ ਰਹਿਣਗੇ। ਇਸ ਮੌਕੇ ਕਲੱਬ ਦੇ ਸਕੱਤਰ ਲਾਇਨ ਦਿਨੇਸ਼ ਖਰਬੰਦਾ, ਲਾਇਨ ਧਰਮਪਾਲ ਨਿਸ਼ਚਲ, ਲਾਇਨ ਸ਼ਸ਼ੀ ਕਾਲੀਆ ਅਤੇ ਲਾਇਨ ਤਜਿੰਦਰ ਪਲਾਹਾ ਆਦਿ ਹਾਜ਼ਰ ਸਨ।

# ਅਮਰੀਕਾ ਨੇ ਕੀਤੀ ਮਨੁੱਖੀ ਅਧਿਕਾਰਾਂ ਦੀ ਘੋਰ ਉਲੰਘਣਾ : ਬਲਬੀਰ ਸਿੱਧੂ

**ਐਸ.ਏ.ਐਸ. ਨਗਰ, (ਗੁਰਜੀਤ ਬਿੱਲਾ)**— ਸੀਨੀਅਰ ਕਾਂਗਰਸੀ ਆਗੂ ਤੇ ਪੰਜਾਬ ਦੇ ਸਾਬਕਾ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਕਿਹਾ ਹੈ ਕਿ ਅਮਰੀਕਾ ਵਲੋਂ ਭਾਰਤ ਦੇ ਨੌਜਵਾਨਾਂ ਨੂੰ ਹੱਥਕੜੀਆਂ ਤੇ ਬੇੜੀਆਂ 'ਚ ਜਕੜ ਕੇ ਦੇਸ਼ ਨਿਕਾਲਾ ਦੇਣਾ ਮਨੁੱਖੀ ਅਧਿਕਾਰਾਂ ਦੀ ਹੋ ਰਹੀ ਘੋਰ ਉਲੰਘਣਾ ਨੇ ਮੋਦੀ ਸਰਕਾਰ ਵਿਦੇਸ਼ ਨੀਤੀ ਦੀ ਪੋਲ ਖੋਲ੍ਹ ਕੇ ਰੱਖ ਦਿੱਤੀ ਹੈ।ਉਹਨਾਂ ਕਿਹਾ ਕਿ ਅਮਰੀਕਾ ਦੇ ਇਸ ਅਤਿ ਨਿੰਦਣ ਯੋਗ ਵਰਤਾਰੇ ਸਬੰਧੀ ਪ੍ਰਧਾਨ ਮੰਤਰੀ ਦੀ ਚੁੱਪ ਦਰਸਾ ਰਹੀ ਹੈ ਕਿ ਉਹ ਅਮਰੀਕੀ ਰਾਸ਼ਟਰਪਤੀ ਟਰੰਪ ਅੱਗੇ ਬੇਬੱਸ ਹੋ ਗਏ ਹਨ ਜਿਨ੍ਹਾਂ ਨੂੰ ਉਹ ਆਪਣੇ ਨਿੱਜੀ ਦੋਸਤ ਕਹਿ ਕੇ ਵਡਿਆਉਂਦੇ ਹੁੰਦੇ ਸਨ।ਕਾਂਗਰਸੀ ਆਗੂ ਨੇ ਕਿਹਾ ਕਿ ਭਾਰਤੀ ਨਾਗਰਿਕਾਂ ਨੂੰ ਵਾਪਸ ਭੇਜਣ ਸ੍ਰੀ ਅੰਮ੍ਰਿਤਸਰ ਸਾਹਿਬ ਦਾ ਹਵਾਈ ਅੱਡਾ ਚੁਣ ਕੇ ਸਿੱਧੇ ਤੌਰ ਉਤੇ ਪੰਜਾਬ ਨੂੰ ਬਦਨਾਮ ਕੀਤਾ ਜਾ ਰਿਹਾ ਹੈ ਅਤੇ ਇਸ ਖੇਡ ਵਿਚ ਭਾਜਪਾ ਦੀ ਅਗਵਾਈ ਵਾਲੀ ਮੋਦੀ ਸਰਕਾਰ ਪੂਰੀ ਤਰ੍ਹਾਂ ਸ਼ਾਮਲ ਹੈ।ਸਿੱਧੂ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਟਰੈਵਲ ਏਜੰਟਾਂ ਨੂੰ ਭੋਲੇ ਭਾਲੇ ਲੋਕਾਂ ਨੂੰ ਗਲਤ ਢੰਗਾਂ ਨਾਲ ਵਿਦੇਸ਼ਾਂ ਵਿਚ ਜਾਣ ਦਾ ਕਾਰੋਬਾਰ ਬਹੁਤ ਵੱਡੀ ਪੱਧਰ ਉਤੇ ਸ਼ੁਰੂ ਹੋ ਗਿਆ ਸੀ ਕਿਉਂਕਿ ਇਸ ਪਾਰਟੀ ਦੇ ਆਗੂ ਤੇ ਕੁਝ ਚਹੇਤੇ ਅਫਸਰ ਇਸ ਖੇਡ ਵਿਚ ਭਾਈਵਾਲ ਬਣੇ ਹੋਏ ਹਨ। ਉਹਨਾਂ ਕਿਹਾ ਕਿ ਇਸ ਵਰਤਾਰੇ ਨੇ ਆਮ ਆਦਮੀ ਪਾਰਟੀ ਦੇ ਨੌਜਵਾਨਾਂ ਨੂੰ ਨੌਕਰੀਆਂ ਦੇ ਕੇ ਵਿਦੇਸ਼ਾਂ ਵਿਚੋਂ ਨੌਜਵਾਨਾਂ ਨੂੰ ਵਾਪਸ ਲਿਆਉਣ ਦੇ ਦਾਅਵੇ ਵੀ ਨੰਗੇ ਹੋ ਗਏ ਹਨ।

ਕਾਂਗਰਸੀ ਆਗੂ ਨੇ ਆਮ ਆਦਮੀ ਪਾਰਟੀ ਦੇ ਮੰਤਰੀਆਂ ਕੁਲਦੀਪ ਸਿੰਘ ਧਾਲੀਵਾਲ ਤੇ ਹਰਭਜਨ ਸਿੰਘ ਈ.ਟੀ.ਓ. ਦੀ ਨੁਕਤਾਚੀਨੀ ਕਰਦਿਆਂ ਕਿਹਾ ਕਿ ਉਹਨਾਂ ਨੂੰ ਫੋਟੋ ਖਿਚਾਉਣ ਦੇ ਚਾਅ ਵਿਚ ਨੰਗੇ ਸਿਰ ਖੜ੍ਹਾ ਸਿੱਖ ਨੌਜਵਾਨ ਨਹੀਂ ਦਿਸਿਆ। ਉਹਨਾਂ ਕਿਹਾ ਕਿ ਮੰਤਰੀਆਂ ਨੂੰ ਚਾਹੀਦਾ ਸੀ ਕਿ ਉਹ ਸਭ ਤੋਂ ਪਹਿਲਾਂ ਨੰਗੇ ਸਿਰ ਭੇਜੇ ਸਿੱਖ ਨੌਜਵਾਨ ਲਈ ਦਸਤਾਰ ਜਾਂ ਪਟਕਿਆਂ ਦਾ ਪ੍ਰਬੰਧ ਕਰਦੇ।

# ਪ੍ਰਭ ਆਸਰਾ ਦੇ ਖਿਡਾਰੀਆਂ ਨੇ 14 ਗੋਲਡ ਸਮੇਤ ਜਿੱਤੇ ਕੁੱਲ 31 ਮੈਡਲ



**ਕੁਰਾਲ਼ੀ (ਮੋਹਨ ਅੱਗਰਵਾਲ)**: ਪ੍ਰਭ ਆਸਰਾ ਦੇ ਖਿਡਾਰੀਆਂ ਦਾ ਸ਼ਾਨਦਾਰ ਪ੍ਰਦਰਸ਼ਨ ਲਗਾਤਾਰ ਜਾਰੀ ਹੈ।ਸੰਸਥਾ ਮੁਖੀ ਭਾਈ ਸ਼ਮਸ਼ੇਰ ਸਿੰਘ ਅਤੇ ਬੀਬੀ ਰਜਿੰਦਰ ਕੌਰ ਨੇ ਦੱਸਿਆ ਕਿ ਸੰਸਥਾ ਦੀ 30+ ਉਮਰ ਦੀ ਮਾਸਟਰ ਅਥਲੈਟਿਕਸ ਟੀਮ ਵਿੱਚ ਕਮਲ, ਧਰਮਿੰਦਰ ਕੁਮਾਰ, ਗੌਰਵ ਖੰਨਾ, ਨਵਜੋਤ ਕੌਰ, ਰਿੱਤੂ, ਕਾਂਤਾ, ਪੂਜਾ ਦੇਵੀ ਅਤੇ ਰਾਮੋ ਦੇਵੀ ਸ਼ਾਮਲ ਹਨ ਜੋ ਆਪਣੇ ਕੋਚ ਗੁਰਬਿੰਦਰ ਸਿੰਘ (ਰੋਮੀ ਘੜਾਮਾਂ) ਦੀ ਅਗਵਾਈ ਵਿੱਚ ਖੂਬ ਮੱਲਾਂ ਮਾਰ ਰਹੇ ਹਨ। ਉਕਤ ਟੀਮ ਨੇ 12 ਫਰਵਰੀ ਨੂੰ ਫਰੀਦਕੋਟ ਦੇ ਨਹਿਰੂ ਸਟੇਡੀਅਮ ਵਿਖੇ ਹੋਈਆਂ ਪਹਿਲੀਆਂ ਬਾਬਾ ਫਰੀਦ ਅਥਲੈਟਿਕਸ ਖੇਡਾਂ ਵਿੱਚ 08 ਗੋਲਡ, 06 ਸਿਲਵਰ ਅਤੇ 03 ਬ੍ਰਾਂਜ਼ ਮੈਡਲ ਜਿੱਤੇ। ਇਸੇ ਤਰ੍ਹਾਂ 16 ਫਰਵਰੀ ਨੂੰ ਸਪੋਰਟਸ ਕੰਪਲੈਕਸ, ਸੈਕਟਰ 07, ਚੰਡੀਗੜ੍ਹ ਵਿਖੇ ਹੋਈ 45ਵੀਂ ਚੰਡੀਗੜ੍ਹ ਮਾਸਟਰਸ ਅਥਲੈਟਿਕਸ ਚੈਂਪੀਅਨਸ਼ਿਪ: 2025 ਵਿੱਚ 06 ਗੋਲਡ, 03 ਸਿਲਵਰ ਅਤੇ 05 ਬ੍ਰਾਂਜ਼ ਮੈਡਲ ਹਾਸਲ ਕੀਤੇ। ਇਨ੍ਹਾਂ ਖਿਡਾਰੀਆਂ ਨੇ ਇਹ ਕੁੱਲ 31 ਮੈਡਲ 100, 200, 400, 800 ਮੀਟਰ ਦੌੜਾਂ ਅਤੇ ਸ਼ਾਟ-ਪੁੱਟ, ਡਿਸਕਸ ਥ੍ਰੋਅ, ਜੈਵਲਿਨ ਥ੍ਰੋਅ, ਲਾਂਗ-ਜੰਪ ਆਦਿ ਵਿੱਚ ਆਪੋ-ਆਪਣੇ ਉਮਰ ਵਰਗਾਂ 'ਚ ਉਪਰਲੇ ਸਥਾਨਾਂ 'ਤੇ ਰਹਿੰਦਿਆਂ ਪ੍ਰਾਪਤ ਕੀਤੇ। ਜ਼ਿਕਰਯੋਗ ਹੈ ਕਿ ਬੇਸਹਾਰਾ ਤੇ ਲਾਚਾਰ ਨਾਗਰਿਕਾਂ ਦੇ ਇਲਾਜ ਅਤੇ ਸਾਂਭ-ਸੰਭਾਲ਼ ਲਈ ਪ੍ਰਸਿੱਧ ਪ੍ਰਭ ਆਸਰਾ, ਸੰਸਥਾ ਵੱਲੋਂ ਉਪਰੋਕਤ ਨਾਗਰਿਕਾਂ ਦੇ ਮੁੜ-ਵਸੇਬੇ ਲਈ ਵੀ ਖੇਡਾਂ, ਚਿੱਤਰਕਲਾ, ਗਾਇਨ, ਭੰਗੜਾ, ਗਿੱਧਾ, ਵੋਕੇਸ਼ਨਲ ਟ੍ਰੇਨਿੰਗ ਆਦਿ ਅਹਿਮ ਉਪਰਾਲੇ ਕੀਤੇ ਜਾਂਦੇ ਹਨ।

# ਗੁਰਦੁਆਰਾ ਸੁਖਚੈਨਆਣਾ ਸਾਹਿਬ ਵਿਖੇ ਹਫਤਾਵਰੀ ਗੁਰਮਤਿ ਸਮਾਗਮ ਕਰਵਾਇਆ

**ਫਗਵਾੜਾ ( ਜਸਵਿੰਦਰ ਢੱਡਾ )** ਗੁਰਦੁਆਰਾ ਸੁਖਚੈਨਆਣਾ ਸਾਹਿਬ ਵਲੋਂ ਪ੍ਰਿਤਪਾਲ ਸਿੰਘ ਦੇ ਸਮੂਹ ਪਰਵਾਰ ਅਤੇ ਸਮੂਹ ਸਾਧ ਸੰਗਤ ਦੇ ਭਰਭੂਰ ਸਹਿਯੋਗ ਨਾਲ ਅਮਰ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਗੁਰਮਤਿ ਸਮਾਗਮ ਗੁਰਦੁਆਰਾ ਸੁਖਚੈਨਆਣਾ ਸਾਹਿਬ ਵਿਖੇ ਕਰਵਾਇਆ ਗਿਆ । ਇਸ ਸਮਾਗਮ ਵਿੱਚ ਭਾਈ ਜਰਨੈਲ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸ੍ਰੀ ਅੰਮ੍ਰਿਤਸਰ ਸਾਹਿਬ ਵਾਲੇ, ਭਾਈ ਕੇਵਲ ਸਿੰਘ ਕਥਾ ਵਾਚਕ, ਭਾਈ ਸਤਿੰਦਰਜੀਤ ਸਿੰਘ ਖਾਲਸਾ, ਭਾਈ ਕਰਮ ਸਿੰਘ ਜਲੰਧਰ ਵਾਲੇ, ਭਾਈ ਸ਼ਮਸ਼ੇਰ ਸਿੰਘ ਹਜ਼ੂਰੀ ਰਾਗੀ ਗੁਰਦੁਆਰਾ ਸੁਖਚੈਨਆਣਾ ਸਾਹਿਬ ਆਦਿ ਜਥਿਆ ਨੇ ਸੰਗਤਾਂ ਨੂੰ ਗੁਰਬਾਣੀ ਦੇ ਮਨੋਹਰ ਕੀਰਤਨ ਦੁਆਰਾ ਨਿਹਾਲ ਕੀਤਾ । ਸਮਾਗਮ ਵਿੱਚ ਸ਼ਹਿਰ ਅਤੇ ਇਲਾਕੇ ਦੀਆ ਸੰਗਤਾ ਨੇ ਵੱਡੀ ਗਿਣਤੀ ਵਿੱਚ ਭਾਗ ਲਿਆ।ਇਸ ਮੌਕੇ ਨਰਿੰਦਰ ਸਿੰਘ ਮੈਨੇਜਰ,ਭਾਈ ਜਤਿੰਦਰ ਸਿੰਘ ਖਾਲਸਾ ਸਮਾਜ ਸੇਵਕ ,ਡਾ. ਗੁਰਨਾਮ ਸਿੰਘ ਰਸੂਲਪੁਰ, ਪ੍ਰਿੰਸੀਪਲ ਸੰਤ ਬਾਬਾ ਦਲੀਪ ਸਿੰਘ ਮੈਮੋਰੀਅਲ ਖਾਲਸਾ ਕਾਲਜ ਡੁਮੇਲੀ, ਗੁਰਪ੍ਰੀਤ ਸਿੰਘ ਅਕਾਊਂਟੈਂਟ,ਭਾਈ ਹਰਜਿੰਦਰ ਸਿੰਘ ਸਟੋਰ ਕੀਪਰ, ਮੋਹਣ ਸਿੰਘ ਸ਼ਾਹੀ, ਅਵਤਾਰ ਸਿੰਘ ਮੰਗੀ ,ਰਵਿੰਦਰ ਸਿੰਘ ਰਾਏ,ਹਰਵਿੰਦਰ ਸਿੰਘ ਬਾਵਾ, ਗੁਰਦੀਪ ਸਿੰਘ ਖੇੜਾ, ਜਸਵਿੰਦਰ ਸਿੰਘ ਘੁੰਮਣ, ਤਰਸੇਮ ਸਿੰਘ ਸੇਮੀ, ਭਾਈ ਬਲਵਿੰਦਰ ਸਿੰਘ ਹੈਡ ਗ੍ਰੰਥੀ, ਭਾਈ ਅੰਮ੍ਰਿਤਪਾਲ ਸਿੰਘ, ਜਸਵੀਰ ਸਿੰਘ ਢਿੱਲੋਂ, ਕੁਲਵਿੰਦਰ ਸਿੰਘ ਕਿੰਦਾ, ਅਮਰਜੀਤ ਸਿੰਘ ਬੱਬਲੀ, ਅਰਵਿੰਦਰ ਸਿੰਘ ਨੀਟਾ ਆਦਿ ਹਾਜ਼ਰ ਸਨ ।ਸੰਗਤਾਂ ਲਈ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ ।



# ਜ਼ਿਲ੍ਹਾ ਬਾਰ ਐਸੋਸੀਏਸ਼ਨ ਹੁਸ਼ਿਆਰਪੁਰ ਦੀ ਚੋਣ 28 ਨੂੰ ਹੋਣੀ ਤੈਅ

**ਹੁਸ਼ਿਆਰਪੁਰ, (ਬਲਬੀਰ ਸਿੰਘ ਸੈਣੀ)**- ਮੌਜੂਦ ਜ਼ਿਲ੍ਹਾ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਐਡਵੋਕੇਟ ਰਣਜੀਤ ਕੁਮਾਰ-ਕਮ-ਰਿਟਰਨਿੰਗ ਅਫਸਰ ਨੇ ਦੱਸਿਆ ਕਿ ਜ਼ਿਲ੍ਹਾ ਬਾਰ ਐਸੋਸੀਏਸ਼ਨ ਹੁਸ਼ਿਆਰਪੁਰ ਦੀਆਂ ਚੋਣਾਂ 28 ਫਰਵਰੀ 2025 ਨੂੰ ਹੋਣੀਆਂ ਤੈਅ ਹੋਈਆਂ ਹਨ। ਉਹਨਾਂ ਦੱਸਿਆ ਕਿ 19 ਫਰਵਰੀ ਨੂੰ ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤੱਕ ਨਾਮਜਦਗੀ ਕਾਗਜ ਭਰੇ ਜਾਣਗੇ ਅਤੇ 20 ਫਰਵਰੀ ਨੂੰ ਕਾਗਜਾਂ ਦੀ ਜਾਂਚ ਪੜਤਾਲ ਤੋਂ ਬਾਅਦ ਸ਼ਾਮ 4 ਵਜੇ ਉਮੀਦਵਾਰਾਂ ਦੀ ਸੂਚੀ ਜਾਰੀ ਕਰ ਦਿੱਤੀ ਜਾਵੇਗੀ। ਪ੍ਰਧਾਨਗੀ ਦੇ ਅਹੁਦੇ ਲਈ ਸਰਦਾਰ ਪਲਵਿੰਦਰ ਪਾਲ ਸਿੰਘ ਘੁੰਮਣ ਐਡਵੋਕੇਟ ਅਤੇ ਧਰਮਿੰਦਰ ਸਿੰਘ ਜੱਜ, ਮੀਤ ਪ੍ਰਧਾਨ ਲਈ ਵਿਕਰਮ ਸਿੰਘ ਅਤੇ ਆਸੀਸ ਵਰਮਾ ਐਡਵੋਕੇਟ, ਜਨਰਲ ਸਕੱਤਰ ਲਈ ਮੈਡਮ ਰਜਨੀ ਨੰਦਾ ਅਤੇ ਨਵਜਿੰਦਰ ਸਿੰਘ ਬੇਦੀ, ਕੈਸ਼ੀਅਰ ਲਈ ਖੁਸ਼ਬੂ ਮਿਸ਼ਰਾ ਅਤੇ ਨਵਦੀਪ ਸਿੰਘ, ਜੁਆਇੰਟ ਸੈਕਟਰੀ ਲਈ ਮਨਿੰਦਰ ਕੌਰ ਅਤੇ ਮਨਮੀਤ ਕੌਰ ਸੰਭਾਵੀ ਉਮੀਦਵਾਰ ਹਨ। ਉਨ੍ਹਾਂ ਦੱਸਿਆ ਕਿ ਜੇ ਲੋੜ ਪਈ ਤਾਂ ਚੋਣ 28 ਫਰਵਰੀ ਨੂੰ ਸਵੇਰੇ 9:30 ਵਜੇ ਤੋਂ ਸ਼ਾਮ 4 ਵਜੇ ਤੱਕ ਹੋਵੇਗੀ। ਵੋਟਾਂ ਉਪਰੰਤ ਉਸੇ ਵੇਲੇ ਹੀ ਵੋਟਾਂ ਦੀ ਗਿਣਤੀ ਉਪਰੰਤ ਰਿਜਲਟ ਅਨਾਉਂਸ ਕਰ ਦਿੱਤੇ ਜਾਣਗੇ।

# ਸੀ ਟੀ ਫਿਊਚਰ ਟੈਕ ਕਾਰਨੀਵਲ ਸਮਾ.ਗਮ ਦੀ ਪਬਲਿਕ ਸਕੂਲ ਵਿਖੇ ਮੇਜ਼ਬਾਨੀ

**ਜਲੰਧਰ (ਸ਼ੈਲੀ ਐਲਬਰਟ)**

ਸੀ ਟੀ ਪਬਲਿਕ ਸਕੂਲ ਦਾ ਕੈਂਪਸ ਨਵੀਨਤਾ ਅਤੇ ਸਹਿਯੋਗ ਨਾਲ ਜੀਵੰਤ ਹੋ ਗਿਆ ਕਿਉਂਕਿ ਵਿਦਿਆਰਥੀਆਂ, ਮਾਪਿਆਂ ਅਤੇ ਅਧਿਆਪਕਾਂ ਨੇ ਸੀਟੀ ਫਿਊਚਰ ਟੈਕ ਕਾਰਨੀਵਲ ਲਈ ਹੱਥ ਮਿਲਾਇਆ । ਇੱਕ ਗਤੀਸ਼ੀਲ ਵਿਦਿਆਰਥੀ-ਮਾਪੇ-ਅਧਿਆਪਕ ਸੰਪਰਕ ਪ੍ਰੋਗਰਾਮ ਜੋ ਉਤਸੁਕਤਾ, ਰਚਨਾਤਮਕਤਾ ਅਤੇ ਤਕਨੀਕੀ ਜਾਗਰੂਕਤਾ ਨੂੰ ਉਤਸ਼ਾਹਿਤ ਕਰਨ ਲਈ ਤਿਆਰ ਕੀਤਾ ਗਿਆ ਹੈ । ਇਸ ਸਮਾਗਮ ਵਿੱਚ ਜਲੰਧਰ ਦੇ ਮਾਣਯੋਗ ਮੇਅਰ, ਵਨੀਤ ਧੀਰ, ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ, ਉਨ੍ਹਾਂ ਦੇ ਨਾਲ ਤਜਿੰਦਰ ਸਿੰਘ ਬਿੱਟੂ , ਹਰਜਿੰਦਰ ਸਿੰਘ ਲੱਡਾ , ਸੌਰਭ ਸੇਠ , ਲਵ ਮਲਿਕ, ਤਰਨਜੀਤ ਸਿੰਘ (ਵਿਧਾਇਕ, ਜੰਮੂ), ਅਤੇ ਸੋਨੂੰ ਮਹਿਮਾਨਾਂ ਵਜੋਂ ਸ਼ਾਮਲ ਹੋਏ। ਕਾਰਨੀਵਲ ਵਿੱਚ ਭਵਿੱਖਮੁਖੀ ਪ੍ਰੋਜੈਕਟ, ਹੱਥੀਂ ਵਰਕਸ਼ਾਪਾਂ ਅਤੇ ਇੰਟਰਐਕਟਿਵ ਪ੍ਰਦਰਸ਼ਨੀਆਂ ਪੇਸ਼ ਕੀਤੀਆਂ ਗਈਆਂ, ਜੋ ਦਿਲਚਸਪ ਸਿੱਖਣ ਦੇ ਤਜ਼ਰਬਿਆਂ ਰਾਹੀਂ ਵਿਦਿਆਰਥੀਆਂ, ਮਾਪਿਆਂ ਅਤੇ ਅਧਿਆਪਕਾਂ ਵਿਚਕਾਰ ਸਬੰਧ ਨੂੰ ਮਜ਼ਬੂਤ ਕਰਦੀਆਂ ਹਨ। ਵੱਖ-ਵੱਖ ਜ਼ੋਨ ਸਥਾਪਤ ਕੀਤੇ ਗਏ ਸਨ, ਜਿਨ੍ਹਾਂ ਵਿੱਚ ਏਆਈ ਅਤੇ ਰੋਬੋਟਿਕਸ, ਹੁਨਰ ਵਿਕਾਸ, ਡਿਸਕਵਰੀ ਡੇਨ, ਕਰੀਅਰ ਕਾਉਂਸਲਿੰਗ, ਕੈਲੀਗ੍ਰਾਫੀ, ਟੈਲੇਂਟ ਹੰਟ, ਐਕਸਪਰਟ ਟੈਕ ਟਾਕਸ, ਡੂਡਲ ਆਰਟ, ਅਤੇ ਹੈਲਥ ਕੈਂਪ (ਆਈ ਚੈੱਕ-ਅੱਪ ਅਤੇ ਫਿਜ਼ੀਓਥੈਰੇਪੀ) ਸ਼ਾਮਲ ਸਨ। ਭੋਜਨ, ਪੀਣ ਵਾਲੇ ਪਦਾਰਥ ਅਤੇ ਮਨੋਰੰਜਨ ਜ਼ੋਨਾਂ ਨੇ ਇੱਕ ਜੀਵੰਤ ਅਹਿਸਾਸ ਜੋੜਿਆ, ਜਿਸ ਨਾਲ ਇਹ ਸਾਰੇ ਹਾਜ਼ਰੀਨ ਲਈ ਇੱਕ ਦਿਲਚਸਪ ਦਿਨ ਬਣ ਗਿਆ। ਸਕੂਲ ਪ੍ਰਿੰਸੀਪਲ, ਆਰਤੀ ਦਾਦਾ ਨੇ ਅਜਿਹੀਆਂ ਪਹਿਲਕਦਮੀਆਂ ਦੀ ਮਹੱਤਤਾ 'ਤੇ ਜ਼ੋਰ ਦਿੰਦੇ ਹੋਏ ਕਿਹਾ, ਇਹ ਸਮਾਗਮ ਨਾ ਸਿਰਫ਼ ਨਵੀਨਤਾ ਨੂੰ ਵਧਾਉਂਦਾ ਹੈ ਬਲਕਿ ਵਿਦਿਆਰਥੀਆਂ, ਮਾਪਿਆਂ ਅਤੇ ਅਧਿਆਪਕਾਂ ਵਿਚਕਾਰ ਜ਼ਰੂਰੀ ਸਬੰਧ ਨੂੰ ਵੀ ਮਜ਼ਬੂਤ ਕਰਦਾ ਹੈ, ਉਹਨਾਂ ਨੂੰ ਤਕਨਾਲੋਜੀ-ਅਧਾਰਤ ਭਵਿੱਖ ਲਈ ਤਿਆਰ ਕਰਦਾ ਹੈ। ਮਹਿਮਾਨ ਬੁਲਾਰਿਆਂ ਡਾ. ਅਨੁਰਾਗ ਸ਼ਰਮਾ ਅਤੇ ਅਵਤਾਰ ਸਿੰਘ ਨੇ ਏਆਈ, ਕਰੀਅਰ ਕਾਉਂਸਲਿੰਗ ਅਤੇ ਟਿਕਾਊ ਤਕਨਾਲੋਜੀ ਤੇ ਆਪਣੀ ਮੁਹਾਰਤ ਸਾਂਝੀ ਕੀਤੀ, ਜੋ ਵਿਦਿਆਰਥੀਆਂ ਅਤੇ ਮਾਪਿਆਂ ਨੂੰ ਵਿਕਸਤ ਹੋ ਰਹੇ ਵਿਦਿਅਕ ਦ੍ਰਿਸ਼ ਨੂੰ ਨੈਵੀਗੇਟ ਕਰਨ ਲਈ ਕੀਮਤੀ ਸੂਝ ਪ੍ਰਦਾਨ ਕਰਦੀ ਹੈ। ਇਹ ਸਮਾਗਮ ਸਭ ਤੋਂ ਨਵੀਨਤਾਕਾਰੀ ਪ੍ਰੋਜੈਕਟਾਂ ਨੂੰ ਮਾਨਤਾ ਦੇਣ ਅਤੇ ਟੈਲੇਂਟ ਹੰਟ ਵਿੱਚ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਅਤੇ ਮਾਪਿਆਂ ਦੀ ਪ੍ਰਤਿਭਾ ਦਾ ਜਸ਼ਨ ਮਨਾਉਣ ਵਾਲੇ ਇੱਕ ਪੁਰਸਕਾਰ ਸਮਾਰੋਹ ਨਾਲ ਸਮਾਪਤ ਹੋਇਆ।



# ਸੜਕਾਂ ਤੋਂ ਰੇੜ੍ਹੀਆਂ ਫੜ੍ਹੀਆਂ ਚੁਕਵਾਈਆਂ



**ਫਿਲੌਰ (ਨਿਰਮਲ)** ਨਗਰ ਕੌਂਸਲ ਫਿਲੌਰ ਦੇ ਰਾਮਜੀ ਕਾਰਜ ਸਾਧਕ ਅਫਸਰ, ਸੁਪਰਡੈਂਟ ਬੀਬੀ ਹਰਦੀਪ ਕੌਰ, ਸੈਨਟਰੀ ਇੰਸਪੈਕਟਰ ਨਰੇਸ਼ ਮੱਲ, ਸੁਪਰਵਾਈਜਰ ਮਨੀ ਲਾਲ, ਬੰਟੀ, ਸਨੀ ਅਤੇ ਸਮੂਹ ਸਟਾਫ ਵੱਲੋਂ ਕਿਲਾ ਰੋਡ ਫਿਲੌਰ ਵਿਖੇ ਸੜਕਾਂ ਕੰਡੇ ਲਗਾਈਆਂ ਰੇਹੜੀਆਂ ਫੜ੍ਹੀਆਂ ਨੂੰ ਚੁਕਵਾਇਆ ਗਿਆ। ਇਸ ਦੀ ਆਮ ਲੋਕਾਂ ਸ਼ਹਿਰ ਨਿਵਾਸੀਆਂ ਵੱਲੋਂ ਪ੍ਰਸੰਸਾ ਕੀਤੀ ਗਈ। ਨਗਰ ਕੌਂਸਲ ਅਧਿਕਾਰੀਆਂ ਵੱਲੋਂ ਇਹ ਵੀ ਚੇਤਾਵਨੀ ਦਿੱਤੀ ਕਿ ਜੇਕਰ ਅੱਗੇ ਤੋਂ ਕਿਸੇ ਨੇ ਇੱਥੇ ਰੇੜ੍ਹੀਆਂ ਫੜ੍ਹੀਆਂ ਲਗਵਾਈਆਂ ਤਾਂ ਸਖਤ ਕਾਰਵਾਈ ਕੀਤੀ ਜਾਵੇਗੀ।

# ਈਕੋ ਕਲੱਬ ਇੰਚਾਰਜਾਂ ਦੀ ਰੇਲਵੇ ਮੰਡੀ ਸਕੂਲ ਵਿਖੇ ਵਰਕਸ਼ਾਪ ਲਗਾਈ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**—ਜ਼ਿਲ੍ਹੇ ਦੇ ਸਕੂਲਾਂ 'ਚ ਕੰਮ ਕਰਦੇ ਈਕੋ ਕਲੱਬ ਇੰਚਾਰਜਾਂ ਦੀ ਵਰਕਸ਼ਾਪ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ, ਰੇਲਵੇ ਮੰਡੀ,ਹੁਸ਼ਿਆਰਪੁਰ ਵਿਖੇ ਪ੍ਰਿੰਸੀਪਲ ਰਾਜਨ ਅਰੋੜਾ ਦੀ ਅਗਵਾਈ ਹੇਠ ਸੇਵੀ ਸੰਸਥਾ ਦੀ ਸਾਈ ਧਰਮ ਸਿੰਘ ਗਰੋਵਰ ਫਾਊਂਡੇਸ਼ਨ ਵੱਲੋਂ ਲਗਾਈ ਗਈ। ਇਸ ਵਰਕਸ਼ਾਪ 'ਚ ਡਾਕਟਰ ਮਨੀਲ ਗਰੋਵਰ ਡਾਇਰੈਕਟਰ (ਸਟੇਟ ਟੀਮ )ਅਤੇ ਉਹਨਾਂ ਦੀ ਟੀਮ ਨੇ ਜਲ ਖੁੰਬੀ ਤੋਂ ਵੱਖ-ਵੱਖ ਤਰ੍ਹਾਂ ਦੀਆਂ ਘਰੇਲੂ ਆਈਟਮਾਂ ਜਿਵੇਂ ਕਿਚਨ ਵੇਅਰ ਦਾ ਸਮਾਨ,ਗਹਿਣੇ, ਆਦਿ ਬਣਾਉਣ ਦੀ ਟ੍ਰੇਨਿੰਗ ਦਿੱਤੀ ਗਈ। ਉਹਨਾਂ ਹਾਜ਼ਰ ਅਧਿਆਪਕਾਂ ਤੇ ਵਿਦਿਆਰਥੀਆਂ ਨੂੰ ਸਜਾਵਟੀ ਵਸਤੂਆਂ ਤੇ ਘਰਾਂ ਅੰਦਰ ਵਰਤੀਆਂ ਜਾਣ ਵਾਲੀਆਂ ਸਜਾਵਟੀ ਵਸਤੂਆਂ ਨੂੰ ਸੌਖੇ ਤੇ ਪ੍ਰਭਾਵਸ਼ਾਲੀ ਢੰਗ ਨਾਲ ਤਿਆਰ ਕਰਨ ਦੀ ਜਾਣਕਾਰੀ ਦੇਣ ਤੋਂ ਬਾਅਦ ਉਹਨਾਂ ਤੋ ਸਜਾਵਟੀ ਵਸਤੂਆਂ ਤਿਆਰ ਕਰਵਾਈਆਂ। ਇਸ ਵਰਕਸ਼ਾਪ ਵਿਚ ਪਹੁੰਚੇ ਅਸ਼ੋਕ ਕਾਲੀਆ ਈਕੋ ਕਲੱਬ ਕੋਆਰਡੀਨੇਟਰ ਜ਼ਿਲ੍ਹਾ ਹੁਸ਼ਿਆਰਪੁਰ ਨੇ ਕਿਹਾ ਕਿ ਅਜਿਹੀਆਂ ਵਰਕਸ਼ਾਪ ਸਾਡੇ ਅਧਿਆਪਕਾਂ ਤੇ ਵਿਦਿਆਰਥੀਆਂ ਨੂੰ ਹੁਨਰ ਭਰਪੂਰ ਕਰਦੀਆਂ ਹਨ। ਉਨ੍ਹਾਂ ਵਿਦਿਆਰਥੀਆਂ ਨੂੰ ਵਰਕਸ਼ਾਪ ਦਾ ਲਾਭ ਆਪਣੇ ਘਰਾਂ ਤੇ ਸਕੂਲਾਂ ਤੱਕ ਸੁਹਿਰਦਤਾ ਨਾਲ ਪੁੱਜਦਾ ਕਰਨ ਲਈ ਉਤਸ਼ਾਹਿਤ ਕੀਤਾ । ਉਨ੍ਹਾਂ ਦੱਸਿਆ ਮਨਿਸਟਰੀ ਆਫ਼ ਇਨਵਾਈਰਮੈਂਟ ਫਰੈਸਟ ਐਂਡਕਲਾਈਮੇਟ ਚੇਂਜ ਭਾਰਤ ਸਰਕਾਰ ਤੇ ਪੀ. ਐੱਸ. ਸੀ. ਐੱਸ. ਟੀ. ਦੇ ਸਹਿਯੋਗ ਨਾਲ ਲਗਾਈ ਗਈ ਹੈ। ਇਸ ਮੌਕੇ ਜ਼ਿਲ੍ਹੇ ਦੇ ਸਰਕਾਰੀ ਸਕੂਲਾਂ ਦੇ 30 ਈਕੋ ਕਲੱਬ ਇੰਚਾਰਜਾਂ ਤੇ 80 ਵਿਦਿਆਰਥੀਆਂ ਨੇ ਸ਼ਮੂਲੀਅਤ ਕਰ ਕੇ ਆਪਣਾ ਗਿਆਨ ਵਧਾਇਆ। ਇਸ ਵਰਕਸ਼ਾਪ ਨੂੰ ਨੇਪਰੇ ਚਾੜ੍ਹਨ ਵਿੱਚ ਹੀ ਹੁਸ਼ਿਆਰਪੁਰ 1- ਏ ਅਤੇ ਹੁਸ਼ਿਆਰਪੁਰ 2- ਬੀ ਬਲਾਕ ਕੋਆਰਡੀਨੇਟਰਸ ਨੇ ਬਾਖੂਬੀ ਹੀ ਆਪਣਾ ਰੋਲ ਅਦਾ ਕੀਤਾ । ਇਸ ਵਰਕਸ਼ਾਪ ਵਿੱਚ ਸਕੂਲ ਦੀਆਂ ਵਿਦਿਆਰਥਣਾਂ ਨੇ ਵੀ ਭਾਗ ਲਿਆ ਉਨਾਂ ਨੂੰ ਵੀ ਅਧਿਆਪਕਾਂ ਦੀ ਮਦਦ ਨਾਲ ਇਹ ਸਾਰੀਆਂ ਆਈਟਮਾਂ ਬਣਾਉਣੀਆਂ ਸਿਖਾਈਆਂ ਗਈਆਂ। ਸਾਰੇ ਅਧਿਆਪਕਾਂ ਲਈ ਰਿਫਰੈਸ਼ਮੈਂਟ ਦਾ ਪ੍ਰਬੰਧ ਵੀ ਕੀਤਾ ਗਿਆ ਸੀ।

19-FEB-PAGE-10.qxd 2/18/2025 10:58 PM Page 1



## ਬਘੇਲ ਸਿੰਘ ਨੇ ਪ੍ਰਿੰਸੀਪਲ ਵਜੋਂ ਜ਼ਿੰਮੇਵਾਰੀ ਸਾਂਭੀ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਫਤਿਹ ਗਰੁੱਪ ਆਫ ਇੰਸਟੀਚਿਊਸ਼ਨਜ਼ ਵਿੱਚ ਬਘੇਲ ਸਿੰਘ ਨੇ ਪ੍ਰਿੰਸੀਪਲ ਦੇ ਰੂਪ ਵਿੱਚ ਆਪਣੀ ਨਵੀਂ ਜ਼ਿੰਮੇਵਾਰੀ ਸੰਭਾਲੀ। ਉਨ੍ਹਾਂ ਦੇ ਅਗਵਾਈ ਭਰੇ ਪਦਅਧਿਕਾਰ ਨੂੰ ਸੰਸਥਾ ਦੇ ਚੇਅਰਮੈਨ, ਅਧਿਕਾਰੀਆਂ, ਅਧਿਆਪਕ ਤੇ ਵਿਦਿਆਰਥੀਆਂ ਨੇ ਗਰਮਜੋਸ਼ੀ ਨਾਲ ਸਵਾਗਤ ਕੀਤਾ।ਸੰਸਥਾ ਦੇ ਚੇਅਰਮੈਨ ਐਮ.ਐਸ.ਢੀਂਡਸਾ ਨੇ ਪ੍ਰਿੰਸੀਪਲ ਬਘੇਲ ਸਿੰਘ ਦੀ ਨਿਯੁਕਤੀ ਨੂੰ ਵਿਦਿਅਕ ਪ੍ਰਗਤੀ ਵੱਲ ਇੱਕ ਸਕਾਰਾਤਮਕ ਕਦਮ ਦੱਸਦਿਆਂ ਕਿਹਾ, 'ਉਨ੍ਹਾਂ ਦੀ ਵਿਦਿਅਕ ਦੂਰਦਰਸ਼ਤਾ ਤੇ ਪ੍ਰਸ਼ਾਸਨਿਕ ਹੁਨਰ ਸੰਸਥਾ ਨੂੰ ਨਵੀਆਂ ਉਚਾਈਆਂ ਤੱਕ ਪਹੁੰਚਾਉਣ ਵਿੱਚ ਮੁੱਖ ਭੂਮਿਕਾ ਨਿਭਾਏਗਾ।' ਉਨ੍ਹਾਂ ਦੀ ਅਗਵਾਈ ਵਿੱਚ ਫਤਿਹ ਗਰੁੱਪ ਨਵੇਂ ਆਯਾਮ ਛੂਹੇਗਾ।' ਐਮ.ਡੀ. ਮਨਜੀਤ ਕੌਰ ਢੀਂਡਸਾ ਤੇ ਡੀਨ ਅਕਾਦਮਿਕ ਡਾ. ਜਗਵਿੰਦਰ ਸਿੰਘ ਸਿੱਧੂ ਨੇ ਵੀ ਪ੍ਰਿੰਸੀਪਲ ਦੇ ਰੂਪ ਵਿੱਚ ਉਨ੍ਹਾਂ ਦੀ ਆਮਦ ਨੂੰ ਸੰਸਥਾ ਲਈ ਇੱਕ ਮਹੱਤਵਪੂਰਨ ਪਲ ਕਰਾਰ ਦਿੱਤਾ।ਉਨ੍ਹਾਂ ਆਖਿਆ, 'ਬਘੇਲ ਸਿੰਘ ਦੀ ਵਿਦਿਅਕ ਦੂਰਦਰਸ਼ਤਾ ਵਿਦਿਆਰਥੀਆਂ ਨੂੰ ਸਿਰਫ ਅਕਾਦਮਿਕ ਮੈਦਾਨ ਵਿੱਚ ਹੀ ਨਹੀਂ, ਸਗੋਂ ਜੀਵਨ ਦੇ ਹਰ ਪੱਖ 'ਚ ਸਫਲਤਾ ਵੱਲ ਵਧਾਉਣ ਵਿੱਚ ਮਦਦਗਾਰ ਸਾਬਤ ਹੋਵੇਗੀ।' ਸਹਾਇਕ ਡਾਇਰੈਕਟਰ ਹਰਪ੍ਰੀਤ ਸ਼ਰਮਾ ਤੇ ਜਸਵਿੰਦਰ ਸਿੰਘ, ਰਜਿਸਟਰਾਰ ਡਾ. ਰਜਿੰਦਰ ਕੁਮਾਰ ਤਿਰਪਾਠੀ, ਆਰਟਸ ਵਿਭਾਗ ਮੁਖੀ ਕੁਮਾਰੀ ਸ਼ੈਲਜਾ, ਐਜੂਕੇਸ਼ਨ ਵਿਭਾਗ ਮੁਖੀ ਸੰਦੀਪ ਕੌਰ ਨੇ ਨਵੇਂ ਪ੍ਰਿੰਸੀਪਲ ਦੀ ਆਮਦ 'ਤੇ ਖੁਸ਼ੀ ਪ੍ਰਗਟਾਈ ਅਤੇ ਉਨ੍ਹਾਂ ਦੀ ਯੋਗਤਾ ਨੂੰ ਸੰਸਥਾ ਦੀ ਤਰੱਕੀ ਵਿੱਚ ਵਿਸ਼ੇਸ਼ ਯੋਗਦਾਨ ਪਾਉਣ ਵਾਲੀ ਦੱਸਿਆ।ਉਨ੍ਹਾਂ ਦੀ ਲੀਡਰਸ਼ਿਪ ਸਿਖਲਾਈ ਦੀ ਯੋਜਨਾ ਨੂੰ ਹੋਰ ਮਜ਼ਬੂਤ ਕਰੇਗੀ, ਜਿਸ ਨਾਲ ਵਿਦਿਆਰਥੀ ਵਿਦਿਅਕ ਖੇਤਰ 'ਤੇ ਉੱਚ ਕੋਟੀ ਦੀ ਸਿੱਖਿਆ ਹਾਸਲ ਕਰਨ ਯੋਗ ਹੋਣਗੇ।

## ਗੁਰੂ ਨਾਨਕ ਮਾਰਕੀਟ ਦੇ ਦੁਕਾਨਦਾਰਾਂ ਦੀਆਂ ਸਮੱਸਿਆਵਾਂ ਦਾ ਪਹਿਲ ਦੇ ਅਧਾਰ 'ਤੇ ਹੱਲ ਕੀਤਾ ਜਾਵੇਗਾ : ਵਿਧਾਇਕ ਡਾ. ਅਰੋੜਾ



**ਮੋਗਾ (ਇਕਬਾਲ ਸਿੰਘ ਖਹਿਰਾ)**
ਸ਼ਹਿਰ ਦੀ ਗੁਰੂ ਨਾਨਕ ਮਾਰਕੀਟ ਵਿੱਚ ਬਣੀਆਂ ਨਗਰ ਨਿਗਮ ਦੀਆਂ ਦੁਕਾਨਾਂ ਵਿੱਚ ਕੰਮ ਕਰ ਰਹੇ ਦੁਕਾਨਦਾਰਾਂ ਨਾਲ ਸੋਮਵਾਰ ਸਵੇਰੇ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ, ਨਗਰ ਨਿਗਮ ਦੇ ਮੇਅਰ ਬਲਜੀਤ ਸਿੰਘ ਚਾਨੀ, ਸੀਨੀਅਰ ਡਿਪਟੀ ਪ੍ਰਵੀਨ ਸ਼ਰਮਾ ਨੇ ਮੀਟਿੰਗ ਕੀਤੀ।ਇਸ ਮੀਟਿੰਗ ਵਿੱਚ ਦੁਕਾਨਦਾਰਾਂ ਦੁਆਰਾ ਦੁਕਾਨਾਂ ਦੀਆਂ ਛੱਤਾਂ 'ਤੇ ਪਈਆਂ ਦਰਾਰਾਂ ਦੇ ਸਮਾਧਾਨ ਲਈ ਦੁਬਾਰਾ ਲਿੰਟਰ ਪਾਉਣ ਦੀ ਮੰਗ ਕੀਤੀ ਗਈ, ਜਿਸ 'ਤੇ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਦੁਕਾਨਦਾਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਨਗਰ ਨਿਗਮ ਵਿੱਚ ਅਗਲੀ ਹੋਣ ਵਾਲੀ ਹਾਊਸ ਦੀ ਮੀਟਿੰਗ ਵਿੱਚ ਇਸ ਮਤੇ ਨੂੰ ਲਿਆ ਕੇ ਜੋ ਦੁਕਾਨਾਂ ਦੀਆਂ ਛੱਤਾਂ ਦੀ ਹਾਲਤ ਖਸਤਾ ਹੈ, ਉਨ੍ਹਾਂ 'ਤੇ ਦੁਬਾਰਾ ਲਿੰਟਰ ਪਾਉਣ ਦੀ ਮਨਜ਼ੂਰੀ ਦੁਆਈ ਜਾਵੇਗੀ।ਇਸ ਦੇ ਇਲਾਵਾ ਗੁਰੂ ਨਾਨਕ ਮਾਰਕੀਟ ਵਿੱਚ ਗਲੀਆਂ ਦੀ ਉਸਾਰੀ, ਸੀਵਰੇਜ ਦੀ ਸਮੱਸਿਆ ਦਾ ਹੱਲ ਵੀ ਜਲਦ ਕਰਵਾ ਦਿੱਤਾ ਜਾਵੇਗਾ।ਵਿਧਾਇਕ ਦਾ ਮੀਟਿੰਗ ਸਥਲ 'ਤੇ ਦੁਕਾਨਦਾਰ ਸੰਦੀਪ ਗਰਗ, ਵਿਜੇ ਕੁਮਾਰ, ਕ੍ਰਿਸ਼ਨ ਚੰਦ, ਕਾਮਰੇਡ ਪਿਆਰੇ ਲਾਲ ਤੇ ਸਮੂਹ ਦੁਕਾਨਦਾਰਾਂ ਨੇ ਸੁਆਗਤ ਕੀਤਾ।ਇਸ ਮੀਟਿੰਗ ਵਿੱਚ ਦੁਕਾਨਦਾਰਾਂ ਨੇ ਵਿਧਾਇਕ ਨੂੰ ਕਿਹਾ ਕਿ ਉਹ 50-50 ਸਾਲਾਂ ਤੋਂ ਇਥੇ ਦੁਕਾਨਾਂ ਕਰ ਰਹੇ ਹਨ, ਜਿਸ ਕਾਰਨ ਨਿਗਮ ਉਨ੍ਹਾਂ ਨੂੰ ਸਰਕਾਰੀ ਰੇਟ ਲੈ ਕੇ ਦੁਕਾਨਾਂ ਦੀ ਮਲਕੀਅਤ ਉਨ੍ਹਾਂ ਨੂੰ ਦੇਵੇ।ਦੁਕਾਨਾਂ ਦੇ ਬਾਹਰ ਬਣੇ ਬਰਾਮਦਾਂ ਵਿੱਚ ਰਾਤ ਦੇ ਸਮੇਂ ਅਣਪਛਾਤੇ ਲੋਕ ਬੈਠ ਜਾਂਦੇ ਹਨ, ਜਿਸ ਨਾਲ ਚੋਰੀ ਦੀ ਘਟਨਾਵਾਂ ਦਾ ਡਰ ਬਣਿਆ ਰਹਿੰਦਾ ਹੈ।ਇਸ ਲਈ ਦੁਕਾਨਾਂ ਦੇ ਬਾਹਰ ਬਣੇ ਬਰਾਮਦਾਂ ਵਿੱਚ ਸ਼ਟਰ ਲਾਉਣ ਦੀ ਮਨਜ਼ੂਰੀ ਦਿੱਤੀ ਜਾਵੇ, ਜਿਸ ਨਾਲ ਰਾਤ ਨੂੰ ਬੈਠਣ ਵਾਲੇ ਲੋਕਾਂ ਤੋਂ ਉਨ੍ਹਾਂ ਰਾਹਤ ਮਿਲ ਸਕੇ।ਵਿਧਾਇਕ ਨੇ ਦੁਕਾਨਦਾਰਾਂ ਦੀ ਸਾਰੀਆਂ ਮੰਗਾਂ ਨੂੰ ਸੁਣਦੇ ਕਿਹਾ ਕਿ ਉਨ੍ਹਾਂ ਵੱਲੋਂ ਦੁਕਾਨਦਾਰਾਂ ਦੀਆਂ ਸਮੱਸਿਆਵਾ ਦਾ ਪਹਿਲ ਦੇ ਅਧਾਰ 'ਤੇ ਹੱਲ ਕਰਵਾਇਆ ਜਾਵੇਗਾ।ਮੋਗਾ ਵਿਧਾਨ ਸਭਾ ਦੇ ਅੰਦਰ ਨਵੇਂ ਸਕੂਲ ਬਣਾ ਕੇ ਦਿੱਤੇ ਗਏ ਹਨ। ਸ਼ਹਿਰ ਦੇ ਸਾਰੇ ਵਾਰਡਾਂ ਵਿੱਚ ਕਰੋੜਾਂ ਰੁਪਏ ਖਰਚ ਕਰਕੇ ਵਿਕਾਸ ਕਰਵਾਏ ਜਾ ਰਹੇ ਹਨ ਤੇ ਗੁਰੂ ਨਾਨਕ ਮਾਰਕੀਟ ਵਿੱਚ ਵੀ ਦੁਕਾਨਦਾਰਾਂ ਦੀ ਸਮੱਸਿਆ ਦਾ ਪਹਿਲ ਦੇ ਅਧਾਰ 'ਤੇ ਹੱਲ ਕਰਵਾਇਆ ਜਾਵੇਗਾ। ਸੰਦੀਪ ਗਰਗ ਤੇ ਸਮੂਹ ਦੁਕਾਨਦਾਰਾਂ ਨੇ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ, ਮੇਅਰ ਬਲਜੀਤ ਸਿੰਘ ਚਾਨੀ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸ਼ਰਮਾ ਨੂੰ ਸਿਰੋਪਾ ਦੇ ਕੇ ਸਨਮਾਨਤ ਕੀਤਾ।ਇਸ ਮੀਟਿੰਗ ਵਿੱਚ ਸੰਦੀਪ ਗਰਗ, ਵਿਜੇ ਕੁਮਾਰ, ਕਾਮਰੇਡ ਪਿਆਰੇ ਲਾਲ, ਵਿਜੇ, ਕ੍ਰਿਸ਼ਨ ਚੰਦ, ਸੰਜੂ, ਸੰਜੀਵ ਅਰੋੜਾ, ਰਮਨ ਮਾਕੜ, ਦਵਿੰਦਰ ਤਿਵਾੜੀ ਆਦਿ ਮੌਜੂਦ ਸਨ।

## ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟ ਯੂਨੀਅਨ ਦੀ ਜ਼ਿਲ੍ਹਾ ਕਾਰਜਕਾਰੀ ਕਮੇਟੀ ਦੀ ਮੀਟਿੰਗ

### ਫਤਿਹ ਗਰੁੱਪ ਆਫ ਇੰਸਟੀਚਿਊਸ਼ਨਜ਼ ਰਾਮਪੁਰਾ ਵਿਖੇ ਸੂਬਾ ਪੱਧਰੀ ਸੈਮੀਨਾਰ 25 ਨੂੰ



**ਲਹਿਰਾ ਮੁਹੱਬਤ (ਪੱਤਰ ਪ੍ਰੇਰਕ)** ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟ ਯੂਨੀਅਨ ਦੀ ਜ਼ਿਲ੍ਹਾ ਬਾਡੀ ਦੀ ਅਹਿਮ ਮੀਟਿੰਗ ਰਾਜ ਸਵੀਟਸ ਹਾਊਸ ਰਾਮਪੁਰਾ ਫੂਲ ਵਿਖੇ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਪਰਵਿੰਦਰ ਸਿੰਘ ਜੌੜਾ ਦੀ ਅਗਵਾਈ ਹੇਠ ਹੋਈ। ਮੀਟਿੰਗ ਦੌਰਾਨ ਫਤਿਹ ਗਰੁੱਪ ਆਫ ਇੰਸਟੀਚਿਊਸ਼ਨਜ਼ ਰਾਮਪੁਰਾ ਵਿਖੇ 25 ਫਰਵਰੀ (ਮੰਗਲਵਾਰ) ਨੂੰ ਸਵੇਰੇ 11 ਵਜੇ ਕਰਵਾਏ ਜਾ ਰਹੇ ਮੀਡੀਆ ਸਬੰਧੀ ਦ੍ਰਿਸ਼ਟੀਕੋਣ, ਸਮੱਸਿਆਵਾਂ ਤੇ ਜ਼ਿੰਮੇਵਾਰੀਆਂ ਵਿਸ਼ੇ 'ਤੇ ਸੂਬਾ ਪੱਧਰੀ ਸੈਮੀਨਾਰ ਦੀਆਂ ਤਿਆਰੀਆਂ ਸਬੰਧੀ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਦੌਰਾਨ ਜ਼ਿਲ੍ਹਾ ਕਾਰਜਕਾਰੀ ਕਮੇਟੀ ਵੱਲੋਂ ਸੈਮੀਨਾਰ ਨੂੰ ਸਫਲ ਬਣਾਉਣ ਲਈ ਪੱਤਰਕਾਰ ਸਾਥੀਆਂ ਦੀਆਂ ਵੱਖ-ਵੱਖ ਕੰਮਾਂ ਬਾਰੇ ਡਿਊਟੀਆਂ ਲਗਾਈਆਂ ਗਈਆਂ। ਸੈਮੀਨਾਰ ਵਿੱਚ ਮੁੱਖ ਮਹਿਮਾਨ ਡਿਪਟੀ ਕਮਿਸ਼ਨਰ ਬਠਿੰਡਾ ਸ੍ਰੀ ਸ਼ੌਕਤ ਅਹਿਮਦ ਪਰੇ (ਆਈ. ਏ. ਐੱਸ.), ਮੁੱਖ ਬਲਾਰੇ ਵਜੋਂ ਡਾ. ਸਿਮਰਨ ਕੌਰ ਸਿੱਧੂ 'ਸੀਨੀਅਰ ਅਸਿਸਟੈਂਟ ਪ੍ਰੋਫੈਸਰ ਤੇ ਹੈੱਡ ਆਫ ਡਿਪਾਰਟਮੈਂਟ ਜਰਨਲਿਜ਼ਮ ਐਂਡ ਮਾਸ ਕਮਿਊਨੀਕੇਸ਼ਨ ਦੁਆਬਾ ਕਾਲਜ ਜਲੰਧਰ', ਵਿਸ਼ੇਸ਼ ਮਹਿਮਾਨ ਵਜੋਂ ਬਲਵਿੰਦਰ ਜੰਮੂ 'ਕੌਮੀ ਜਨਰਲ ਸਕੱਤਰ ਇੰਡੀਅਨ ਜਰਨਲਿਸਟ ਯੂਨੀਅਨ ਤੇ ਮੈਂਬਰ ਪ੍ਰੈੱਸ ਕੌਂਸਲ ਆਫ ਇੰਡੀਆ', ਪ੍ਰਧਾਨਗੀ ਮੰਡਲ 'ਚ ਬਲਵੀਰ ਸਿੰਘ ਜੰਡੂ ਸੂਬਾ ਪ੍ਰਧਾਨ 'ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟ ਯੂਨੀਅਨ', ਜੈ ਸਿੰਘ ਛਿੱਬਰ 'ਸੂਬਾ ਕਾਰਜਕਾਰੀ ਪ੍ਰਧਾਨ ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟ ਯੂਨੀਅਨ', ਸੰਤੋਖ ਗਿੱਲ 'ਸੂਬਾ ਸਕੱਤਰ ਤੇ ਮਾਲਵਾ ਇੰਚਾਰਜ ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟ ਯੂਨੀਅਨ' ਤੇ ਸੁਖਮੰਦਰ ਸਿੰਘ ਚੱਠਾ 'ਮੈਨੇਜਿੰਗ ਡਾਇਰੈਕਟਰ ਫਤਿਹ ਗਰੁੱਪ ਆਫ ਇੰਸਟੀਚਿਊਸ਼ਨਜ਼ ਰਾਮਪੁਰਾ ਫੂਲ' ਸ਼ਾਮਲ ਹੋਣਗੇ। ਜ਼ਿਲ੍ਹਾ ਪ੍ਰਧਾਨ ਪਰਵਿੰਦਰ ਸਿੰਘ ਜੌੜਾ, ਸੁਖਨੈਬ ਸਿੰਘ ਸਿੱਧੂ ਜਨਰਲ ਸਕੱਤਰ, ਗੁਰਦਰਸ਼ਨ ਸਿੰਘ ਲੁੱਧੜ ਖ਼ਜ਼ਾਨਚੀ, ਨਰਿੰਦਰ ਸਿੰਘ ਧਾਲੀਵਾਲ ਸਰਪ੍ਰਸਤ ਤੇ ਗੁਰਤੇਜ ਸਿੰਘ ਸਿੱਧੂ ਚੇਅਰਮੈਨ ਮਹਿਮਾਨਾਂ ਦਾ ਸੁਆਗਤ ਕਰਨਗੇ।ਮੀਟਿੰਗ ਵਿੱਚ ਕੁਲਦੀਪ ਮਤਵਾਲਾ 'ਸਕੱਤਰ', ਵੀਰਪਾਲ ਭਗਤਾ ਤੇ ਹੁਸ਼ਿਆਰ ਸਿੰਘ ਘਟੌੜਾ 'ਮੀਤ ਪ੍ਰਧਾਨ', ਗੁਰਦਰਸ਼ਨ ਸਿੰਘ ਲੁੱਧੜ 'ਖਜ਼ਾਨਚੀ' ਤੋਂ ਇਲਾਵਾ ਰਾਜਿੰਦਰ ਸਿੰਘ ਮਰਾਹੜ, ਜਸ ਗਰੇਵਾਲ, ਅੰਮ੍ਰਿਤ ਪਾਲ ਸ਼ਰਮਾ, ਭੀਮ ਸੈਨ ਹਦਵਾਰੀਆ, ਮਨਪ੍ਰੀਤ ਸਿੰਘ ਗਿੱਲ, ਹਰਬੰਸ ਸਿੰਘ ਭੋਲਾ, ਵਰਿੰਦਰ ਲੱਕੀ (ਸਾਰੇ ਕਾਰਜਕਾਰਨੀ ਮੈਂਬਰਜ਼) ਤੋਂ ਇਲਾਵਾ ਸੁਖਤੇਜ ਧਾਲੀਵਾਲ, ਧਰਮਪਾਲ ਸਿੰਘ, ਸ਼ਿਵ ਚੰਦਰ ਸ਼ੇਖਰ ਤੇ ਹਰਿੰਦਰ ਹਨੀ ਆਦਿ ਪੱਤਰਕਾਰ ਸਾਥੀ ਸ਼ਾਮਲ ਸਨ।

## ਬਾਬਾ ਮੋਨੀ ਜੀ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਵੱਲੋਂ 7 ਰੋਜ਼ਾ ਕੌਮੀ ਯੋਜਨਾ ਕੈਂਪ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਬਾਬਾ ਮੋਨੀ ਜੀ ਡਿਗਰੀ ਕਾਲਜ ਅਤੇ ਐਜੂਕੇਸ਼ਨ ਕਾਲਜ ਲਹਿਰਾ ਮੁਹੱਬਤ (ਬਠਿੰਡਾ) ਵੱਲੋਂ 7 ਰੋਜ਼ਾ ਕੌਮੀ ਸੇਵਾ ਯੋਜਨਾ ਕੈਂਪ ਲਗਾਇਆ ਗਿਆ। ਕਾਲਜ ਦੇ ਡਾਇਰੈਕਟਰ ਕੇਸਰ ਸਿੰਘ ਧਲੇਵਾ, ਐਮ ਡੀ ਲਖਵੀਰ ਸਿੰਘ ਸਿੱਧੂ ਅਤੇ ਪ੍ਰਸ਼ਾਸਕ ਕੁਲਵੀਰ ਸਿੰਘ ਸਿੱਧੂ ਨੇ ਕੈਂਪ ਦਾ ਉਦਘਾਟਨ ਕੀਤਾ। ਕਾਲਜ ਦੇ ਪ੍ਰਿੰਸੀਪਲ ਪ੍ਰੋ. ਅਮਨਿੰਦਰ ਕੌਰ ਦੀ ਅਗਵਾਈ ਹੇਠ ਲਗਾਏ ਕੈਂਪ ਦੌਰਾਨ ਵਿਦਿਆਰਥਣਾਂ ਨੂੰ ਸਫਾਈ ਦੀ ਮਹੱਤਤਾ ਸੰਬੰਧੀ ਜਾਣੂ ਕਰਵਾਇਆ ਗਿਆ ਅਤੇ ਸੇਵਾ ਭਾਵਨਾ ਨਾਲ ਕੰਮ ਕਰਨ ਦੀ ਪ੍ਰੇਰਨਾ ਦਿੱਤੀ ਗਈ। ਕੈਂਪ ਦੌਰਾਨ 10-10 ਵਿਦਿਆਰਥੀਆਂ ਨੂੰ ਗਰੁੱਪ ਵਿੱਚ ਵੰਡ ਕੇ ਕਾਲਜ ਕੈਂਪਸ ਤੋਂ ਇਲਾਵਾ ਪਿੰਡ ਦੀਆਂ ਗਲੀਆਂ, ਨਾਲੀਆਂ ਅਤੇ ਬਾਬਾ ਮੋਨੀ ਜੀ ਆਸ਼ਰਮ ਲਹਿਰਾ ਧਾਨਾ ਦੀ ਸਫਾਈ ਕੀਤੀ ਗਈ। ਇਸ ਮੌਕੇ ਪ੍ਰਿੰਸੀਪਲ ਵੱਲੋਂ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ ਨਾਲ ਚੰਗੇ ਸਮਾਜ ਦੀ ਉਸਾਰੀ ਲਈ ਸੇਵਾ ਭਾਵਨਾ ਨਾਲ ਕੰਮ ਕਰਨ ਦੀ ਪ੍ਰੇਰਨਾ ਦਿੱਤੀ ਗਈ। ਕੈਂਪ ਦੌਰਾਨ ਵਾਲੰਟੀਅਰਾਂ ਲਈ ਖਾਣੇ ਦਾ ਪ੍ਰਬੰਧ ਕੀਤਾ ਗਿਆ।ਸਮਾਪਤੀ ਮੌਕੇ ਕਾਲਜ ਕੰਪਲੈਕਸ ਵਿੱਚ ਸੱਭਿਆਚਾਰਕ ਪ੍ਰੋਗਰਾਮ ਕਰਵਾਇਆ ਗਿਆ। ਇਸ ਦੌਰਾਨ ਵਿਦਿਆਰਥਣਾਂ ਵੱਲੋਂ ਸੱਭਿਆਚਾਰਕ ਗਤੀਵਿਧੀਆਂ, ਨਾਟਕ, ਗਿੱਧਾ, ਗੀਤ ਅਤੇ ਭਾਸ਼ਣ ਪੇਸ਼ ਕੀਤੇ ਗਏ। ਵਾਲੰਟੀਅਰਾਂ ਨੇ ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਤਨਦੇਹੀ ਨਾਲ ਕੰਮ ਕੀਤਾ। ਕੈਂਪ ਦੌਰਾਨ ਵਧੀਆਂ ਵਾਲੰਟੀਅਰਾਂ ਨੂੰ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ ਮੌਕੇ ਪ੍ਰੋ. ਰੁਪਿੰਦਰ ਸਿੰਘ, ਪ੍ਰੋ. ਕੁਲਦੀਪ ਸਿੰਘ, ਪ੍ਰੋ. ਸੁਖਦੀਪ ਕੌਰ, ਪ੍ਰੋ. ਦਲਜੀਤ ਕੌਰ, ਪ੍ਰੋ. ਰਮਨਦੀਪ ਕੌਰ, ਪ੍ਰੋ. ਮੋਨਿਕਾ ਗਰਗ, ਪ੍ਰੋ. ਲਵਪ੍ਰੀਤ ਕੌਰ, ਪ੍ਰੋ. ਸੁਖਦੀਪ ਕੌਰ (ਪੰਜਾਬੀ), ਪ੍ਰੋ. ਨਵਦੀਪ ਸ਼ਰਮਾ, ਪ੍ਰੋ. ਰੁਚਿਕਾ, ਪ੍ਰੋ. ਅਵਨੀਤ ਕੌਰ ਅਤੇ ਪ੍ਰੋ. ਜਗਪ੍ਰੀਤ ਕੌਰ ਆਦਿ ਸਟਾਫ ਮੈਂਬਰ ਹਾਜ਼ਰ ਸਨ।

## ਦੇਸੀ ਪਿਸਟਲ ਤੇ ਰੌਂਦਾਂ ਸਮੇਤ ਇੱਕ ਗ੍ਰਿਫਤਾਰ



**ਫਰੀਦਕੋਟ (ਐਲਿਗਜੈਂਡਰ ਡਿਸੂਜਾ)**
ਸ੍ਰੀ ਜਸਮੀਤ ਸਿੰਘ ਸਾਹੀਵਾਲ ਐੱਸ ਪੀ (ਇੰਨਵੈਸਟੀਗੇਸ਼ਨ) ਫਰੀਦਕੋਟ ਦੇ ਦਿਸ਼ਾ ਨਿਰਦੇਸ਼ਾ ਤਹਿਤ ਤੇ ਸ੍ਰੀ ਸੁਖਦੀਪ ਸਿੰਘ ਡੀ ਐੱਸ ਪੀ (ਜੈਤੋ) ਦੀਆਂ ਹਦਾਇਤਾਂ ਅਨੁਸਾਰ ਸੀ.ਆਈ.ਏ. ਸਟਾਫ ਜੈਤੋ ਨੇ ਇੱਕ ਵਿਅਕਤੀ ਨੂੰ ਇੱਕ ਦੇਸੀ ਪਿਸਟਲ 32 ਬੋਰ ਤੇ 2 ਜ਼ਿੰਦਾ ਰੌਂਦਾਂ ਸਮੇਤ ਕਾਬੂ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ।ਥਾਣੇਦਾਰ ਗੁਰਲਾਲ ਸਿੰਘ ਇੰਚਾਰਜ ਸੀ.ਆਈ.ਏ. ਜੈਤੋ ਦੀ ਨਿਗਰਾਨੀ ਹੇਠ ਸ:ਥ: ਜਸਵੀਰ ਸਿੰਘ ਪੁਲਸ ਪਾਰਟੀ ਸਮੇਤ ਸ਼ੱਕੀ ਵਿਅਕਤੀਆਂ ਦੀ ਚੈਕਿੰਗ ਦੇ ਸਬੰਧ ਵਿੱਚ ਗਸ਼ਤ ਕਰ ਰਹੇ ਸਨ, ਜਦ ਪੁਲਸ ਪਾਰਟੀ ਸੂਆ ਲਿੰਕ ਰੋਡ ਦਬੜੀਖਾਨਾ ਦੇ ਨਜ਼ਦੀਕ ਪੁੱਜੀ ਤਾਂ ਇੱਕ ਨੌਜਵਾਨ ਪੁਲ ਪਾਸ ਖੜਾ ਦਿਖਾਈ ਦਿੱਤਾ, ਜਿਸ ਨੇ ਪੁਲਸ ਪਾਰਟੀ ਦੀ ਗੱਡੀ ਦੇਖ ਕੇ ਤੇਜ਼ੀ ਨਾਲ ਖਿਸਕਣ ਦੀ ਕੋਸ਼ਿਸ਼ ਕੀਤੀ, ਜਿਸ 'ਤੇ ਪੁਲਸ ਨੇ ਤੁਰੰਤ ਕਾਰਵਾਈ ਕਰਦੇ ਹੋਏ ਉਸ ਨੂੰ ਕਾਬੂ ਕੀਤਾ, ਜਿਸ ਦੀ ਪਹਿਚਾਣ ਹਰਜੀਤ ਸਿੰਘ ਉਰਫ ਹਨੀ ਦਿੱਲੀਵਾਲਾ ਪੁੱਤਰ ਗੁਰਦੀਪ ਸਿੰਘ ਵਾਸੀ ਕਮਰਾ ਪੱਤੀ ਜੈਤੋ, ਜ਼ਿਲ੍ਹਾ ਫਰੀਦਕੋਟ ਵਜੋਂ ਹੋਈ।ਜਦੋਂ ਉਕਤ ਮੁਲਜ਼ਮ ਦੀ ਤਲਾਸ਼ੀ ਕੀਤੀ ਤਾਂ ਉਸ ਪਾਸੋਂ ਇੱਕ ਦੇਸੀ ਪਿਸਟਲ 32 ਬੋਰ ਤੇ ਦੋ ਜ਼ਜੰਦਾ ਰੌਂਦ 32 ਬੋਰ ਬ੍ਰਾਮਦ ਹੋਏ, ਜਿਸ 'ਤੇ ਮੁੱਕਦਮਾ ਨੰਬਰ 14 ਮਿਤੀ 16.2.2025 ਅ/ਧ 25/54/59 ਅਸਲਾ ਐਕਟ ਥਾਣਾ ਜੈਤੋ ਦਰਜ ਰਜਿਸਟਰ ਕਰਕੇ ਦੋਸ਼ੀ ਹਰਜੀਤ ਸਿੰਘ ਉਰਫ ਹਨੀ ਦਿੱਲੀਵਾਲਾ ਨੂੰ ਗ੍ਰਿਫਤਾਰ ਕੀਤਾ ਗਿਆ। ਦੋਸ਼ੀ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਹਾਸਲ ਕਰਕੇ ਹੋਰ ਵੀ ਪੁੱਛਗਿੱਛ ਕੀਤੀ ਜਾਵੇਗੀ।

## ਤਲਵੰਡੀ ਸਾਬੋ ਪਾਵਰ ਲਿਮਟਿਡ ਅੱਗੇ 500 ਮੀਟਰ ਦੇ ਘੇਰੇ ਅੰਦਰ ਧਰਨਾ ਪ੍ਰਦਰਸ਼ਨ 'ਤੇ ਮੁਕੰਮਲ ਰੋਕ

**ਮਾਨਸਾ (ਆਤਮਾ ਸਿੰਘ ਪਮਾਰ)**-ਵਧੀਕ ਜ਼ਿਲ੍ਹਾ ਮੈਜਿਸਟਰੇਟ ਸ੍ਰੀ ਨਿਰਮਲ ਓਸੇਪਚਨ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਦੀ ਧਾਰਾ 163 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਤਲਵੰਡੀ ਸਾਬੋ ਪਾਵਰ ਲਿਮਟਿਡ ਪਿੰਡ ਬਣਾਂਵਾਲੀ ਦੇ ਗੇਟ ਤੋਂ 500 ਮੀਟਰ ਦੇ ਘੇਰੇ ਅੰਦਰ ਧਰਨਾ ਜਾਂ ਰੋਸ ਪ੍ਰਦਰਸ਼ਨ ਕਰਨ 'ਤੇ ਪੂਰਨ ਤੌਰ 'ਤੇ ਪਾਬੰਦੀ ਲਗਾਈ ਹੈ।ਹੁਕਮ ਵਿੱਚ ਉਨ੍ਹਾ ਕਿਹਾ ਕਿ ਸੀਨੀਅਰ ਕਪਤਾਨ ਪੁਲਸ ਵੱਲੋਂ ਪੱਤਰ ਰਾਹੀਂ ਧਿਆਨ ਵਿੱਚ ਲਿਆਂਦਾ ਗਿਆ ਕਿ ਅਕਸਰ ਹੀ ਵੱਖ-ਵੱਖ ਕਿਸਾਨ ਜਾਂ ਮਜ਼ਦੂਰ ਜਥੇਬੰਦੀਆਂ ਵੱਲੋਂ ਆਪਣੀਆਂ ਮੰਗਾਂ ਨੂੰ ਲੈ ਕੇ ਤਲਵੰਡੀ ਸਾਬੋ ਪਾਵਰ ਲਿਮਟਿਡ ਪਿੰਡ ਬਣਾਂਵਾਲੀ ਦੇ ਗੇਟ 'ਤੇ ਰੋਸ ਜਾਂ ਧਰਨਾ ਪ੍ਰਦਰਸ਼ਨ ਕੀਤਾ ਜਾਂਦਾ ਹੈ, ਜਿਸ ਨਾਲ ਉੱਥੇ ਕੰਮ ਕਰਦੇ ਅਧਿਕਾਰੀਆਂ ਤੇ ਕਰਮਚਾਰੀਆਂ ਦੀ ਆਵਾਜਾਈ ਵਿੱਚ ਵਿਘਨ ਪੈਂਦਾ ਹੈ ਅਤੇ ਨਾਲ ਹੀ ਥਰਮਲ ਪਲਾਂਟ ਦਾ ਕੰਮ-ਕਾਜ ਵੀ ਪ੍ਰਭਾਵਿਤ ਹੁੰਦਾ ਹੈ।

ਤਲਵੰਡੀ ਸਾਬੋ ਪਾਵਰ ਲਿਮਟਿਡ ਪੰਜਾਬ ਰਾਜ ਦੇ ਮਹੱਤਵਪੂਰਨ ਥਰਮਲ ਪਲਾਂਟਾਂ ਵਿੱਚੋਂ ਇੱਕ ਹੋਣ ਕਰਕੇ ਭਵਿੱਖ ਵਿੱਚ ਜੇਕਰ ਕਿਸੇ ਵੀ ਜਥੇਬੰਦੀ ਵੱਲੋਂ ਤਲਵੰਡੀ ਸਾਬੋ ਪਾਵਰ ਲਿਮਟਿਡ ਪਿੰਡ ਬਣਾਂਵਾਲੀ ਵਿਖੇ ਰੋਸ ਮੁਜ਼ਾਹਰਾ ਜਾਂ ਧਰਨਾ ਪ੍ਰਦਰਸ਼ਨ ਕਰਨਾ ਹੈ ਤਾਂ ਉਹ ਆਪਣਾ ਰੋਸ ਮੁਜ਼ਾਹਰਾ ਜਾਂ ਧਰਨਾ ਪ੍ਰਦਰਸ਼ਨ ਥਰਮਲ ਪਲਾਂਟ ਤੋਂ 500 ਮੀਟਰ ਦੀ ਦੂਰੀ 'ਤੇ ਹੀ ਕਰਨ ਤਾਂ ਜੋ ਥਰਮਲ ਪਲਾਂਟ ਦਾ ਕੰਮ ਪ੍ਰਭਾਵਿਤ ਨਾ ਹੋ ਸਕੇ।ਇਹ ਹੁਕਮ 31 ਮਾਰਚ 2025 ਤੱਕ ਲਾਗੂ ਰਹੇਗਾ।

## ਡਿੱਗਾ ਪਰਸ ਵਾਪਸ ਕਰਕੇ ਦਿਖਾਈ ਇਮਾਨਦਾਰੀ



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਜੇਕਰ ਕੋਈ ਇਨਸਾਨ ਕਿਸੇ ਦੀ ਗੁਆਚੀ ਹੋਈ ਕੋਈ ਮਹਿੰਗੀ ਵਸਤੂ ਵਾਪਸ ਕਰ ਦਿੰਦਾ ਹੈ ਤਾਂ ਇਹੀ ਕਿਹਾ ਜਾਵੇਗਾ ਕਿ ਇਸ ਦੁਨੀਆ ਵਿੱਚ ਇਮਾਨਦਾਰੀ ਅਜੇ ਵੀ ਜ਼ਿੰਦਾ ਹੈ। ਇਸ ਦੀ ਮਿਸਾਲ ਉਸ ਵਕਤ ਵੇਖਣ ਨੂੰ ਮਿਲੀ ਜਦ ਸ੍ਰੀ ਗੁਰੂ ਰਵਿਦਾਸ ਮੰਦਰ ਕਮੇਟੀ ਦੇ ਪ੍ਰਧਾਨ ਪਵਨ ਕੁਮਾਰ ਕਿਸੇ ਕੰਮ ਦੇ ਸਿਲਸਿਲੇ ਵਿੱਚ ਲੰਬੀ ਰੋਡ ਤੋਂ ਗਿੱਦੜਬਾਹਾ ਸ਼ਹਿਰ ਆ ਰਿਹਾ ਸੀ ਤਾਂ ਲੰਬੀ ਵਾਲੇ ਫਾਟਕ ਦੇ ਨੇੜੇ ਉਸ ਨੂੰ ਸੜਕ 'ਤੇ ਕਿਸੇ ਦਾ ਡਿੱਗਾ ਹੋਇਆ ਪਰਸ ਲੱਭਿਆ, ਜਿਸ ਵਿੱਚ ਤਕਰੀਬਨ 10000 ਰੁਪਏ ਤੋਂ ਇਲਾਵਾ ਏ.ਟੀ.ਐਮ, ਆਧਾਰ ਕਾਰਡ, ਡਰਾਈਵਿੰਗ ਲਾਇਸੰਸ ਅਤੇ ਇਕ ਨਿੱਜੀ ਕੰਪਨੀ ਦਾ ਆਈ ਕਾਰਡ ਸੀ। ਜਿਸ ਨੂੰ ਦੇਖਣ 'ਤੇ ਪਤਾ ਲੱਗਾ ਕਿ ਇਸ ਪਰਸ ਦਾ ਮਾਲਕ ਮਲੋਟ ਦਾ ਰਹਿਣ ਵਾਲਾ ਹੈ। ਆਈ ਕਾਰਡ 'ਤੇ ਲਿਖੇ ਮੋਬਾਈਲ ਨੰਬਰ 'ਤੇ ਫੋਨ ਕਰਕੇ ਉਕਤ ਵਿਅਕਤੀ ਨੂੰ ਸ੍ਰੀ ਗੁਰੂ ਰਵਿਦਾਸ ਮੰਦਰ ਗਿੱਦੜਬਾਹਾ ਵਿਖੇ ਬੁਲਾਇਆ ਅਤੇ ਉਸ ਦਾ ਪਰਸ ਉਸ ਨੂੰ ਵਾਪਸ ਕੀਤਾ ਗਿਆ। ਪਰਸ ਦੇ ਮਾਲਕ ਅਜੇ ਕੁਮਾਰ ਨੇ ਦੱਸਿਆ ਕਿ ਉਹ ਸਮਾਨ ਡਿਲੀਵਰੀ ਕਰਨ ਦਾ ਕੰਮ ਕਰਦਾ ਹੈ ਅਤੇ ਅੱਜ ਉਹ ਸਵੇਰੇ ਜਦੋਂ ਮਲੋਟ ਤੋਂ ਗਿੱਦੜਬਾਹਾ ਦੇ ਲੰਬੀ ਰੋਡ 'ਤੇ ਕਿਸੇ ਦੇ ਘਰ ਸਮਾਨ ਡਿਲੀਵਰੀ ਕਰ ਕੇ ਆਇਆ ਤਾਂ ਰਸਤੇ 'ਚ ਉਸ ਦਾ ਪਰਸ ਡਿਗ ਗਿਆ ਅਤੇ ਉਹ ਆਪਣੇ ਪਰਸ ਦੇ ਭਾਲ ਕਰ ਰਿਹਾ ਸੀ ਤਾਂ ਉਸ ਦੇ ਕੋਲ ਫੋਨ ਆਇਆ ਤੇ ਉਸ ਦਾ ਪਰਸ ਵਾਪਸ ਕੀਤਾ। ਜਿਸ 'ਤੇ ਅਜੇ ਕੁਮਾਰ ਨੇ ਪਵਨ ਕੁਮਾਰ ਦਾ ਧੰਨਵਾਦ ਕੀਤਾ।

## ਸਟੂਡੈਂਟ ਪੁਲਸ ਕੈਡਿਟ ਪ੍ਰੋਜੈਕਟ ਅਧੀਨ ਵਿਦਿਆਰਥੀਆਂ ਦੀ ਵਿਜ਼ਿਟ ਕਰਵਾਈ



**ਸੰਗਰੂਰ (ਪ੍ਰਵੀਨ ਸਿੰਘ)**-ਸੁਤੰਤਰਤਾ ਸੰਗਰਾਮੀ ਹਰਨਾਮ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਛਾਹੜ ਦੇ ਵਿਦਿਆਰਥੀਆਂ ਦੀ ਇੱਕ ਵਿਜ਼ਿਟ ਸਾਂਝ ਕੇਂਦਰ ਛਾਜਲੀ ਅਤੇ ਸੁਨਾਮ ਵਿਖੇ ਕਰਵਾਈ ਗਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਐਸ ਪੀ ਸੀ ਪ੍ਰੋਜੈਕਟ ਸਕੂਲ ਛਾਹੜ ਦੇ ਇੰਚਾਰਜ ਰਾਕੇਸ਼ ਗੁਪਤਾ ਨੇ ਦੱਸਿਆ ਕਿ ਇਹ ਵਿਜ਼ਿਟ ਸਰਕਾਰ ਰਾਹੀਂ ਚਲਾਏ ਜਾ ਰਹੇ ਪ੍ਰੋਜੈਕਟ ਸਟੂਡੈਂਟ ਪੁਲਿਸ ਕੈਡਿਟ ਅਧੀਨ ਕਰਵਾਈ ਗਈ ਹੈ। ਉਨ੍ਹਾਂ ਦੱਸਿਆ ਕਿ ਇਹ ਵਿਜ਼ਿਟ ਪ੍ਰਿੰਸੀਪਲ ਸੁਨੀਤਾ ਰਾਣੀ ਦੇ ਦਿਸ਼ਾ ਨਿਰਦੇਸਾਂ ਅਨੁਸਾਰ ਕਰਵਾਈ ਗਈ। ਸ੍ਰੀ ਗੁਪਤਾ ਨੇ ਦੱਸਿਆ ਕਿ ਇਸ ਵਿਜ਼ਿਟ ਦੌਰਾਨ ਪੁਲਿਸ ਸਟੇਸ਼ਨ ਛਾਜਲੀ ਦੇ ਐਸ ਐਚ ਓ ਗੁਰਮੀਤ ਸਿੰਘ ਵੱਲੋਂ ਵਿਦਿਆਰਥੀਆਂ ਨੂੰ ਪੁਲਿਸ ਪ੍ਰਸ਼ਾਸਨ ਦੁਆਰਾ ਦਿੱਤੀਆਂ ਜਾਂਦੀਆਂ ਸੇਵਾਵਾਂ ਬਾਰੇ ਜਾਣੂ ਕਰਵਾਇਆ ਗਿਆ। ਇਸ ਮੌਕੇ ਮੈਡਮ ਗਗਨਪ੍ਰੀਤ ਕੌਰ ਦੁਆਰਾ ਵਿਦਿਆਰਥੀਆਂ ਨੂੰ "ਗੁੱਡ ਟਚ ਅਤੇ ਬੈਡ ਟਚ" ਸੰਬੰਧੀ ਵੀ ਜਾਣਕਾਰੀ ਦਿੱਤੀ। ਇਸ ਵਿਜ਼ਟ ਦੌਰਾਨ ਸਾਂਝ ਕੇਂਦਰ ਛਾਜਲੀ ਦੇ ਇੰਚਾਰਜ ਸੁਖਚੈਨ ਸਿੰਘ ਅਤੇ ਮੁੱਖ ਮੁਨਸ਼ੀ ਸਵਿੰਦਰ ਸਿੰਘ ਜੀ ਦੁਆਰਾ ਵਿਦਿਆਰਥੀਆਂ ਨੂੰ ਪੜ੍ਹਾਈ ਵੱਲ ਧਿਆਨ ਦੇਣ ਦੇ ਨਾਲ ਨਾਲ ਸਾਂਝ ਕੇਂਦਰ ਰਾਹੀਂ ਦਿੱਤੀਆਂ ਜਾਂਦੀਆਂ ਸੇਵਾਵਾਂ ਸੰਬੰਧੀ ਵੀ ਜਾਣਕਾਰੀ ਦਿੱਤੀ। ਇਸੇ ਤਰ੍ਹਾਂ ਸੁਨਾਮ ਸਾਂਝ ਕੇਂਦਰ ਕਮ-ਪੁਲਿਸ ਸਟੇਸ਼ਨ ਵਿਖੇ ਹਰਪਾਲ ਸਿੰਘ ਇੰਚਾਰਜ ਕੇਂਦਰ ਲਹਿਰਾ, ਸੁਖਵਿੰਦਰ ਸਿੰਘ ਇੰਚਾਰਜ ਸਾਂਝ ਕੇਂਦਰ ਸੁਨਾਮ, ਟ੍ਰੈਫ਼ਿਕ ਇੰਚਾਰਜ ਨਿਰਭੈ ਸਿੰਘ ਅਤੇ ਪੰਕਜ ਅਰੋੜਾ ਟ੍ਰੈਫ਼ਿਕ ਮਾਰਸ਼ਲ ਸੁਨਾਮ ਜੀ ਵੱਲੋਂ ਵਿਦਿਆਰਥੀਆਂ ਨੂੰ ਟ੍ਰੈਫ਼ਿਕ ਨਿਯਮਾਂ, ਐਫ.ਆਈ.ਆਰ ਆਦਿ ਸਬੰਧੀ ਵਿਸਥਾਰ ਸਹਿਤ ਜਾਣਕਾਰੀ ਦਿੱਤੀ। ਇਸ ਮੌਕੇ ਐਸ.ਪੀ.ਸੀ. ਪ੍ਰੋਜੈਕਟ ਸਕੂਲ ਛਾਹੜ ਦੇ ਇੰਚਾਰਜ ਰਾਕੇਸ਼ ਗੁਪਤਾ, ਮੈਡਮ ਰਜਨੀ ਬਾਲਾ ਅਤੇ ਕੈਂਪਸ ਦੇ ਮੈਨੇਜਰ ਰਾਜਿੰਦਰ ਸਿੰਘ ਆਦਿ ਹਾਜ਼ਰ ਸਨ।

## ਪ੍ਰਾਪਰਟੀ ਡੀਲਰਜ਼ ਤੇ ਇਨਵੈਂਸਟਰ ਮੀਟ ਕਰਵਾਈ



**ਬਠਿੰਡਾ (ਪਰਵਿੰਦਰ ਜੀਤ ਸਿੰਘ)**
ਬਠਿੰਡਾ-ਮਾਨਸਾ ਮੁੱਖ ਮਾਰਗ 'ਤੇ ਸਥਿਤ ਮਿੱਤਲ ਗਰੁੱਪ ਦੀ ਰਿਹਾਇਸ਼ੀ ਕਾਲੋਨੀ ਸ਼ੁਸਾਂਤ ਸਿਟੀ ਟੂ ਵਿਖੇ ਵਿਸ਼ੇਸ਼ ਤੌਰ 'ਤੇ ਡੀਲਰ ਅਤੇ ਇਨਵੈਂਸਟਰ ਮੀਟ ਕਰਵਾਈ ਗਈ, ਜਿਸ 'ਚ ਵੱਡੀ ਗਿਣਤੀ ਦੇ ਪ੍ਰਾਪਰਟੀ ਡੀਲਰਜ਼ ਅਤੇ ਇਨਵੈਂਸਟਰ ਤੋਂ ਇਲਾਵਾ ਆਸ ਪਾਸ ਦੇ ਰਿਹਾਇਸ਼ੀ ਖੇਤਰ ਦੇ ਲੋਕਾਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ ਗਿਆ।ਇਸ ਮੌਕੇ ਮੈਨੇਜਮੈਂਟ ਵੱਲੋਂ ਕਈ ਚੰਗੀਆਂ ਯੋਜਵਾਨਾਂ ਗ੍ਰਾਹਕਾਂ ਲਈ ਜਾਰੀ ਕੀਤੀਆਂ ਗਈਆਂ, ਜਿਨ੍ਹਾਂ ਨੂੰ ਕਾਫੀ ਪ੍ਰਸੰਦ ਕੀਤਾ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਸ਼ੁਸਾਂਤ ਸਿਟੀ ਟੂ ਦੇ ਏ ਜੀ ਐਮ ਸੰਦੀਪ ਠੁਕਰਾਲ ਵੱਲੋਂ ਇਕੱਤਰ ਲੋਕਾਂ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਕੰਪਨੀ ਨੇ ਵਿਸ਼ੇਸ਼ ਸਕੀਮ ਵੀ ਗ੍ਰਾਹਕਾਂ ਲਈ ਜਾਰੀ ਕੀਤੀ। ਉਨ੍ਹਾਂ ਦੱਸਿਆ ਕਿ ਰਿਹਾਇਸ਼ੀ ਕਾਲੋਨੀ ਸ਼ੁਸਾਂਤ ਸਿਟੀ ਟੂ ਵਿਖੇ ਗ੍ਰਾਹਕਾਂ ਲਈ 266 ਗਜ, 308, 409 ਅਤੇ 527 ਗਜ ਦੇ ਰਿਹਾਇਸ਼ੀ ਪਲਾਂਟ ਮੌਜੂਦ ਹਨ ਅਤੇ ਇਸ ਤੋਂ ਇਲਾਵਾ ਇੰਡੀਪੈਂਡਿੰਗ ਵਿੱਲਾ ਤੋਂ ਇਲਾਵਾ ਐਸੀਸੀਓ ਵੀ ਮੌਜੂਦ ਹਨ। ਉਨ੍ਹਾਂ ਦੱਸਿਆ ਕਿ ਇਸ ਹਰੀ ਭਰੀ ਰਿਹਾਇਸ਼ੀ ਕਾਲੋਨੀ 'ਚ ਪਹਿਲਾਂ ਹੀ 15 ਖ਼ੂਬਸੂਰਤ ਪਾਰਕ ਮੌਜੂਦ ਹਨ, ਜਿਨ੍ਹਾਂ 'ਚ ਝੂਲੇ ਵਗੈਰਾ ਲੱਗੇ ਹਨ। ਇਸ ਮੌਕੇ ਮਿੱਤਲ ਗਰੁੱਪ ਦੇ ਹੋਰ ਪ੍ਰੋਜੈਕਟ ਜਿਵੇ ਸ਼ੀਸ਼ ਮਹਿਲ ਸਕਾਈ ਲਾਈਨ, ਸੀਸ ਮਹਿਲ ਹਾਈਟਸ ਨਾਲ ਸਬੰਧਤ ਹੋਰ ਕਈ ਪ੍ਰੋਜੈਕਟਾਂ ਦੀ ਵਿਸ਼ੇਸ਼ ਜਾਣਕਾਰੀ ਦਿੰਦੇ ਕਾਊਂਟਰ ਵੀ ਲਗਾਏ ਗਏ।ਇਸ ਮੌਕੇ ਮੌਜੂਦ ਗਰੁੱਪ ਦੇ ਪ੍ਰੋਜੈਕਟ ਜਨਰਲ ਮੈਨੇਜਰ ਤਰੁਣ ਬਹਿਲ ਵੱਲੋਂ ਵੀ ਆਪਣੇ ਰਿਹਾਇਸ਼ੀ ਪ੍ਰੋਜੈਕਟਾਂ ਦੇ ਅੰਦਰ ਮਿਲਦੀਆਂ ਸਹੂਲਤਾਂ ਸਬੰਧੀ ਜਾਣੂੰ ਕਰਵਾਇਆ। ਇਸ ਪੂਰੇ ਪ੍ਰੋਗਰਾਮ ਦੌਰਾਨ ਜਿਥੇ ਮਿਊਜੀਕਲ ਪ੍ਰੋਗਰਾਮ ਦਾ ਲੋਕਾਂ ਨੇ ਆਨੰਦ ਮਾਣਿਆ, ਉਥੇ ਹੀ ਵਿਸ਼ੇਸ਼ ਤੌਰ 'ਤੇ ਰਿਫੈਂਰਸਮੈਂਟ ਦਾ ਵੀ ਵਿਸ਼ੇਸ਼ ਪ੍ਰਬੰਧ ਕੀਤਾ ਗਿਆ। ਸਮਾਗਮ ਦੌਰਾਨ ਡੀ ਜੀ ਐਮ ਆਰ ਕੇ ਸ਼ਰਮਾ, ਏ ਜੀ ਐਮ ਦੀਪਕ ਬਾਂਸਲ , ਨਰੇਸ਼ ਕੁਮਾਰ, ਜਗਦੀਪ ਸਿੰਘ ਤੋਂ ਇਲਾਵਾ ਰੈਜੀਡੈਂਸ਼ਲ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਨਿਰਮਲ ਸਿੰਘ ਸਮੇਤ ਹੋਰ ਮੋਹਤਵਰ ਲੋਕ ਵੀ ਮੌਜੂਦ ਸਨ।

## ਕੈਬਨਿਟ ਮੰਤਰੀ ਬਰਿੰਦਰ ਗੋਇਲ ਨੇ ਕੀਤਾ 'ਪਹਿਲ ਹੌਜ਼ਰੀ' ਦਾ ਉਦਘਾਟਨ



**ਸੰਗਰੂਰ (ਪ੍ਰਵੀਨ ਸਿੰਘ)**-ਪੰਜਾਬ ਦੇ ਕੈਬਨਿਟ ਮੰਤਰੀ ਐਡਵੋਕੇਟ ਬਰਿੰਦਰ ਕੁਮਾਰ ਗੋਇਲ ਨੇ ਅੱਜ ਮੂਨਕ ਸਬ ਡਵੀਜ਼ਨ ਦੇ ਪਿੰਡ ਹਮੀਰਗੜ੍ਹ ਵਿਖੇ ਜ਼ਿਲ੍ਹਾ ਪ੍ਰਸ਼ਾਸਨ ਸੰਗਰੂਰ ਵੱਲੋਂ ਸਥਾਪਿਤ ਕੀਤੀ ਗਈ ਪਹਿਲ ਹੌਜ਼ਰੀ ਦਾ ਉਦਘਾਟਨ ਕੀਤਾ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਮਹਿਲਾ ਸਸ਼ਕਤੀਕਰਨ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ ਅਤੇ ਪਿੰਡਾਂ ਵਿੱਚ ਔਰਤਾਂ ਦਾ ਵਿੱਤੀ ਪੱਧਰ ਉੱਚਾ ਚੁੱਕਣ ਲਈ ਪੰਜਾਬ ਰਾਜ ਦਿਹਾਤੀ ਆਜੀਵਿਕਾ ਮਿਸ਼ਨ ਤਹਿਤ ਚਲਾਏ ਜਾ ਰਹੇ ਸਵੈ ਸਹਾਇਤਾ ਸਮੂਹ ਲੋੜਵੰਦ ਪਰਿਵਾਰਾਂ ਲਈ ਵਰਦਾਨ ਸਾਬਤ ਹੋ ਰਹੇ ਹਨ।ਸ੍ਰੀ ਬਰਿੰਦਰ ਕੁਮਾਰ ਗੋਇਲ ਨੇ ਕਿਹਾ ਕਿ ਇਸ ਤੋਂ ਪਹਿਲਾਂ ਸੰਗਰੂਰ ਜ਼ਿਲ੍ਹੇ ਵਿੱਚ ਦੋ ਪਹਿਲ ਹੌਜ਼ਰੀਆਂ ਸਫਲਤਾਪੂਰਵਕ ਚੱਲ ਰਹੀਆਂ ਹਨ ਅਤੇ ਇਹ ਤੀਜੀ ਹੌਜ਼ਰੀ ਵੀ ਲੱਗਭਗ 400 ਪੇਂਡੂ ਔਰਤਾਂ ਨੂੰ ਸਵੈ ਰੁਜ਼ਗਾਰ ਦੇ ਸਮਰੱਥ ਬਣਾਉਣ ਵਿੱਚ ਸਫਲ ਸਾਬਤ ਹੋਵੇਗੀ। ਉਨ੍ਹਾਂ ਦੱਸਿਆ ਕਿ ਇਸ ਹੌਜ਼ਰੀ ਰਾਹੀਂ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਦੀਆਂ ਵਰਦੀਆਂ ਤਿਆਰ ਕਰਵਾਈਆਂ ਜਾਣਗੀਆਂ। ਸ੍ਰੀ ਗੋਇਲ ਨੇ ਕਿਹਾ ਕਿ ਪਿੰਡਾਂ ਦੀਆਂ ਮਹਿਲਾਵਾਂ ਸਿਲਾਈ, ਕਢਾਈ ਦੇ ਖੇਤਰ ਵਿੱਚ ਚੰਗੀ ਮੁਹਾਰਤ ਰੱਖਦੀਆਂ ਹਨ ਅਤੇ ਜਦੋਂ ਉਹ ਆਪਣੇ ਘਰਾਂ ਵਿੱਚ ਰਹਿੰਦੇ ਹੋਏ ਹੀ ਇਸ ਹੌਜ਼ਰੀ ਲਈ ਸਿਲਾਈ ਸੇਵਾਵਾਂ ਪ੍ਰਦਾਨ ਕਰਦੇ ਹੋਏ ਵਿੱਤੀ ਲਾਭ ਹਾਸਲ ਕਰਨਗੀਆਂ ਤਾਂ ਇਨ੍ਹਾਂ ਔਰਤਾਂ ਦਾ ਮਨੋਬਲ ਵਧੇਗਾ ਤੇ ਆਪਣੀ ਜ਼ਿੰਮੇਵਾਰੀ ਨੂੰ ਹੋਰ ਵੀ ਤਨਦੇਹੀ ਨਾਲ ਨਿਭਾਉਣਗੀਆਂ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸੁਖਚੈਨ ਸਿੰਘ ਪਾਪੜਾ ਨੇ ਦੱਸਿਆ ਕਿ 'ਪਹਿਲ ਹੌਜ਼ਰੀ' ਨੂੰ ਲੋੜੀਂਦੀ ਮਸ਼ੀਨਰੀ ਪ੍ਰਸ਼ਾਸਨਿਕ ਸਹਿਯੋਗ ਨਾਲ ਮੁਹੱਈਆ ਕਰਵਾਈ ਗਈ ਹੈ ਅਤੇ ਮਹਿਲਾਵਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਨਿਰੰਤਰ ਅਜਿਹੇ ਹੋਰ ਯਤਨਾਂ ਨੂੰ ਅਮਲੀ ਜਾਮਾ ਪਹਿਨਾਇਆ ਜਾਵੇਗਾ।ਇਸ ਮੌਕੇ ਪੀ.ਏ ਰਾਕੇਸ਼ ਕੁਮਾਰ ਗੁਪਤਾ, ਪਰਮਪਾਲ ਸਿੰਘ ਸਾਬਕਾ ਚੇਅਰਮੈਨ, ਜਸਪਾਲ ਸਿੰਘ, ਸਤੀਸ਼ ਕੁਮਾਰ, ਮਿਠੂ ਸੈਣੀ, ਰਿੰਕੂ ਸਿੰਘ ਸਮੇਤ ਹੋਰ ਅਧਿਕਾਰੀ ਅਤੇ ਆਗੂ ਵੀ ਹਾਜ਼ਰ ਸਨ।

## ਰਾਜ ਪੁਰਸਕਾਰਾਂ ਲਈ ਅਰਜ਼ੀਆਂ ਦੀ ਮੰਗ 10 ਮਾਰਚ ਤੱਕ : ਪ੍ਰੋ. ਭੋਲਾ ਯਮਲਾ



**ਮੁਕਤਸਰ (ਸ਼ਮਿੰਦਰਪਾਲ, ਪੂਜਾ)**-'ਇੰਡਕ ਆਰਟਸ ਵੈਲਫ਼ੇਅਰ ਕੌਂਸਲ ਇੰਡੀਆ' ਅਤੇ 'ਰਿਦਮ ਇੰਸੀਚਿਊਟ ਆਫ਼ ਪਰਫਾਰਮਿੰਗ ਆਰਟਸ' ਸ੍ਰੀ ਮੁਕਤਸਰ ਸਾਹਿਬ ਤੇ ਅਸ਼ੋਕ ਵਿੱਕੀ ਫੋਟੋ ਗੈਲਰੀ ਕੋਟਕਪੂਰਾ ਵੱਲੋਂ 'ਦ ਸਕੋਅਰ ਵਰਲਡ ਟਰੇਡ' ਦੇ ਵਿਸ਼ੇਸ਼ ਸਹਿਯੋਗ ਨਾਲ ਸੰਸਥਾ ਦੇ ਬਾਨੀ ਚੇਅਰਮੈਨ ਪ੍ਰੋ ਭੋਲਾ ਯਮਲਾ (ਵਿਸ਼ਵ ਰਿਕਾਰਡੀ ਅਤੇ ਸਟੇਟ ਐਵਾਰਡੀ) ਦੀ ਯੋਗ ਅਗਵਾਈ ਹੇਠ ਕਰਵਾਏ ਜਾ ਰਹੇ 18ਵਾਂ ਰਾਜ ਪੱਧਰੀ ਰਾਜ ਪੁਰਸਕਾਰ ਸਮਾਰੋਹ ਦੀਆਂ ਤਿਆਰੀਆਂ ਸੰਬੰਧੀ ਇੱਕ ਅਹਿਮ ਮੀਟਿੰਗ ਰਿਦਮ ਇੰਸਟੀਚਿਊਟ ਸ੍ਰੀ ਮੁਕਤਸਰ ਸਾਹਿਬ ਵਿਖੇ ਹੋਈ। ਇਸ ਦੌਰਾਨ ਪ੍ਰੋਫੈਸਰ ਬਾਈ ਭੋਲਾ ਯਮਲਾ ਨੇ ਦੱਸਿਆ ਕਿ 18ਵੇਂ ਰਾਜ ਪੁਰਸਕਾਰਾਂ ਲਈ ਨਾਮਜਦਗੀ ਅਰਜ਼ੀਆਂ ਦੀ ਮੰਗ 10 ਮਾਰਚ 2025 ਤੱਕ ਕੀਤੀ ਜਾ ਰਹੀ ਹੈ। ਮੁੱਖ ਪ੍ਰਬੰਧਕ ਅਸ਼ੋਕ ਵਿੱਕੀ ਨੇ ਦੱਸਿਆ ਕਿ ਸੰਗੀਤ, ਸਾਹਿਤ, ਸੱਭਿਆਚਾਰ,ਸਿੱਖਿਆ, ਖੇਡਾਂ, ਮੈਡੀਕਲ ਅਤੇ ਸਮਾਜ ਸੇਵਾ ਤੇ ਹੋਰ ਵੱਖ-ਵੱਖ ਖੇਤਰਾਂ ਵਿੱਚ ਵੱਡਮੁੱਲਾ ਯੋਗਦਾਨ ਪਾਉਣ ਵਾਲੀਆਂ ਸ਼ਖਸ਼ੀਅਤਾਂ ਮਿਤੀ 10 ਮਾਰਚ 2025 ਤੱਕ ਆਪਣੀਆਂ ਅਰਜੀਆਂ ਪੂਰੇ ਵੇਰਵੇ ਸਹਿਤ ਭੇਜ ਸਕਦੀਆਂ ਹਨ। ਇਸ ਰਾਜ ਪੱਧਰੀ ਸਮਾਗਮ ਮੌਕੇ 'ਦ ਸਕੋਰ ਵਰਲਡ ਟਰੇਡ' ਦੇ ਮੈਨੇਜਿੰਗ ਡਾਇਰੈਕਟਰ ਅਨੀਰੁੱਧ ਦਲਵੀ, ਪ੍ਰਸਿੱਧ ਬੁਲਾਰੇ ਤੇ ਸਮਾਜ ਸੇਵੀ ਜਸਵੰਤ ਸਿੰਘ ਜੱਸੀ ਬਤੌਰ ਮੁੱਖ ਮਹਿਮਾਨ ਸ਼ਿਰਕਤ ਕਰਨਗੇ। ਇਸ ਮੀਟਿੰਗ ਵਿੱਚ ਕਾਰਜਕਾਰੀ ਕਮੇਟੀ ਦੇ ਮੈਂਬਰ ਰਿਧਮਜੀਤ, ਰੇਸ਼ਮ ਸਿੰਘ, ਮਨੋਹਰ ਸਿੰਘ ਧਾਰੀਵਾਲ, ਅਮਰਜੀਤ ਰੁਪਾਣਾ, ਵਿਜੈ ਕਟਾਰੀਆ, ਪੱਤਰਕਾਰ ਐਚ ਐਸ ਕਪੂਰ, ਸ਼ਰਨਜੀਤ ਸਿੰਘ ਕਾਲਾ, ਚਮਕੌਰ ਸਿੰਘ ਥਾਂਦੇਵਾਲਾ, ਹਰਮੀਤ ਸਿੰਘ ਦੂਹੇਵਾਲਾ, ਸੁਖਦੇਵ ਸਿੰਘ ਸਾਗਰ, ਵਿਕਰਮ ਵਿੱਕੀ, ਕ੍ਰਿਸ਼ਨ ਮਿੱਡਾ ਮੁਕਤਸਰ, ਗੈਰੀ ਗੁਰੂ ਬਠਿੰਡਾ, ਹਰਪਿੰਦਰ ਮੋਹੀ, ਲਖਵਿੰਦਰ ਬੁੱਗਾ, ਸਨੀ ਸਿੱਧੂ, ਅਸ਼ੀਸ਼, ਗੁਰਪ੍ਰੀਤ ਸਿੰਘ ਪੁੰਨੀ, ਨਿੰਦਰ ਸਿੰਘ ਭੂੰਦੜ, ਸਤਵੀਰ ਚਾਹਿਲ, ਇਕਬਾਲਜੀਤ ਤੇ ਗੀਤਕਾਰ ਪਰਗਟ ਸਿੰਘ ਸੰਧੂ ਮਰਾੜ ਹਾਜ਼ਰ ਸਨ।

## ਅਮਰੀਕਾ ਤੋਂ ਡਿਪੋਰਟ ਭਾਰਤੀਆਂ ਨਾਲ ਅਣ-ਮਨੁੱਖੀ ਵਿਵਹਾਰ ਅਤਿ ਨਿੰਦਣਯੋਗ : ਕੁਲਤਾਰ ਸੰਧਵਾਂ

**ਕੋਟਕਪੂਰਾ (ਰਛਪਾਲ ਭੁੱਲਰ)**-ਸਪੀਕਰ ਪੰਜਾਬ ਵਿਧਾਨ ਸਭਾ ਕੁਲਤਾਰ ਸਿੰਘ ਸੰਧਵਾਂ ਨੇ ਪ੍ਰੈੱਸ ਬਿਆਨ ਵਿੱਚ ਕਿਹਾ ਕਿ ਅਮਰੀਕਾ ਤੋਂ ਡੀਪੋਰਟ ਕੀਤੇ ਗਏ ਭਾਰਤੀਆਂ ਨਾਲ ਅਣਮਨੁੱਖੀ ਵਿਵਹਾਰ ਹਥਕੜੀਆਂ ਬੇੜੀਆਂ ਤੋਂ ਇਲਾਵਾ ਸਿੱਖ ਨੌਜਵਾਨਾਂ ਨੂੰ ਦਸਤਾਰ ਸਜਾਉਣ ਦੀ ਆਗਿਆ ਨਾ ਦੇਣ ਦੀ ਹਰਕਤ ਦੀ ਜਿੰਨੀ ਵੀ ਨਿੰਦਾ ਕੀਤੀ ਜਾਵੇ, ਉਨੀ ਹੀ ਘੱਟ ਹੈ, ਨੌਜਵਾਨਾਂ ਨੂੰ ਵੀ ਅਪੀਲ ਹੈ ਕਿ ਦੇਸ਼ ਪੰਜਾਬ ਦੀ ਜਰਖੇਜ਼ ਧਰਤੀ ਛੱਡ ਕੇ ਪੰਜਾਹ ਪੰਜਾਹ ਲੱਖ, ਕਰੋੜ ਕਰੋੜ ਰੁਪਏ ਲਗਾ ਕੇ, ਜਾਨ ਖਤਰੇ ਵਿੱਚ ਪਾ ਕੇ ਵਿਦੇਸ਼ਾਂ ਵਿੱਚ ਜਾ ਕੇ ਨੌਕਰ ਲੱਗਣ ਦੀ ਬਜਾਏ ਆਪਣੇ ਦੇਸ਼ ਵਿੱਚ ਹੀ ਰਹਿ ਕੇ ਕਿੱਤਾ ਮੁਖੀ ਸਿਖਲਾਈ ਲੈ ਕੇ ਨੌਕਰੀਆਂ ਦੇਣ ਵਾਲੇ ਬਣੀਏ, ਕੰਪਿਊਟਰ ਹਾਰਡਵੇਅਰ, ਸਾਫਟਵੇਅਰ, ਇਲੈਕਟਰੀਸ਼ੀਅਨ, ਡਰਾਫਟਸਮੈਨ, ਮੋਬਾਇਲ ਰਿਪੇਅਰ, ਆਰਟ ਐਂਡ ਕਰਾਫਟ, ਜੁਵੈਲਰੀ ਡਿਜ਼ਾਇਨ, ਆਟੋਮੋਬਾਇਲ ਟੈਸਟਿੰਗ ਐਂਡ ਰਿਪੇਅਰ, ਟੂਲ ਐਂਡ ਡਾਈ, ਮਲਟੀ ਮੀਡੀਆ, ਫੋਟੋਗ੍ਰਾਫੀ, ਇੰਨਟੀਰੀਅਰ ਡਿਜ਼ਾਇਨਿੰਗ, ਬਿਊਟੀਸ਼ੀਅਨ, ਫੈਸ਼ਨ ਡਿਜ਼ਾਇਨਿੰਗ, ਕਟਿੰਗ ਐਂਡ ਟੇਲਰਿੰਗ, ਕੈਡ-ਕੈਮ, ਟੂਰਿਜ਼ਮ ਐਂਡ ਹਾਸਪਿਟੈਲਿਟੀ, ਮੈਡੀਕਲ ਐਂਡ ਹੈਲਥ ਕੇਅਰ ਆਦਿ ਬਹੁਤ ਤਰ੍ਹਾਂ ਦੇ ਕੋਰਸ ਕਰਕੇ ਤੁਸੀਂ ਆਪਣੇ ਦੇਸ਼ ਰਹਿੰਦਿਆਂ ਵਧੀਆ ਜੀਵਨ ਨਿਰਬਾਹ ਕਰ ਸਕਦੇ ਹੋ।

## ਅਮਰਨਾਥ ਯਾਤਰਾ ਭੰਡਾਰਾ ਆਰਗੇਨਾਈਜ਼ੇਸ਼ਨ ਦਾ ਪ੍ਰਤੀਨਿਧੀ ਮੰਡਲ ਜੰਮੂ-ਕਸ਼ਮੀਰ ਦੇ ਉਪ ਰਾਜਪਾਲ ਨੂੰ ਮਿਲਿਆ

### ਅਮਰਨਾਥ ਯਾਤਰਾ ਲਈ ਲੰਗਰ ਲਗਾਉਣ ਦੀ ਤਿਆਰੀ ਸ਼ੁਰੂ : ਅਮਰ ਗੋਇਲ



**ਸਮਾਣਾ (ਗੁਰਪਿਆਰ ਸਿੰਘ ਬੱਲ)**
ਸ਼ਿਵ ਲੰਗਰ ਕਮੇਟੀ (ਰਜਿ.) ਸਮਾਣਾ ਦੇ ਪ੍ਰਧਾਨ ਅਮਰ ਗੋਇਲ ਨੇ ਦੱਸਿਆ ਕਿ ਜੂਨ 2025 ਤੋਂ ਸ਼ੁਰੂ ਹੋਣ ਵਾਲੀ ਸ੍ਰੀ ਅਮਰਨਾਥ ਜੀ ਦੀ ਯਾਤਰਾ ਦੇ ਰਸਤਾ ਉੱਤੇ ਲੰਗਰ ਲਗਾਉਣ ਲਈ ਹੁਣ ਤੋਂ ਹੀ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ।ਇਸ ਦੇ ਲਈ ਦੇਸ਼ ਭਰ ਤੋਂ ਲੰਗਰ ਕਮੇਟੀਆਂ ਵੱਲੋਂ ਬਣਾਈ ਗਈ ਸੰਸਥਾ ਸ੍ਰੀ ਅਮਰਨਾਥ ਯਾਤਰਾ ਭੰਡਾਰਾ ਆਰਗੇਨਾਈਜ਼ੇਸ਼ਨ ਦੇ ਪ੍ਰਤਿਨਿਧੀ ਮੰਡਲ ਨੇ ਜੰਮੂ-ਕਸ਼ਮੀਰ ਦੇ ਉਪ-ਰਾਜਪਾਲ ਮਨੋਜ ਸਿਨ੍ਹਾ ਨਾਲ ਇੱਕ ਬੈਠਕ ਕੀਤੀ।ਇਸ ਬੈਠਕ ਵਿੱਚ ਯਾਤਰਾ ਸਬੰਧੀ ਤੇ ਯਾਤਰਾ ਰਸਤੇ 'ਤੇ ਲੰਗਰ ਲਗਾਉਣ ਸਬੰਧੀ ਵਿਚਾਰ ਚਰਚਾ ਕੀਤੀ ਗਈ।ਅਮਰ ਗੋਇਲ ਨੇ ਦੱਸਿਆ ਕਿ ਭੰਡਾਰਾ ਆਰਗਨਾਈਜ਼ੇਸ਼ਨ ਨੇ ਉਪ-ਰਾਜਪਾਲ ਨੂੰ ਹਰ ਸਾਲ ਆ ਰਹੀਆਂ ਮੁਸ਼ਕਲਾਂ ਸਬੰਧੀ ਦੱਸਿਆ ਤੇ ਮੰਗ ਕੀਤੀ ਕਿ ਇਸ ਵਾਰ ਲੰਗਰ ਕਮੇਟੀਆਂ ਨੂੰ ਲੰਗਰ ਤੱਕ ਸਾਮਾਨ ਪਹੁੰਚਾਉਣ ਲਈ ਇੱਕ ਗੱਡੀ ਲੰਗਰ ਸਥਾਨ ਤੱਕ ਜਾਣ ਦੀ ਇਜਾਜ਼ਤ ਪ੍ਰਦਾਨ ਕੀਤੀ ਜਾਵੇ।75 ਸਾਲ ਦੇ ਉਮਰ ਤੱਕ ਦੇ ਵਿਅਕਤੀਆਂ ਨੂੰ ਵੀ ਸ੍ਰੀ ਅਮਰਨਾਥ ਜੀ ਦੇ ਦਰਸ਼ਨ ਕਰਨ ਲਈ ਇਜਾਜ਼ਤ ਦਿੱਤੀ ਜਾਵੇ।

ਇਸ ਬੈਠਕ ਵਿੱਚ ਜੰਮੂ ਕਸ਼ਮੀਰ ਦੇ ਉਪ-ਰਾਜਪਾਲ ਮਨੋਜ ਸਿਨ੍ਹਾ ਨੇ ਸ੍ਰੀ ਅਮਰਨਾਥ ਯਾਤਰਾ ਭੰਡਾਰਾ ਆਰਗੇਨਾਈਜ਼ੇਸ਼ਨ ਨੂੰ ਵਿਸ਼ਵਾਸ ਦਿਵਾਇਆ ਕਿ ਇਸ ਵਾਰ ਲੰਗਰ ਕਮੇਟੀਆਂ ਨੂੰ ਕਿਸੇ ਵੀ ਮੁਸ਼ਕਲ ਦਾ ਸਾਮਣਾ ਨਹੀਂ ਕਰਨਾ ਪਵੇਗਾ।ਉਨ੍ਹਾਂ ਦੀਆਂ ਸਾਰੀਆਂ ਮੰਗਾਂ ਨੂੰ ਪੂਰਾ ਕੀਤਾ ਜਾਵੇਗਾ।ਸ੍ਰੀ ਸਿਨ੍ਹਾ ਨੇ ਭੰਡਾਰਾ ਆਰਗੇਨਾਈਜ਼ੇਸ਼ਨ ਨੂੰ ਦੱਸਿਆ ਕਿ ਇਸ ਵਾਰ ਵੰਦੇ ਭਾਰਤ ਰੇਲਗੱਡੀ ਸ੍ਰੀਨਗਰ ਤੱਕ ਸ਼ੁਰੂ ਹੋਣ ਨਾਲ ਇਸ ਵਾਰ ਅਮਰਨਾਥ ਦੀ ਯਾਤਰਾ ਲਈ ਜ਼ਿਆਦਾ ਸ਼ਰਧਾਲੂ ਆਉਣ ਦੀ ਸੰਭਾਵਨਾ ਹੈ। ਉਪ-ਰਾਜਪਾਲ ਨੇ ਅਪੀਲ ਕੀਤੀ ਕਿ ਇਸ ਦੇ ਲਈ ਲੰਗਰ ਕਮੇਟੀਆਂ ਵੱਧ ਤੋਂ ਵੱਧ ਤਿਆਰੀ ਕਰਕੇ ਆਏ ਤਾਂ ਕਿ ਸ਼ਰਧਾਲੂਆਂ ਨੂੰ ਕਿਸੇ ਵੀ ਮੁਸ਼ਕਲ ਦਾ ਸਾਮਣਾ ਨਹੀਂ ਕਰਨਾ ਪਵੇ।ਇਸ ਮੌਕੇ ਰਾਜਨ ਕਪੂਰ ਹਰਸ਼ ਰਿਸ਼ੀ, ਤ੍ਰਿਲੋਕ ਓਬੇਰਾਏ ਬਠਿੰਡਾ, ਰਾਜੇਂਦਰ ਸਾਮੰਤ ਚੰਡੀਗੜ੍ਹ, ਅਜੈ ਕੁਮਾਰ ਖੰਨਾ, ਨੀਰਜ ਕੁਮਾਰ ਅਜਨਾਲਾ, ਨਲਿਨੀ ਚੋਪੜਾ, ਸ਼ਿਵ ਨਰਾਇਣ ਗਰਗ, ਜੀਵਨ ਗੋਇਲ, ਗਗਨ ਗੁਪਤਾ, ਪਵਨ ਕੁਮਾਰ, ਅਸ਼ੋਕ ਕੁਮਾਰ ਮਿਨੋਚਾ ਆਦਿ ਮੌਜੂਦ ਸਨ।

## ਮਲਟੀਪਰਪਜ਼ ਹੈਲਥ ਤੇ ਆਸ਼ਾ ਵਰਕਰਜ਼ ਨੂੰ ਕੀਤਾ ਸਨਮਾਨਤ

**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਡਾ. ਲਹਿੰਬਰ ਰਾਮ ਸਿਵਲ ਸਰਜਨ ਫਾਜ਼ਿਲਕਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਡਾ. ਕਵਿਤਾ ਸਿੰਘ ਜ਼ਿਲ੍ਹਾ ਪਰਵਾਰ ਭਲਾਈ ਅਫ਼ਸਰ ਨੇ ਡਾ. ਰਿੰਕੂ ਚਾਵਲਾ ਤੇ ਡਾ. ਸੁਮਿਤ ਲੂਨਾ ਦੀ ਮੌਜੂਦਗੀ ਵਿੱਚ ਲਾਈਫ ਇੰਸ਼ੋਰੈਂਸ ਕਾਰਪੋਰੇਸ਼ਨ ਫਾਜ਼ਿਲਕਾ ਦੇ ਸਹਿਯੋਗ ਨਾਲ ਮਲਟੀਪਰਪਜ਼ ਹੈਲਥ ਵਰਕਰ (ਫੀਮੇਲ) ਤੇ ਆਸ਼ਾ ਵਰਕਰ ਨੂੰ ਸਨਮਾਨਤ ਕੀਤਾ ਗਿਆ।ਇਸ ਸਮੇਂ ਡਾ. ਸੁਮਨ, ਵਿਨੋਦ ਖੁਰਾਣਾ, ਨਛੱਤਰ ਸਿੰਘ ਬ੍ਰਾਂਚ ਮੈਨੇਜਰ, ਸੁਖਪਾਲ ਸਿੰਘ, ਸੁਖਦੇਵ ਸਿੰਘ, ਕ੍ਰਿਸ਼ਨ ਕੁਮਾਰ, ਰਵਿੰਦਰ ਕੁਮਾਰ ਹਾਜ਼ਰ ਸਨ।

ਇਸ ਸਮੇਂ ਡਾ. ਕਵਿਤਾ ਸਿੰਘ ਨੇ ਸਿਹਤ ਵਿਭਾਗ ਦੀਆਂ ਸਕੀਮਾਂ ਦਾ ਲਾਭ ਸਾਰੇ ਲੋਕਾਂ ਤੱਕ ਪਹੁੰਚਾਉਣ ਦੀ ਅਪੀਲ ਕੀਤੀ ਤੇ ਸਿਹਤ ਵਿਭਾਗ ਦੇ ਸਾਰੇ ਟੀਚੇ 100 ਪ੍ਰਤੀਸ਼ਤ ਪ੍ਰਾਪਤ ਕਰਨ ਲਈ ਕਿਹਾ।ਉਨ੍ਹਾਂ ਮਾਂ ਤੇ ਬੱਚੇ ਦੀ ਮੌਤ ਦਰ ਘਟਾਉਣ ਲਈ ਸੰਪੂਰਨ ਚੈੱਕਅਪ, ਸੰਤੁਲਿਤ ਭੋਜਨ, ਟੀਕਾਕਰਨ ਕਰਵਾਉਣ ਤੇ ਸੰਸਥਾਗਤ ਜਣੇਪਾ ਕਰਵਾਉਣ ਦੀਆਂ ਹਦਾਇਤਾਂ ਦਿੱਤੀਆਂ।ਡਾ. ਰਿੰਕੂ ਚਾਵਲਾ ਨੇ ਕਿਹਾ ਕਿ ਨਵਜੰਮੇ ਬੱਚਿਆਂ ਨੂੰ ਮਾਂ ਦਾ ਦੁੱਧ ਅੱਧੇ ਘੰਟੇ ਵਿੱਚ ਸ਼ੁਰੂ ਕੀਤਾ ਜਾਵੇ ਤੇ ਨਿਯਮਤ ਟੀਕਾਕਰਨ ਸੂਚੀ ਅਨੁਸਾਰ ਟੀਕਾਕਰਨ ਕਰਵਾਇਆ ਜਾਵੇ।ਇਸ ਸਮੇਂ ਨਛੱਤਰ ਸਿੰਘ ਬ੍ਰਾਂਚ ਮੈਨੇਜਰ ਤੇ ਸੁਖਪਾਲ ਸਿੰਘ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ।

## ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ 'ਚ ਯੁਵਕ ਵਿਰਾਸਤੀ ਮੇਲਾ



**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਵਿਖੇ ਬਸੰਤ ਨੂੰ ਸਮਰਪਤ ਯੁਵਕ ਵਿਰਾਸਤੀ ਮੇਲਾ ਆਯੋਜਿਤ ਕੀਤਾ ਗਿਆ।ਮੇਲੇ ਦਾ ਉਦੇਸ਼ ਉੱਦਮੀ ਹੁਨਰਾਂ ਨੂੰ ਉਤਸ਼ਾਹਤ ਕਰਨਾ, ਸੱਭਿਆਚਾਰਕ ਵਿਰਾਸਤ ਦਾ ਜਸ਼ਨ ਮਨਾਉਣਾ ਅਤੇ ਵਿਦਿਆਰਥੀਆਂ ਵਿੱਚ ਰਵਾਇਤੀ ਖੇਡਾਂ ਨੂੰ ਉਤਸ਼ਾਹਤ ਕਰਨਾ ਸੀ।ਇਸ ਸਮਾਗਮ ਦੇ ਕੋਆਰਡੀਨੇਟਰ ਡਾ. ਹਰਨੀਤ ਬਿਲਿੰਗ ਨੇ ਦੱਸਿਆ ਕਿ ਵੱਖ-ਵੱਖ ਵਿਭਾਗਾਂ ਦੇ ਵਿਦਿਆਰਥੀਆਂ ਨੇ ਆਪਣੀ ਰਚਨਾਤਮਕਤਾ ਅਤੇ ਵਪਾਰਕ ਸੂਝ-ਬੂਝ ਦਾ ਪ੍ਰਦਰਸ਼ਨ ਕਰਦੇ ਹੋਏ ਸਟਾਲ ਲਗਾਏ। ਇਸ ਸਮਾਗਮ ਵਿੱਚ ਸੱਭਿਆਚਾਰਕ ਪ੍ਰਦਰਸ਼ਨਾਂ ਦੀ ਇੱਕ ਲੜੀ ਪੇਸ਼ ਕੀਤੀ ਗਈ, ਨਾਲ ਹੀ ਵਿਰਾਸਤੀ (ਰਵਾਇਤੀ) ਖੇਡਾਂ ਵਿੱਚ ਉਤਸ਼ਾਹਜਨਕ ਭਾਗੀਦਾਰੀ ਨਾਲ ਪੰਜਾਬ ਦੀ ਅਮੀਰ ਵਿਰਾਸਤ ਨੂੰ ਮੁੜ ਸੁਰਜੀਤ ਕੀਤਾ ਗਿਆ।ਇਸ ਮੌਕੇ ਪੰਜਾਬੀ ਯੂਨੀਵਰਸਿਟੀ ਦੀ ਇੱਕ ਟੀਮ ਦੁਆਰਾ ਨਸ਼ਿਆਂ ਦੇ ਦੁਰਪ੍ਰਭਾਵਾਂ 'ਤੇ ਇੱਕ ਨਾਟਕ ਦਾ ਮੰਚਨ ਕੀਤਾ ਗਿਆ ਅਤੇ ਵਿਦਿਆਰਥੀਆਂ ਵਿੱਚ ਜਾਗਰੂਕਤਾ ਪੈਦਾ ਕੀਤੀ ਗਈ।ਡੀਨ ਵਿਦਿਆਰਥੀ ਭਲਾਈ ਡਾ. ਸਿਕੰਦਰ ਸਿੰਘ ਨੇ ਸਮਾਗਮ ਨੂੰ ਸਫਲ ਬਣਾਉਣ ਲਈ ਵਿਦਿਆਰਥੀਆਂ ਅਤੇ ਫੈਕਲਟੀ ਦੇ ਯਤਨਾਂ ਦੀ ਸ਼ਲਾਘਾ ਕੀਤੀ। ਪ੍ਰੋ. ਸੁਖਵਿੰਦਰ ਸਿੰਘ ਬਿਲਿੰਗ, ਡੀਨ ਅਕਾਦਮਿਕ ਮਾਮਲੇ ਨੇ ਕਿਹਾ ਕਿ ਯੁਵਕ ਵਿਰਾਸਤੀ ਮੇਲਾ ਵਿਦਿਆਰਥੀਆਂ ਨੂੰ ਆਪਣੀਆਂ ਜੜ੍ਹਾਂ ਨਾਲ ਜੁੜੇ ਰਹਿੰਦੇ ਹੋਏ ਆਪਣੀ ਰਚਨਾਤਮਕ ਅਤੇ ਵਪਾਰਕ ਸੰਭਾਵਨਾ ਦੀ ਪੜਚੋਲ ਕਰਨ ਲਈ ਇੱਕ ਵਿਲੱਖਣ ਪਲੇਟਫਾਰਮ ਪ੍ਰਦਾਨ ਕਰਦਾ ਹੈ। ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. ਪ੍ਰਿਤਪਾਲ ਸਿੰਘ ਨੇ ਕਿਹਾ ਕਿ ਇਸ ਤਰ੍ਹਾਂ ਦੇ ਸਮਾਗਮ ਨੌਜਵਾਨ ਮਨਾਂ ਦੇ ਸਮੁੱਚੇ ਵਿਕਾਸ ਅਤੇ ਲੀਡਰਸ਼ਿਪ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਪਾਉਂਦੇ ਹਨ।ਯੁਵਕ ਵਿਰਾਸਤੀ ਮੇਲਾ ਇੱਕ ਉੱਚ ਪੱਧਰ 'ਤੇ ਸਮਾਪਤ ਹੋਇਆ।

## ਦਿੱਲੀ ਰੇਲਵੇ ਸਟੇਸ਼ਨ ਤੇ ਕੁੰਭ ਮੇਲੇ 'ਤੇ ਹੋਈਆਂ ਮੌਤਾਂ ਦੀ ਜ਼ਿੰਮੇਵਾਰੀ ਕਬੂਲਦੇ ਹੋਏ ਗ੍ਰਹਿ ਤੇ ਰੇਲਵੇ ਮੰਤਰੀ ਅਸਤੀਫੇ ਦੇਣ : ਮਾਨ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**
ਮੌਜੂਦਾ ਸੈਂਟਰ ਦੀ ਮੋਦੀ ਹਕੂਮਤ ਆਪਣੇ ਗੋਦੀ ਤੇ ਸਰਕਾਰੀ ਮੀਡੀਏ ਉੱਤੇ ਇੰਡੀਆ ਦੇ ਵਿਕਾਸ ਤੇ ਆਪਣੇ ਨਾਗਰਿਕਾਂ ਦੇ ਜਾਨ-ਮਾਲ ਦੀ ਰੱਖਿਆ ਤੇ ਹੱਕ-ਹਕੂਕਾਂ ਦੀ ਰੱਖਿਆ ਸੰਬੰਧੀ ਬੇਸ਼ੱਕ ਗੁੰਮਰਾਹਕੁਨ ਪ੍ਰਚਾਰ ਕਰਦੀ ਰਹਿੰਦੀ ਹੈ, ਪਰ ਅਸਲੀਅਤ ਵਿੱਚ ਇਹ ਮੋਦੀ ਹਕੂਮਤ ਦੀ ਸਰਕਾਰ ਤੇ ਇਸ ਦੇ ਵਜ਼ੀਰ ਆਪਣੇ ਮੁਲਕ ਨਿਵਾਸੀਆਂ ਪ੍ਰਤੀ ਜ਼ਿੰਮੇਵਾਰੀਆਂ ਨੂੰ ਪੂਰਨ ਕਰਨ ਵਿੱਚ ਅਸਫਲ ਸਾਬਿਤ ਹੋ ਚੁੱਕੇ ਹਨ, ਜੋ ਕੁਝ ਸਮਾਂ ਪਹਿਲੇ ਕੁੰਭ ਮੇਲੇ ਉਤੇ ਭਗਦੜ ਕਾਰਨ ਸੈਂਕੜਿਆਂ ਦੀ ਗਿਣਤੀ ਵਿੱਚ ਇਨਸਾਨਾਂ ਦੀਆਂ ਮੌਤਾਂ ਹੋਈਆਂ ਤੇ ਬੀਤੇ ਦਿਨੀਂ ਦਿੱਲੀ ਰੇਲਵੇ ਸਟੇਸ਼ਨ 'ਤੇ ਵੀ ਮੌਤਾਂ ਹੋਈਆਂ, ਉਸ ਦੀ ਜ਼ਿੰਮੇਵਾਰੀ ਨੂੰ ਕਬੂਲਦੇ ਹੋਏ ਇੰਡੀਆ ਦੇ ਗ੍ਰਹਿ ਵਜ਼ੀਰ ਅਮਿਤ ਸ਼ਾਹ ਤੇ ਰੇਲਵੇ ਵਜ਼ੀਰ ਸ੍ਰੀ ਅਸ਼ਵਨੀ ਵੈਸ਼ਨਵ ਨੂੰ ਆਪੋ ਆਪਣੇ ਅਹੁਦਿਆਂ ਤੋਂ ਤੁਰੰਤ ਅਸਤੀਫੇ ਦੇਣੇ ਚਾਹੀਦੇ ਹਨ, ਕਿਉਂਕਿ ਜਦੋਂ ਲਾਲ ਬਹਾਦਰ ਸ਼ਾਸਤਰੀ ਰੇਲਵੇ ਦੇ ਵਜ਼ੀਰ ਸਨ ਤਾਂ ਇੱਕ ਗੱਡੀਆਂ ਦਾ ਐਕਸੀਡੈਂਟ ਹੋ ਗਿਆ ਸੀ, ਜਿਸ ਵਿੱਚ ਮਨੁੱਖੀ ਜਾਨਾਂ ਦਾ ਬਹੁਤ ਵੱਡਾ ਨੁਕਸਾਨ ਹੋਇਆ ਸੀ, ਤਾਂ ਸ੍ਰੀ ਲਾਲ ਬਹਾਦਰ ਸ਼ਾਸਤਰੀ ਨੇ ਇਸ ਲਈ ਆਪਣੀ ਇਖਲਾਕੀ ਜ਼ਿੰਮੇਵਾਰੀ ਨੂੰ ਪ੍ਰਵਾਨ ਕਰਦੇ ਹੋਏ ਆਪਣੀ ਰੇਲਵੇ ਦੀ ਵਜ਼ਾਰਤ ਤੋਂ ਅਸਤੀਫਾ ਦੇ ਦਿੱਤਾ ਸੀ, ਉਸੇ ਤਰਜ਼ 'ਤੇ ਇਨ੍ਹਾਂ ਨੂੰ ਵੀ ਆਪਣੀ ਜ਼ਿੰਮੇਵਾਰੀ ਨੂੰ ਕਬੂਲਣਾ ਬਣਦਾ ਹੈ।ਇਹ ਵਿਚਾਰ ਸ੍ਰ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਸੈਂਟਰ ਦੀ ਮੌਜੂਦਾ ਮੋਦੀ ਹਕੂਮਤ ਵੱਲੋਂ ਮੀਡੀਏ ਤੇ ਗੋਦੀ ਮੀਡੀਏ ਵਿੱਚ ਆਪਣੀਆਂ ਅਸਫਲਤਾਵਾਂ 'ਤੇ ਪਰਦਾ ਪਾਉਂਦੇ ਹੋਏ ਵਧਾ-ਚੜ੍ਹਾ ਕੇ ਆਪਣੀ ਸਰਕਾਰ ਦੇ ਕੰਮਾਂ ਬਾਰੇ ਗੁੰਮਰਾਹਕੁਨ ਪ੍ਰਚਾਰ ਕਰਨ ਤੇ ਬੀਤੇ ਸਮੇਂ ਵਿੱਚ ਕੁੰਭ ਤੇ ਦਿੱਲੀ ਵਿਖੇ ਹੋਈਆਂ ਇਨਸਾਨੀ ਮੌਤਾਂ ਦੀ ਜ਼ਿੰਮੇਵਾਰੀ ਨੂੰ ਇਖਲਾਕੀ ਤੌਰ 'ਤੇ ਕਬੂਲਦੇ ਹੋਏ ਇੰਡੀਆ ਦੇ ਗ੍ਰਹਿ ਵਜ਼ੀਰ ਸ੍ਰੀ ਅਮਿਤ ਸ਼ਾਹ ਤੇ ਰੇਲਵੇ ਵਜ਼ੀਰ ਸ੍ਰੀ ਅਸ਼ਵਨੀ ਵੈਸ਼ਨਵ ਤੋਂ ਅਸਤੀਫੇ ਦੀ ਮੰਗ ਕਰਦੇ ਹੋਏ ਪ੍ਰਗਟ ਕੀਤੇ।ਉਨ੍ਹਾਂ ਕਿਹਾ ਕਿ ਜੋ ਸਰਕਾਰਾਂ ਤੇ ਵਜ਼ੀਰ ਆਪਣੇ ਮੁਲਕ ਨਿਵਾਸੀਆਂ ਦੇ ਜਾਨ-ਮਾਲ ਦੀ ਹਿਫਾਜ਼ਤ ਕਰਨ ਵਿੱਚ ਅਸਫਲ ਸਾਬਿਤ ਹੋ ਜਾਣ, ਉਨ੍ਹਾਂ ਨੂੰ ਕੋਈ ਇਖਲਾਕੀ, ਸਮਾਜਿਕ ਹੱਕ ਬਾਕੀ ਨਹੀਂ ਰਹਿ ਜਾਂਦਾ ਕਿ ਉਹ ਆਪਣੇ ਅਜਿਹੇ ਉੱਚ ਅਹੁਦਿਆਂ ਨਾਲ ਜਬਰੀ ਚਿੰਬੜੇ ਰਹਿਣ ਤੇ ਆਉਣ ਵਾਲੇ ਸਮੇਂ ਵਿੱਚ ਹੋਰ ਵੱਡੀ ਗੈਰ-ਜ਼ਿੰਮੇਵਾਰੀ ਵਾਲੇ ਅਮਲ ਕਰਨ।

ਉਨ੍ਹਾਂ ਕਿਹਾ ਕਿ ਹਕੂਮਤਾਂ ਤੇ ਵਜ਼ੀਰਾਂ ਦਾ ਇਹ ਪਰਮ-ਧਰਮ ਫਰਜ਼ ਹੁੰਦਾ ਹੈ ਕਿ ਆਪਣੇ ਮੁਲਕ ਦੇ ਵਿਧਾਨ ਵਿੱਚ ਸ਼ਾਮਲ ਮੁੱਢਲੇ ਹੱਕਾਂ ਦੀ ਉਹ ਰਾਖੀ ਵੀ ਕਰਨ ਤੇ ਆਪਣੇ ਨਾਗਰਿਕਾਂ ਨੂੰ ਪੂਰਨ ਰੂਪ ਵਿੱਚ ਆਜ਼ਾਦੀ ਨਾਲ ਘੁੰਮਣ-ਫਿਰਨ, ਜ਼ਿੰਦਗੀ ਜਿਊਣ, ਉਨ੍ਹਾਂ ਦੀ ਜ਼ਿੰਦਗੀ ਦੀ ਸੁਰੱਖਿਆ ਤੇ ਅੱਗੇ ਵਧਣ ਵਾਲੀਆਂ ਜ਼ਿੰਮੇਵਾਰੀਆਂ ਨੂੰ ਪਹਿਲ ਦੇ ਆਧਾਰ 'ਤੇ ਪੂਰਨ ਕਰਕੇ ਆਪਣੇ ਮੁਲਕ ਦੇ ਮਾਹੌਲ ਤੇ ਫਿਜ਼ਾ ਨੂੰ ਸਾਜ਼ਗਰ ਰੱਖਣ।ਜਦੋਂ ਅਣਗਹਿਲੀ ਦੀ ਬਦੌਲਤ ਇਨਸਾਨੀ ਜਾਨਾਂ ਦਾ ਵੱਡੀ ਗਿਣਤੀ ਵਿੱਚ ਉਪਰੋਕਤ ਘਟਨਾਵਾਂ ਦੀ ਤਰ੍ਹਾਂ ਨੁਕਸਾਨ ਹੋ ਜਾਵੇ, ਤਾਂ ਵਜ਼ੀਰ ਏ ਆਜ਼ਮ ਤੇ ਸੰਬੰਧਤ ਵਜ਼ੀਰ ਆਪਣੀਆਂ ਜ਼ਿੰਮੇਵਾਰੀਆਂ ਤੋਂ ਨਹੀਂ ਬਚ ਸਕਦੇ।ਇਸ ਲਈ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਇਖਲਾਕੀ ਤੌਰ 'ਤੇ ਉਪਰੋਕਤ ਦੋਵੇਂ ਵਜ਼ੀਰਾਂ ਤੋਂ ਸ੍ਰੀ ਲਾਲ ਬਹਾਦਰ ਸ਼ਾਸਤਰੀ ਦੀ ਤਰ੍ਹਾਂ ਅਸਤੀਫੇ ਦੀ ਮੰਗ ਕਰਦਾ ਹੈ।

## ਰਾਇਲ ਗਰੁੱਪ ਆਫ਼ ਕਾਲਜਿਜ਼ ਵਿਖੇ ਅੰਤਰਰਾਸ਼ਟਰੀ ਭਾਸ਼ਣ ਕਰਵਾਇਆ




**ਭੀਖੀ (ਧਰਮਵੀਰ ਸ਼ਰਮਾ)**
ਵਿਦਿਆਰਥੀਆਂ ਦੇ ਮਾਨਸਿਕ ਤੇ ਬੌਧਿਕ ਵਿਕਾਸ ਲਈ ਵਿਭਿੰਨ ਤਰ੍ਹਾਂ ਦੀਆਂ ਅਕਾਦਮਿਕ ਗਤੀਵਿਧੀਆਂ ਦਾ ਹੋਣਾ ਬਹੁਤ ਜ਼ਰੂਰੀ ਹੈ ਤੇ ਕਿਸੇ ਵੀ ਵਿੱਦਿਅਕ ਸੰਸਥਾ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਇਨ੍ਹਾਂ ਦਾ ਲੋੜੀਂਦਾ ਪ੍ਰਬੰਧ ਕਰੇ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਦਿ ਰੌਇਲ ਗਰੁੱਪ ਆਫ਼ ਕਾਲਜਿਜ਼ ਬੋੜਾਂਵਾਲ ਮਾਨਸਾ ਦੇ ਡਾਇਰੈਕਟਰ ਡਾ. ਕੁਲਦੀਪ ਸਿੰਘ ਬੱਲ ਨੇ ਕਰਦਿਆਂ ਦੱਸਿਆ ਕਿ ਅਸੀਂ ਵਿਸਥਾਰ ਭਾਸ਼ਣਾਂ ਦੀ ਲੜੀ ਤਹਿਤ ਵੱਖੋ-ਵੱਖ ਵਿਸ਼ਾ-ਮਾਹਰਾਂ ਨੂੰ ਦੇਸ਼ ਤੇ ਵਿਦੇਸ਼ਾਂ ਦੀਆਂ ਯੂਨੀਵਰਸਿਟੀਆਂ ਤੋਂ ਸੱਦਾ ਦਿੰਦੇ ਹਾਂ।ਇਸੇ ਲੜੀ ਤਹਿਤ ਲਿਵਰਪੂਲ ਯੂਨੀਵਰਸਿਟੀ ਇੰਗਲੈਂਡ ਦੇ ਲੈਕਚਰਾਰ ਡਾ. ਸੁਖਦੀਪ ਸਿੰਘ ਬੱਲ ਦਾ ਭਾਸ਼ਣ 'ਸਿਹਤ-ਸੰਭਾਲ ਲਈ ਆਟੋਮੈਟਿਕ ਟੂਲ : ਮੈਡੀਕਲ ਚਿੱਤਰ ਵਿਸ਼ਲੇਸ਼ਣ ਵਿੱਚ ਮਸਨੂਈ ਬੁੱਧੀ' ਵਿਸ਼ੇ 'ਤੇ ਕਰਵਾਇਆ ਗਿਆ। ਸਭ ਤੋਂ ਪਹਿਲਾਂ ਕਾਲਜ ਪ੍ਰਿੰਸੀਪਲ ਡਾ. ਕੁਲਵਿੰਦਰ ਸਿੰਘ ਸਰਾਂ ਨੇ ਡਾ. ਸੁਖਦੀਪ ਸਿੰਘ ਬੱਲ ਦਾ ਗੁਲਦਸਤਾ ਦੇ ਕੇ ਸਵਾਗਤ ਕੀਤਾ।ਸ਼ਮ੍ਹਾਂ ਰੌਸ਼ਨ ਦੀ ਰਸਮ ਨਾਲ ਮੁੱਖ ਵਕਤਾ ਨੂੰ ਵਿਦਿਆਰਥੀਆਂ ਦੇ ਰੂਬਰੂ ਕੀਤਾ ਗਿਆ।ਡਾ. ਸੁਖਦੀਪ ਸਿੰਘ ਬੱਲ ਦਾ ਰਸਮੀ ਸਵਾਗਤ ਕਰਦਿਆਂ ਡਾ. ਸਰਾਂ ਨੇ ਕਿਹਾ ਕਿ ਸਾਡੇ ਸਭ ਲਈ ਬੜੇ ਮਾਣ ਵਾਲੀ ਗੱਲ ਹੈ ਕਿ ਅੰਤਰਰਾਸ਼ਟਰੀ ਯੂਨੀਵਰਸਿਟੀ ਵਿੱਚ ਆਪਣੀਆਂ ਸੇਵਾਵਾਂ ਨਿਭਾਅ ਰਹੇ ਡਾ. ਬੱਲ ਨੇ ਸਾਡਾ ਸੱਦਾ ਕਬੂਲਦਿਆਂ ਸਾਨੂੰ ਮਾਣ ਬਖ਼ਸ਼ਿਆ ਹੈ।

ਉਨ੍ਹਾਂ ਵਿਦਿਆਰਥੀਆਂ ਨਾਲ ਡਾ. ਸੁਖਦੀਪ ਸਿੰਘ ਦੀ ਜਾਣ-ਪਛਾਣ ਕਰਵਾਉਂਦਿਆਂ ਦੱਸਿਆ ਕਿ ਇਨ੍ਹਾਂ ਨੇ ਆਪਣੀ ਡਾਕਟਰੇਟ ਯੂਨੀਵਰਸਿਟੀ ਆਫ਼ ਲਿਵਰਪੂਲ ਤੋਂ ਕੀਤੀ ਹੈ ਤੇ ਉਹ ਹੁਣ ਯੂਨੀਵਰਸਿਟੀ ਆਫ਼ ਆਕਸਫੋਰਡ ਦੇ ਪੋਸਟ ਡੌਕਟਰਲ ਰਿਸਰਚ ਫੈਲੋ ਵੀ ਹਨ।ਉਨ੍ਹਾਂ ਨੂੰ ਐਸੋਸੀਏਟ ਫੈਲੋ ਆਫ਼ ਹਾਇਰ ਐਜੂਕੇਸ਼ਨ ਅਕੈਡਮੀ, ਯੂਨਾਇਟਡ ਕਿੰਗਡਮ ਵੱਲੋਂ ਸਨਮਾਨਤ ਕੀਤਾ ਜਾ ਚੁੱਕਾ ਹੈ।ਆਪਣੀ ਪੇਸ਼ਕਾਰੀ ਵਿੱਚ ਡਾ. ਸੁਖਦੀਪ ਸਿੰਘ ਬੱਲ ਨੇ ਪਾਵਰ-ਪੁਆਂਇਟ ਪੇਸ਼ਕਾਰੀ ਦੀਆਂ ਖ਼ੂਬਸੂਰਤ ਸਲਾਇਡਾਂ ਨਾਲ ਆਪਣੇ ਵਿਸ਼ੇ ਨੂੰ ਵਿਦਿਆਰਥੀਆਂ ਨਾਲ ਸਾਂਝਾ ਕੀਤਾ। ਪ੍ਰੋਗਰਾਮ ਦੇ ਅਖ਼ੀਰ ਵਿੱਚ ਡਾ. ਸੁਖਦੀਪ ਸਿੰਘ ਬੱਲ ਨੂੰ ਕਾਲਜ ਵੱਲੋਂ ਯਾਦ ਚਿੰਨ੍ਹ ਭੇਟ ਕੀਤਾ ਗਿਆ।ਮੰਚ ਸੰਚਾਲਨ ਅਸਿਸਟੈਂਟ ਪ੍ਰੋਫ਼ੈਸਰ ਸਮਨਦੀਪ ਕੌਰ ਨੇ ਕੀਤਾ।ਇਸ ਮੌਕੇ ਪੰਜਾਬੀ ਵਿਭਾਗ ਦੇ ਮੁਖੀ ਡਾ. ਭੁਪਿੰਦਰ ਸਿੰਘ, ਲਾਇਬ੍ਰੇਰੀ ਵਿਭਾਗ ਦੇ ਮੁਖੀ ਪ੍ਰੋ. ਵਨੀਤਾ ਰਾਣੀ, ਪ੍ਰੋ. ਹੈਪੀ ਸਿੰਘ, ਪ੍ਰੋ. ਸਿਮਰਨਜੀਤ, ਪ੍ਰੋ. ਗਗਨਦੀਪ, ਪ੍ਰੋ. ਬੇਅੰਤ ਕੌਰ, ਪ੍ਰੋ. ਸ਼ਿੱਪੂ ਤੇ ਪ੍ਰੋ. ਨੈਨਾ ਆਦਿ ਹਾਜ਼ਰ ਸਨ।

# ਲੜਾਈ ਝਗੜਾ ਕਰਨ ਦੇ ਦੋਸ਼ 'ਚ ਵਿਅਕਤੀ ਗ੍ਰਿਫ਼ਤਾਰ

**ਗੁਰਦਾਸਪੁਰ (ਜਨਕ ਮਹਾਜਨ)**- ਥਾਣਾ ਪੁਰਾਣਾ ਸ਼ਾਲਾ ਪੁਲਸ ਨੇ ਲੜਾਈ ਝਗੜਾ ਕਰਨ ਦੇ ਦੋਸ਼ਾਂ ਹੇਠ ਇਕ ਵਿਅਕਤੀ ਖ਼ਿਲਾਫ਼ ਮਾਮਲਾ ਦਰਜ ਕਰਕੇ ਉਸ ਨੂੰ ਗ੍ਰਿਫਤਾਰ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਬਲਪ੍ਰੀਤ ਸਿੰਘ ਪੁੱਤਰ ਹਰਦੀਪ ਸਿੰਘ ਵਾਸੀ ਨੌਸ਼ਹਿਰਾ (ਬਹਾਦਰ) ਨੇ ਦੱਸਿਆ ਕਿ 16 ਫਰਵਰੀ ਨੂੰ ਆਪਣੇ ਮੋਟਰ ਸਾਈਕਲ 'ਤੇ ਸਵਾਰ ਹੋ ਕੇ ਘਰੇਲੂ ਸਾਮਾਨ ਲੈਣ ਲਈ ਨਵਾਂਸ਼ਾਲਾ ਗਿਆ ਸੀ, ਉਸ ਨੇ ਆਪਣਾ ਮੋਟਰ ਸਾਈਕਲ ਕਰਿਆਨਾ ਸਟੋਰ ਦੇ ਨਾਲ ਗਲੀ ਵਿੱਚ ਖੜਾ ਕਰ ਦਿੱਤਾ ਤਾਂ ਇੰਨੇ ਨੂੰ ਇੱਕ ਕਾਰ ਆਈ। ਕਾਰ ਮਾਲਕ ਦਾ ਘਰ ਇਸੇ ਗਲੀ ਵਿੱਚ ਹੈ। ਉਸ ਨੇ ਆਪਣੀ ਗੱਡੀ ਮੇਰੇ ਮੋਟਰਸਾਈਕਲ ਵਿੱਚ ਮਾਰੀ ਜਿਸ ਨਾਲ ਮੋਟਰਸਾਇਕਲ ਡਿੱਗ ਗਿਆ ਅਤੇ ਮੈਨੂੰ ਅਪਸ਼ਬਦ ਬੋਲਣ ਲੱਗ ਪਿਆ ਤੇ ਗੱਡੀ 'ਚੋਂ ਬਾਹਰ ਨਿਕਲ ਕੇ ਆਪਣਾ ਲਾਇਸੰਸੀ ਰਿਵਾਲਵਰ ਮੇਰੇ ਵੱਲ ਤਾਣ ਕੇ ਮੈਨੂੰ ਕਰਿਆਨਾ ਸਟੋਰ ਤੋਂ ਬਾਹਰ ਆਉਣ ਲਈ ਕਿਹਾ। ਮੈਂ ਆਪਣੇ ਪਿਤਾ ਹਰਦੀਪ ਸਿੰਘ ਨੂੰ ਫੋਨ ਕੀਤਾ ਤਾਂ ਉਹ ਵੀ ਮੌਕਾ 'ਤੇ ਆ ਗਏ ਜਿਸ 'ਤੇ ਉਕਤ ਵਿਅਕਤੀ ਨੇ ਗੱਡੀ ਵਿਚ ਬੈਠੇ ਹੋਏ ਨੇ ਆਪਣਾ ਰਿਵਾਲਵਰ ਮਾਰ ਦੇਣ ਦੀ ਨੀਅਤ ਨਾਲ ਮੇਰੇ ਪਿਤਾ ਵੱਲ ਤਾਣ ਲਿਆ ਜੋ ਸਾਈਡ 'ਤੇ ਹੋ ਗਏ ਤਾਂ ਕਥਿਤ ਦੋਸ਼ੀ ਉਥੋਂ ਚਲਾ ਗਿਆ।

# ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਨੇ ਵਿਧਾਇਕ ਲਾਲਪੁਰਾ ਨੂੰ ਦਿੱਤਾ ਮੰਗ ਪੱਤਰ



**ਤਰਨ ਤਾਰਨ (ਨਜ਼ਸ)**- ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰ ਸਾਂਝਾ ਫਰੰਟ ਦੇ ਸੂਬਾ ਪੱਧਰੀ ਸੱਦੇ 'ਤੇ ਇਥੋਂ ਥੋੜੀ ਦੂਰ ਰਸੂਲਪੁਰ ਨਹਿਰਾਂ 'ਤੇ ਬਣੇ ਕਬੀਲਾ ਰੈਸਟੋਰੈਂਟ ਵਿਖੇ ਜ਼ਿਲ੍ਹੇ ਨਾਲ ਸਬੰਧਤ ਆਗੂਆਂ ਅਤੇ ਵਰਕਰਾਂ ਨੇ ਵੱਡੀ ਗਿਣਤੀ ਵਿੱਚ ਇਕੱਤਰ ਹੋ ਕੇ ਮੁਲਾਜ਼ਮ ਅਤੇ ਪੈਨਸ਼ਨਰ ਆਗੂਆਂ ਬਲਜਿੰਦਰ ਸਿੰਘ ਦੋਬਲੀਆ, ਪੂਰਨ ਸਿੰਘ ਮਾੜੀਮੇਘਾ, ਬਲਵਿੰਦਰ ਸਿੰਘ ਪਲਾਸੌਰ, ਜਸਵਿੰਦਰ ਸਿੰਘ ਮਾਣੋਚਾਹਲ, ਪੂਰਨ ਦਾਸ, ਰਜਵੰਤ ਸਿੰਘ ਬਾਗੜੀਆਂ, ਜੱਸਾ ਸਿੰਘ ਕੱਦਗਿੱਲ, ਜਗਤਾਰ ਸਿੰਘ ਆਸਲ ਦੀ ਅਗਵਾਈ ਹੇਠ ਖਡੂਰ ਸਾਹਿਬ ਹਲਕੇ ਦੇ ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਨੂੰ ਮੰਗ ਪੱਤਰ ਸੌਂਪ ਕੇ ਮੰਗ ਕੀਤੀ ਕਿ ਵਿਧਾਨ ਸਭਾ ਦੇ ਬਜਟ ਸੈਸ਼ਨ ਦੌਰਾਨ ਮੰਗ ਪੱਤਰ ਵਿੱਚ ਦਰਜ ਮੰਗਾਂ ਜਿਵੇਂ ਕਿ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ, ਸਾਰੇ ਕੱਚੇ ਕਾਮੇ ਪੱਕੇ ਕਰਨ, ਮਿੱਡ ਡੇ ਮੀਲ, ਆਂਗਨਵਾੜੀ, ਆਸ਼ਾ ਵਰਕਰਾਂ ਅਤੇ ਫੈਸਿਲੀਟੇਟਰਾਂ ਨੂੰ ਘੱਟੋ ਘੱਟ ਉਜਰਤ ਦੇ ਘੇਰੇ ਵਿੱਚ ਲਿਆ ਕੇ ਪ੍ਰਤੀ ਮਹੀਨਾ 18000 ਰੁਪਏ ਦੇਣ, ਪੈਨਸ਼ਨਰਾਂ ਦੀ ਪੈਨਸ਼ਨ ਦੁਹਰਾਈ 2.59 ਗੁਣਾਂਕ ਨਾਲ ਕਰਨ, ਛੇਵੇਂ ਤਨਖਾਹ ਕਮਿਸ਼ਨ ਦੇ ਸਾਢੇ ਪੰਜ ਸਾਲ ਦੇ ਬਕਾਏ ਅਤੇ ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਦੇ ਬਣਦੇ ਸਾਰੇ ਬਕਾਏ ਕਿਸ਼ਤਾਂ ਵਿੱਚ ਦੇਣ ਦੀ ਬਜਾਏ ਇਕੋ ਵਾਰ ਜਾਰੀ ਕਰਨ ਸਮੇਤ ਸਾਰੇ ਪੈਂਡਿੰਗ ਮਸਲਿਆਂ ਦਾ ਨਿਪਟਾਰਾ ਟੇਬਲ 'ਤੇ ਬੈਠ ਕੇ ਕੀਤਾ ਜਾਵੇ।ਇਸ ਮੌਕੇ ਹਲਕਾ ਵਿਧਾਇਕ ਲਾਲਪੁਰਾ ਨੇ ਆਗੂਆਂ ਨੂੰ ਧਿਆਨ ਪੂਰਵਕ ਸੁਣ ਕੇ ਮਸਲਿਆਂ ਦੇ ਹੱਲ ਲਈ ਸਾਰਥਿਕ ਕਦਮ ਉਠਾਉਣ ਦਾ ਭਰੋਸਾ ਦਿੱਤਾ ਅਤੇ ਮੌਕੇ 'ਤੇ ਹੀ ਮੰਗ ਪੱਤਰ ਮੁੱਖ ਮੰਤਰੀ ਨੂੰ ਲੋੜੀਂਦੀ ਕਾਰਵਾਈ ਲਈ ਭੇਜਿਆ।ਮੰਗ ਪੱਤਰ ਦੇਣ ਲਈ ਇਕੱਤਰ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਸਾਂਝਾ ਫਰੰਟ ਦੇ ਸੂਬਾਈ ਕਨਵੀਨਰ ਗੁਰਪ੍ਰੀਤ ਸਿੰਘ ਗੰਡੀਵਿੰਡ, ਧਰਮ ਸਿੰਘ ਪੱਟੀ, ਕਾਰਜ ਸਿੰਘ ਕੈਰੋਂ, ਬਲਦੇਵ ਸਿੰਘ ਕੱਲਾ, ਗੁਰਪ੍ਰੀਤ ਸਿੰਘ ਮੰਨਣ, ਅਜੀਤ ਸਿੰਘ ਢੋਟੀਆਂ, ਕਰਮ ਸਿੰਘ ਲਾਲਪੁਰ, ਸਵਰਨ ਸਿੰਘ ਕੁਹਾੜਕਾ ਨੇ ਕਿਹਾ ਕਿ ਪੰਜਾਬ ਸਰਕਾਰ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਮਸਲਿਆਂ ਦਾ ਜਾਣਬੁੱਝ ਹੱਲ ਨਹੀਂ ਕਰ ਰਹੀ ਜਿਸ ਦੇ ਵਿਰੋਧ ਵਿੱਚ ਸਾਂਝਾ ਫਰੰਟ ਬਜਟ ਸੈਸ਼ਨ ਦੌਰਾਨ ਲਗਾਤਾਰ ਚਾਰ ਦਿਨ ਵਿਧਾਨ ਸਭਾ ਵੱਲ ਝੰਡਾ ਮਾਰਚ ਕਰੇਗਾ । ਇਸ ਮੌਕੇ ਵੱਖ-ਵੱਖ ਜਥੇਬੰਦੀਆਂ ਦੇ ਆਗੂਆਂ ਸਤਪਾਲ ਸ਼ਰਮਾ, ਨਰਿੰਦਰ ਬੇਦੀ, ਕੁਲਵਿੰਦਰ ਸਿੰਘ ਬਾਗੜੀਆਂ, ਸਰਪੰਚ ਬਲਦੇਵ ਸਿੰਘ ਰਸੂਲਪੁਰ, ਗੁਰਦੇਵ ਸਿੰਘ ਸੰਧੂ, ਬਖਸ਼ੀਸ਼ ਸਿੰਘ ਜਵੰਦਾ, ਕਮਰਜੀਤ ਸਿੰਘ ਮੱਲ ਮੋਹਰੀ, ਲਖਬੀਰ ਸਿੰਘ ਰੈਸੀਆਣਾ, ਅੰਮ੍ਰਿਤਪਾਲ ਸਿੰਘ ਬਾਕੀਪੁਰ, ਚਾਨਣ ਸਿੰਘ ਆਦਿ ਨੇ ਆਪਣੇ ਵਿਚਾਰ ਪੇਸ਼ ਕਰਦੇ ਹੋਏ ਪੰਜਾਬ ਸਰਕਾਰ ਕੋਲੋਂ ਮੰਗ ਕੀਤੀ ਕਿ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਸਾਰੇ ਮਸਲਿਆਂ ਦਾ ਜਲਦੀ ਹੱਲ ਕੀਤਾ ਜਾਵੇ।

# ਮਿਸ਼ਨ ਰੂ-ਬ-ਰੂ ਤਹਿਤ ਵਿਦਿਆਰਥੀਆਂ ਨੇ ਡੀਸੀ ਨਾਲ ਕੀਤੀ ਮੁਲਾਕਾਤ



**ਪਠਾਨਕੋਟ (ਦਵਿੰਦਰ ਸਿੰਘ)**- ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ (ਡੀਬੀਈਈ) ਪਠਾਨਕੋਟ ਵੱਲੋਂ ਆਪਣੇ ਮਿਸ਼ਨ ਰੂ-ਬ-ਰੂ ਤਹਿਤ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਮਲਿਕਪੁਰ ਪਠਾਨਕੋਟ ਵਿਖੇ ਉਤਸ਼ਾਹਜਨਕ ਸੈਸ਼ਨ ਦਾ ਆਯੋਜਨ ਕੀਤਾ ਗਿਆ।ਇਸ ਸੈਸ਼ਨ ਵਿੱਚ ਸੀਨੀਅਰ ਸੈਕੰਡਰੀ ਸਕੂਲ ਮਲਿਕਪੁਰ ਅਤੇ ਸੀਨੀਅਰ ਸੈਕੰਡਰੀ ਸਕੂਲ ਬਧਾਨੀ ਦੇ 14 ਵਿਦਿਆਰਥੀ, ਜੋ ਕਿ ਸਿਵਲ ਸਰਵੈਂਟ ਬਣਨ ਦੀ ਇੱਛਾ ਰੱਖਦੇ ਹਨ, ਨੇ ਮਾਨਯੋਗ ਡਿਪਟੀ ਕਮਿਸ਼ਨਰ ਪਠਾਨਕੋਟ ਨਾਲ ਗੱਲਬਾਤ ਕੀਤੀ।ਗੱਲਬਾਤ ਦੌਰਾਨ ਡਿਪਟੀ ਕਮਿਸ਼ਨਰ ਨੇ ਵਿਦਿਆਰਥੀਆਂ ਨੂੰ ਆਪਣੇ ਟੀਚਿਆਂ 'ਤੇ ਧਿਆਨ ਕੇਂਦਰਿਤ ਕਰਨ, ਦ੍ਰਿੜ ਇਰਾਦੇ ਨਾਲ ਪੜ੍ਹਾਈ ਕਰਨ, ਧਿਆਨ ਭਟਕਣ ਨੂੰ ਘੱਟ ਕਰਨ, ਸਖ਼ਤ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ ਅਤੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਟੀਚਿਆਂ ਦੀ ਪ੍ਰਾਪਤੀ ਲਈ ਮਦਦਗਾਰ ਮਾਰਗਦਰਸ਼ਨ ਪ੍ਰਦਾਨ ਕੀਤਾ।ਸੈਸ਼ਨ ਦਾ ਸੰਚਾਲਨ ਕਰਨ ਵਾਲੇ ਜ਼ਿਲ੍ਹਾ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਅਫ਼ਸਰ ਪਠਾਨਕੋਟ ਨੇ ਦੱਸਿਆ ਕਿ ਮਿਸ਼ਨ 'ਰੂ-ਬ-ਰੂ' ਦਾ ਉਦੇਸ਼ ਪਠਾਨਕੋਟ ਦੇ ਸਰਕਾਰੀ ਸਕੂਲਾਂ ਵਿੱਚ ਪੜ੍ਹ ਰਹੇ ਚਾਹਵਾਨ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਰੋਲ ਮਾਡਲ ਨਾਲ ਮਿਲਾਉਣਾ ਹੈ, ਜੋ ਕਿ ਉਨ੍ਹਾਂ ਲਈ ਆਪਣੇ ਟੀਚਿਆਂ ਦੀ ਪ੍ਰਾਪਤੀ ਲਈ ਪ੍ਰੇਰਨਾਸਰੋਤ ਸਾਬਿਤ ਹੋਵੇਗਾ।ਉਨ੍ਹਾਂ ਇਹ ਵੀ ਦੱਸਿਆ ਕਿ ਭਵਿੱਖ ਵਿੱਚ ਡੀਬੀਈਈ ਪਠਾਨਕੋਟ ਵੱਲੋਂ ਅਜਿਹੇ ਹੋਰ ਸੈਸ਼ਨ ਆਯੋਜਿਤ ਕੀਤੇ ਜਾਣਗੇ।ਪਲੇਸਮੈਂਟ ਅਫਸਰ ਰਾਕੇਸ ਕੁਮਾਰ, ਜ਼ਿਲ੍ਹਾ ਗਾਈਡੈਂਸ ਕਾਊਂਸਲਰ ਪਰਵਿੰਦਰ ਸੈਣੀ ਅਤੇ ਸਾਇੰਸ ਮਾਸਟਰ ਸੀਨੀਅਰ ਸੈਕੰਡਰੀ ਸਕੂਲ ਮਲਿਕਪੁਰ ਰਾਜੀਵ ਸਲਾਰੀਆ ਨੇ ਵੀ ਇਸ ਸੈਸ਼ਨ ਵਿੱਚ ਸ਼ਮੂਲੀਅਤ ਕੀਤੀ।

# ਸਕੂਲਾਂ, ਕਾਲਜਾਂ, ਗੁਰਦੁਆਰਿਆਂ, ਪੈਲੇਸਾਂ ਤੇ ਮੰਦਰਾਂ 'ਚ ਹਥਿਆਰ ਲੈ ਕੇ ਜਾਣ 'ਤੇ ਪਾਬੰਦੀ

**ਗੁਰਦਾਸਪੁਰ (ਜਨਕ ਮਹਾਜਨ)**- ਵਧੀਕ ਜ਼ਿਲ੍ਹਾ ਮੈਜਿਸਟਰੇਟ ਗੁਰਦਾਸਪੁਰ ਡਾ. ਹਰਜਿੰਦਰ ਸਿੰਘ ਬੇਦੀ ਆਈਏਐੱਸ. ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਦੇ ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਗੁਰਦਾਸਪੁਰ ਦੀ ਹਦੂਦ ਅੰਦਰ ਸਾਰੇ ਮੈਰਿਜ ਪੈਲੇਸਾਂ ਅੰਦਰ ਹਥਿਆਰ ਲਿਜਾਣ 'ਤੇ ਪਾਬੰਦੀ ਲਗਾ ਦਿੱਤੀ ਹੈ। ਪਾਬੰਦੀ ਦੇ ਇਹ ਹੁਕਮ ਜਾਰੀ ਕਰਨ ਮੌਕੇ ਵਧੀਕ ਜ਼ਿਲ੍ਹਾ ਮੈਜਿਸਟਰੇਟ ਨੇ ਕਿਹਾ ਕਿ ਕਈ ਵਾਰ ਇਹ ਦੇਖਿਆ ਗਿਆ ਹੈ ਕਿ ਕੁਝ ਲੋਕ ਵਿਆਹ ਸਮਾਗਮਾਂ ਜਾਂ ਅਜਿਹੇ ਹੋਰ ਮੌਕਿਆਂ 'ਤੇ ਪੈਲੇਸਾਂ 'ਚ ਹਥਿਆਰ ਲੈ ਕੇ ਜਾਂਦੇ ਹਨ ਅਤੇ ਕਈ ਵਾਰ ਉਥੇ ਦੁਖਦ ਘਟਨਾਵਾਂ ਵੀ ਵਾਪਰ ਜਾਂਦੀਆਂ ਹਨ। ਅਜਿਹੇ ਵਿਚ ਇਹ ਪਾਬੰਦੀ ਲਗਾਉਣੀ ਬੇਹੱਦ ਜ਼ਰੂਰੀ ਹੈ। ਵਧੀਕ ਜ਼ਿਲ੍ਹਾ ਮੈਜਿਸਟਰੇਟ ਨੇ ਕਿਹਾ ਕਿ ਸਾਰੇ ਮੈਰਿਜ ਪੈਲੇਸਾਂ ਦੇ ਮਾਲਕ ਵੀ ਇਹ ਯਕੀਨੀ ਬਣਾਉਣਗੇ ਕਿ ਉਨ੍ਹਾਂ ਦੇ ਪੈਲੇਸ ਵਿੱਚ ਸਮਾਗਮ ਮੌਕੇ ਕੋਈ ਵੀ ਵਿਅਕਤੀ ਹਥਿਆਰ ਲੈ ਕੇ ਨਾ ਆਵੇ। ਇਸ ਤੋਂ ਇਲਾਵਾ ਉਨ੍ਹਾਂ ਨੇ ਸਕੂਲਾਂ, ਕਾਲਜਾਂ, ਗੁਰਦੁਆਰਿਆਂ ਤੇ ਮੰਦਰਾਂ ਤੇ ਹੋਰ ਧਾਰਮਿਕ ਅਸਥਾਨਾਂ ਵਿੱਚ ਵੀ ਹਥਿਆਰ ਲੈ ਕੇ ਜਾਣ 'ਤੇ ਪਾਬੰਦੀ ਲਗਾਈ ਹੈ। ਪਾਬੰਦੀ ਦੇ ਹੁਕਮ 22 ਜਨਵਰੀ ਤੋਂ 22 ਮਾਰਚ 2025 ਤੱਕ ਲਾਗੂ ਰਹਿਣਗੇ।

# ਸਰਕਾਰੀ ਸਕੂਲ ਕਲੇਰ ਕਲਾਂ 'ਚ ਵਿਦਿਆਰਥੀਆਂ ਨੂੰ ਅੱਗ ਤੋਂ ਬਚਾਅ ਦੇ ਗੁਰ ਦੱਸੇ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**- ਭਾਰਤ ਸਰਕਾਰ ਗ੍ਰਹਿ ਵਿਭਾਗ ਦੇ ਡਾਇਰੈਕਟਰ ਜਨਰਲ ਫਾਇਰ ਸਰਵਿਸਜ਼, ਸਿਵਲ ਡਿਫੈਂਸ ਅਤੇ ਹੋਮ ਗਾਰਡਜ਼ ਅਤੇ ਡਾਇਰੈਕਟਰੇਟ ਸਥਾਨਕ ਸਰਕਾਰਾਂ ਵਿਭਾਗ ਪੰਜਾਬ ਚੰਡੀਗੜ੍ਹ ਦੇ ਦਿਸ਼ਾ ਨਿਰਦੇਸ਼ ਅਨੁਸਾਰ ਮਾਣਯੋਗ ਕਮਿਸ਼ਨਰ ਨਗਰ ਨਿਗਮ ਬਟਾਲਾ ਦੀ ਅਗਵਾਈ 'ਚ ਸਥਾਨਕ ਫਾਇਰ ਬ੍ਰਿਗੇਡ ਬਟਾਲਾ ਵਲੋਂ ਅੱਗ ਤੋਂ ਬਚਾਅ ਤੇ ਮੌਕ ਡਰਿਲ ਜਾਗਰੂਕਤਾ ਕੈਂਪ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਲੇਰ ਕਲਾਂ ਵਿਖੇ ਲਗਾਇਆ ਗਿਆ।ਇਸ ਮੌਕੇ ਫਾਇਰ ਅਫ਼ਸਰ ਨੀਰਜ ਸ਼ਰਮਾ ਤੇ ਰਾਕੇਸ਼ ਸ਼ਰਮਾ, ਹਰਬਖਸ਼ ਸਿੰਘ (ਪੋਸਟ ਵਾਰਡਨ-ਸਿਵਲ ਡਿਫੈਂਸ ਤੇ ਆਪਦਾ ਮਿੱਤਰ) ਫਾਇਰਮੈਨਾਂ ਦੇ ਨਾਲ ਪ੍ਰਿੰਸੀਪਲ ਰਾਮਪਾਲ, ਲੈਕਚਰਾਰ ਲਖਵਿੰਦਰ ਸਿੰਘ, ਸੁਖਚੈਨ ਸਿੰਘ, ਅਰੁਨ ਗੁਪਤਾ ਤੇ ਐੱਨਐੱਸਕਿਊਐੱਫ ਵਿਦਿਆਰਥੀ ਮੌਜੂਦ ਸਨ।ਇਸ ਕੈਂਪ ਦੀ ਸ਼ੁਰੂਆਤ ਵਿਚ ਵਿਦਿਆਰਥੀਆਂ ਨੂੰ ਅੱਗ ਲੱਗਣ ਦੇ ਕਾਰਣ ਦੱਸੇ ਗਏ।ਵੱਖ-ਵੱਖ ਕਿਸਮ ਦੇ ਅੱਗ ਬੁਝਾਊ ਯੰਤਰਾਂ ਬਾਰੇ ਵੀ ਦੱਸਿਆ ।ਕਿਸੇ ਅਣਗਿਹਲੀ ਕਾਰਣ ਅੱਗ ਦੀ ਘਟਨਾ ਵਾਪਰ ਜਾਵੇ ਤਾਂ ਉਸ ਨੂੰ ਕਾਬੂ ਕਿਵੇਂ ਕਰਨਾ, ਬਾਰੇ ਗੁਰ ਦੱਸੇ ਗਏ।ਮੌਕ ਡਰਿਲ ਦੌਰਾਨ ਇਹ ਵੀ ਦੱਸਿਆ ਕਿ ਸਮਾਂ ਅਤੇ ਸਥਿਤੀ ਅਨੁਸਾਰ ਆਪਣੇ ਹੀ ਯਤਨਾਂ ਨਾਲ ਅੱਗ 'ਤੇ ਕਾਬੂ ਕਿਵੇਂ ਕੀਤਾ ਜਾ ਸਕਦਾ ਹੈ।ਇਸੇ ਦੌਰਾਨ ਕਲਾਸ-ਏ ਦੀ ਅੱਗ ਨੂੰ ਰੇਤ, ਮਿੱਟੀ, ਪਾਣੀ ਅਤੇ ਰੁੱਖਾਂ ਦੀਆਂ ਟਹਿਣੀਆਂ ਨਾਲ ਕਿਵੇਂ ਬੁਝਾਉਣਾ ਹੈ, ਬਾਰੇ ਵੀ ਦੱਸਿਆ। ਵਿਦਿਆਰਥੀਆਂ ਨੇ ਇਸਦਾ ਖੁਦ ਅਭਿਆਸ ਕੀਤਾ।ਹੰਗਾਮੀ ਹਾਲਤ ਵਿਚ ਰਾਸ਼ਟਰੀ ਸਹਾਇਤਾ ਨੰਬਰ 112 'ਤੇ ਕਾਲ ਕਰਨ ਲਈ ਕਿਹਾ।

# ਸਾਈ ਅਕੈਡਮੀ ਕੁਰੂਕਸ਼ੇਤਰ ਨੇ ਜਿੱਤਿਆ 11ਵਾਂ ਆਲ ਇੰਡੀਆ ਗੁਰਦਾਸਪੁਰ ਜੂਨੀਅਰ ਹਾਕੀ ਗੋਲਡ ਕੱਪ



**ਗੁਰਦਾਸਪੁਰ (ਜਨਕ ਮਹਾਜਨ)**- ਨਿਊ ਗੁਰਦਾਸਪੁਰ ਹਾਕੀ ਕਲੱਬ ਵੱਲੋਂ ਸਰਕਾਰੀ ਕਾਲਜ ਦੇ ਹਾਕੀ ਮੈਦਾਨ ਵਿੱਚ ਕਰਵਾਇਆ ਗਿਆ 11ਵਾਂ ਆਲ ਇੰਡੀਆ ਗੁਰਦਾਸਪੁਰ ਜੂਨੀਅਰ ਹਾਕੀ ਗੋਲਡ ਕੱਪ ਸਾਈ ਹਾਕੀ ਅਕੈਡਮੀ ਕੁਰੂਕਸ਼ੇਤਰ ਦੀ ਟੀਮ ਨੇ ਨਿਊ ਗੁਰਦਾਸਪੁਰ ਹਾਕੀ ਕਲੱਬ ਦੀ ਟੀਮ ਨੂੰ 4-0 ਦੇ ਫ਼ਰਕ ਨਾਲ ਹਰਾ ਕੇ ਜਿੱਤ ਲਿਆ ਹੈ। ਤਿੰਨ ਰੋਜ਼ਾ ਇਸ ਜੂਨੀਅਰ ਹਾਕੀ ਗੋਲਡ ਕੱਪ ਵਿੱਚ ਕੁੱਲ 12 ਟੀਮਾਂ ਨੇ ਭਾਗ ਲਿਆ, ਜਿਨ੍ਹਾਂ ਵਿੱਚ 6 ਟੀਮਾਂ ਪੰਜਾਬ ਦੀਆਂ ਸਨ ਜਦਕਿ 6 ਟੀਮਾਂ ਹਰਿਆਣਾ, ਉੱਤਰ ਪ੍ਰਦੇਸ਼ ਅਤੇ ਜੰਮੂ ਕਸ਼ਮੀਰ ਰਾਜਾਂ ਨਾਲ ਸਬੰਧਿਤ ਸਨ। ਸੈਮੀਫਾਈਨਲ ਮੈਚ ਵਿੱਚ ਨਿਊ ਗੁਰਦਾਸਪੁਰ ਹਾਕੀ ਕਲੱਬ ਦੀ ਟੀਮ ਨੇ ਰਾਜਾ ਕਰਨ ਹਾਕੀ ਅਕੈਡਮੀ ਕਰਨਾਲ ਨੂੰ ਹਰਾਇਆ ਜਦਕਿ ਸਾਈ ਹਾਕੀ ਅਕੈਡਮੀ ਕੁਰੂਕਸ਼ੇਤਰ ਨੇ ਸ਼ਾਹਬਾਦ ਮਾਰਕੰਡਾ ਹਾਕੀ ਅਕੈਡਮੀ ਨੂੰ ਹਰਾਇਆ। ਫਾਈਨਲ ਮੁਕਾਬਲਾ ਨਿਊ ਗੁਰਦਾਸਪੁਰ ਹਾਕੀ ਕਲੱਬ ਤੇ ਸਾਈ ਹਾਕੀ ਅਕੈਡਮੀ ਕੁਰੂਕਸ਼ੇਤਰ ਦਰਮਿਆਨ ਖੇਡਿਆ ਗਿਆ ਜਿਸ ਵਿੱਚ ਕੁਰੂਕਸ਼ੇਤਰ ਟੀਮ 4-0 ਨਾਲ ਜੇਤੂ ਰਹੀ। ਜੇਤੂ ਟੀਮ 31000 ਰੁਪਏ ਅਤੇ ਗੋਲਡ ਕੱਪ ਦਿੱਤਾ ਗਿਆ ਜਦਕਿ ਦੂਜੇ ਸਥਾਨ 'ਤੇ ਰਹੀ ਗੁਰਦਾਸਪੁਰ ਦੀ ਟੀਮ 21000 ਰੁਪਏ ਅਤੇ ਰਨਰਅਪ ਟਰਾਫ਼ੀ ਦਿੱਤੀ ਗਈ। ਮੈਨ ਆਫ਼ ਦੀ ਟੂਰਨਾਮੈਂਟ ਕੁਰੂਕਸ਼ੇਤਰ ਦੀ ਟੀਮ ਦਾ ਖਿਡਾਰੀ ਦਿਯਾ ਰਾਮ ਰਿਹਾ, ਜਿਸ ਨੂੰ 3100 ਰੁਪਏ ਅਤੇ ਟਰਾਫ਼ੀ ਦਿੱਤੀ ਗਈ। ਇਸ ਮੌਕੇ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਨੇ ਕਿਹਾ ਕਿ ਨਿਊ ਗੁਰਦਾਸਪੁਰ ਹਾਕੀ ਕਲੱਬ ਦਾ ਇਹ ਉਪਰਾਲਾ ਬਹੁਤ ਵਧੀਆ ਹੈ ਜੋ ਹਰ ਸਾਲ ਹਾਕੀ ਟੂਰਨਾਮੈਂਟ ਕਰਵਾਉਂਦੇ ਹਨ। ਉਨ੍ਹਾਂ ਕਿਹਾ ਕਿ ਖੇਡਾਂ ਨੌਜਵਾਨਾਂ ਨੂੰ ਅਨੁਸ਼ਾਸਨ ਵਿੱਚ ਰਹਿਣਾ ਸਿਖਾਉਂਦੀਆਂ ਹਨ। ਉਨ੍ਹਾਂ ਕਿਹਾ ਕਿ ਗੁਰਦਾਸਪੁਰ ਦੇ ਹਾਕੀ ਮੈਦਾਨ ਨੂੰ ਅਪਗਰੇਡ ਕਰਨ ਅਤੇ ਇਸ ਉੱਪਰ ਐਸਟਰੋਟਰਫ ਲਗਾਉਣ ਲਈ ਉਹ ਸਰਕਾਰ ਤੱਕ ਪਹੁੰਚ ਕਰਨਗੇ। ਮਾਨ ਸਰਕਾਰ ਵੱਲੋਂ ਖਿਡਾਰੀਆਂ ਲਈ ਸਰਕਾਰੀ ਨੌਕਰੀਆਂ ਵਿੱਚ ਵਿਸ਼ੇਸ਼ ਰਾਖਵਾਂਕਰਨ ਕੀਤਾ ਗਿਆ ਹੈ ਅਤੇ ਅੰਤਰਰਾਸ਼ਟਰੀ ਪੱਧਰ ਦੇ ਮੁਕਾਬਲੇ ਜੇਤੂ ਖਿਡਾਰੀਆਂ ਨੂੰ ਕਲਾਸ-1 ਦੀਆਂ ਨੌਕਰੀਆਂ ਦਿੱਤੀਆਂ ਗਈਆਂ ਹਨ। ਇਸ ਮੌਕੇ ਮਾਰਕੀਟ ਕਮੇਟੀ ਗੁਰਦਾਸਪੁਰ ਦੇ ਚੇਅਰਮੈਨ ਭਾਰਤ ਭੂਸ਼ਨ ਸ਼ਰਮਾ, ਗੋਲਡਨ ਗਰੁੱਪ ਆਫ਼ ਇੰਸਟੀਚਿਊਟ ਦੇ ਚੇਅਰਮੈਨ ਮੋਹਿਤ ਮਹਾਜਨ, ਸਾਬਕਾ ਕੈਪਟਨ ਜੋਗਿੰਦਰ ਸਿੰਘ ਪ੍ਰਧਾਨ, ਦਸ਼ਮਿੰਦਰ ਨੋਨੀ ਪੈਟਰਨ, ਗੁਰਪ੍ਰੀਤ ਸਿੰਘ ਵਾਈਸ ਪ੍ਰਧਾਨ, ਦਰਬਾਰਾ ਸਿੰਘ ਜਾਇੰਟ ਸੈਕਟਰੀ, ਰਜਿੰਦਰ ਪੱਪੂ ਕੈਸ਼ੀਅਰ, ਰਜੇਸ਼ ਰਾਜੂ ਜਨਰਲ ਸੈਕਟਰੀ, ਵਿਕਰਮਜੀਤ ਸਿੰਘ ਸੈਣੀ, ਬਲਵਿੰਦਰ ਸਿੰਘ, ਚੰਬਾ ਹਾਕੀ ਦੇ ਸੈਕਟਰੀ ਮੁਕੇਸ਼ ਬੇਦੀ, ਭਾਰਤੀ ਹਵਾਈ ਫ਼ੌਜ ਦੇ ਸਾਬਕਾ ਹਾਕੀ ਕੋਚ ਸਤਿੰਦਰ ਸੱਤੀ ਜੰਮੂ, ਗੁਰਜੀਤ ਸਿੰਘ ਸੀਆਈਐੱਸਐੱਫ, ਅਮਰਜੀਤ ਸਿੰਘ ਸੀਨੀਅਰ, ਮਾਸਟਰ ਗੋਪਾਲ ਸਿੰਘ ਸਭਰਵਾਲ, ਮਨਸਾ ਰਾਮ, ਸਾਬਕਾ ਚੇਅਰਮੈਨ ਨੀਰਜ ਸਲਹੋਤਰਾ, ਸੁੱਚਾ ਸਿੰਘ ਮੁਲਤਾਨੀ, ਸਮਾਜ ਸੇਵੀ ਕੁੰਵਰ ਵਿੱਕੀ ਤੋਂ ਇਲਾਵਾ ਹੋਰ ਖੇਡ ਪ੍ਰੇਮੀ ਹਾਜ਼ਰ ਸਨ।

# ਨਸ਼ਿਆਂ 'ਤੇ ਕਾਬੂ ਨਾ ਪਾਇਆ ਤਾਂ ਸਿਵੇ ਇੰਝ ਹੀ ਬਲਦੇ ਰਹਿਣਗੇ: ਕਾਮਰੇਡ ਸੁਖਦੇਵ ਸਿੰਘ

**ਝਬਾਲ (ਹਰਜਿੰਦਰ ਸਿੰਘ ਸੋਨੀ)**- ਪ੍ਰੈੱਸ ਨੂੰ ਬਿਆਨ ਜਾਰੀ ਕਰਦਿਆਂ ਪੰਜਾਬ ਖੇਤ ਮਜ਼ਦੂਰ ਸਭਾ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਸੁਖਦੇਵ ਸਿੰਘ ਕੋਟ ਧਰਮ ਚੰਦ ਕਲਾਂ ਕਿਹਾ ਕਿ ਜੇਕਰ ਸਰਕਾਰਾਂ ਨੇ ਨਸ਼ੇ ਦੇ ਮੁੱਦੇ 'ਤੇ ਸਖ਼ਤੀ ਨਾ ਦਿਖਾਈ ਤਾਂ ਪੁੱਤਾਂ ਦੇ ਚਿਰਾਗ ਬੁਝਦੇ ਰਹਿਣਗੇ। ਪਿੰਡਾਂ ਵਿੱਚ ਨਸ਼ੇ ਬਹੁਤ ਵੱਡੇ ਪੱਧਰ 'ਤੇ ਵਿਕ ਰਹੇ ਹਨ।ਪਿੰਡਾਂ ਦੀਆਂ ਸ਼ਮਸ਼ਾਨਘਾਟਾਂ, ਧਰਮਸ਼ਾਲਾਵਾਂ ਵਿੱਚ ਨਸ਼ੇ ਦੇ ਆਦੀ ਆਪਣੇ ਅੱਡੇ ਬਣਾ ਕੇ ਨਸ਼ੇ ਦਾ ਸੇਵਨ ਕਰਦੇ ਆਮ ਤੌਰ 'ਤੇ ਦੇਖੇ ਜਾ ਸਕਦੇ ਹਨ।



ਸਰਕਾਰ ਬਣੀ ਨੂੰ ਤਿੰਨ ਸਾਲ ਬੀਤ ਗਏ ਹਨ ਪਰ ਨਸ਼ੇ ਦੇ ਮੁੱਦੇ 'ਤੇ ਕਾਰਵਾਈ ਕਰਨ ਵਿੱਚ ਇਹ ਸਰਕਾਰ ਫੇਲ ਸਾਬਤ ਹੋਈ ਹੈ। ਉਨ੍ਹਾਂ ਕਿਹਾ ਕਿ ਨਸ਼ੇ ਦੀਆਂ ਗੋਲੀਆਂ ਖਾਣ ਨਾਲ ਨੌਜਵਾਨਾਂ ਦੀ ਸਿਹਤ 'ਤੇ ਬਹੁਤ ਜ਼ਿਆਦਾ ਮਾੜਾ ਅਸਰ ਪਿਆ ਹੈ। ਉਨ੍ਹਾਂ ਕਿਹਾ ਕਿ ਸਰਕਾਰ ਉਪਰਾਲਾ ਕਰ ਕੇ ਗ੍ਰਾਮ ਪੰਚਾਇਤਾਂ ਰਾਹੀਂ ਪਿੰਡਾਂ ਵਿੱਚ ਨਸ਼ੇ ਕਰਨ ਵਾਲੇ ਨੌਜਵਾਨਾਂ ਦੀਆਂ ਲਿਸਟਾਂ ਤਿਆਰ ਕਰਕੇ ਹਲਕੇ ਦੇ ਐੱਮਐੱਲ ਨੂੰ ਭੇਜੀਆਂ ਜਾਣ ਅਤੇ ਆਪਣੀ ਜ਼ੁੰਮੇਵਾਰੀ 'ਤੇ ਸਰਕਾਰੀ ਹਸਪਤਾਲਾਂ ਵਿੱਚ ਪੁਲਸ ਦੇ ਸਹਿਯੋਗ ਨਾਲ ਨੌਜਵਾਨਾਂ ਨੂੰ ਭਰਤੀ ਕਰਵਾਇਆ ਜਾਵੇ ਅਤੇ ਸਹੀ ਤਰੀਕੇ ਨਾਲ ਉਨ੍ਹਾਂ ਦਾ ਇਲਾਜ ਕੀਤਾ ਜਾਵੇ। ਜੇਕਰ ਪਿੰਡਾਂ ਵਿੱਚ ਨਸ਼ਾ ਕਰਨ ਵਾਲੇ ਨਾ ਰਹੇ ਤਾਂ ਨਸ਼ਾ ਵਿਕਣਾ ਵੀ ਬੰਦ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਬੇਰੁਜ਼ਗਾਰੀ ਕਾਰਨ ਸਾਡੀ ਨੌਜਵਾਨ ਪੀੜ੍ਹੀ ਦਾ ਰੁਝਾਨ ਨਸ਼ਿਆਂ ਵੱਲ ਵੱਧ ਰਿਹਾ ਹੈ। ਸਰਕਾਰ ਇਨ੍ਹਾਂ ਦੇ ਰੋਜ਼ਗਾਰ ਦਾ ਕੋਈ ਢੁੱਕਵਾਂ ਪ੍ਰਬੰਧ ਕਰੇ। ਇੰਝ ਨੌਜਵਾਨ ਨਸ਼ੇ ਦੀਆਂ ਭੈੜੀਆਂ ਆਦਤਾਂ ਤੋਂ ਛੁਟਕਾਰਾ ਪਾ ਸਕਣਗੇ।

# ਪੁਲਸ ਨੇ ਸ਼ਹਿਰ 'ਚ ਟਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਦੇ ਚਲਾਨ ਕੱਟੇ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**- ਕਾਦੀਆਂ ਸ਼ਹਿਰ ਅੰਦਰ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਵਾਹਨ ਚਾਲਕਾਂ ਦੇ ਪੁਲਸ ਵੱਲੋਂ ਚਲਾਨ ਕੱਟੇ ਗਏ।ਇਸ ਸਬੰਧੀ ਜਾਣਕਾਰੀ ਸਾਂਝੀ ਕਰਦੇ ਹੋਏ ਥਾਣਾ ਕਾਦੀਆਂ ਦੇ ਐੱਸਐੱਚਓ ਨਿਰਮਲ ਸਿੰਘ ਨੇ ਦੱਸਿਆ ਕਿ ਪੁਲਸ ਜ਼ਿਲ੍ਹਾ ਬਟਾਲਾ ਦੇ ਐੱਸਐੱਸਪੀ ਸੁਹੇਲ ਕਾਸਿਮ ਮੀਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਰੋਜ਼ਾਨਾ ਹੀ ਸ਼ਹਿਰ ਦੇ ਵੱਖ-ਵੱਖ ਥਾਵਾਂ ਤੇ ਨਾਕੇਬੰਦੀ ਕਰਕੇ ਬਿਨਾਂ ਕਾਗਜ਼ਾਤ ਵਾਹਨਾਂ ਦੇ ਚਲਾਨ ਕੱਟੇ ਜਾ ਰਹੇ ਹਨ ਜਿਸ ਦੇ ਚਲਦਿਆਂ ਏਐੱਸਆਈ ਹਰਦੀਪ ਸਿੰਘ ਦੀ ਅਗਵਾਈ ਵਿੱਚ ਪੁਲਸ ਪਾਰਟੀ ਦੇ ਵੱਲੋਂ ਮਹਿਲਾ ਕਰਮਚਾਰੀਆਂ ਦੇ ਨਾਲ ਸਥਾਨਕ ਬੁੱਟਰ ਰੋਡ ਸਥਿਤ ਛੋਟਾ ਬਿਜਲੀ ਘਰ ਚੌਂਕ ਵਿਖੇ ਨਾਕੇਬੰਦੀ ਕਰਕੇ ਬਿਨਾਂ ਕਾਗਜ਼ਾਤ 12 ਵਾਹਨਾਂ ਦੇ ਚਲਾਨ ਕੱਟੇ ਗਏ ਜਿਨਾਂ ਵਿੱਚ ਉਨ੍ਹਾਂ ਦੇ ਵੱਲੋਂ ਕੁੱਝ ਵਾਹਨਾਂ ਨੂੰ ਬੌਂਡ ਵੀ ਕੀਤਾ ਗਿਆ।ਐੱਸਐੱਚਓ ਨਿਰਮਲ ਸਿੰਘ ਨੇ ਦੱਸਿਆ ਕਿ ਬਿਨਾਂ ਨੰਬਰ ਪਲੇਟ, ਟ੍ਰਿਪਲ ਸਵਾਰੀ ਅਤੇ ਪ੍ਰੈਸ਼ਰ ਹਾਰਨ, ਬਿਨਾਂ ਕਾਗਜ਼ਾਂ ਤੋਂ ਘੁੰਮ ਰਹੇ 12 ਦੇ ਕਰੀਬ ਵਾਹਨਾਂ ਦੇ ਚਲਾਨ ਕੀਤੇ ਗਏ, ਜਿਨ੍ਹਾਂ ਵਿੱਚੋਂ ਕੁੱਝ ਵਹੀਕਲ ਬੌਂਡ ਕੀਤੇ ਗਏ ।ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਵਹੀਕਲ ਦੇ ਦਸਤਾਵੇਜ਼ ਪੂਰੇ ਰੱਖਣ ਜਿਸ ਨਾਲ ਉਨ੍ਹਾਂ ਨੂੰ ਕਈ ਸਮੱਸਿਆਵਾਂ ਤੋਂ ਛੁਟਕਾਰਾ ਮਿਲ ਸਕਦਾ ਹੈ।ਉਨ੍ਹਾਂ ਕਿਹਾ ਕਿ ਆਪਣੇ ਵਹੀਕਲ ਦੇ ਦਸਤਾਵੇਜ਼ ਪੂਰੇ ਰੱਖਣ ਦਾ ਮੁੱਖ ਮਕਸਦ ਅਪਰਾਧੀ ਕਿਸਮ ਦੇ ਲੋਕਾਂ ਨੂੰ ਕਾਬੂ ਕਰਨਾ ਹੈ।ਉਹ ਨਿਰਧੜਕ ਹੋ ਕੇ ਘਟਨਾਵਾਂ ਨੂੰ ਅੰਜਾਮ ਦੇ ਜਾਂਦੇ ਹਨ।ਉਨ੍ਹਾਂ ਕਿਹਾ ਕਿ ਕਿਸੇ ਵੀ ਕੀਮਤ ਤੇ ਟਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਨੂੰ ਬਖਸ਼ਿਆ ਨਹੀਂ ਜਾਵੇਗਾ।ਉਨ੍ਹਾਂ ਕਿਹਾ ਕਿ ਵਹੀਕਲਾਂ ਦੇ ਕਾਗਜ਼ ਆਰਸੀ ਲਾਇਸੰਸ ਆਦਿ ਜ਼ਰੂਰੀ ਦਸਤਾਵੇਜ਼ਾਂ ਦਾ ਹੋਣਾ ਜ਼ਰੂਰੀ ਹੈ।ਉਨ੍ਹਾਂ ਕਿਹਾ ਕਿ ਬਿਨਾਂ ਨੰਬਰਾਂ ਕਾਗਜ਼ਾਂ ਤੋਂ ਘੁੰਮ ਰਹੇ ਵਹੀਕਲਾਂ ਨੂੰ ਕਾਬੂ ਕਰਨਾ ਸਮੇਂ ਦੀ ਮੁੱਖ ਲੋੜ ਹੈ।ਅਮਨ ਕਾਨੂੰਨ ਦੀ ਵਿਵਸਥਾ ਨੂੰ ਭੰਗ ਕਰਨ ਵਾਲੇ ਲੋਕਾਂ ਨੂੰ ਰੋਕਣ ਲਈ ਯਤਨ ਕੀਤੇ ਜਾ ਰਹੇ ਹਨ। ਉਨਾਂ ਨੇ ਨਾਲ ਹੀ ਸੜਕਾਂ ਦੇ ਉੱਪਰ ਰੇਹੜੀਆਂ ਲਗਾਉਣ ਵਾਲਿਆਂ ਨੂੰ ਵੀ ਹਦਾਇਤਾਂ ਜਾਰੀ ਕੀਤੀਆਂ ਕਿ ਉਹ ਆਪਣੀਆਂ ਰੇਹੜੀਆਂ ਨੂੰ ਹੱਦ ਦੇ ਵਿੱਚ ਲਗਾਉਣ ਜੇਕਰ ਕੋਈ ਕਾਨੂੰਨ ਦੀ ਉਲੰਘਣਾ ਕਰਦਾ ਨਜ਼ਰ ਆਇਆ ਤਾਂ ਉਸ ਦੇ ਖਿਲਾਫ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।ਕਿਸੇ ਨੂੰ ਵੀ ਕਿਸੇ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ।ਇਸ ਮੌਕੇ ਏਐੱਸਆਈ ਹਰਦੀਪ ਸਿੰਘ ਦੇ ਨਾਲ ਜੋਬਨਪ੍ਰੀਤ ਸਿੰਘ ਅਤੇ ਕਾਦੀਆਂ ਪੁਲਸ ਦੀਆਂ ਮਹਿਲਾ ਕਰਮਚਾਰੀ ਹਾਜ਼ਰ ਸਨ।



# ਮਜ਼ਦੂਰ ਪਰਿਵਾਰ ਨੂੰ ਇਨਸਾਫ ਦਿਵਾਉਣ ਲਈ ਪੁਲਸ ਚੌਕੀ ਕਾਲਾ ਅਫਗਾਨਾ ਅੱਗੇ ਲਾਇਆ ਧਰਨਾ



**ਬਟਾਲਾ (ਤਰਲੋਕ ਬੱਗਾ)**- ਮਜ਼ਦੂਰ ਮੁਕਤੀ ਮੋਰਚੇ ਵੱਲੋਂ ਬਟਾਲਾ ਪੁਲਸ ਜ਼ਿਲੇ ਦੀ ਪੁਲਸ ਚੌਕੀ ਕਾਲਾ ਅਫਗਾਨਾ ਮੋਹਰੇ ਮਲਕਵਾਲ ਦੇ ਮਜ਼ਦੂਰ ਪਰਿਵਾਰ ਨੂੰ ਇਨਸਾਫ ਦਿਵਾਉਣ ਲਈ ਧਰਨਾ ਦਿੱਤਾ ਗਿਆ। ਧਰਨੇ ਨੂੰ ਸੰਬੋਧਨ ਕਰਦਿਆਂ ਮੋਰਚੇ ਦੇ ਜ਼ਿਲ੍ਹਾ ਪ੍ਰਧਾਨ ਦਲਬੀਰ ਭੋਲਾ ਮਲਕਵਾਲ, ਹਰਜਿੰਦਰ ਪਿੰਟਾ, ਫੂਲ ਚੰਦ ਅਤੇ ਲਿਬਰੇਸ਼ਨ ਦੇ ਸੂਬਾ ਸਕੱਤਰ ਕਾਮਰੇਡ ਗੁਰਮੀਤ ਸਿੰਘ ਬੱਖਤਪੁਰਾ ਨੇ ਕਿਹਾ ਕਿ 13 ਜਨਵਰੀ ਨੂੰ ਪਿੰਡ ਦੇ ਉੱਚ ਜਾਤੀ ਅਤੇ ਸੱਤਾਧਾਰੀ ਪਾਰਟੀ ਦੇ ਕੁਝ ਵਿਅਕਤੀਆਂ ਵੱਲੋਂ ਬਚਿਆਂ ਦੇ ਮਮੂਲੀ ਝਗੜੇ ਨੂੰ ਅਧਾਰ ਬਣਾ ਕੇ ਇਸਾਈ ਭਾਈਚਾਰੇ ਦੇ ਵਿਅਕਤੀ ਵਿਲੀਅਮ ਦੇ ਘਰ ਰਾਤ 9 ਵਜੇ ਦੇ ਕਰੀਬ ਹਮਲਾ ਬੋਲ ਦਿੱਤਾ ਗਿਆ। ਵਿਲੀਅਮ ਦੀ ਪਤਨੀ ਸਰਬਜੀਤ ਅਤੇ ਉਸਦੇ ਲੜਕੇ ਮੰਗੇ ਨੂੰ ਘਰ ਵਿਚ ਕੁਟਾਪਾ ਚਾੜ੍ਹਨ ਤੋਂ ਬਾਅਦ ਕਥਿਤ ਦੋਸ਼ੀ ਉਨ੍ਹਾਂ ਨੂੰ ਧੂਹ ਕੇ ਗਲੀ ਵਿਚ ਲੈ ਗਏ ਜਿਥੇ ਉਨ੍ਹਾਂ ਦੀ ਕੁੱਟਮਾਰ ਕਰਦੇ ਰਹੇ ਜਿਸ ਦੌਰਾਨ ਮੰਗੇ ਦੀ ਉਂਗਲੀ ਵੀ ਟੁੱਟ ਗਈ। ਰਾਤ ਹੀ ਪੁਲਸ ਚੌਕੀ ਵਿਚ ਰਿਪੋਰਟ ਦਿੱਤੀ ਗਈ ਪਰ ਤਤਕਾਲੀ ਪੁਲਸ ਚੌਕੀ ਇੰਚਾਰਜ ਵੱਲੋਂ ਫੌਰੀ ਪੜਤਾਲ ਕਰਕੇ ਕਾਨੂੰਨੀ ਕਾਰਵਾਈ ਕਰਨ ਦੀ ਬਜਾਏ ਪੀੜਤ ਪਰਿਵਾਰ ਉਪਰ ਸਮਝੌਤਾ ਕਰਨ ਲਈ ਲਗਾਤਾਰ ਦਬਾਅ ਬਣਾਇਆ ਗਿਆ। ਤਿੰਨ ਦਿਨ ਬਾਅਦ ਹਮਲਾਵਰਾਂ ਨੇ ਸੱਤਾ ਦੇ ਗਰੂਰ ਵਿਚ ਝੂਠੀ ਐੱਮਐੱਲਆਰ ਬਣਾ ਲਈ। ਇਸ ਸਾਰੇ ਘਟਨਾਕਰਮ ਸਬੰਧੀ ਮੁਦਈ ਪਰਿਵਾਰ ਨੇ ਐੱਸਪੀਡੀ ਨੂੰ ਸ਼ਿਕਾਇਤ ਵੀ ਕੀਤੀ ਗਈ ਪਰ 39 ਦਿਨ ਬੀਤਣ ਉਪਰੰਤ ਵੀ ਪੁਲਸ ਵੱਲੋਂ ਕੋਈ ਕਾਰਵਾਈ ਨਾ ਕਰਨ ਉਪਰੰਤ ਚੌਕੀ ਮੋਹਰੇ ਧਰਨਾ ਦਿੱਤਾ ਗਿਆ। ਆਗੂਆਂ ਭਗਵੰਤ ਮਾਨ ਦੀ ਸਰਕਾਰ ਵਲੋਂ ਪੁਲਸ ਦੇ ਕੀਤੇ ਗਏ ਸਿਆਸੀਕਰਣ ਦੀ ਨਿੰਦਾ ਕਰਦਿਆਂ ਕਿਹਾ ਕਿ ਜੇਕਰ ਪੁਲਸ ਨੇ ਮਜ਼ਦੂਰ ਪਰਿਵਾਰ ਨੂੰ ਇਨਸਾਫ਼ ਦੇਣ ਦੇ ਹਿੱਤ ਵਿਚ ਫੌਰੀ ਕਾਰਵਾਈ ਨਾ ਕੀਤੀ ਤਾਂ ਡੀਐੱਸਪੀ ਫਤਿਹਗੜ੍ਹ ਚੂੜੀਆਂ ਦੇ ਦਫਤਰ ਮੋਹਰੇ 21 ਫਰਵਰੀ ਨੂੰ ਧਰਨਾ ਦਿੱਤਾ ਜਾਵੇਗਾ।

# ਦਸਮੇਸ਼ ਪਬਲਿਕ ਸਕੂਲ ਮਹਿਤਾ ਦਾ ਸਾਲਾਨਾ ਇਨਾਮ ਵੰਡ ਸਮਾਗਮ




**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**- ਦਸਮੇਸ਼ ਵਿੱਦਿਅਕ ਸੰਸ਼ਥਾਵਾਂ ਦੀ ਰਹਿਨੁਮਾਈ ਹੇਠ ਚੱਲ ਰਹੇ ਅਦਾਰੇ ਦਸਮੇਸ਼ ਪਬਲਿਕ ਸੀਨੀ. ਸੈਕੰ. ਸਕੂਲ ਮਹਿਤਾ ਚੌਂਕ ਵਿਖੇ ਇਨਾਮ ਵੰਡ ਸਮਾਰੋਹ ਕਰਵਾਇਆ ਗਿਆ।ਸਕੂਲ ਦੇ ਇਸ ਰੰਗਾ-ਰੰਗ ਪ੍ਰੋਗਰਾਮ ਵਿੱਚ ਸੁਹੇਲ ਕਾਸਿਮ ਮੀਰ ਐੱਸਐੱਸਪੀ ਬਟਾਲਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ।ਸਕੂਲ ਦੇ ਚੇਅਰਮੈਨ ਗੁਰਦੀਪ ਸਿੰਘ ਰੰਧਾਵਾ ਅਤੇ ਸਕੂਲ ਮੈਨੇਜਮੈਂਟ ਵੱਲੋਂ ਆਏ ਹੋਏ ਮੁੱਖ ਮਹਿਮਾਨ ਦਾ ਸੁਹੇਲ ਕਾਸਿਮ ਮੀਰ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।ਸਮਾਗਮ ਦਾ ਵਿਸ਼ੇਸ਼ ਥੀਮ ਸੁਪਨਿਆ ਭਰੀ ਉਡਾਣ ਤੇ ਅਧਾਰਿਤ ਸੀ। ਵਿਦਿਆਰਥੀਆਂ ਵੱਲੋਂ ਸੁਪਨਿਆਂ ਨੂੰ ਪੂਰਾ ਕਰਨ ਬਾਬਤ ਵੱਖ-ਵੱਖ ਆਈਟਮਾਂ ਪੇਸ਼ ਕੀਤੀਆਂ ਗਈਆਂ।ਪੰਜਾਬੀ ਲੋਕ-ਨਾਚ-ਲੁੱਡੀ, ਭੰਗੜਾ, ਗਿੱਧਾ ਆਦਿ ਰਾਹੀਂ ਦਰਸ਼ਕਾਂ ਦਾ ਮਨੋਰੰਜਨ ਕੀਤਾ ਗਿਆ। ਅਧਿਆਪਕਾਂ ਦੀ ਹੌਸਲਾ ਅਫਜ਼ਾਈ ਸਦਕਾ ਬੱਚਿਆਂ ਨੇ ਆਪਣੀਆਂ ਆਈਟਮਾਂ ਨੂੰ ਸਟੇਜ ਤੇ ਬਾਖੂਬੀ ਨਿਭਾਇਆ।ਐੱਸਐੱਸਪੀ ਸੁਹੇਲ ਕਾਸਿਮ ਮੀਰ ਵੱਲੋਂ ਬੱਚਿਆਂ ਦੁਆਰਾ ਪ੍ਰਦਰਸ਼ਿਤ ਕੀਤੇ ਪ੍ਰੋਗਰਾਮ ਦੀ ਭਰਪੂਰ ਸ਼ਲਾਘਾ ਕੀਤੀ ਗਈ। ਉਨ੍ਹਾਂ ਵਿਦਿਆਰਥੀਆਂ ਨੂੰ ਕਾਮਯਾਬੀ ਪ੍ਰਾਪਤ ਕਰਨ ਲਈ ਨੈਤਿਕ ਕਦਰਾਂ ਕੀਮਤਾਂ ਅਪਨਾਉਣ ਅਤੇ ਸਖ਼ਤ ਮਿਹਨਤ ਕਰਨ ਲਈ ਪ੍ਰੇਰਿਆ।ਸੰਸਥਾ ਦੇ ਮੈਨੇਜਰ ਹਰਸ਼ਦੀਪ ਸਿੰਘ ਰੰਧਾਵਾ ਨੇ ਸੰਬੋਧਨ ਕਰਦਿਆਂ ਆਏ ਹੋਏ ਮੁੱਖ ਮਹਿਮਾਨ ਨੂੰ ਜੀ ਆਇਆਂ ਆਖਿਆ ਅਤੇ ਸਮੂਹ ਅਧਿਆਪਕਾਂ ਅਤੇ ਮਾਪਿਆਂ ਦਾ ਧੰਨਵਾਦ ਕੀਤਾ ।ਇਸ ਸਮਾਗਮ ਵਿੱਚ ਹੋਰਨਾਂ ਤੋਂ ਇਲਾਵਾ ਬਲਵਿੰਦਰ ਸਿੰਘ ਢਿੱਲੋਂ, ਅਵਤਾਰ ਸਿੰਘ ਬੁੱਟਰ, ਸ਼ਮਸ਼ੇਰ ਸਿੰਘ ਐੱਸਐੱਚਓ, ਸੁਖਪਾਲ ਸਿੰਘ, ਅਜੈ ਗਾਂਧੀ ਸਰਪੰਚ, ਅਜੀਤ ਸਿੰਘ, ਡਾ. ਪਰਮਜੀਤ ਸਿੰਘ, ਤੇਜਬੀਰ ਸਿੰਘ ਸੋਹਲ, ਪ੍ਰਿੰ. ਜਤਿੰਦਰ ਸ਼ਰਮਾ, ਪ੍ਰਿੰ. ਗੁਰਦੀਪ ਸਿੰਘ ਜਲਾਲ ਉਸਮਾਂ, ਪ੍ਰਿੰ. ਰੁਚਿਕਾ ਛਾਬੜਾ, ਪ੍ਰਿੰ. ਮਨਜੀਤ ਕੌਰ ਵਾਲੀਆ, ਜਥੇਦਾਰ ਤਰਸੇਮ ਸਿੰਘ ਤਾਹਰਪੁਰ , ਬਲਜਿੰਦਰ ਸਿੰਘ, ਅਮਨਪਾਲ ਸਿੰਘ, ਕਿਰਨਪ੍ਰੀਤ ਸਿੰਘ, ਅਮਰ ਰਾਵਤ, ਪਰਗਟ ਸਿੰਘ, ਕੈਪਟਨ ਜੋਗਿੰਦਰ ਸਿੰਘ ਹਾਜ਼ਰ ਸਨ।

# ਯਾਦਗਾਰੀ ਹੋ ਨਿੱਬੜਿਆ ਗੁਰੂ ਗੋਬਿੰਦ ਸਿੰਘ ਮਾਡਰਨ ਸਕੂਲ ਬਖਤਪੁਰ ਦਾ ਸੱਭਿਆਚਾਰਕ ਤੇ ਇਨਾਮ ਵੰਡ ਸਮਾਗਮ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਗੁਰੂ ਗੋਬਿੰਦ ਸਿੰਘ ਮਾਡਰਨ ਸਕੂਲ ਬਖਤਪੁਰ ਦਾ ਸਾਲਾਨਾ ਸੱਭਿਆਚਾਰਕ ਅਤੇ ਇਨਾਮ ਵੰਡ ਸਮਾਗਮ ਅਮਿੱਟ ਯਾਦਾਂ ਛੱਡ ਗਿਆ। ਸਕੂਲ ਪ੍ਰਿੰਸੀਪਲ ਮੇਜਰ ਸਿੰਘ ਚਾਹਲ ਦੇ ਪ੍ਰਬੰਧਾਂ ਹੇਠ ਕਰਵਾਏ ਸਮਾਗਮ ਦੀ ਪ੍ਰਧਾਨਗੀ ਸਕੂਲ ਦੇ ਡਾਇਰੈਕਟਰ ਮਹਿੰਦਰਪਾਲ ਸਿੰਘ ਕਲੇਰ ਅਤੇ ਪ੍ਰਧਾਨ ਰਣਜੀਤ ਕੌਰ ਨੇ ਕੀਤੀ। ਸਕੂਲ ਪ੍ਰਿੰਸੀਪਲ ਮੇਜਰ ਸਿੰਘ ਚਾਹਲ ਨੇ ਦੱਸਿਆ ਕਿ ਅਰੰਭਤਾ ਸ੍ਰੀ ਰਮੇਸ਼ ਮਹਾਜਨ ਨੈਸ਼ਨਲ ਅਵਾਰਡੀ ਪ੍ਰੋਜੈਕਟ ਡਾਇਰੈਕਟਰ ਰੈੱਡ ਕਰਾਸ ਨਸ਼ਾ ਛਡਾਊ ਅਤੇ ਪੁਨਰਵਾਸ ਕੇਂਦਰ ਗੁਰਦਾਸਪੁਰ, ਸਮਾਜ ਸੇਵਕ ਬਲਕਾਰ ਸਿੰਘ ਕਾਹਲੋਂ ਅਤੇ ਕੰਵਰਪਾਲ ਸਿੰਘ ਪ੍ਰਧਾਨ ਲਾਈਨਜ਼ ਕਲੱਬ ਕਾਹਨੂੰਵਾਨ ਵੱਲੋਂ ਸ਼ਮ੍ਹਾ ਰੋਸ਼ਨ ਕਰਕੇ ਕੀਤੀ। ਸਮਾਗਮ ਦੀ ਸ਼ੁਰੂਆਤ ਵਿੱਚ ਸਕੂਲ ਵਿਦਿਆਰਥਣ ਸਿਮਰਨਜੀਤ ਕੌਰ ਤੇ ਸਾਥੀਆਂ ਨੇ ਸ਼ਬਦ ਕੀਰਤਨ ਕੀਤਾ। ਉਪਰੰਤ ਸਮਰਪ੍ਰੀਤ ਸਿੰਘ ਤੇ ਸਾਥੀਆਂ ਨੇ ਕਵੀਸ਼ਰੀ, ਮਨਸੀਰਤ ਕੌਰ ਨੇ ਧਾਰਮਿਕ ਕਵਿਤਾ ਪੇਸ ਕੀਤੀ। ਸੱਭਿਆਚਾਰਕ ਪ੍ਰੋਗਰਾਮ ਵਿੱਚ ਪ੍ਰੀ ਨਰਸਰੀ ਦੇ ਬੱਚਿਆਂ ਨੇ ਲੱਕੜੀ ਕੀ ਕਾਠੀ ਗੀਤ 'ਤੇ ਕੋਰੀਓਗ੍ਰਾਫੀ ਕੀਤੀ। ਉਪਰੰਤ ਵਿਦਿਆਰਥੀਆਂ ਨੇ ਕੋਰੀਓਗ੍ਰਾਫੀਆਂ, ਸਕਿੱਟਾਂ, ਕਮੇਡੀ ਅਤੇ ਗੀਤਾਂ ਰਾਹੀਂ ਸਮਾਜਿਕ ਕੁਰੀਤੀਆਂ ਅਤੇ ਨਸ਼ਿਆਂ ਤੋਂ ਦੂਰ ਰਹਿਣ ਸੁਨੇਹਾ ਦਿੱਤਾ। ਵਿਦਿਆਰਥੀ ਦਮਨਪ੍ਰੀਤ ਸਿੰਘ ਤੇ ਗੁਰਕਰਨ ਸਿੰਘ ਵੱਲੋਂ ਭੰਡਾਂ ਦਾ ਪ੍ਰੋਗਰਾਮ ਪੇਸ਼ ਕਰਕੇ ਸਾਰਿਆਂ ਦੇ ਢਿੱਡੀ ਪੀੜਾਂ ਪਾਈਆਂ। ਰਵਨੀਤ ਕੌਰ ਤੇ ਸਾਥਣਾ ਨੇ ਧੀਆਂ ਬਾਰੇ ਗੀਤ ਅਤੇ ਅਨੰਨਿਆਂ ਵੱਲੋਂ ਬੱਚਿਆਂ ਤੇ ਹੋ ਰਹੇ ਮੋਬਾਈਲ ਫੋਨ ਦੇ ਅਸਰ 'ਤੇ ਅਧਾਰਿਤ ਕੋਰੀਓਗ੍ਰਾਫੀ ਕਰਕੇ ਸਮੂਹ ਹਾਜਰੀਨ ਨੂੰ ਸੋਚਣ ਲਈ ਮਜ਼ਬੂਰ ਕੀਤਾ। ਇਨਾਮ ਵੰਡ ਸਮਾਗਮ ਵਿੱਚ ਬਤੌਰ ਮੁੱਖ ਮਹਿਮਾਨ ਸਾਮਲ ਹੋਏ ਪੰਜਾਬ ਹੈਲਥ ਸਿਸਟਮ ਐਂਡ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਦੁਆਰਾ ਸਾਲ 2024-25 ਦੌਰਾਨ ਹੋਏ ਵੱਖ ਵੱਖ ਮੁਕਾਬਲਿਆਂ ਵਿੱਚ ਅੱਵਲ ਰਹੇ ਅਤੇ ਹੋਣਹਾਰ ਵਿਦਿਆਰਥੀਆਂ ਨੂੰ ਇਨਾਮ ਤਕਸੀਮ ਕਰਕੇ ਸਨਮਾਨਿਤ ਕੀਤਾ ਗਿਆ। ਅਖੀਰ ਵਿੱਚ ਸਕੂਲ ਦੇ ਜੂਨੀਅਰ ਅਤੇ ਸੀਨੀਅਰ ਵਿਦਿਆਰਥੀਆਂ ਵੱਲੋਂ ਢੋਲ ਦੇ ਡਗੇ 'ਤੇ ਭੰਗੜਾ ਤੇ ਗਿੱਧਾ ਪਾ ਕੇ ਆਏ ਹੋਏ ਮਹਿਮਾਨਾਂ ਦਾ ਖੂਬ ਮਨੋਰੰਜਨ ਕੀਤਾ। ਸਮਾਗਮ ਵਿੱਚ ਬਿਕਰਮਜੀਤ ਸਿੰਘ ਵਿੱਕੀ ਕਬੱਡੀ ਕੋਚ ਅਤੇ ਡਾਇਰੈਕਟਰ ਜਨਤਾ ਮਾਡਰਨ ਸੀਨੀਅਰ ਸੈਕੰਡਰੀ ਸਕੂਲ ਵਡਾਲਾ ਗ੍ਰੰਥੀਆਂ, ਤਜਿੰਦਰ ਸਿੰਘ ਪਰਮਾਰ, ਪ੍ਰਭਜੋਬਨ ਸਿੰਘ ਬੁੱਟਰ, ਡਾ: ਦੀਪਕ ਸਹੋਤਰਾ, ਡਾ: ਜਨਕ ਰਾਜ ਗੁਪਤਾ ਕਮਲ ਮੈਡੀਸਿਟੀ ਜਲੰਧਰ, ਡਾ: ਮੁਹੱਬਤਬੀਰ ਸਿੰਘ, ਸੁੱਚਾ ਸਿੰਘ ਮੁਲਤਾਨੀ, ਕਮਲ ਸ਼ਰਮਾ, ਡਾ: ਕਲਮਪ੍ਰੀਤ ਕੌਰ ਕਲੇਰ, ਹਰਮਨਪ੍ਰੀਤ ਸਿੰਘ, ਰਿਟਾ. ਸਬ-ਇੰਸਪੈਕਟਰ ਪ੍ਰੀਤਮ ਸਿੰਘ, ਨਰਿੰਦਰ ਕੌਰ, ਸੰਤੋਖ ਸਿੰਘ ਚਾਹਲ, ਡਾ: ਨਿਸ਼ਾਨ ਸਿੰਘ ਚਾਹਲ, ਬਲਜੀਤ ਸਿੰਘ ਚਾਹਲ, ਸੁਖਵਿੰਦਰ ਸਿੰਘ ਪਸਨਾਵਾਲ, ਮਾਸਟਰ ਪਪਿੰਦਰ ਸਿੰਘ ਚਾਹਲ, ਮਾਸਟਰ ਮੇਜਰ ਸਿੰਘ ਕਾਹਲੋਂ ਆਦਿ ਤੋਂ ਇਲਾਵਾ ਸਮੂਹ ਸਕੂਲ ਸਟਾਫ ਅਤੇ ਬੱਚਿਆਂ ਦੇ ਮਾਤਾ ਪਿਤਾ ਹਾਜ਼ਰ ਸਨ।

# ਫ੍ਰੀਮੈਨਜ਼ ਆਈਪੀਐੱਲ-2025 ਲਈ ਪੰਜਾਬ ਕਿੰਗਜ਼ ਦਾ ਆਫ਼ੀਸ਼ੀਅਲ ਟੂਲਜ਼ ਪਾਰਟਨਰ ਬਣਿਆ

**ਜਲੰਧਰ:** ਭਾਰਤੀ ਉਪ-ਮਹਾਦੀਪ ਵਿੱਚ ਮਾਪਣ ਵਾਲੇ ਉਪਕਰਣਾਂ ਦਾ ਅਗੂਅ ਅਤੇ ਸਭ ਤੋਂ ਵੱਡਾ ਨਿਰਮਾਤਾ ਫ੍ਰੀਮੈਨਸ ਨੇ ਇੰਡੀਆ ਪ੍ਰੀਮੀਅਰ ਲੀਗ (ਆਈਪੀਐੱਲ) 2025 ਲਈ ਪੰਜਾਬ ਕਿੰਗਜ਼ ਦੇ ਆਫ਼ਿਸੀਅਲ ਟੂਲਜ਼ ਪਾਰਟਨਰ ਬਣਨ ਦੀ ਘੋਸ਼ਣਾ ਕੀਤੀ ਹੈ।ਇਹ ਭਾਗੀਦਾਰੀ ਫ੍ਰੀਮੈਨਜ਼ ਦੀ ਖੇਡਾਂ ਪ੍ਰਤੀ ਉਤਸ਼ਾਹ ਦੇ ਸਮਰਥਨ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ ਅਤੇ ਆਈਪੀਐੱਲ -2025 ਸੀਜ਼ਨ ਲਈ ਪੰਜਾਬ ਕਿੰਗਜ਼ ਦੀ ਤਿਆਰੀ ਵਿੱਚ ਯੋਗਦਾਨ ਪਾਉਂਦੀ ਹੈ।ਇਸ ਭਾਗੀਦਾਰੀ ਤੇ ਟਿੱਪਣੀ ਕਰਦੇ ਹੋਏ ਐੱਫਐੱਮਆਈ ਲਿਮਿਟਡ (ਫ੍ਰੀਮੈਨਜ਼) ਦੇ ਕਾਰਜਕਾਰੀ ਨਿਰਦੇਸ਼ਕ ਸਾਹਿਲ ਨਾਇਰ ਨੇ ਕਿਹਾ ਕਿ ਸਾਨੂੰ ਆਈਪੀਐੱਲ - 2025 ਸੀਜ਼ਨ ਲਈ ਪੰਜਾਬ ਕਿੰਗਜ਼ ਦਾ ਆਧਿਕਾਰਕ ਟੂਲਜ਼ ਪਾਰਟਨਰ ਬਣਨ 'ਤੇ ਮਾਣ ਹੈ।ਸਾਡੇ ਲਈ ਇਹ ਖਾਸ ਮੌਕਾ ਹੈ ਕਿਉਂਕਿ ਅਸੀਂ ਫ੍ਰੀਮੈਨਜ਼ ਟੂਲਜ਼ ਦੇ 75 ਸਾਲ ਪੂਰੇ ਕਰ ਰਹੇ ਹਾਂ ਅਤੇ ਸਾਡੀਆਂ ਜੜ੍ਹਾਂ ਉਥੇ ਹੀ ਹਨ ਜਿਥੋਂ ਅਸੀਂ ਸ਼ੁਰੂਆਤ ਕੀਤੀ ਸੀ।ਪੰਜਾਬ ਕਿੰਗਜ਼ ਦੇ ਸੀਈਓ ਸਤੀਸ਼ ਮੇਨਨ ਨੇ ਕਿਹਾ ਕਿ ਪੂਰੀ ਪੰਜਾਬ ਕਿੰਗਜ਼ ਪਰਿਵਾਰ ਵੱਲੋਂ ਮੈਂ ਫ੍ਰੀਮੈਨਜ਼ ਟੂਲਜ਼ ਨੂੰ ਆਈਪੀਐੱਲ - 2025 ਲਈ ਸਾਡੇ ਹਿੱਸੇਦਾਰ ਵਜੋਂ ਸਵਾਗਤ ਕਰਦਾ ਹਾਂ।

# ਚਾਈਨਾ ਡੋਰ ਦਾ ਵਾਰ ਤੇ ਅਵਾਰਾ ਕੁੱਤਿਆਂ ਦਾ ਖੌਫ ਸਾਡੇ ਲਈ ਚਿੰਤਾ ਦਾ ਵਿਸ਼ਾ: ਪ੍ਰਿੰ. ਲਛਮਣ ਸਿੰਘ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**- ਸੀਨੀਅਰ ਸਿਟੀਜ਼ਨ ਵੈੱਲਫੇਅਰ ਫੋਰਮ (ਰਜਿ:) ਬਟਾਲਾ ਦੀ ਮਹੀਨਾਵਾਰ ਮੀਟਿੰਗ ਪ੍ਰਧਾਨ ਪ੍ਰਿੰਸੀਪਲ ਲਛਮਣ ਸਿੰਘ ਦੀ ਅਗਵਾਈ ਵਿੱਚ ਹੋਈ ਜਿਸ ਦੌਰਾਨ ਵੱਡੀ ਗਿਣਤੀ ਵਿੱਚ ਮੈਂਬਰਾਂ ਵੱਲੋਂ ਸ਼ਿਰਕਤ ਕੀਤੀ ਗਈ।ਇਸ ਮੌਕੇ ਜਾਣਕਾਰੀ ਦਿੰਦਿਆਂ ਪ੍ਰਧਾਨ ਪ੍ਰਿੰਸੀਪਲ ਲਛਮਣ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਇਲਾਕੇ ਵਿੱਚ ਘੁੰਮ ਰਹੇ ਆਵਾਰਾ ਕੁੱਤੇ ਮਨੁੱਖੀ ਜੀਵਨ ਲਈ ਖ਼ਤਰਾ ਬਣ ਗਏ ਹਨ।ਬਹੁਤ ਸਾਰੀਆਂ ਘਟਨਾਵਾਂ ਵਾਪਰੀਆਂ ਹਨ ਜਿਸ ਵਿੱਚ ਅਵਾਰਾ ਕੁੱਤਿਆਂ ਵੱਲੋਂ ਬੱਚਿਆਂ ਅਤੇ ਔਰਤਾਂ ਦਾ ਨੁਕਸਾਨ ਪਹੁੰਚਾਇਆ ਹੈ।ਉਨ੍ਹਾਂ ਸਰਕਾਰ ਨੂੰ ਅਪੀਲ ਕੀਤੀ ਕਿ ਅਵਾਰਾ ਕੁੱਤਿਆਂ ਤੋਂ ਬਚਾਅ ਲਈ ਪੁਖ਼ਤਾ ਪ੍ਰਬੰਧ ਕੀਤਾ ਜਾਵੇ।ਇਸ ਦੇ ਨਾਲ ਨਾਲ ਚਾਇਨਾ ਡੋਰ ਦੀ ਵਿਕਰੀ ਰੋਕਣ ਲਈ ਹੋਰ ਯੋਗ ਕਦਮ ਉਠਾਏ ਜਾਣ।ਇਸ ਮੌਕੇ ਹਾਜ਼ਰ ਬੁੱਧੀਜੀਵੀਆਂ ਵੱਲੋਂ ਵੀ ਆਪਣੇ ਵਿਚਾਰ ਪੇਸ਼ ਕੀਤੇ ਗਏ।ਇਸ ਦੌਰਾਨ ਮੀਤ ਪ੍ਰਧਾਨ ਸਰਦੂਲ ਸਿੰਘ ਸੋਢੀ, ਜਨਰਲ ਸੈਕਟਰੀ ਗੁਰਦਰਸ਼ਨ ਸਿੰਘ ਧਾਮੀ, ਸੈਕਟਰੀ ਪ੍ਰਿੰਸੀਪਲ ਨਾਨਕ ਸਿੰਘ, ਸੀਨੀਅਰ ਮੈਨੇਜਰ ਕਸ਼ਮੀਰ ਸਿੰਘ ਛੀਨਾ, ਇੰਜ: ਨਰਿੰਦਰ ਸਿੰਘ ਸਿੱਧੂ, ਡਾ. ਸੱਤਪਾਲ ਸਿੰਘ, ਐੱਮ. ਐੱਲ. ਸ਼ਰਮਾ ਰਿਟਾ: ਡੀ. ਪੀ. ਆਈ., ਸਵਰਨ ਸਿੰਘ ਸਰੂਪਵਾਲੀ, ਪ੍ਰਿੰਸੀਪਲ ਨਵਤੇਜਪਾਲ ਸਿੰਘ ਪਨੇਸਰ, ਪ੍ਰਿੰ. ਪ੍ਰਿਤਪਾਲ ਸਿੰਘ, ਸਵਿੰਦਰ ਸਿੰਘ ਸੰਧੂ, ਦਰਸ਼ਨ ਲਾਲ ਇੰਸਪੈਕਟਰ, ਅਰਵਿੰਦਰਪਾਲ ਸਿੰਘ ਪਰਮਾਰ, ਗੁਰਪ੍ਰੀਤ ਸਿੰਘ ਪਰਮਾਰ, ਗੁਰਨਾਮ ਸਿੰਘ ਸੰਧੂ, ਸੁਲੱਖਣ ਸਿੰਘ, ਡਾ. ਗੁਰਿੰਦਰ ਸਿੰਘ ਰੰਧਾਵਾ, ਡਾ. ਗੁਰਦੇਵ ਸਿੰਘ ਰੰਧਾਵਾ, ਸੁਰਿੰਦਰ ਸਿੰਘ ਕਾਹਲੋਂ ਰਿਟਾ: ਪੰਚਾਇਤ ਅਫ਼ਸਰ, ਬਲਕਾਰ ਸਿੰਘ, ਗੁਰਦਿਆਲ ਸਿੰਘ ਜੇ.ਈ., ਸਵਿੰਦਰ ਸਿੰਘ ਜੇ.ਈ., ਜਸਵੰਤ ਸਿੰਘ ਜੇ.ਈ., ਕੁਲਵੰਤ ਸਿੰਘ ਸਟੇਟ ਐਵਾਰਡੀ, ਇੰਸਪੈਕਟਰ ਰਘਬੀਰ ਸਿੰਘ ਆਦਿ ਹਾਜ਼ਰ ਸਨ।

# ਗੁਰਦੇਵ ਸਿੰਘ ਖਾਲਸਾ ਬਣੇ ਦਿ ਰਈਆ ਆਜ਼ਾਦ ਕੋਆਪਰੇਟਿਵ ਮਾਰਕੀਟ ਸੁਸਾਇਟੀ ਦੇ ਚੇਅਰਮੈਨ

**ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਹਲਕਾ ਵਿਧਾਇਕ ਬਾਬਾ ਬਕਾਲਾ ਸਾਹਿਬ ਦਲਬੀਰ ਸਿੰਘ ਟੌਂਗ ਦੀ ਅਗਵਾਈ ਹੇਠ ਦਿ ਰਈਆ ਆਜ਼ਾਦ ਕੋਆਪਰੇਟਿਵ ਮਾਰਕੀਟ ਸੁਸਾਇਟੀ ਦੀ ਚੋਣ ਕਰਵਾਈ ਗਈ ਜਿਸ ਵਿੱਚ ਗੁਰਦੇਵ ਸਿੰਘ ਖਾਲਸਾ ਦੂਲੋਨੰਗਲ ਨੂੰ ਚੇਅਰਮੈਨ,



ਸਤਨਾਮ ਸਿੰਘ ਮੁੱਛਲ ਨੂੰ ਮੈਂਬਰ ਮਾਰਕੀਟ ਕਮੇਟੀ, ਸੁਖਦੇਵ ਸਿੰਘ ਸੁਧਾਰ ਰਾਜਪੂਤਾਂ ਮੈਂਬਰ ਮਾਰਕੀਟ ਕਮੇਟੀ, ਨਰਿੰਦਰਪਾਲ ਸਿੰਘ ਦੂਲੋਨੰਗਲ ਮੈਂਬਰ ਮਾਰਕੀਟ ਕਮੇਟੀ, ਸਤੀਸ਼ ਭੰਡਾਰੀ ਰਈਆ ਮੈਂਬਰ ਮਾਰਕੀਟ ਕਮੇਟੀ ਅਤੇ ਨੱਥਾ ਸਿੰਘ ਦਨਿਆਲ ਨੂੰ ਮਾਰਕੀਟ ਕਮੇਟੀ ਦਾ ਮੈਂਬਰ ਚੁਣਿਆ ਗਿਆ।ਇਸ ਮੌਕੇ ਵਿਧਾਇਕ ਦਲਬੀਰ ਸਿੰਘ ਟੌਂਗ ਨੇ ਚੇਅਰਮੈਨ ਗੁਰਦੇਵ ਸਿੰਘ ਖਾਲਸਾ ਦਾ ਮੂੰਹ ਮਿੱਠਾ ਕਰਵਾਇਆ ਅਤੇ ਆਸ ਪ੍ਰਗਟ ਕੀਤੀ ਕਿ ਉਹ ਕਮੇਟੀ ਲਈ ਤਨਦੇਹੀ ਨਾਲ ਆਪਣਾ ਸੇਵਾਵਾਂ ਦੇਣਗੇ।ਇਸ ਮੌਕੇ ਖਾਲਸਾ ਨੇ ਕਿਹਾ ਕਿ ਉਨ੍ਹਾਂ ਨੂੰ ਜੋ ਜ਼ਿੰਮੇਵਾਰੀ ਸੌਂਪੀ ਗਈ ਹੈ ਉਹ ਤਨਦੇਹੀ ਨਾਲ ਨਿਭਾਉਣਗੇ ਅਤੇ ਮਾਰਕੀਟ ਕਮੇਟੀ ਨੂੰ ਬੁਲੰਦੀਆਂ ਤੱਕ ਪਹੁੰਚਾਉਣਗੇ। ਉਪਰੰਤ ਵਿਧਾਇਕ, ਚੇਅਰਮੈਨ ਅਤੇ ਸਮੂਹ ਮਾਰਕੀਟ ਕਮੇਟੀ ਮੈਂਬਰਾਂ ਨੇ ਗੁਰਦੁਆਰਾ ਸ੍ਰੀ ਤੇਗ ਬਹਾਦਰ ਸਾਹਿਬ ਬਾਬਾ ਬਾਕਲਾ ਵਿਖੇ ਮੱਥਾ ਟੇਕਿਆ।ਇਸ ਮੌਕੇ ਪ੍ਰਧਾਨ ਸੁਰਜੀਤ ਸਿੰਘ ਕੰਗ, ਬਲਸ਼ਰਨ ਸਿੰਘ, ਅਵਤਾਰ ਸਿੰਘ, ਹਰਪ੍ਰੀਤ ਸਿੰਘ ਭਿੰਡਰ, ਗੁਰਮੀਤ ਪਨੇਸਰ, ਪਰਮਜੀਤ ਸਿੰਘ ਪੰਮਾ, ਸੁਖਦੇਵ ਸਿੰਘ ਪੱਡਾ, ਬਲਾਕ ਪ੍ਰਧਾਨ, ਮਨਜੋਤ ਸਿੰਘ, ਵਿਸ਼ਾਲ ਮੰਨਣ, ਲਖਵਿੰਦਰ ਸਿੰਘ ਚੱਕੀਵਾਲੇ, ਸੁਖਦੇਵ ਸਿੰਘ, ਸਰਪੰਚ ਜਸਕਰਨ ਸਿੰਘ, ਸਰਪੰਚ ਫਲਵਿੰਦਰ ਸਿੰਘ, ਸਰਪੰਚ ਪਰਮਜੀਤ ਸਿੰਘ ਕਲੇਰ, ਸਰਪੰਚ ਦਿਲਬਾਗ ਸਿੰਘ, ਸਰਪੰਚ ਗੁਰਚਰਨ ਸਿੰਘ ਕਾਲੇਕੇ, ਬਲਾਕ ਪ੍ਰਧਾਨ ਸਰਵਣ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਲੋਕ ਹਾਜ਼ਰ ਸਨ।

# ਮਨੁੱਖ ਜਦੋਂ ਆਪਣੇ ਮੂਲ ਨਾਲ ਜੁੜਦਾ ਤਾਂ ਉਸ 'ਚ ਸੰਤੁਲਨ ਕਾਇਮ ਹੁੰਦੈ; ਇਕਾਗਰਤਾ ਵਧਦੀ ਹੈ : ਸਾਧਵੀ ਵਿਸ਼ਣਵੀ ਭਾਰਤੀ



**ਤਰਨ ਤਾਰਨ (ਪ੍ਰਿਤਪਾਲ ਸਿੰਘ)**- ਦਿਵਯ ਜਯੋਤੀ ਜਾਗ੍ਰਿਤੀ ਸੰਸਥਾਨ ਵਲੋਂ ਚਲ ਰਹੀ ਸ਼੍ਰੀਮਦਭਾਗਵਤ ਸਾਪਤਾਹਿਕ ਕਥਾ ਗਿਆਨਯਗ ਦੇ ਦੂਜੇ ਦਿਵਸ ਦੀ ਸਭਾ ਵਿੱਚ ਆਸ਼ੂਤੋਸ਼ ਮਹਾਰਾਜ ਦੀ ਸ਼ਿਸ਼ ਸਾਧਵੀ ਸੁਸ਼੍ਰੀ ਵਿਸ਼ਣਵੀ ਭਾਰਤੀ ਨੇ ਬਹੁਤ ਹੀ ਸੁੰਦਰ ਢੰਗ ਨਾਲ ਭਗਵਾਨ ਸ਼੍ਰੀ ਕ੍ਰਿਸ਼ਨ ਦੇ ਅਲੌਕਿਕ ਅਤੇ ਮਹਾਨ ਵਿਅਕਤੀਤਵ ਦੇ ਪਹਿਲੂਆਂ ਨਾਲ ਜਾਣੂ ਕਰਵਾਇਆ। ਦੁਸਹਿਰਾ ਗਰਾਊਂਡ, ਡੀ ਬਲਾਕ, ਰਣਜੀਤ ਐਵੇਨਿਊ ਅੰਮ੍ਰਿਤਸਰ ਵਿੱਚ ਆਯੋਜਿਤ ਇਸ ਸਮਾਗਮ ਵਿੱਚ ਯਥਾ ਨਾਮ, ਤਥਾ ਗੁਣ ਦੀ ਕਹਾਵਤ ਨੂੰ ਅਰਥ ਪੂਰਨ ਕਰ ਦਿੱਤਾ ਗਿਆ।ਕਥਾ ਵਿੱਚ ਭਾਰੀ ਗਿਣਤੀ ਵਿੱਚ ਸ਼ਰਧਾਲੂ ਹਾਜ਼ਰ ਸਨ ਜਿਨ੍ਹਾਂ ਵਿੱਚ ਸਵਾਮੀ ਰਣਜੀਤਾਨੰਦ, ਸਾਧਵੀ ਨੀਰਜਾ ਭਾਰਤੀ, ਹਰਭਜਨ ਸਿੰਘ ਈਟੀਓ (ਕੈਬਿਨੇਟ ਮੰਤਰੀ, ਪੰਜਾਬ ਸਰਕਾਰ), ਰਜਿੰਦਰ ਮੋਹਨ ਛੀਨਾ (ਸੀਨੀਅਰ ਲੀਡਰ, ਭਾਜਪਾ), ਡਾ. ਸੁਸ਼ੀਲ ਦੇਵਗਨ (ਅਟਾਰੀ ਵਿਧਾਨ ਸਭਾ ਇੰਚਾਰਜ, ਭਾਜਪਾ), ਕਮਲ ਦਾਲਮੀਆ, ਸੰਤ ਬਾਬਾ ਬਲਵਿੰਦਰ ਸਿੰਘ ਚਾਹਲ, ਨਵਜੋਤ ਗ੍ਰੋਵਰ (ਸਟੇਟ ਜੋਇੰਟ ਸਕੱਤਰ ਯੂਥ ਗਵਰਨਮੈਂਟ, ਪੰਜਾਬ), ਲਖਵਿੰਦਰ ਸਿੰਘ ਗਿੱਲ (ਰੀਟਾਇਰਡ ਤਹਿਸੀਲਦਾਰ), ਵਿਕੀ ਦੱਤਾ (ਕੌਂਸਲਰ), ਵਿਕਾਸ ਗਿੱਲ (ਕੌਂਸਲਰ), ਸ਼ਰੁਤੀ (ਕੌਂਸਲਰ), ਸਵਰਾਜ ਗ੍ਰੋਵਰ (ਸੋਸ਼ਲ ਵਰਕਰ), ਮੰਜਿੰਦਰ ਸਿੰਘ ਪਾਲੀ, ਆਂਚਲ ਮਹਾਜਨ, ਆਸ਼ਿਸ਼ ਮਹਾਜਨ, ਨਵਲ ਗੁਪਤਾ , ਨਵੀਨ ਅਗਰਵਾਲ, ਸੌਰਵ ਮਿਹਰਾ, ਮੰਜੀਤ ਕੌਰ ਠਿੰਡ ਅਤੇ ਹੋਰ ਕਈ ਭਗਤ ਸ਼ਾਮਲ ਸਨ।ਇਸ ਮੌਕੇ ਸਾਧਵੀ ਵਿਸ਼ਣਵੀ ਭਾਰਤੀ ਨੇ ਕਿਹਾ ਕਿ ਸਾਡੀ ਸੰਸਕ੍ਰਿਤੀ ਵਿੱਚ ਨਾਮਕਰਨ ਸੰਸਕਾਰ ਦੀ ਵੱਡੀ ਮਹਿਮਾ ਹੈ ਪਰ ਅੱਜ ਦੇ ਸੰਸਕਾਰਹੀਣ ਮਾਹੌਲ ਵਿੱਚ ਪਲ ਰਹੀ ਨਵੀਂ ਪੀੜ੍ਹੀ ਦੀ ਹਾਲਤ ਬੇਹੱਦ ਚਿੰਤਾਜਨਕ ਹੈ। ਅੱਜ ਪੱਛਮੀ ਸਭਿਆਚਾਰ ਦੀ ਅੰਨ੍ਹੀ ਨਕਲ ਕਰਕੇ ਭਾਰਤੀ ਪਰੰਪਰਾਵਾਂ ਨੂੰ ਉਲਟਾ-ਸਿੱਧਾ ਕਹਿਣਾ, ਉਨਤੀ ਦੇ ਨਾਮ ਤੇ ਨੈਤਿਕਤਾ ਨੂੰ ਤਿਆਗ ਦੇਣਾ ਆਮ ਗੱਲ ਬਣ ਗਈ ਹੈ।ਕਿਸੇ ਦੀ ਨਕਲ ਕਰਕੇ ਸਾਡੇ ਪਹਿਰਾਵੇ ਅਤੇ ਚਾਲ-ਢਾਲ ਵਿੱਚ ਬਦਲਾਅ ਤਾਂ ਆ ਸਕਦਾ ਹੈ, ਪਰ ਚਿੰਤਨ ਅਤੇ ਚਰਿੱਤਰ ਨਹੀਂ ਬਦਲਦਾ।ਉਨ੍ਹਾਂ ਨੇ ਕਿਹਾ ਕਿ ਅਧਿਆਤਮ ਸਾਡੇ ਭਾਰਤੀ ਸਭਿਆਚਾਰ ਦਾ ਆਧਾਰ ਹੈ, ਜਿਸ ਦੀ ਵਜ੍ਹਾ ਨਾਲ ਹੀ ਅੱਜ ਤੱਕ ਸਾਡੇ ਦੇਸ਼ ਦਾ ਅਸਤਿਤਵ ਕਾਇਮ ਹੈ।ਲੋਹੇ ਅਤੇ ਚੁੰਬਕ ਵਿੱਚ ਕੇਵਲ ਏਨਾ ਹੀ ਫਰਕ ਹੁੰਦਾ ਹੈ ਕਿ ਚੁੰਬਕ ਦੇ ਸਾਰੇ ਅਣੂ ਇੱਕ ਦਿਸ਼ਾ ਵਿੱਚ ਇਕੱਤਰ ਹੋਣਗੇ, ਜਦਕਿ ਲੋਹੇ ਵਿੱਚ ਉਹ ਇਧਰ-ਉਧਰ ਫੈਲੇ ਹੋਣਗੇ।ਜਦ ਇਨਸਾਨ ਆਪਣੇ ਮੂਲ ਨਾਲ ਜੁੜਦਾ ਹੈ ਤਾਂ ਉਸ ਵਿੱਚ ਸੰਤੁਲਨ ਆਉਂਦਾ ਹੈ, ਜਿਸ ਨਾਲ ਉਸ ਦੀ ਇਕਾਗਰਤਾ ਵਧਦੀ ਹੈ।ਸਾਡਾ ਮੂਲ ਆਧਿਆਤਮ ਹੈ, ਜਿਸ ਨੂੰ ਸਮਝਣ ਤੋਂ ਬਾਅਦ ਹੀ ਸਵਾਮੀ ਵਿਵੇਕਾਨੰਦ ਜੀ ਨੇ ਭਾਰਤੀ ਸੰਸਕ੍ਰਿਤੀ ਦੀ ਮਹਾਨਤਾ ਨੂੰ ਵਿਦੇਸ਼ਾਂ 'ਚ ਪਹੁੰਚਾਇਆ। ਸ਼੍ਰੀ ਅਰਵਿੰਦ, ਸੁਭਾਸ਼ ਚੰਦਰ ਬੋਸ ਅਤੇ ਸਵਾਮੀ ਰਾਮ ਤੀਰਥ ਵੀ ਆਪਣੀ ਦੇਸ਼ਭਗਤੀ ਦੀ ਭਾਵਨਾ ਨੂੰ ਉੱਚਾਈ 'ਤੇ ਲੈ ਗਏ, ਜਦੋਂ ਉਨ੍ਹਾਂ ਨੇ ਆਪਣੇ ਅਧਿਆਤਮਕ ਮੂਲ ਨੂੰ ਪਛਾਣਿਆ।

# ਸੂਬੇਦਾਰ ਮੇਜਰ ਗੁਰਪ੍ਰੀਤ ਸਿੰਘ ਨੂੰ ਸਦਮਾ, ਮਾਤਾ ਦਾ ਦਿਹਾਂਤ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**- ਸਿਵਲ ਲਾਈਨ ਕਾਦੀਆਂ ਦੇ ਸੂਬੇਦਾਰ ਮੇਜਰ ਗੁਰਪ੍ਰੀਤ ਸਿੰਘ ਦੇ ਪਰਿਵਾਰ ਨੂੰ ਉਸ ਵੇਲੇ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਜਦੋਂ ਉਨਾਂ ਦੀ ਮਾਤਾ ਬਲਬੀਰ ਕੌਰ (85) ਅਚਾਨਕ ਆਪਣੇ ਸਵਾਸਾਂ ਦੀ ਪੂੰਜੀ ਨੂੰ ਪੂਰਾ ਕਰਦੇ ਹੋਏ ਗੁਰੂ ਚਰਨਾਂ ਵਿੱਚ ਜਾ ਬਿਰਾਜੇ ।ਮਾਤਾ ਦਾ ਅੰਤਿਮ ਸੰਸਕਾਰ ਰਾਮਪੁਰ ਰੋਡ ਸਥਿਤ ਸ਼ਮਸ਼ਾਨਘਾਟ ਵਿੱਚ ਕੀਤਾ ਗਿਆ।ਚਿਖਾ ਨੂੰ ਅਗਨੀ ਉਨ੍ਹਾਂ ਦੇ ਸਪੁੱਤਰ ਸੂਬੇਦਾਰ ਮੇਜਰ ਗੁਰਪ੍ਰੀਤ ਸਿੰਘ ਵੱਲੋਂ ਦਿੱਤੀ ਗਈ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਕਾਦੀਆਂ ਗੁਰਇਕਬਾਲ ਸਿੰਘ ਮਾਹਲ, ਜ਼ਿਲ੍ਹਾ ਪਰਿਸ਼ਦ ਚੇਅਰਮੈਨ ਰਵੀਨੰਦਨ ਸਿੰਘ ਨਿੱਕੂ ਬਾਜਵਾ, ਕੌਂਸਲਰ ਬੀਬੀ ਸੁਖਰਾਜ ਕੌਰ ਮਾਹਲ, ਕੌਂਸਲਰ ਸਰਬਜੀਤ ਸਿੰਘ ਭੱਤੂ ਮਾਹਲ, ਪ੍ਰੈੱਸ ਯੂਨੀਅਨ ਕਾਦੀਆਂ ਦੇ ਪ੍ਰਧਾਨ ਗੁਰਦਿਲਬਾਗ ਸਿੰਘ ਨੀਟਾ ਮਾਹਲ, ਫੌਜ ਦੀ ਯੂਨਿਟ ਦੇ ਸਾਥੀਆਂ ਸਮੇਤ ਵੱਖ-ਵੱਖ ਰਾਜਨੀਤਿਕ ਆਗੂਆਂ ਅਤੇ ਸ਼ਹਿਰ ਵਾਸੀਆਂ ਅਤੇ ਮੁਹੱਲਾ ਸਿਵਲ ਲਾਈਨ ਦੇ ਲੋਕਾਂ ਵੱਲੋਂ



ਅਤੇ ਸੂਬੇਦਾਰ ਮੇਜਰ ਗੁਰਪ੍ਰੀਤ ਸਿੰਘ, ਭਰਾ ਗੁਰਸ਼ਰਨਬੀਰ ਸਿੰਘ ਦੇ ਰਿਸ਼ਤੇਦਾਰਾਂ, ਸਾਕ ਸਬੰਧੀਆਂ ਅਤੇ ਸੱਜਣਾਂ ਮਿੱਤਰਾਂ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ।ਮਾਤਾ ਬਲਬੀਰ ਕੌਰ ਦੀ ਅੰਤਿਮ ਅਰਦਾਸ 26 ਫਰਵਰੀ ਨੂੰ ਉਨ੍ਹਾਂ ਦੇ ਗ੍ਰਹਿ ਸਥਾਨ ਸਿਵਲ ਲਾਈਨ ਕਾਦੀਆਂ ਵਿਖੇ ਹੋਵੇਗੀ।ਉਪਰੰਤ ਕੀਰਤਨ ਗੁਰਦੁਆਰਾ ਸਾਹਿਬ ਵਿੱਚ ਕੀਤਾ ਜਾਵੇਗਾ।

19-Feb-PAGE-12.qxd 2/18/2025 11:16 PM Page 1



# ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝੇ ਫਰੰਟ ਵੱਲੋਂ ਵਿਧਾਇਕਾ ਨੂੰ ਮੁੱਖ ਮੰਤਰੀ ਦੇ ਨਾਂਅ ਮੰਗ ਪੱਤਰ

**ਬਲਾਚੌਰ (ਜਸਵਿੰਦਰ ਬੈਂਸ)**

ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝੇ ਫਰੰਟ ਦੇ ਸੱਦੇ 'ਤੇ ਮੰਗਲਵਾਰ ਬਲਾਚੌਰ ਹਲਕੇ ਦੀ ਵਿਧਾਇਕਾ ਸੰਤੋਸ਼ ਕਟਾਰੀਆ ਨੂੰ ਮੁੱਖ ਮੰਤਰੀ ਦੇ ਨਾਂ ਮੰਗ ਪੱਤਰ ਦਿੱਤਾ ਗਿਆ। ਇਸ ਤੋਂ ਪਹਿਲਾਂ ਐਮ ਐਲ ਏ ਦੀ ਰਿਹਾਇਸ਼ ਦੇ ਸਾਹਮਣੇ ਪੈਨਸ਼ਨਰਾਂ ਅਤੇ ਵੱਖ ਵੱਖ ਵਿਭਾਗਾਂ ਦੇ ਮੁਲਾਜ਼ਮਾਂ ਨੇ ਸੋਹਣ ਸਿੰਘ, ਪ੍ਰਸ਼ੋਤਮ ਲਾਲ, ਕਮਲ ਕੁਮਾਰ, ਅਜੀਤ ਸਿੰਘ ਬਰਨਾਲਾ, ਜੀਤ ਲਾਲ ਗੋਹਲੜੋਂ, ਹਰਬੰਸ ਲਾਲ ਕਟਾਰੀਆ ਦੀ ਅਗਵਾਈ ਵਿੱਚ ਰੋਸ ਧਰਨਾ ਦਿੱਤਾ ਗਿਆ। ਜਿਸ ਨੂੰ ਕੁਲਦੀਪ ਸਿੰਘ ਦੌੜਕਾ, ਮੋਹਣ ਸਿੰਘ ਪੂਨੀਆ, ਅਸ਼ੋਕ ਕੁਮਾਰ ਵਿੱਤ ਸਕੱਤਰ, ਦਵਿੰਦਰ ਸਿੰਘ ਥਾਂਦੀ, ਸੋਮ ਨਾਥ ਤੱਕਲਾ, ਜੋਗਾ ਸਿੰਘ ਆਦਿ ਨੇ ਸੰਬੋਧਨ ਕੀਤਾ।ਆਗੂਆਂ ਨੇ ਪਿਛਲੇ ਲੰਬੇ ਸਮੇਂ ਤੋਂ ਲਟਕਦੀਆਂ ਮੰਗਾਂ ਸੰਬੰਧੀ ਬੋਲਦਿਆਂ ਛੇਵੇਂ ਤਨਖਾਹ ਕਮਿਸ਼ਨ ਦੀ ਸਿਫਾਰਸ਼ ਅਨੁਸਾਰ ਪੈਨਸ਼ਨ ਦੁਹਰਾਈ 2.59 ਗੁਣਾਂਕ ਨਾਲ ਕਰਨ, 1-1-2004 ਤੋਂ ਭਰਤੀ ਸਮੁੱਚੇ ਸਰਕਾਰੀ, ਅਰਧ ਸਰਕਾਰੀ, ਬੋਰਡ, ਕਾਰਪੋਰੇਸ਼ਨ, ਲੋਕਲ ਬਾਡੀਜ਼ ਅਤੇ ਸਹਿਕਾਰੀ ਅਦਾਰਿਆਂ ਦੇ ਮੁਲਾਜ਼ਮਾਂ ਤੇ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ, ਵੱਖ ਵੱਖ ਵਿਭਾਗਾਂ, ਬੋਰਡਾਂ, ਕਾਰਪੋਰੇਸ਼ਨਾਂ, ਸੁਸਾਇਟੀਆਂ, ਕੇਂਦਰੀ ਸਕੀਮਾਂ ਅਤੇ ਲੋਕਲ ਬਾਡੀਜ਼ ਦੇ ਵਿੱਚ ਕੰਮ ਕਰਦੇ ਸਮੂਹ ਠੇਕਾ ਆਧਾਰਤ ਡੇਲੀਵੇਜ਼, ਆਊਟਸੋਰਸ ਅਤੇ ਇਨਲਿਸਟਮੈਂਟ ਕਰਮਚਾਰੀਆਂ ਨੂੰ ਪੱਕੇ ਕਰਨ, ਪੁਨਰ ਗਠਨ ਦੇ ਨਾਂ 'ਤੇ ਵੱਖ ਵੱਖ ਵਿਭਾਗਾਂ ਵਿੱਚੋਂ ਖਤਮ ਕੀਤੀਆਂ ਹਜ਼ਾਰਾਂ ਅਸਾਮੀਆਂ ਬਹਾਲ ਕਰਦਿਆਂ ਰੈਗੂਲਰ ਭਰਤੀ ਕਰਨ, ਮਿਡ ਡੇ ਮੀਲ ਵਰਕਰਾਂ ਆਂਗਣਵਾੜੀ ਆਸ਼ਾ ਵਰਕਰਾਂ ਤੇ ਫੈਸਿਲੀਟੇਟਰਾਂ ਨੂੰ ਸਰਬਉੱਚ ਅਦਾਲਤ ਦੇ



ਬਰਾਬਰ ਕੰਮ ਬਰਾਬਰ ਤਨਖਾਹ ਦੇ ਫੈਸਲੇ ਨੂੰ ਲਾਗੂ ਕਰਦਿਆਂ ਪੱਕੇ ਕਰਨ ਅਤੇ ਛੇਵੇਂ ਤਨਖਾਹ ਕਮਿਸ਼ਨ ਵੱਲੋਂ ਨਿਰਧਾਰਤ ਘੱਟੋ ਘੱਟ 18000 ਰੁਪਏ ਮਹੀਨਾ ਤਨਖਾਹ ਦੇਣ, 1-1-2016 ਨੂੰ ਬਣਦਾ 125% ਮਹਿੰਗਾਈ ਭੱਤਾ ਜੋੜ ਕੇ ਤਨਖਾਹ ਅਤੇ ਪੈਨਸ਼ਨ ਦੁਹਰਾਈ ਕਰਨ ਅਤੇ ਬਕਾਏ ਨਗਦ ਰੂਪ ਵਿੱਚ ਦੇਣ, ਮੈਡੀਕਲ ਭੱਤਾ 2000 ਰੁਪਏ ਪ੍ਰਤੀ ਮਹੀਨਾ ਕਰਨ, ਸੋਧਣ ਦੇ ਨਾਂ 'ਤੇ ਬੰਦ ਕੀਤੇ ਸਮੁੱਚੇ ਭੱਤੇ 2.25 ਦੇ ਗੁਣਾਂਕ ਨਾਲ ਵਾਧਾ ਕਰਕੇ ਬਹਾਲ ਕਰਨ, ਤਨਖਾਹ ਕਮਿਸ਼ਨ ਦੀ ਏਸੀਪੀ ਸਬੰਧੀ ਰਹਿੰਦੀ ਰਿਪੋਰਟ ਜਾਰੀ ਕਰਨ, ਘੱਟੋ-ਘੱਟ ਤਨਖਾਹ 26000 ਰੁਪਏ ਪ੍ਰਤੀ ਮਹੀਨਾ ਲਾਗੂ ਕਰਨ, ਮਹਿੰਗਾਈ ਭੱਤੇ ਦੀਆਂ ਰਹਿੰਦੀਆਂ ਕਿਸ਼ਤਾਂ ਅਤੇ 258 ਮਹੀਨੇ ਦੇ ਬਕਾਏ ਤੁਰੰਤ ਜਾਰੀ ਕਰਨ, 15-1-2015 ਅਤੇ 17-7-2020 ਦੇ ਪੱਤਰ ਰੱਦ ਕਰਨ, ਪਰਖ ਕਾਲ ਦੌਰਾਨ ਪੂਰੇ ਗ੍ਰੇਡ ਸਮੇਤ ਬਣਦੇ ਬਕਾਏ ਤੁਰੰਤ ਜਾਰੀ ਕਰਨ, ਵਿਕਾਸ ਟੈਕਸ ਦੇ ਨਾਂ ਤੇ 200 ਰੁਪਏ ਪ੍ਰਤੀ ਮਹੀਨਾ ਵਸੂਲਿਆ ਜਾ ਰਿਹਾ ਜਜ਼ੀਆ ਬੰਦ ਕਰਨ ਅਤੇ ਪਹਿਲਾਂ ਵਸੂਲਿਆ ਵਾਪਸ ਕਰਨ, ਕੈਸ਼ ਲੈੱਸ ਹੈਲਥ ਸਕੀਮ ਸੋਧ ਕੇ ਲਾਗੂ ਕਰਨ, ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਹੱਕ ਵਿੱਚ ਹੋਏ ਅਦਾਲਤੀ ਫੈਸਲੇ ਜਨਰਲਾਈਜ਼ ਕਰਨ, ਟਰੇਡ ਯੂਨੀਅਨ ਅਧਿਕਾਰਾਂ ਨੂੰ ਕੁਚਲਣ ਵਾਲਾ 1-1-2020 ਦਾ ਮਾਰੂ ਪੱਤਰ ਵਾਪਸ ਲੈਣ, ਸੰਘਰਸ਼ਾਂ ਦੌਰਾਨ ਵੱਖ ਵੱਖ ਥਾਵਾਂ 'ਤੇ ਦਰਜ ਕੀਤੇ ਝੂਠੇ ਪੁਲਸ ਕੇਸ ਰੱਦ ਕਰਨ ਦੀ ਮੰਗ ਕੀਤੀ।ਹਲਕਾ ਵਿਧਾਇਕਾ ਸੰਤੋਸ਼ ਕਟਾਰੀਆ ਨੇ ਮੰਗਾਂ ਦਾ ਸਮਰਥਨ ਕਰਦਿਆਂ ਮੁੱਖ ਮੰਤਰੀ ਨਾਲ ਅਤੇ ਵਿਧਾਨ ਸਭਾ ਵਿੱਚ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਮੰਗਾਂ ਉਠਾਉਣ ਦਾ ਭਰੋਸਾ ਦਿੱਤਾ।ਇਸ ਸਮੇਂ ਸਿਬੂ ਰਾਮ, ਗੁਰਮੀਤ ਰਾਮ, ਸੁਭਾਸ਼ ਚੰਦਰ, ਹਰੀਪਾਲ ਕਲਸੀ, ਸੁਰਿੰਦਰ ਸਿੰਘ, ਚਮਨ ਲਾਲ, ਪ੍ਰਿੰ ਦਿਲਬਾਗ ਸਿੰਘ, ਜਰਨੈਲ ਸਿੰਘ ਕੰਗ, ਹਰਜਿੰਦਰ ਸਿੰਘ, ਦਰਸ਼ਨ ਦੇਵ, ਦਿਲਬਾਗ ਸਿੰਘ, ਅਮਨਦੀਪ ਸਿੰਘ ਪਾਲ, ਹਰਮੇਸ਼ ਲਾਲ, ਮਹਿੰਦਰ ਲਾਲ, ਦਸੌਂਦਾ ਸਿੰਘ ਆਦਿ ਹਾਜ਼ਰ ਸਨ।

# ਅਮਰੀਕਾ ਤੋਂ ਡਿਪੋਰਟ ਹੋ ਕੇ ਆਏ ਪਵਨਪ੍ਰੀਤ ਸਿੰਘ ਨੇ ਦੱਸੀ ਰੂਹ ਕੰਬਾਊ ਹੱਡਬੀਤੀ

**ਕਾਲਾ ਸੰਘਿਆਂ, (ਮਨਜੀਤ ਮਾਨ)**

ਚੰਗੇ ਭਵਿੱਖ ਦੇ ਸੁਪਨੇ ਸਿਰਜ ਕੇ 9 ਮਹੀਨੇ ਪਹਿਲਾਂ ਅਮਰੀਕਾ ਲਈ ਤੁਰਿਆ ਸਥਾਨਕ ਕਸਬੇ ਦਾ 20 ਸਾਲਾ ਨੌਜਵਾਨ ਪਵਨਪ੍ਰੀਤ ਸਿੰਘ ਸਪੁੱਤਰ ਨਰਿੰਦਰ ਸਿੰਘ ਨੂੰ ਜਦੋਂ ਪੁਲਸ ਦੀ ਗੱਡੀ ਸਵੇਰੇ ਘਰ ਲੈ ਕੇ ਆਈ ਤਾਂ ਪਰਵਾਰ ਘੋਰ ਨਿਰਾਸ਼ਾ ਦੇ ਵਿੱਚ ਸੀ। ਵਿੱਤੀ ਤੌਰ 'ਤੇ ਭਾਰੀ ਨੁਕਸਾਨ ਕਰਵਾ ਚੁੱਕੇ ਪਵਨਪ੍ਰੀਤ ਦਾ ਪਰਵਾਰ



ਆਪਣੇ ਬੱਚੇ ਦੇ ਸਹੀ ਸਲਾਮਤ ਘਰ ਪਹੁੰਚਣ 'ਤੇ ਮਨ ਨੂੰ ਧਰਵਾਸ ਵੀ ਦੇ ਰਿਹਾ ਸੀ। ਪਵਨ ਦੇ ਪਰਵਾਰ ਨੇ ਦੱਸਿਆ ਕਿ ਉਨ੍ਹਾਂ ਦੇ ਬੇਟੇ ਦੇ ਵੱਲੋਂ ਜਿੱਦ ਕਰਨ ਦੇ ਨਾਲ ਉਨਾਂ ਉਸਨੂੰ ਵਿਦੇਸ਼ ਭੇਜਣ ਦਾ ਫੈਸਲਾ ਲਿਆ ਸੀ ਅਤੇ ਏਜੰਟ ਨੂੰ 45 ਲੱਖ ਰੁਪਏ ਜ਼ਮੀਨ ਵੇਚ ਕੇ ਅਤੇ ਆੜ੍ਹਤੀਆਂ ਕੋਲੋਂ ਕਰਜਾ ਚੁੱਕ ਕੇ ਦਿੱਤੇ ਸਨ। ਉਨਾਂ ਕਿਹਾ 7 ਜੂਨ 2024 ਨੂੰ ਪਵਨਪ੍ਰੀਤ ਦੇ ਘਰੋਂ ਜਾਣ ਸਮੇਂ ਟਰੈਵਲ ਏਜੰਟ ਨੇ 15 ਦਿਨ ਵਿਚ ਫਲਾਈਟ ਰਾਹੀਂ ਅਮਰੀਕਾ ਪਹੁੰਚਾਣ ਦਾ ਸਮਾਂ ਲਿਆ ਸੀ ਪਰ 8 ਮਹੀਨਿਆਂ ਬਾਅਦ ਵੱਖ-ਵੱਖ ਦੇਸ਼ਾਂ ਵਿੱਚੋਂ ਹੁੰਦਾ ਹੋਇਆ ਪਨਾਮਾ ਦੇ ਜੰਗਲ ਰਾਹੀਂ ਬਾਰਡਰ ਪਾਰ ਕਰਵਾਉਣ ਉਪਰੰਤ ਵੀ ਪੈਦਲ 18 ਘੰਟੇ ਪਹਾੜਾਂ ਵਿਚ ਦੀ ਤੋਰ ਕੇ ਲਿਜਾਇਆ ਗਿਆ। ਨੌਜਵਾਨ ਨੇ ਦੱਸਿਆ ਕਿ ਅਮਰੀਕਾ ਦਾ ਬਾਰਡਰ ਪਾਰ ਕਰਨ ਉਪਰੰਤ ਉਨਾਂ ਦੇ ਏਜੰਟ ਨੇ ਉਨਾਂ ਨੂੰ ਲੈਣ ਆਉਣਾ ਸੀ, ਪਰ ਉਹ ਆਇਆ ਨਹੀਂ। ਫਿਰ ਪੁਲਸ ਨੇ ਸ਼ਾਇਦ ਡਰੋਨ ਕੈਮਰੇ ਦੇ ਜ਼ਰੀਏ ਇਨ੍ਹਾਂ ਨੂੰ ਤੁਰ ਕੇ ਜਾਂਦਿਆਂ ਜਾਂ ਬਾਹਰ ਖੜੇ ਦੇਖ ਕੇ ਗ੍ਰਿਫਤਾਰ ਕਰ ਲਿਆ।

# ਸਾਈਕਲ ਚੋਰ ਕਾਬੂ, ਸੱਤ ਸਾਈਕਲ ਬਰਾਮਦ



**ਜਲੰਧਰ, (ਸ਼ੈਲੀ ਐਲਬਰਟ)**-ਚੋਰੀ ਨਾਲ ਸਬੰਧਤ ਗਤੀਵਿਧੀਆਂ ਵਿਰੁੱਧ ਇੱਕ ਮਹੱਤਵਪੂਰਨ ਸਫਲਤਾ ਵਿੱਚ, ਜਲੰਧਰ ਕਮਿਸ਼ਨਰੇਟ ਪੁਲਸ ਨੇ ਰਣਜੀਤ ਐਨਕਲੇਵ ਦੀਪ ਨਗਰ ਦੇ ਵਸਨੀਕ ਰਾਜ ਕੁਮਾਰ ਦੇ ਪੁੱਤਰ ਸਵੀ ਨੂੰ ਕਈ ਸਾਈਕਲ ਚੋਰੀਆਂ ਵਿੱਚ ਸ਼ਾਮਲ ਹੋਣ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤਾ ਹੈ। ਦੁਸਹਿਰਾ ਗਰਾਊਂਡ ਨੇੜੇ ਕੀਤੀ ਗਈ ਇਸ ਗ੍ਰਿਫਤਾਰੀ ਨਾਲ ਸੱਤ ਚੋਰੀ ਹੋਏ ਸਾਈਕਲ ਬਰਾਮਦ ਹੋਏ, ਜਿਨ੍ਹਾਂ ਵਿੱਚ ਹੀਰੋ ਸਪ੍ਰਿੰਟ, ਮੋਟਰੋਸ, ਸਨਕਰਾਸ, ਗਲੋਬੋਟ ਗ੍ਰਾਂਡੇ, ਨਿਊਟ੍ਰੋਨ ਅਤੇ ਹਰਕੂਲੀਸ ਵਰਗੇ ਬ੍ਰਾਂਡ ਸ਼ਾਮਲ ਹਨ। ਪੁਲਸ ਕਮਿਸ਼ਨਰ ਸਵਪਨ ਸ਼ਰਮਾ ਨੇ ਕਿਹਾ ਕਿ ਇਹ ਕਾਰਵਾਈ ਸਵੀ ਦੀਆਂ ਗਤੀਵਿਧੀਆਂ ਬਾਰੇ ਮਿਲੀ ਸੂਚਨਾ ਤੋਂ ਬਾਅਦ ਕੀਤੀ ਗਈ ਸੀ। ਉਨ੍ਹਾਂ ਅੱਗੇ ਦੱਸਿਆ ਕਿ ਇਹ ਮਾਮਲਾ ਐਫਆਈਆਰ ਨੰਬਰ 16, ਮਿਤੀ 13.2.2025 ਨੂੰ ਥਾਣਾ ਕੈਂਟ, ਜਲੰਧਰ ਵਿਖੇ ਦਰਜ ਕੀਤਾ ਗਿਆ ਹੈ, ਜਿਸ ਵਿੱਚ ਧਾਰਾ 303(2), 317(2), ਅਤੇ 111 ਸ਼ਾਮਲ ਹਨ।

# ਸਰਕਾਰ ਵੱਲੋਂ ਚਲ ਰਹੀਆਂ ਸਕੀਮਾਂ ਦੇ ਸੰਬੰਧ 'ਚ ਕੈਂਪ ਲਗਾਇਆ

**ਭੁਲੱਥ, (ਮਨਪ੍ਰੀਤ ਸਿੰਘ)**- ਨਗਰ ਪੰਚਾਇਤ ਦਫਤਰ ਭੁਲੱਥ 'ਚ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਲੋਕਾਂ ਦੀ ਸਹੂਲਤ ਲਈ ਕੱਚੇ ਮਕਾਨਾਂ ਨੂੰ ਪੱਕੇ ਕਰਨ ਲਈ ਫਾਰਮ ਭਰੇ



ਜਾ ਰਹੇ ਹਨ।ਇਸ ਮੌਕੇ ਨਗਰ ਪੰਚਾਇਤ ਭੁਲੱਥ ਦੇ ਪ੍ਰਧਾਨ ਰਘਪਾਲ ਸ਼ਰਮਾ ਵਲੋਂ ਕੈਂਪ 'ਚ ਚਲ ਰਹੇ ਕੰਮ ਦਾ ਜਾਇਜ਼ਾ ਲਿਆ ਤੇ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਵੱਧ ਤੋਂ ਵੱਧ ਫਾਰਮ ਭਰ ਕੇ ਇਸ ਸਕੀਮ ਦਾ ਫਾਇਦਾ ਲੈਣ । ਇਸ ਮੌਕੇ ਨਗਰ ਪੰਚਾਇਤ ਭੁਲੱਥ ਦੇ ਪ੍ਰਧਾਨ ਰਘਪਾਲ ਸ਼ਰਮਾ, ਨਿਰਮਲ ਸਿੰਘ ਗੁਰਾਇਆ, ਰਮਨ ਕੁਮਾਰ, ਕੁਲਦੀਪ ਸਿੰਘ, ਕੌਂਸਲਰ ਸੁਖਦੇਵ ਸਿੰਘ ਤੇ ਹੋਰ ਪਤਵੰਤੇ ਹਾਜ਼ਰ ਸਨ।

## ਜਨਮ ਦਿਨ ਮੁਬਾਰਕ



ਏਕਨੂਰ ਕੌਰ
ਪਿਤਾ : ਗਗਨਦੀਪ ਸਿੰਘ
ਮਾਤਾ : ਮਨਦੀਪ ਕੌਰ, ਅੰਮ੍ਰਿਤਸਰ

## ਸ਼ਹਿਨਾਈਆਂ



ਪ੍ਰਭਜੋਤ ਸਿੰਘ ਪੁੱਤਰ ਸੁਰਿੰਦਰ ਸਿੰਘ ਵਾਸੀ ਮੋਰਿੰਡਾ (ਰੋਪੜ) ਦਾ ਵਿਆਹ ਮਨਪ੍ਰੀਤ ਕੌਰ ਪੁੱਤਰੀ ਹਰਭਜਨ ਸਿੰਘ ਵਾਸੀ ਦੋਰਾਹਾ (ਲੁਧਿਆਣਾ) ਨਾਲ ਹੋਇਆ।

# ਆਸ਼ਾ ਫੈਸਿਲੀਟੇਟਰ ਤੇ ਆਸ਼ਾ ਵਰਕਰਾਂ ਲਈ ਇੱਕ ਦਿਨਾ ਸਿਖਲਾਈ ਪ੍ਰੋਗਰਾਮ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**

ਬਲਾਕ ਹਾਰਟਾ ਬੱਡਲਾ ਸਿਵਲ ਸਰਜਨ ਡਾ.ਪਵਨ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅੱਜ ਸੀ.ਐਚ.ਸੀ ਹਾਰਟਾ ਬੱਡਲਾ ਵਿਖੇ ਸੀਨੀਅਰ ਮੈਡੀਕਲ ਅਫਸਰ ਡਾ. ਮਨਪ੍ਰੀਤ ਸਿੰਘ ਦੀ ਅਗਵਾਈ ਹੇਠ ਇੱਕ ਦਿਨਾ ਸਿਖਲਾਈ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਜ਼ਿਲ੍ਹਾ ਟੀਕਾਕਰਨ ਅਫਸਰ ਡਾ. ਸੀਮਾ ਗਰਗ ਨੇ ਬਲਾਕ ਦੀਆਂ ਸਮੂਹ ਆਸ਼ਾ ਫੈਸੀਲੀਟੇਟਰ ਅਤੇ ਆਸ਼ਾ ਵਰਕਰਾਂ ਨੂੰ ਵੱਖ-ਵੱਖ ਸਿਹਤ ਵਿਸ਼ਿਆਂ ਸੰਬੰਧੀ ਸਿਖਲਾਈ ਅਤੇ ਜਾਣਕਾਰੀ ਦਿੱਤੀ।ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਡਾ. ਸੀਮਾ ਗਰਗ ਨੇ ਕਿਹਾ ਕਿ ਇਸ ਇੱਕ ਰੋਜ਼ਾ ਸਿਖਲਾਈ ਦਾ ਮੁੱਖ ਮੰਤਵ ਬੱਚਿਆਂ ਅਤੇ ਮਾਂਵਾਂ ਦੀ ਸਿਹਤ ਸੰਭਾਲ ਕਰਨਾ ਅਤੇ ਮੌਤ ਦਰ ਨੂੰ ਘਟਾਉਣਾ ਹੈ। ਉਨ੍ਹਾਂ ਕਿਹਾ ਕਿ ਅਨੀਮੀਆ ਨੂੰ ਜੜ੍ਹੋਂ ਖ਼ਤਮ ਕਰਨ ਲਈ ਅਨੀਮੀਆ ਮੁਕਤ ਭਾਰਤ ਤਹਿਤ ਸਿਹਤ ਵਿਭਾਗ ਵੱਲੋਂ ਹਰ ਕਮ ਜਾਗਰੂਕਤਾ ਮੁਹਿਮ ਵਿੱਢੀ ਹੋਈ ਹੈ ਜਿਸ ਤਹਿਤ ਸਾਰੇ ਸਰਕਾਰੀ ਸਕੂਲਾਂ ਵਿੱਚ 'ਵਿਫਸ' ਪ੍ਰੋਗਰਾਮ ਚਲਾਇਆ ਜਾ ਰਿਹਾ ਹੈ। ਇਸ ਪ੍ਰੋਗਰਾਮ ਅਧੀਨ ਸਿਹਤ ਵਿਭਾਗ ਦੀਆਂ ਆਰ.ਬੀ.ਐਸ.ਕੇ ਦੀਆਂ ਟੀਮਾਂ ਵਲੋਂ ਹਰ ਬੁੱਧਵਾਰ ਨੂੰ ਬੱਚਿਆਂ ਨੂੰ ਆਈ.ਐਫ.ਏ ਦੀ ਗੋਲੀ ਦਿੱਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਨਮੂਨੀਆ ਇੱਕ ਗੰਭੀਰ ਬਿਮਾਰੀ ਹੈ ਜੋ ਕਿ ਫੇਫੜਿਆਂ ਵਿੱਚ ਰੋਗਾਣੂਆਂ ਦੀ ਲਾਗ ਨਾਲ ਹੁੰਦਾ ਹੈ। ਉਨ੍ਹਾਂ ਦੱਸਿਆ ਕਿ ਬੀਮਾਰੀ ਦੌਰਾਨ ਖਾਂਸੀ ਅਤੇ ਜ਼ੁਕਾਮ ਦਾ ਵਧਣਾ, ਤੇਜ਼ੀ ਨਾਲ ਸਾਹ ਲੈਣਾ ਅਤੇ ਬੱਚੇ ਨੂੰ ਤੇਜ਼ ਬੁਖਾਰ ਆਦਿ ਹੁੰਦਾ ਹੈ। ਇਸ ਤੋਂ ਇਲਾਵਾ ਖਾ-ਪੀ ਨਾ ਸਕਣਾ ਅਤੇ



ਸੁਸਤੀ ਜਾਂ ਜ਼ਿਆਦਾ ਨੀਂਦ ਆਦਿ ਆਉਣਾ ਨਮੂਨੀਆ ਦੇ ਗੰਭੀਰ ਲੱਛਣ ਹਨ । ਉਨ੍ਹਾਂ ਦੱਸਿਆ ਕਿ ਬੱਚੇ ਦੇ ਜਨਮ ਦੇ ਪਹਿਲੇ ਘੰਟੇ ਵਿੱਚ ਸਤਨਪਾਨ ਅਤੇ ਜਨਮ ਤੋਂ 6 ਮਹੀਨੇ ਤੱਕ ਸਿਰਫ ਮਾਂ ਦਾ ਦੁੱਧ ਹੀ ਪਿਲਾਓ ਅਤੇ 6 ਮਹੀਨੇ ਬਾਅਦ ਉਪਰੀ ਠੋਸ ਆਹਾਰ ਸ਼ੁਰੂ ਕਰੋ। ਐਚ.ਬੀ.ਐਨ.ਸੀ ਅਤੇ ਐਚ.ਬੀ.ਵਾਈ.ਸੀ ਪ੍ਰੋਗਰਾਮ ਦੇ ਤਹਿਤ ਨਵਜਾਤ ਬੱਚਿਆਂ ਅਤੇ 5 ਸਾਲ ਤੱਕ ਦੇ ਬੱਚਿਆਂ ਦੀ ਆਸ਼ਾ ਵਰਕਰਾਂ ਵਲੋਂ ਹੋਮ ਬੇਸਡ ਕੇਅਰ ਕੀਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਆਸ਼ਾ ਵਰਕਰ ਘਰ ਘਰ ਜਾ ਕੇ ਬੱਚਿਆਂ ਦੀ ਸਿਹਤ ਦਾ ਮੁਆਇਨਾ ਕਰਦੀਆਂ ਹਨ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਅੰਦਰ 'ਸਾਂਸ' ਪ੍ਰੋਗਰਾਮ ਦੇ ਤਹਿਤ ਬੱਚਿਆਂ ਵਿੱਚ ਨਮੂਨੀਆ ਦਾ ਪਤਾ ਲਗਾਉਣ ਲਈ ਮਲਟੀ ਮੋਡਲ ਪਲਸ ਆਕਸੀਮੀਟਰ ਦੀ ਵਰਤੋਂ ਕੀਤੀ ਜਾ ਰਹੀ ਹੈ। ਡਾ ਸੀਮਾ ਗਰਗ ਨੇ ਦੱਸਿਆ ਕਿ ਬੱਚਿਆਂ ਵਿਚ 31 ਮਾਰਚ ਤੱਕ ਨੂੰ ਹਨ ਹੋਣ 'ਤੇ ਸਰਕਾਰੀ ਤੌਰ 'ਤੇ ਉਨ੍ਹਾਂ ਦਾ ਇਲਾਜ ਮੁਫਤ ਕੀਤਾ ਜਾਂਦਾ ਹੈ। ਸਰਕਾਰ ਵੱਲੋਂ ਚਲਾਏ ਜਾ ਰਹੇ ਆਰ.ਬੀ.ਐਸ.ਕੇ ਪ੍ਰੋਗਰਾਮ ਦਾ ਉਦੇਸ਼ ਜਨਮ ਤੋਂ ਲੈ ਕੇ 18 ਸਾਲ ਤੱਕ ਦੇ ਬੱਚਿਆਂ 'ਚ ਜਨਮ ਸਮੇਂ ਨੁਕਸ, ਕਮੀਆਂ, ਬਚਪਨ ਦੀਆਂ ਬਿਮਾਰੀਆਂ, ਵਿਕਾਸ 'ਚ ਦੇਰੀ ਸਮੇਤ ਅਪਾਹਜਤਾ ਦੀ ਜਲਦ ਪਛਾਣ ਅਤੇ ਇਨ੍ਹਾਂ ਦਾ ਇਲਾਜ ਮੁਹੱਈਆ ਕਰਵਾਉਣਾ ਹੈ। ਬੱਚਿਆਂ ਦੇ ਸੰਪੂਰਨ ਟੀਕਾਕਰਨ, ਗਰਭਵਤੀਆਂ ਦੀ ਦੇਖਭਾਲ, ਐਨੀਮੀ, ਪੀਐਨਡੀਟੀ ਵਿੱਚ ਸੁਧਾਰ ਕਰਨ ਸੰਬੰਧੀ ਗੱਲ ਕਰਦਿਆਂ ਉਨ੍ਹਾਂ ਨੇ ਸੰਪੂਰਨ ਟੀਕਾਕਰਨ ਦੇ ਜ਼ੋਰ ਦਿੰਦਿਆਂ ਕਿਹਾ ਕਿ ਬੱਚਿਆਂ ਦੇ ਟੀਕਾਕਰਨ ਨੂੰ ਬਹੁਤ ਗੰਭੀਰਤਾ ਨਾਲ ਲਿਆ ਜਾਵੇ। ਉਨ੍ਹਾਂ ਕਿਹਾ ਕਿ ਗਰਭਵਤੀਆਂ ਨੂੰ ਜਲਦੀ ਤੋਂ ਜਲਦੀ ਰਜਿਸਟਰੇਸ਼ਨ ਕਰਵਾਉਣੀ ਚਾਹੀਦੀ ਹੈ ਤਾਂ ਕਿ ਸਰਕਾਰ ਵੱਲੋਂ ਗਰਭਵਤੀਆਂ ਨੂੰ ਦਿੱਤੀਆਂ ਜਾ ਰਹੀਆਂ ਸਹੂਲਤਾਂ ਦਾ ਲਾਭ ਮਿਲ ਸਕੇ। ਉਨ੍ਹਾਂ ਹਾਈ ਰਿਸਕ ਗਰਭਵਤੀ ਔਰਤਾਂ ਦਾ ਖਾਸ ਧਿਆਨ ਰੱਖਣ ਲਈ ਆਸ਼ਾ ਫੈਸੀਲੀਟੇਟਰ ਅਤੇ ਆਸ਼ਾ ਵਰਕਰਾਂ ਨੂੰ ਹਦਾਇਤ ਕੀਤੀ। ਇਸ ਸਿਖਲਾਈ ਪ੍ਰੋਗਰਾਮ ਦੇ ਅਖੀਰ ਵਿੱਚ ਉਨਾਂ ਹੈਡ ਕਾਊਂਟ ਸਰਵੇ ਦੇ ਫਾਰਮ ਭਰਨ ਅਤੇ ਨਮਕ ਟੈਸਟਿੰਗ ਬਾਰੇ ਵੀ ਦੱਸਿਆ।

# ਸੜਕ ਹਾਦਸੇ 'ਚ ਔਰਤ ਦੀ ਮੌਤ, ਸੱਤ ਗੰਭੀਰ ਜ਼ਖ਼ਮੀ

**ਕਿਸ਼ਨਗੜ (ਸੁਖਜੀਤ ਕੁਮਾਰ)**—ਜਲੰਧਰ-ਪਠਾਨਕੋਟ ਹਾਈਵੇਅ 'ਤੇ ਬੀਤੇ ਦਿਨੀਂ ਵਾਪਰੇ ਸੜਕ ਹਾਦਸੇ 'ਚ ਇੱਕ ਔਰਤ ਦੀ ਮੌਤ ਹੋ ਗਈ, ਜਦਕਿ ਸੱਤ ਜਣੇ ਗੰਭੀਰ ਜ਼ਖਮੀ ਹੋ ਗਏ। ਮਿਲੀ ਜਾਣਕਾਰੀ ਅਨੁਸਾਰ ਸਵਿਫਟ ਡਿਜ਼ਾਇਰ ਕਾਰ ਜਿਸ ਨੂੰ ਇੱਕ ਲੜਕੀ ਚਲਾ ਰਹੀ ਸੀ, ਜਲੰਧਰ ਵਾਲੀ ਸਾਈਡ ਤੋਂ ਭੋਗਪੁਰ ਵਾਲੀ ਸਾਈਡ ਨੂੰ ਜਾ ਰਹੀ ਸੀ। ਜਦ ਉਹ ਅੱਡਾ ਰਾਏਪੁਰ ਰਸੂਲਪੁਰ ਤੋਂ ਕੁਝ ਦੂਰੀ 'ਤੇ ਪਠਾਨਕੋਟ ਹਾਈਵੇ 'ਤੇ ਪੁਲ ਦੇ ਨਿਰਮਾਣ ਲਈ ਪਿੱਲਰ ਲਗਵਾਉਣ ਲਈ ਖੋਦੇ ਗਏ ਖੱਡੇ 'ਚ ਪੈਣ ਕਾਰਨ ਬੇਕਾਬੂ ਹੋ ਕੇ ਡਿਵਾਈਡਰ ਪਾਰ ਕਰਕੇ ਦੂਸਰੇ ਪਾਸੇ ਭੋਗਪੁਰ ਵੱਲੋਂ ਆ ਰਹੀ ਆਈ 20 ਕਾਰ ਨਾਲ ਜਾ ਟਕਰਾਈ ਤੇ ਫਿਰ ਇਕ ਕਾਰ ਭੋਗਪੁਰ ਵੱਲੋਂ ਹੀ ਆ ਰਹੀ ਬਲੇਰਾ ਕਾਰ ਨਾਲ ਜਾ ਟਕਰਾਈ। ਇਸ ਹਾਦਸੇ ਵਿੱਚ ਕਾਰ ਸਵਾਰਾਂ ਤੋਂ ਇਲਾਵਾ ਤਿੰਨ ਜਣੇ ਹੋਰ ਵੀ ਗੰਭੀਰ ਰੂਪ ਜਖਮੀ ਹੋ ਗਏ। ਬਿਜਲੀ ਬੋਰਡ ਦਾ ਚੀਫ ਇੰਜੀਨੀਅਰ ਅਤੇ ਉਸਦਾ ਡਰਾਈਵਰ ਵਾਲ-ਵਾਲ ਬਚ ਗਏ। ਹਾਦਸੇ ਵਿੱਚ ਦਲਵਿੰਦਰ ਕੌਰ ਪਤਨੀ ਅਮਰੀਕ ਸਿੰਘ ਨਿਵਾਸੀ ਦੌਲਤਪੁਰ ਦੀ ਮੌਤ ਹੋ ਗਈ, ਜਦਕਿ ਕਾਰ ਚਾਲਕ ਲੜਕੀ ਹਸਪਤਾਲ ਵਿੱਚ ਵੈਂਟੀਲੇਟਰ 'ਤੇ ਹੈ! ਜਖਮੀਆਂ ਪ੍ਰਭਜੋਤ ਕੌਰ ਵਾਸੀ ਸਲੇਮਪੁਰ ਜਲੰਧਰ ਲਵਪ੍ਰੀਤ ਕੌਰ ਵਾਸੀ ਜੰਡਿਆਲਾ, ਰੋਹਿਤ ਵਾਸੀ ਸੁੰਨੜ ਕਲਾਂ ਜਲੰਧਰ, ਸੁਖਦੀਪ ਕੌਰ ਵਾਸੀ ਲੁਧਿਆਣਾ, ਹਰਮਿੰਦਰ ਸਿੰਘ ਵਾਸੀ ਲੁਧਿਆਣਾ,ਸਿਮਰਜੀਤ ਸਿੰਘ ਵਾਸੀ ਲੁਧਿਆਣਾ ਨੂੰ ਹਸਪਤਾਲ ਵਿੱਚ ਦਾਖਲ ਕਰਾਇਆ ਗਿਆ ਹੈ। ਮ੍ਰਿਤਕ ਦਲਵਿੰਦਰ ਕੌਰ ਦੀ ਲਾਸ਼ ਵਾਰਸਾਂ ਨੂੰ ਪੋਸਟਮਾਰਟਮ ਉਪਰੰਤ ਸੌਂਪ ਦਿੱਤੀ ਗਈ ਹੈ।

# ਮੇਹਰ ਚੰਦ ਪੌਲੀਟੈਕਨਿਕ ਕਾਲਜ ਦੇ ਲੈਕਚਰਾਰ ਨੂੰ ਮਿਲਿਆ ਬੈਸਟ ਟੀਚਰ ਐਵਾਰਡ

**ਜਲੰਧਰ (ਸ਼ੈਲੀ ਐਲਬਰਟ)**- ਮੇਹਰ ਚੰਦ ਪੌਲੀਟੈਕਨਿਕ ਕਾਲਜ ਦੇ ਇਲੈਕਟ੍ਰਾਨਿਕਸ ਅਤੇ ਕੰਪਿਊਟਰ ਵਿਭਾਗ ਦੇ ਇੰਚਾਰਜ ਪ੍ਰਿੰਸ ਮਦਾਨ ਨੂੰ ਆਈ.ਐਸ.ਟੀ.ਈ-2024 ਦੀ 54ਵੀਂ ਸਲਾਨਾ ਕਨਵੈਨਸ਼ਨ ਵਿੱਚ ਪੰਜਾਬ ਦੇ ਬੈਸਟ ਪੌਲੀਟੈਕਨਿਕ ਟੀਚਰ-2024 ਦੇ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਇਹ ਸਮਾਗਮ ਕੇਯੂ ਵਿਖੇ ਲੈਮਰਿਨ ਟੈਕ ਸਕਿਲਜ਼ ਯੂਨੀਵਰਸਿਟੀ ਵਿੱਚ ਹੋਇਆ। ਇਸ ਸਮਾਗਮ ਵਿੱਚ ਆਈ.ਐਸ.ਟੀ.ਈ ਦੇ



ਪ੍ਰਧਾਨ ਡਾ. ਪ੍ਰਤਾਪ ਸਿੰਘ ਕੇ.ਦੇਸਾਈ ਅਤੇ ਐਗਜ਼ੀਕਿਊਟਿਵ ਸਕੱਤਰ ਡਾ. ਐਸ.ਐਸ.ਮੱਲੀ ਸ਼ਾਮਿਲ ਹੋਏ। ਕਾਲਜ ਦੇ ਪ੍ਰਿੰਸੀਪਲ ਡਾ. ਜਗਰੂਪ ਸਿੰਘ, ਸਟੂਡੈਂਟ ਚੈਪਟਰ ਦੇ ਅਡਵਾਈਜ਼ਰ ਡਾ. ਰਾਜੀਵ ਭਾਟੀਆ ਅਤੇ ਸਾਰੇ ਵਿਭਾਗ ਮੁਖੀਆਂ ਨੇ ਸ੍ਰੀ ਪ੍ਰਿੰਸ ਮਦਾਨ ਨੂੰ ਵਧਾਈ ਦਿੱਤੀ । ਡਾ. ਜਗਰੂਪ ਸਿੰਘ ਨੇ ਇਸ ਮੌਕੇ ਉੱਤੇ ਪ੍ਰਿੰਸ ਮਦਾਨ ਨੂੰ ਸਨਮਾਨਿਤ ਵੀ ਕੀਤਾ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਕਾਲਜ ਦੇ ਸਲਾਨਾ ਸਮਾਗਮ ਵਿੱਚ ਵੀ ਪ੍ਰਿੰਸ ਮਦਾਨ ਨੂੰ ਸਨਮਾਨਿਤ ਕੀਤਾ ਜਾਵੇਗਾ।

# ਬਿਜਲੀ ਬੰਦ ਰਹੇਗੀ

**ਟਾਂਡਾ ਉੜਮੁੜ (ਜਸਵਿੰਦਰ ਸੰਧੂ)**-ਸਹਾਇਕ ਕਾਰਜਕਾਰੀ ਇੰਜੀਨੀਅਰ ਸਬ ਡਿਵੀਜਨ ਸਿਟੀ ਟਾਂਡਾ ਵੱਲੋਂ ਸੂਚਿਤ ਕੀਤਾ ਜਾਂਦਾ ਹੈ ਕਿ 11 ਕੇ.ਵੀ ਟਾਂਡਾ ਸਹਿਰੀ ਫੀਡਰ ਤੋਂ ਚਲਦੇ ਮੇਨ ਬਾਜ਼ਾਰ ਟਾਂਡਾ,ਦਸਮੇਸ ਨਗਰ ,ਬਸਤੀ ਅੰਮ੍ਰਿਤਸਰੀਆ ਆਦਿ ਦੀ ਜ਼ਰੂਰੀ ਮੈਨਟੀਨੈਸ ਕਰਕੇ ਮਿਤੀ 19-2-2025 ਨੂੰ ਸਮਾਂ 10 ਵਜੇ ਸਵੇਰੇ ਤੋਂ ਸ਼ਾਮ 4 ਵਜੇ ਤੱਕ ਬਿਜਲੀ ਸਪਲਾਈ ਬੰਦ ਰਹੇਗੀ।

# ਵਧੀਕ ਡਿਪਟੀ ਕਮਿਸ਼ਨਰ ਧਾਲੀਵਾਲ ਵੱਲੋਂ ਸ਼ਹਿਰੀ ਵਿਕਾਸ ਕਾਰਜਾਂ ਦੀ ਸਮੀਖਿਆ

**ਮੋਹਾਲੀ (ਗੁਰਜੀਤ ਬਿੱਲਾ)**— ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਅਨਮੋਲ ਸਿੰਘ ਧਾਲੀਵਾਲ ਵੱਲੋਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਜ਼ਿਲ੍ਹੇ ਦੇ ਸ਼ਹਿਰੀ ਵਿਕਾਸ ਕਾਰਜਾਂ ਦੀ ਸਮੀਖਿਆ ਸਬੰਧੀ ਨਗਰ ਨਿਗਮ, ਨਗਰ ਕੌਂਸਲਾਂ ਤੇ ਨਗਰ ਪੰਚਾਇਤ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ।ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਉਨ੍ਹਾਂ ਅਧਿਕਾਰੀਆਂ ਤੋਂ ਪਿਛਲੇ ਮਹੀਨੇ ਦੀ ਕਾਰਗੁਜ਼ਾਰੀ ਬਾਰੇ ਪ੍ਰਗਤੀ ਰਿਪੋਰਟ ਹਾਸਿਲ ਕੀਤੀ ਅਤੇ ਅਤੇ ਚੱਲ ਰਹੇ ਵੱਖ-ਵੱਖ ਵਿਕਾਸ ਕਾਰਜਾਂ ਦਾ ਜਾਇਜ਼ਾ ਲਿਆ ਅਤੇ ਚਲ ਰਹੇ ਕੰਮਾਂ ਵਿਚ ਹੋਰ ਤੇਜ਼ੀ ਲਿਆਉਣ ਲਈ ਕਿਹਾ।ਮੀਟਿੰਗ ਦੌਰਾਨ ਵਧੀਕ ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ ਦੀਆਂ ਨਗਰ ਕੌਂਸਲਾਂ ਦੇ ਕਾਰਜ ਸਾਧਕ ਅਫ਼ਸਰਾਂ ਨੂੰ ਨਿਰਦੇਸ਼ ਦਿੱਤੇ ਕਿ ਆਪਣੇ-ਆਪਣੇ ਖੇਤਰ ਵਿੱਚ ਸੀਵਰੇਜ ਨਿਕਾਸੀ ਵੱਲ ਖ਼ਾਸ ਧਿਆਨ ਦੇਣ ਤਾਂ ਜੋ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਨੇ ਕਿਹਾ ਕਿ ਜ਼ੀਰਕਪੁਰ ਵਿਖੇ ਵੀ.ਆਈ.ਪੀ. ਰੋਡ 'ਤੇ ਪ੍ਰਾਈਵੇਟ ਕਾਲੋਨੀਆਂ ਵੱਲੋਂ ਆਪਣੇ ਸੀਵਰੇਜ ਦੇ ਪਾਣੀ ਨੂੰ ਮੋਟਰਾਂ ਲਗਾ ਕੇ ਵੀ.ਆਈ ਪੀ. ਰੋਡ 'ਤੇ ਸੀਵਰੇਜ ਵਿੱਚ ਪਾਇਆ ਜਾਂਦਾ ਹੈ। ਉਨ੍ਹਾਂ ਨੇ ਅਧਿਕਾਰੀਆਂ ਨੂੰ ਕਿਹਾ ਕਿ ਕਾਲੋਨੀਆਂ ਵਿੱਚ ਮੁਨਾਦੀ ਕਰਾਕੇ ਜਾਂ ਕਾਲੋਨੀ ਵਾਸੀਆਂ ਨਾਲ ਮੀਟਿੰਗ ਕਰਕੇ ਉਨ੍ਹਾਂ ਨੂੰ ਹਦਾਇਤ ਕੀਤੀ ਜਾਵੇ ਕਿ ਉਨ੍ਹਾਂ ਵੱਲੋਂ ਸੀਵਰੇਜ ਵਿੱਚ ਪਾਣੀ ਪਾਉਣ ਦਾ ਕੰਮ ਰਾਤ 11.00 ਤੋਂ ਲੈ ਕੇ ਸਵੇਰੇ 6.00 ਵਜੇ ਤੱਕ ਕੀਤਾ ਜਾਵੇ, ਤਾਂ ਜੋ ਦਿਨ ਵੇਲੇ ਸੀਵਰੇਜ ਓਵਰ ਫਲੋਅ ਨਾ ਕਰੇ।ਏ.ਡੀ.ਸੀ. ਨੇ ਦੱਸਿਆ ਕਿ ਨਗਰ ਨਿਗਮ ਅਧੀਨ ਘਰ ਘਰ ਜਾ ਕੇ ਕੂੜਾ ਇਕੱਤਰ ਕਰਨ ਦਾ ਕਾਰਜ 100 ਫ਼ੀਸਦ ਹੈ ਤੇ ਗਿੱਲਾ ਤੇ ਸੁੱਕਾ ਕੂੜਾ ਵੱਖੋ ਵੱਖ ਕਰਨ ਦਾ ਕਾਰਜ ਕਰੀਬ 85 ਫ਼ੀਸਦ ਤੋਂ ਵੱਧ ਹੈ। ਵਧੀਕ ਡਿਪਟੀ ਕਮਿਸ਼ਨਰ ਨੇ ਹਦਾਇਤ ਕੀਤੀ ਕਿ ਜ਼ਿਲ੍ਹੇ ਵਿੱਚ ਵੱਖ-ਵੱਖ ਥਾਵਾਂ ਉੱਤੇ ਵੀ ਵੇਸਟ ਵੰਡਰ ਪਾਰਕ ਬਣਾਉਣ ਲਈ ਉਪਰਾਲੇ ਕੀਤੇ ਜਾਣ।

# ਦਸ਼ਮੇਸ਼ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦਾ ਸਾਲਾਨਾ ਇਨਾਮ ਵੰਡ






**ਜਲੰਧਰ (ਕੇਸਰ)**- ਦਸ਼ਮੇਸ਼ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦਾ ਸਾਲਾਨਾ ਇਨਾਮ ਵੰਡ ਸਮਾਰੋਹ ਦੇਸ਼ ਭਗਤ ਯਾਦਗਾਰ ਹਾਲ ਵਿਖੇ ਕਰਵਾਇਆ ਗਿਆ। ਡਾ ਜਸਵੰਤ ਸਿੰਘ ਬਾਠ, ਬਾਠ ਹਸਪਤਾਲ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਪ੍ਰੋਗਰਾਮ ਦਾ ਆਗਾਜ਼ 'ਦੇਹਿ ਸ਼ਿਵਾ ਬਰ ਮੋਹ' ਸ਼ਬਦ ਦੇ ਉਚਾਰਣ ਨਾਲ ਹੋਇਆ। ਛੋਟੇ ਬੱਚਿਆਂ ਦੇ ਫੈਂਸੀ ਡਰੈੱਸ ਮੁਕਾਬਲਿਆਂ ਦੇ ਨਾਲ ਨਾਲ ਬੱਚਿਆਂ ਨੇ ਸਿੱਖਿਆਦਾਇਕ ਸਕਿੱਟ ਅਤੇ ਗੀਤਾਂ ਨਾਲ ਮਨਮੋਹਕ ਪ੍ਰੋਗਰਾਮ ਪੇਸ਼ ਕੀਤ ਗਏ।ਅਖੀਰ ਵਿੱਚ ਪੰਜਾਬੀ ਗਿੱਧਾ ਅਤੇ ਭੰਗੜਾ ਹਾਜ਼ਰੀਨ ਦੇ ਦਿਲਾਂ ਨੂੰ ਵਿਸ਼ੇਸ਼ ਖਿੱਚ ਪਾ ਗਏ। ਪ੍ਰਿੰਸੀਪਲ ਅਰਵਿੰਦਰ ਕੌਰ ਚੀਮਾ ਨੇ ਸਾਲਾਨਾ ਰਿਪੋਰਟ ਪੇਸ਼ ਕਰਦਿਆਂ ਸਕੂਲ ਵਲੋਂ ਏ/ਆਈ ਜੁਗਤ ਨਾਲ ਕੰਪਿਊਟਰ ਜਮਾਤਾਂ ਸ਼ੁਰੂ ਕਰਨ ਬਾਰੇ ਦੱਸਿਆ ਅਤੇਵੀਡੀਓ ਪੇਸ਼ ਕੀਤੀ। ਬੱਚਿਆਂ ਨੂੰ ਇਨਾਮ ਡਾ. ਜਸਵੰਤ ਸਿੰਘ ਬਾਠ, ਪ੍ਰਿੰਸੀਪਲ ਕਿਰਨ ਰੰਧਾਵਾ ਤੋਂ ਇਲਾਵਾ ਸ਼੍ਰੀ ਸੁਰਜੀਤ ਸਿੰਘ ਲਾਟਾ, ਸ਼੍ਰੀ ਦਿਨੇਸ਼ ਲਾਂਬਾ , ਸ਼੍ਰੀ ਪੁਨੀਤ ਵਿਜੀਆਨ, ਬਾਲਕ੍ਰਿਸ਼ਨ ਸਿੰਘ ਚੀਮਾ, ਸ਼੍ਰੀਮਤੀ ਸੋਨੀਆ ਲਾਂਬਾ ਅਤੇ ਸ਼ੇਫਾਲੀ ਨੇ ਵੰਡੇ।ਮੁੱਖ ਮਹਿਮਾਨ ਨੇ ਆਪਣੇ ਸੰਬੋਧਨ ਵਿਚ ਵਿਦਿਆ ਨੂੰ ਨਵੀਆਂ ਲੀਹਾਂ 'ਤੇ ਚਲਾਉਣ ਦੇ ਯਤਨ ਨੂੰ ਸਰਾਹਿਆ।ਪ੍ਰੋਗਰਾਮ ਦੀ ਸਮਾਪਤੀ ਕੌਮੀ ਤਰਾਨੇ ਨਾਲ ਕੀਤੀ ਗਈ।

# ਹਲਕਾ ਵਿਧਾਇਕਾ ਕਟਾਰੀਆ ਵੱਲੋਂ ਵੱਖ-ਵੱਖ ਪਿੰਡਾਂ 'ਚ ਸਿੰਚਾਈ ਟਿਊਬਵੈੱਲਾਂ ਦਾ ਉਦਘਾਟਨ

**ਬਲਾਚੌਰ (ਜਸਵਿੰਦਰ ਬੈਂਸ)**

ਹਲਕਾ ਬਲਾਚੌਰ ਦੇ ਵਿਧਾਇਕਾ ਸ੍ਰੀਮਤੀ ਸ਼ੰਤੋਸ ਕਟਾਰੀਆ ਵੱਲੋਂ ਬਲਾਕ ਬਲਾਚੌਰ ਦੇ ਪਿੰਡ ਬੇਹਰੜੀ, ਜੱਟ ਮਾਜਰੀ ਵਿਖੇ ਪੰਜਾਬ ਜਲ ਸਰੋਤ ਪ੍ਰਬੰਧਨ ਅਤੇ ਵਿਕਾਸ ਨਿਗਮ ਵੱਲੋਂ 502 ਨੰਬਰ ਟਿਊਬਵੈਲ ਸਕੀਮ ਅਤੇ ਪਿੰਡ ਰੱਤੇਵਾਲ ਵਿਖੇ 72 ਨੰਬਰ ਟਿਊਬਵੈਲ ਸਕੀਮ ਅਧੀਨ ਲੱਖਾਂ ਰੁਪਏ ਦੇ ਲਾਗਤ ਦੇ ਨਾਲ ਲੱਗੇ ਸਿੰਚਾਈ ਵਾਲੇ ਪਾਣੀ ਦੇ ਟਿਊਬਵੈਲ ਦੇ ਉਦਘਾਟਨ ਮੌਕੇ ਪਿੰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਹਲਕਾ ਵਿਧਾਇਕਾਂ ਸੰਤੋਸ਼ ਕਟਾਰੀਆ ਨੇ ਕਿਹਾ ਕਿ ਹਲਕਾ ਬਲਾਚੌਰ ਵਿੱਚ ਸਿੰਚਾਈ ਵਾਲੇ ਪਾਣੀ ਦੇ ਟਿਊਬਵੈਲ ਲੱਗਣ ਦੇ ਨਾਲ ਕਿਸਾਨਾਂ ਦੀ ਜ਼ਮੀਨ ਨੂੰ ਹਰਾ ਭਰਾ ਬਣਾਉਣ ਲਈ ਪੰਜਾਬ ਸਰਕਾਰ ਪੂਰੀ ਤਰ੍ਹਾਂ ਵਚਨਬੱਧ ਹੈ। ਵਿਧਾਇਕਾ ਨੇ ਕਿਹਾ ਕਿ ਪਿੰਡਾਂ 'ਚ ਅਧੂਰੇ ਰਹੇ ਵਿਕਾਸ ਕਾਰਜਾਂ ਨੂੰ ਜਲਦ ਨੇਪਰੇ ਚਾੜ੍ਹਿਆ ਜਾਵੇਗਾ। ਇਸ ਮੌਕੇ ਵਿਧਾਇਕਾ ਵੱਲੋਂ ਬਲਾਕ ਬਲਾਚੌਰ ਦੇ ਪਿੰਡ ਬੇਹਰੜੀ, ਜੱਟ ਮਾਜਰੀ ਅਤੇ ਰੱਤੇਵਾਲ ਵਿਖੇ ਲਗਾਇਆ ਗਿਆ ਸਿੰਚਾਈ ਵਾਲੇ ਪਾਣੀ ਦੇ ਟਿਊਬਵੈਲਾਂ 'ਤੇ ਕੁੱਲ ਖਰਚ 1.80 ਕਰੋੜ ਰੁਪਏ ਦੀ ਲਾਗਤ ਆਈ ਹੈ। ਪਿੰਡ ਬੇਹਰੜੀ, ਜੱਟ ਮਾਜਰੀ ਅਤੇ ਰੱਤੇਵਾਲ ਦੇ ਸਰਪੰਚ ਵੱਲੋਂ ਹਲਕਾ ਵਿਧਾਇਕ ਦਾ ਸਮੂਹ ਨਗਰ ਵੱਲੋਂ ਧੰਨਵਾਦ ਕੀਤਾ ਗਿਆ ਤੇ ਉਨ੍ਹਾਂ ਨੇ ਪਿੰਡ ਦੀ ਬੰਜਰ ਪਈ ਜ਼ਮੀਨ ਨੂੰ ਉਪਜਾਊ ਖੇਤੀ ਯੋਗ ਬਣਾਉਣ ਲਈ ਸਿੰਚਾਈ ਵਾਲੇ ਟਿਊਬਵੈਲ ਲਗਾਉਣ ਲਈ ਮੰਗ ਨੂੰ ਪੂਰਾ ਕੀਤਾ। ਇਸ ਮੌਕੇ ਹਲਕਾ ਵਿਧਾਇਕਾ ਤੇ ਉਨ੍ਹਾਂ ਨਾਲ ਆਏ ਪਾਰਟੀ ਦੇ ਅਹੁਦੇਦਾਰਾਂ ਦਾ ਵੀ ਸਨਮਾਨ ਕੀਤਾ ਗਿਆ। ਇਸ ਮੌਕੇ ਐਸ.ਡੀ.ਓ ਸੁਮੀਤ ਅਤੇ ਸਮੂਹ ਸਟਾਫ਼ ਤੇ ਰਾਜ ਕੁਮਾਰ ਸਰਪੰਚ ਵਿਜੇ ਠੇਕੇਦਾਰ, ਬਿੱਲੂ ਸਾਬਕਾ ਸਰਪੰਚ, ਅਵਤਾਰ ਕੈਪਟਨ ਸੁਭਾਸ਼ ਫੌਜੀ, ਰੋਸ਼ਨ ਲਾਲ ਬਰਾਮਦਾਸ, ਸੂਬੇਦਾਰ ਕਾਵਲ, ਸੋਹਣ ਲਾਲ, ਰਤਨ ਸਾਬਕਾ ਸਰਪੰਚ ਵਿਜੇ ਫੌਜੀ, ਅਸ਼ੋਕ, ਮਾਸਟਰ ਬਨਾਰਸੀ ਦਾਸ, ਲੱਡੂ ਭੂੰਬਲਾ, ਅਸ਼ੋਕ ਲੰਬਰਦਾਰ, ਸੁਭਾਸ਼ ਭੂੰਬਲਾ, ਮੋਹਨ ਲਾਲ ਭੂੰਬਲਾ, ਅੰਕਿਤ ਭੂੰਬਲਾ, ਸੋਹਣ ਲਾਲ ਬਾਠ, ਸੁਖਦੇਵ ਬਾਠ, ਵਿੱਕੀ ਬਾਠ, ਅਸ਼ਵਨੀ ਬਾਠ, ਦਿਨੇਸ਼ ਬਾਠ ਅਤੇ ਸੁਭਾਸ਼ ਬਾਠ ਅਤੇ ਸਮੂਹ ਨਗਰ ਨਿਵਾਸੀ ਹਾਜ਼ਰ ਸਨ।

# ਸੰਤ ਸੇਵਾ ਸਿੰਘ ਦੀ ਬਰਸੀ ਸ਼ਰਧਾ ਭਾਵਨਾ ਨਾਲ ਮਨਾਈ



**ਕਰਤਾਰਪੁਰ (ਹਰਮੇਸ਼ ਦੱਤ)**- ਸੰਤ ਸੇਵਾ ਸਿੰਘ ਦੀ ਸਾਲਾਨਾ ਬਰਸੀ ਕਰਤਾਰਪੁਰ ਦੇ ਰਾਧਾ ਸੁਆਮੀ ਸਤਿਸੰਗ ਘਰ ਦੇ ਨਜ਼ਦੀਕ ਨਾਗਰਾ ਪਰਿਵਾਰ ਦੇ ਡੇਰੇ 'ਤੇ ਬਹੁਤ ਹੀ ਸ਼ਰਧਾ ਭਾਵਨਾ ਨਾਲ ਮਨਾਈ ਗਈ। ਸ਼੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣ ਉਪਰੰਤ ਭਾਈ ਗਰਜਾ ਸਿੰਘ ਅਤੇ ਉਨ੍ਹਾ ਦੇ ਸਾਥੀਆਂ ਨੇ ਆਈਆਂ ਸੰਗਤਾਂ ਨੂੰ ਗੁਰਬਾਣੀ ਸ਼ਬਦ ਗਾ ਕੇ ਗੁਰੂ ਚਰਨਾ ਨਾਲ ਜੋੜਿਆ। ਭੋਗ ਉਪਰੰਤ ਸੇਵਾਦਾਰਾਂ ਵੱਲੋਂ ਸੰਗਤਾਂ ਨੂੰ ਪਿਆਰ ਤੇ ਸਤਿਕਾਰ ਨਾਲ ਲੰਗਰ ਛਕਾਇਆ ਗਿਆ।

# ਸ਼ਾਰਟ ਸਰਕਟ ਕਾਰਨ ਗੁੱਜਰਾਂ ਦੀ ਸੈਂਕੜੇ ਏਕੜ ਪਰਾਲੀ ਸੜ ਕੇ ਸੁਆਹ

**ਕਾਲਾ ਸੰਘਿਆਂ (ਮਨਜੀਤ ਮਾਨ)**-ਸਥਾਨਕ ਕਸਬੇ ਦੇ ਨਜ਼ਦੀਕੀ ਪਿੰਡ ਆਰੀਆਂਵਾਲ ਵਿਖੇ ਬਿਜਲੀ ਦੇ ਸ਼ਾਰਟ ਸਰਕਟ ਨਾਲ ਅੱਗ ਲੱਗਣ ਕਾਰਨ ਪੰਜ ਗੁੱਜਰ ਪਰਵਾਰਾਂ ਦੀ ਸੈਂਕੜੇ ਏਕੜ ਦੀ ਇਕੱਠੀ ਕੀਤੀ ਹੋਈ ਪਰਾਲੀ ਸੜ ਕੇ ਸੁਆਹ ਹੋ ਗਈ। ਪਿੰਡ ਵਾਸੀਆਂ ਵੱਲੋਂ ਲੰਬੀ ਮੁਸ਼ੱਕਤ ਤੋਂ ਬਾਅਦ ਅੱਗ ਉੱਤੇ ਕਾਬੂ



ਪਾਇਆ ਗਿਆ। ਪਰ ਇਸ ਦੌਰਾਨ ਪਰਾਲੀ ਦੀਆਂ ਸਾਰੀਆਂ ਢੇਰੀਆਂ ਸੜ ਕੇ ਸਵਾਹ ਹੋ ਗਈਆਂ। ਪੀੜ੍ਹਤ ਸਵਾਰਦੀਨ, ਮੁਹੰਮਦ ਅਲੀ, ਮੁਸ਼ਤਾਕ ਅਲੀ,ਇਮਾਮ ਹੁਸੈਨ, ਇਬਰਾਹੀਮ ਨੇ ਦੱਸਿਆ ਕਿ ਪਰਾਲੀ ਦੇ ਢੇਰਾਂ ਉੱਪਰੋਂ ਲੰਘਦੀਆਂ ਬਿਜਲੀ ਦੀਆਂ ਤਾਰਾਂ ਵਿੱਚ ਸ਼ਾਰਟ ਸਰਕਟ ਹੋਣ ਕਾਰਨ ਪਰਾਲੀ ਦੇ ਢੇਰਾਂ ਨੂੰ ਅੱਗ ਲੱਗ ਗਈ ਅਤੇ ਦੇਖਦਿਆਂ ਹੀ ਦੇਖਦੀਆਂ ਪਰਾਲੀ ਦੇ ਸਾਰੇ ਢੇਰ ਸੜ ਕੇ ਸਵਾਹ ਹੋ ਗਏ। ਉਹਨਾਂ ਦੱਸਿਆ ਕਿ ਅੱਗ ਲੱਗਣ ਕਾਰਨ ਉਹਨਾਂ ਦਾ ਲੱਖਾਂ ਰੁਪਏ ਦਾ ਨੁਕਸਾਨ ਹੋਇਆ ਹੈ। ਇਸ ਘਟਨਾ ਵਿੱਚ ਉਨਾਂ ਦੀ ਪਸ਼ੂਆਂ ਦੇ ਚਾਰੇ ਵਾਸਤੇ ਇਕੱਠੀ ਕੀਤੀ ਗਈ ਅਤੇ ਹੁਣ ਉਹਨਾਂ ਨੂੰ ਪਸ਼ੂਆਂ ਦੇ ਚਾਰੇ ਦੀ ਵੀ ਭਾਰੀ ਕਿੱਲਤ ਆਵੇਗੀ। ਪੀੜਤ ਪਰਵਾਰਾਂ ਨੇ ਪਿੰਡ ਆਰੀਆਂਵਾਲ ਦੇ ਸਾਬਕਾ ਸਰਪੰਚ ਗੁਰਪ੍ਰੀਤ ਸਿੰਘ ਗੋਪੀ ਤੇ ਜ਼ਿਲ੍ਹਾ ਪ੍ਰਸ਼ਾਸਨ ਤੋਂ ਮੁਆਵਜ਼ਾ ਦੇਣ ਦੀ ਮੰਗ ਕੀਤੀ ਹੈ। ਇਸ ਘਟਨਾ ਵਿੱਚ ਕੋਈ ਜਾਨੀ ਨੁਕਸਾਨ ਹੋਣ ਦੀ ਖਬਰ ਨਹੀਂ ਹੈ।

# ਸ਼ਹਿਰ ਦੇ ਵਿਕਾਸ ਕਾਰਜਾਂ 'ਚ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ : ਵਿਧਾਇਕ ਰਾਜਾ

**ਟਾਂਡਾ ਉੜਮੁੜ, ( ਜਸਵਿੰਦਰ ਸੰਧੂ )**

ਟਾਂਡਾ ਸ਼ਹਿਰ ਦੇ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਦੇਣ ਲਈ ਪੰਜਾਬ ਸਰਕਾਰ ਹਰ ਸੰਭਵ ਉਪਰਾਲੇ ਕਰ ਰਹੀ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਵਿਧਾਇਕ ਜਸਵੀਰ ਸਿੰਘ



ਰਾਜਾ ਨੇ ਵਾਰਡ ਨੰਬਰ 15 ਗਿੱਲ ਕਲੋਨੀ ਉੜਮੁੜ ਟਾਂਡਾ ਵਿਖੇ ਸੀਵਰੇਜ ਦੇ ਨਿਰਮਾਣ ਕਾਰਜ ਦਾ ਉਦਘਾਟਨ ਕਰਨ ਸਮੇਂ ਕੀਤਾ। ਰਾਜਾ ਨੇ ਦੱਸਿਆ ਕਿ 10 ਲੱਖ ਰੁਪਏ ਦੀ ਲਾਗਤ ਨਾਲ ਪੈਣ ਵਾਲੇ ਸੀਵਰੇਜ ਦੇ ਕਾਰਜ ਨੂੰ ਜਲਦ ਹੀ ਪੂਰਾ ਕਰਕੇ ਸ਼ਹਿਰ ਵਾਸੀਆਂ ਨੂੰ ਨਵੀਂ ਸਹੂਲਤ ਪ੍ਰਦਾਨ ਕੀਤੀ ਜਾਵੇਗੀ। ਨਗਰ ਕੌਂਸਲ ਟਾਂਡਾ ਅਧੀਨ ਕਰੀਬ 12 ਕਰੋੜ ਰੁਪਏ ਦੀ ਲਾਗਤ ਨਾਲ ਕਰਵਾਏ ਜਾ ਰਹੇ ਵਿਕਾਸ ਕਾਰਜਾਂ ਵਿੱਚ ਤੇਜ਼ੀ ਲਿਆਂਦੀ ਜਾਵੇਗੀ ਤਾਂ ਜੋ ਸਮੁੱਚੇ ਸਹਿਰ ਦੀ ਦਿੱਖ ਬਦਲਣ ਦੇ ਨਾਲ ਨਾਲ ਸ਼ਹਿਰ ਵਾਸੀਆਂ ਨੂੰ ਬਣਦੀਆਂ ਸਾਰੀਆਂ ਸਹੂਲਤਾਂ ਦਿੱਤੀਆਂ ਜਾ ਸਕਣ। ਇਸ ਸਮੇਂ ਹੋਰਨਾਂ ਤੋਂ ਪ੍ਰਵਾਸੀ ਭਾਰਤੀ ਰਵਿੰਦਰ ਸਿੰਘ ਚੌਹਾਨ ਕਨੇਡਾ, ਨਗਰ ਕੌਂਸਲ ਟਾਂਡਾ ਦੇ ਸਾਬਕਾ ਪ੍ਰਧਾਨ ਹਰੀ ਕ੍ਰਿਸਨ ਸੈਣੀ, ਅਨਿਲ ਗੋਰਾ ਕੁਲਦੀਪ ਸਿੰਘ ਗਿੱਲ, ਸਰਪੰਚ ਸੁਖਵਿੰਦਰਜੀਤ ਸਿੰਘ ਝਾਵਰ, ਜਸਵਿੰਦਰ ਸੰਧੂ, ਵਿਕਾਸ ਮਰਵਾਹਾ, ਗੁਰਮੀਤ ਬਿੱਟੂ, ਲੇਖਰਾਜ ਰਾਜ ਅਹੀਆਪੁਰ, ਹਰਮੀਤ ਸਿੰਘ ਬੜੈਚ, ਐਸ. ਡੀ.ਓ ਵਾਟਰ ਤੇ ਸੀਵਰਸ ਐਨ. ਕੇ. ਭੰਡਾਰੀ, ਹੇਮੰਤ ਮੈਨਰਾਏ, ਬਲਵਿੰਦਰ ਸਿੰਘ ,ਗੌਰਵ ਕੌੜਾ, ਨਵਦੀਪ ਸਿੰਘ ਸੰਧਾਵਾਲੀਆ, ਦਲੇਰ ਸਿੰਘ, ਸੁਰਿੰਦਰ ਸਿੰਘ, ਸਚਿਨ ਪੁਰੀ ਮੁਨੀਸ ਸੋਂਧੀ, ਬਲਵੰਤ ਸਿੰਘ, ਡਾ.ਜੇ.ਐਸ ਚੌਹਾਨ, ਸਾਬਕਾ ਕੌਂਸਲਰ ਚੰਦਰ ਮੋਹਨ ਲਾਡੀ ਵੀ ਹਾਜਰ ਸਨ।

# ਪ੍ਰਧਾਨ ਮੰਤਰੀ ਆਵਾਸ ਯੋਜਨਾ ਦਾ ਲੋਕ ਲੈਣ ਲਾਹਾ : ਢਿੱਲੋਂ, ਬਲਜੀਤ

**ਕਾਲਾ ਸੰਘਿਆਂ (ਮਨਜੀਤ ਮਾਨ)**- ਪ੍ਰਧਾਨ ਮੰਤਰੀ ਆਵਾਸ ਯੋਜਨਾ (ਸ਼ਹਿਰੀ) ਦਾ ਪੰਜਾਬ ਸਰਕਾਰ ਦੇ ਸਹਿਯੋਗ ਨਾਲ ਪੰਜਾਬ ਦੇ ਲੋਕ ਕੱਚੇ ਮਕਾਨਾਂ ਨੂੰ ਪੱਕਾ ਕਰਨ ਦਾ ਲਾਹਾ ਲੈ ਸਕਦੇ ਹਨ। ਇਸ ਦੇ ਮੱਦੇਨਜ਼ਰ ਸਥਾਨਕ ਕਸਬਾ ਢਿਲਵਾਂ ਦੇ ਲੋਕ ਦਫਤਰ ਨਗਰ ਪੰਚਾਇਤ ਢਿਲਵਾਂ ਦੀ ਮਦਦ ਨਾਲ ਕਾਗਜ ਪੱਤਰ ਤਿਆਰ ਕਰਵਾ ਜਮ੍ਹਾਂ ਕਰਵਾ ਸਕਦੇ ਹਨ। ਸੀਨੀਅਰ ਆਗੂ ਆਪ ਹਰਨੇਕ ਸਿੰਘ ਢਿੱਲੋਂ, ਸਿਟੀ ਪ੍ਰਧਾਨ ਬਲਜੀਤ ਸਿੰਘ ਢਿੱਲੋਂ ਨੇ ਦੱਸਿਆ ਹਲਕਾ ਇੰਚਾਰਜ ਐਡਵੋਕੇਟ ਹਰਸਿਮਰਨ ਸਿੰਘ ਘੁੰਮਣ ਦੇ ਆਦੇਸ਼ ਹਨ ਕਿ ਇਸ ਯੋਜਨਾ ਨਾਲ ਜਿੱਥੇ ਲੋੜਵੰਦ ਲੋਕ ਲਾਹਾ ਤਾਂ ਲੈਣਗੇ ਹੀ ਉੱਥੇ ਆਰਥਿਕਤਾਂ ਤੋਂ ਕਮਜ਼ੋਰ ਲੋਕ ਆਪਣਾ ਮਕਾਨ ਪੱਕਾ ਕਰਨ ਦਾ ਸੁਪਨਾ ਸਕਾਰ ਹੁੰਦਾ ਦੇਖਣਗੇ।ਉਨ੍ਹਾਂ ਦੱਸਿਆ ਕਿ ਖਾਸ ਇਸ ਯੋਜਨਾ ਸਬੰਧੀ ਤੇ ਕਾਗਜ ਪੱਤਰ ਜਮ੍ਹਾਂ ਕਰਵਾਉਣ ਸਮੇਂ ਲੋਕਾਂ ਨੂੰ ਕਿਸੇ ਪ੍ਰਕਾਰ ਦੀ ਮੁਸ਼ਕਿਲ ਦਾ ਸਹਿਣੀ ਪਵੇ ਤਾਂ ਕਰਕੇ ਦਫਤਰ ਦੇ ਕਰਮਚਾਰੀ ਦੀ ਵਿਸ਼ੇਸ਼ ਟੀਮ ਗਠਨ ਕੀਤੀ ਗਈ ਹੈ ਜੋ ਸਵੇਰੇ 10 ਵਜੇ ਤੋਂ 4 ਵਜੇ ਦਿਨ ਸ਼ੁੱਕਰਵਾਰ ਤੱਕ ਦਫਤਰ ਵਿਚ ਲੋਕ ਸੇਵਾ ਲਈ ਹਾਜਰ ਰਹਿਣਗੇ। ਉਨ੍ਹਾਂ ਦੱਸਿਆ ਕਿ ਜਿਸ ਮਕਾਨ ਸਬੰਧੀ ਯੋਜਨਾ ਤਹਿਤ ਲਾਭ ਲੈਣਾ ਹੋਵੇ ਉਸਦਾ ਅਸਲ ਮਾਲਕ ਤੇ ਅਸਲ ਦਸਤਾਵੇਜ ਰਜਿਸਟਰੀ, ਫਰਦ ਆਦਿ ਸਮੇਤ ਬੈਂਕ ਪਾਸ ਬੁੱਕ, ਜਾਤੀ ਸਰਟੀਫਿਕੇਟ, ਆਧਾਰ ਕਾਰਡ, ਮਾਲਕ ਦੀ ਪਾਸਪੋਰਟ ਸਾਇਜ ਫੋਟੋ ਤੇ ਮਕਾਨ ਦੀ ਫੋਟੋ, ਆਮਦਨ ਸਰਟੀਫਿਕੇਟ, ਬਿਜਲੀ ਪਾਣੀ ਸੀਵਰੇਜ ਬਿੱਲ ਤੇ ਮਕਾਨ ਦਾ ਨਕਸ਼ਾ ਲੈ ਕੇ ਦਫਤਰ ਨਗਰ ਪੰਚਾਇਤ ਪੁੱਜਣ, ਜਦ ਕਿ ਲਾਲ ਲਕੀਰ 'ਚ ਆਉਂਦੇ ਮਕਾਨ ਮਾਲਕ ਲਾਲ ਲਕੀਰ ਨਾਲ ਸਬੰਧਤ ਘੋਸ਼ਣਾ ਤਸਦੀਕ ਕਰਵਾ ਨਾਲ ਸ਼ਾਮਲ ਕਰ ਸਕਦੇ ਹਨ।

# ਡੇਰਾ ਭਰੋਮਜਾਰਾ 'ਚ ਸਤਿਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਪੁਰਬ ਮਨਾਇਆ

**ਬੰਗਾ (ਅਵਤਾਰ ਕਲੇਰ)**

ਡੇਰਾ ਭਰੋਮਜਾਰਾ ਵਿਖੇ ਸ੍ਰੀ ਗੁਰੂ ਰਵਿਦਾਸ ਮਹਾਰਾ ਦਾ 648ਵਾਂ ਪ੍ਰਕਾਸ਼ ਦਿਹਾੜਾ ਮਨਾਇਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਹੇਠ ਨਜ਼ਦੀਕੀ ਪਿੰਡਾਂ ਸਰਹਾਲਾ ਰਾਣੂਆ, ਚੱਕ



ਮਾਈਦਾਸ, ਤਲਵੰਡੀ ਜੱਟਾਂ, ਚੱਕ ਰਾਮੂ ਆਦਿ ਪਿੰਡਾਂ 'ਚ ਨਗਰ ਕੀਰਤਨ ਸਜਾਇਆ ਗਿਆ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ।ਦੂਸਰੇ ਦਿਨ ਡੇਰੇ ਵਿਖੇ ਰਾਤ ਦੇ ਕੀਰਤਨ ਦਰਬਾਰ ਸਜਾਏ ਗਏ। ਗੱਦੀਨਸ਼ੀਨ ਸੰਤ ਕੁਲਵੰਤ ਰਾਮ ਭਰੋਮਜਾਰਾ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਪੰਜਾਬ, ਸੰਤ ਡਾ. ਲਛਮਣ ਦਾਸ ਭਰੋਮਜਾਰਾ, ਭਾਈ ਜਬਰਤੋੜ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਕਰਮ ਸਿੰਘ ਜਲੰਧਰ, ਭਾਈ ਜਸਪਾਲ ਸਿੰਘ ਦੋਸਾਂਝ ਕਲਾਂ, ਭਾਈ ਹਰਪਾਲ ਸਿੰਘ ਜਲੰਧਰ ਆਦਿ ਨੇ ਸੰਗਤਾਂ ਨੂੰ ਕੀਰਤਨ ਅਤੇ ਪ੍ਰਵਚਨਾਂ ਨਾਲ ਨਿਹਾਲ ਕੀਤਾ। ਵੱਖ ਵੱਖ ਰਾਜਨੀਤਿਕ ਪਾਰਟੀਆਂ ਦੇ ਆਗੂ ਕਮਲਜੀਤ ਬੰਗਾ ਮੈਂਬਰ ਜ਼ਿਲ੍ਹਾ ਪ੍ਰੀਸ਼ਦ, ਆਪ ਆਗੂ ਹਰਜੋਤ ਕੌਰ ਲੋਹਟੀਆ, ਹੰਸ ਰਾਜ ਬੰਗਾ, ਖੇਡ ਪ੍ਰੇਮੀ ਅਤੇ ਪ੍ਰਮੋਟਰ ਬਲਵੀਰ ਬੈਂਸ ਤੋਂ ਇਲਾਵਾ ਸਾਈਂ ਉਮਰੇ ਸ਼ਾਹ ਕਾਦਰੀ ਗੱਦੀਨਸ਼ੀਨ ਰੌਜ਼ਾ ਸ਼ਰੀਫ਼ ਮੰਢਾਲੀ, ਸੰਤ ਜਸਵਿੰਦਰ ਪਾਲ ਪੰਡਵਾਂ, ਬਾਬਾ ਸਾਧੂ ਸ਼ਾਹ ਚਿਸ਼ਤੀ ਕਟਾਰੀਆ, ਸੰਤ ਹਰਵਿੰਦਰ ਦਾਸ ਈਸਪੁਰ, ਪ੍ਰਿੰਸੀਪਲ ਹਰਭਜ ਰਾਮ, ਲੈਕਚਰਾਰ ਰਾਮ ਲੁਭਾਇਆ ਕਲਸੀ, ਬਿਹਾਰੀ ਲਾਲ ਨੰਗਲ ਡੈਮ, ਕੁਲਵੰਤ ਰਾਮ ਸਰਪੰਚ ਚੱਕ ਮਾਈਦਾਸ, ਪ੍ਰਿੰਸੀ ਰੋਸ਼ਨ ਲਾਲ ਸਰਹਾਲਾ ਰਾਣੂਆਂ, ਸ਼ੌਂਕੀ ਰਾਮ ਸਰਹਾਲਾ, ਗਿਆਨ ਚੰਦ ਖੁੱਤਣ ਜਲੰਧਰ, ਹਰਜਿੰਦਰ ਕੁਮਾਰ, ਬਲਵੰਤ ਰਾਏ ਵੜਿੰਗ, ਸਰੋਜ ਕੁਮਾਰ ਵੜਿੰਗ, ਗੁਰਦੀਪ ਸਿੰਘ ਭਰੋਲੀ, ਗੁਰਪ੍ਰੀਤ ਸਿੰਘ, ਸਰਬਜੀਤ ਰਾਮ, ਸ਼ਮੀਰ ਬੰਗੜ, ਭਗਵੰਤ ਕੁਮਾਰ, ਸਰਪੰਚ ਲਖਵੀਰ ਪਾਲ ਆਦਿ ਹਾਜ਼ਰ ਸਨ।

# ਓਮ ਪ੍ਰਕਾਸ਼ ਕਾਲਜ ਵਿਖੇ ਖੇਡਾਂ ਕਰਵਾਈਆਂ



**ਕਰਤਾਪੁਰ (ਹਰਮੇਸ਼ ਦੱਤ)**- ਓਮ ਪ੍ਰਕਾਸ਼ ਮੈਮੋਰੀਅਲ ਇੰਸਟੀਚਿਊਟ ਆਫ ਐਜੂਕਸ਼ਸਨ ਕਾਲਜ ਦਿਆਲਪੁਰ ਜ਼ਿਲ੍ਹਾ ਕਪੂਰਥਲਾ ਵਿਖੇ ਵਿਦਿਆਰਥੀਆਂ ਵਿੱਚ ਖੇਡਾਂ ਕਰਵਾਈਆਂ ਗਈਆਂ, ਜਿਸ ਵਿੱਚ ਮਿਉਜ਼ੀਕਲ ਚੇਅਰ,ਖੋ-ਖੋ, ਬੈਡਮਿੰਟਨ, ਲੈਮਨ ਰੇਸ ਆਦਿ ਖੇਡਾਂ ਦਾ ਅਯੋਜਨ ਕੀਤਾ ਗਿਆ। ਪ੍ਰਿੰਸੀਪਲ ਡਾ. ਵਿਨੋਦ ਕਮਾਰ ਨੇ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਖੇਡਾਂ 'ਚ ਰੁਚੀ ਰੱਖਣ ਲਈ ਪ੍ਰੇਰਿਤ ਕੀਤਾ। ਖੇਡਾਂ ਵਿੱਚੋਂ ਵਿਦਿਆਰਥੀ ਕੁਲਦੀਪ ਸਿੰਘ ਅਤੇ ਵਿਦਿਆਰਥਣ ਅਰਸ਼ਦੀਪ ਕੌਰ ਜੇਤੂ ਰਹੇ। ਜੇਤੂ ਵਿਦਿਆਰਥੀਆਂ ਨੂੰ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ। ਖਿਡਾਰੀਆਂ ਨੂੰ ਫਲ ਵੀ ਵੰਡੇ ਗਏ। ਵਿਦਿਆਰਥੀਆਂ ਵੱਲੋਂ ਰੰਗਾ ਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ। ਇਸ ਮੌਕੇ ਪ੍ਰੋ. ਰਣਜੀਤ ਬੈਂਸ, ਪ੍ਰੋ. ਗਗਨਦੀਪ ਸਿੰਘ,ਪ੍ਰੋ. ਗੁਰਪ੍ਰੀਤ ਸਿੰਘ, ਪ੍ਰੋ. ਗੁਰਜੀਤ ਰਾਣੀ, ਸੁਪਰਡੈਂਟ ਹਰਮੀਤ ਸਿੰਘ, ਲਾਇਬ੍ਰੇਰੀਅਨ ਬਲਵਿੰਦਰ ਸਿੰਘ ਅਤੇ ਵਿਦਿਆਰਥੀ ਹਾਜ਼ਰ ਸਨ।

# ਹਰਸ਼ ਕੁਮਾਰ ਤੇ ਸਲੋਨੀ ਕੁਮਾਰੀ ਨੂੰ ਕਨਕੋਕਸ਼ਨ 2025 ਦਾ ਤਾਜ ਪਹਿਨਾਇਆ




**ਜਲੰਧਰ (ਸ਼ੈਲੀ ਐਲਬਰਟ)**

ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲਪੀਯੂ) ਵਿਖੇ ਆਯੋਜਿਤ ਇੰਟਰਾ-ਯੂਨੀਵਰਸਿਟੀ ਟੈਕ ਫੈਸਟ, ਕਨਕੋਕਸ਼ਨ 2025, ਸ਼ਾਨਦਾਰ ਨਵੀਨਤਾ ਅਤੇ ਤਕਨਾਲੋਜੀ ਦਾ ਗਵਾਹ ਬਣਿਆ। 1,100 ਤੋਂ ਵੱਧ ਰਜਿਸਟ੍ਰੇਸ਼ਨਾਂ ਅਤੇ ਮੋਹਰੀ ਪ੍ਰੋਜੈਕਟਾਂ ਅਤੇ ਦਿਲਚਸਪ ਮੁਕਾਬਲਿਆਂ ਦੇ ਸ਼ਾਨਦਾਰ ਪ੍ਰਦਰਸ਼ਨ ਦੇ ਨਾਲ, ਇਹ ਪ੍ਰੋਗਰਾਮ ਰਚਨਾਤਮਕਤਾ ਅਤੇ ਜਨੂੰਨ ਦੀ ਪਛਾਣ ਵਜੋਂ ਉਭਰਿਆ, 4 ਦਿਨਾਂ ਦੇ ਇਸ ਪ੍ਰੋਗਰਾਮ ਦੌਰਾਨ, ਐਲਪੀਯੂ ਦੇ ਪ੍ਰਤਿਭਾਸ਼ਾਲੀ ਵਿਦਿਆਰਥੀਆਂ ਨੇ ਜ਼ੋਰਦਾਰ ਮੁਕਾਬਲਾ ਕੀਤਾ । ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ ਅਤੇ ਯੂਨੀਵਰਸਿਟੀ ਦੇ ਤਕਨੀਕੀ ਸੱਭਿਆਚਾਰ ਤੇ ਸਥਾਈ ਪ੍ਰਭਾਵ ਛੱਡਿਆ । ਇਸ ਵਿੱਚ 13 ਵੱਖ-ਵੱਖ ਸ਼੍ਰੇਣੀਆਂ ਸ਼ਾਮਲ ਸਨ, ਜੋ ਤਕਨਾਲੋਜੀ ਅਤੇ ਰਚਨਾਤਮਕਤਾ ਨੂੰ ਪ੍ਰਦਰਸ਼ਿਤ ਕੀਤਾ। ਪਿਕਸਲ ਪਰਫੈਕਟ, ਸਿਕਸਥ ਸੈਂਸ (ਬਲਾਈਂਡ ਕੋਡਿੰਗ ਮੁਕਾਬਲਾ), ਆਰਸੀ ਰੇਸਿੰਗ, ਯੂਰੇਕਾ, ਪ੍ਰੋਂਪਟਮਾਸਟਰ, ਰੋਬੋ ਸੌਕਰ, ਟੈਕਨੋ ਬੀਟਸ, ਸੋਲਵ-ਐਕਸਐਲ ਅਤੇ ਹੈਕ ਸਪ੍ਰਿੰਟ ਵਰਗੇ ਤਕਨੀਕੀ ਪ੍ਰੋਗਰਾਮਾਂ ਨੇ ਭਾਗੀਦਾਰਾਂ ਨੂੰ ਆਪਣੀ ਪ੍ਰਤਿਭਾ ਦਿਖਾਉਣ ਦਾ ਮੌਕਾ ਦਿੱਤਾ। ਇਸ ਦੌਰਾਨ, ਗੈਰ-ਤਕਨੀਕੀ ਪ੍ਰੋਗਰਾਮਾਂ ਜਿਵੇਂ ਕਿ ਕ੍ਰਾਈਮ ਸੀਨ ਕਲੈਸ਼, ਰੀਲ-ਟੂ-ਰੀਲ ਅਤੇ ਫੈਸ਼ਨ ਰੀਬੂਟ ਨੇ ਰਚਨਾਤਮਕਤਾ ਦਿਖਾਈ, ਚੁਣੌਤੀਆਂ ਦਾ ਇੱਕ ਦਿਲਚਸਪ ਮਿਸ਼ਰਣ ਪੇਸ਼ ਕੀਤਾ । ਜੋ ਵੱਖ-ਵੱਖ ਰੁਚੀਆਂ ਨੂੰ ਪੂਰਾ ਕਰਦੇ ਸਨ । ਚੋਟੀ ਦੇ ਜੇਤੂਆਂ ਵਿੱਚੋਂ, ਹਰਸ਼ ਕੁਮਾਰ ਨੂੰ ਮਿਸਟਰ ਕਨਕੋਕਸ਼ਨ 2025 ਦਾ ਤਾਜ ਪਹਿਨਾਇਆ ਗਿਆ ਜਦੋਂ ਕਿ ਸਲੋਨੀ ਕੁਮਾਰੀ ਨੂੰ ਮਿਸ ਕਨਕੋਕਸ਼ਨ 2025 ਦਾ ਤਾਜ ਪਹਿਨਾਇਆ ਗਿਆ। ਇਸ ਤੋਂ ਇਲਾਵਾ, ਮਿਸਟਰ ਅਤੇ ਮਿਸ ਟ੍ਰੈਂਡਸੇਟਰ ਦੇ ਵੱਕਾਰੀ ਖਿਤਾਬ ਮੁਹੰਮਦ ਸਾਲਿਕ ਰਾਥਰ ਅਤੇ ਦੇਵੀਨਾ ਚਕਮਾ ਨੂੰ ਦਿੱਤੇ ਗਏ, ਜਦੋਂ ਕਿ ਮਿਸਟਰ ਅਤੇ ਮਿਸ ਟੈਕ ਵੋਗ ਖਿਤਾਬ ਬੁੱਧਾ ਰਾਜ ਛੇਤਰੀ ਅਤੇ ਅੰਜਲੀ ਠਾਕੁਰ ਨੂੰ ਦਿੱਤੇ ਗਏ।। ਐਲਪੀਯੂ ਦੇ ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਸੰਧੂ ਨੇ ਪ੍ਰੋਗਰਾਮ ਨੂੰ ਜੀਵੰਤ ਬਣਾਉਣ ਵਿੱਚ ਵਿਦਿਆਰਥੀਆਂ ਦੇ ਸਮਰਪਣ ਅਤੇ ਸਹਿਯੋਗ ਦੀ ਪ੍ਰਸ਼ੰਸਾ ਕੀਤੀ । ਡਾ. ਸੰਧੂ ਨੇ ਕਿਹਾ, ਮੈਂ ਵਿਦਿਆਰਥੀਆਂ ਦੁਆਰਾ ਇਸ ਪ੍ਰੋਗਰਾਮ ਨੂੰ ਸੁਤੰਤਰ ਤੌਰ ਤੇ ਉਤਸ਼ਾਹਿਤ ਕਰਨ ਲਈ ਦਿਖਾਇਆ ਗਿਆ ਉਤਸ਼ਾਹ ਅਤੇ ਦ੍ਰਿੜਤਾ ਨੂੰ ਦੇਖਿਆ ਹੈ। ਇਹ ਐਲਪੀਯੂ ਦੁਆਰਾ ਪੇਸ਼ ਕੀਤੇ ਗਏ ਉਤਸ਼ਾਹ ਦਾ ਸਾਰ ਹੈ; ਸਿਰਜਣ ਦੀ ਆਜ਼ਾਦੀ, ਉੱਡਣ ਲਈ ਇੱਕ ਪਲੇਟਫਾਰਮ, ਅਤੇ ਵਿਚਾਰਾਂ ਨੂੰ ਹਕੀਕਤ ਵਿੱਚ ਬਦਲਣ ਲਈ ਖੰਭ।

# ਅਕਾਲ ਅਕੈਡਮੀ ਵਿਖੇ ਮਨਰਾਜ ਮਿਸਟਰ ਤੇ ਨਵਦੀਪ ਮਿਸ ਫੇਅਰਵੈੱਲ ਬਣੇ



**ਸੁਲਤਾਨਪੁਰ ਲੋਧੀ, (ਹਨੀ)**

ਅਕਾਲ ਅਕੈਡਮੀ ਇੰਟਰਨੈਸ਼ਨਲ ਵਿਖੇ ਪ੍ਰਿੰਸੀਪਲ ਗਗਨਦੀਪ ਕੌਰ ਦੀ ਅਗਵਾਈ ਵਿਚ ਬਾਰਵੀਂ ਜਮਾਤ ਦੇ ਵਿਦਿਆਰਥੀਆਂ ਲਈ ਵਿਦਾਇਗੀ ਪਾਰਟੀ ਦਾ ਆਯੋਜਨ ਕੀਤਾ ਗਿਆ।ਇਸ ਦੌਰਾਨ ਵਿਦਿਆਰਥੀਆਂ ਵੱਲੋਂ ਸ਼ਾਨਦਾਰ ਸੱਭਿਆਚਾਰਕ ਸਮਾਗਮ ਪੇਸ਼ ਕੀਤਾ ਗਿਆ।ਇਸ ਦੌਰਾਨ ਵਿਦਿਆਰਥੀਆਂ ਨੇ ਕਵਿਤਾਵਾਂ ਰਾਹੀਂ ਆਪਣੇ ਅਧਿਆਪਕਾਂ ਤੇ ਸਕੂਲ ਬਾਰੇ ਆਪਣਾ ਅਨੁਭਵ ਦੱਸਿਆ।ਸਮਾਗਮ ਦਾ ਮੁੱਖ ਆਕਰਸ਼ਣ ਸੀਨੀਅਰ ਵਿਦਿਆਰਥੀਆਂ ਦਰਮਿਆਨ ਮਾਡਲਿੰਗ ਮੁਕਾਬਲਾ ਰਿਹਾ । ਮਾਡਲਿੰਗ ਦੇ ਵੱਖ ਵੱਖ ਰਾਉਂਡ 'ਚੋਂ ਗੁਜ਼ਰਦਿਆਂ ਬਾਰ੍ਹਵੀਂ ਆਰਟਸ ਸੀ ਦਾ ਮਨਰਾਜ ਸਿੰਘ ਮਿਸਟਰ ਫੇਅਰਵੈੱਲ ਅਤੇ ਇਸੇ ਜਮਾਤ ਦੀ ਨਵਦੀਪ ਕੌਰ ਮਿਸ ਫੇਅਰਵੈੱਲ ਦੇ ਖ਼ਿਤਾਬ 'ਤੇ ਕਬਜ਼ਾ ਕਰਨ 'ਚ ਸਫਲ ਰਹੇ।ਅਭੀਨੂਰ ਸਿੰਘ ਬੈਸਟ ਟਰਬਨ, ਸੁਖਮਨਪ੍ਰੀਤ ਸਿੰਘ ਵੈੱਲ ਡਰੈੱਸਡ, ਕਰਨ ਮਿਸਟਰ ਕੌਂਫੀਡੈਂਟ ਅਤੇ ਅਮ੍ਰਿਤਪਾਲ ਸਿੰਘ ਨੂੰ ਮਿਸਟਰ ਹੈਂਡਸਮ ਚੁਣਿਆ ਗਿਆ।ਇਸੇ ਤਰ੍ਹਾਂ ਲੜਕੀਆਂ 'ਚੋਂ ਕਮਲ ਮਿਸ ਚਾਰਮਿੰਗ, ਗੁਰਪ੍ਰੀਤ ਕੌਰ ਮਿਸ ਵੈੱਲ ਡਰੈੱਸਡ, ਮਹਿਕਪ੍ਰੀਤ ਕੌਰ ਬੈਸਟ ਸਮਾਈਲ ਅਤੇ ਹਰਸਿਮਰਨ ਕੌਰ ਨੂੰ ਮਿਸ ਕੌਂਫੀਡੈਂਟ ਚੁਣਿਆ ਗਿਆ।ਪ੍ਰਿੰਸੀਪਲ ਗਗਨਦੀਪ ਕੌਰ ਵਿਦਿਆਰਥੀਆਂ ਦੇ ਸੁਨਿਹਰੇ ਭਵਿੱਖ ਦੀ ਕਾਮਨਾ ਕਰਦਿਆਂ ਸਲਾਨਾ ਪ੍ਰੀਖਿਆਵਾਂ ਵਿਚ ਵੱਡੀਆਂ ਮੱਲਾਂ ਮਾਰ ਕੇ ਮਾਪਿਆਂ ਤੇ ਅਦਾਰੇ ਦਾ ਨਾਮ ਰੌਸ਼ਨ ਕਰਨ ਲਈ ਪ੍ਰੇਰਿਤ ਕੀਤਾ । ਸਮਾਗਮ ਦੇ ਅੰਤ ਵਿੱਚ ਜੇਤੂਆਂ ਨੂੰ ਸਨਮਾਨਤ ਕੀਤਾ ਗਿਆ।ਅਕਾਲ ਗਰੁੱਪ ਦੇ ਮੈਨੇਜਿੰਗ ਡਾਇਰੈਕਟਰ ਸੁਖਦੇਵ ਸਿੰਘ ਜੱਜ ਅਤੇ ਵਾਈਸ ਪ੍ਰਧਾਨ ਕੁਲਵਿੰਦਰ ਸਿੰਘ ਨੇ ਵਿਦਿਆਰਥੀਆਂ ਦੇ ਰੂਬਰੂ ਹੁੰਦਿਆਂ ਉਨ੍ਹਾਂ ਨੂੰ ਮਿਹਨਤ ਅਤੇ ਲਗਨ ਨਾਲ ਆਪਣਾ ਭਵਿੱਖ ਸਵਾਰਣ ਅਤੇ ਆਪਣੇ ਮਾਪਿਆਂ ਦੀ ਆਗਿਆ ਵਿਚ ਰਹਿਣ ਲਈ ਪ੍ਰੇਰਿਤ ਕੀਤਾ।ਇਸ ਮੌਕੇ ਮੈਨੇਜਿੰਗ ਮੈਂਬਰ ਮੈਡਮ ਮਨਜੀਤ ਕੌਰ ਅਤੇ ਪ੍ਰਗਟ ਸਿੰਘ ਤੋਂ ਇਲਾਵਾ ਕੋ ਅਰਡੀਨੇਟਰ ਵਿਸ਼ਾਲ ਕੁਮਾਰ, ਅਨੂ ਸ਼ਰਮਾ, ਨਵਨੀਤ ਕੌਰ, ਕਰਨਵੀਰ ਚੌਹਾਨ, ਨੇਹਾ, ਲਵਨੀਤ ਕੌਰ, ਪੂਜਾ ਨੰਦਾ, ਸਤਿੰਦਰਜੀਤ ਕੌਰ, ਜਸਬੀਰ ਸਿੰਘ, ਦੀਨ ਦਯਾਲ, ਜਿੰਦਰਪਾਲ ਸਿੰਘ, ਚੇਤਨ, ਮੋਹਿੰਦਰ ਕੁਮਾਰ, ਅਮਿਤ ਕੁਮਾਰ, ਨਵਦੀਪ ਕੌਰ, ਹਿਤਿਕਾ, ਸੀਮਾ ਅਰੋੜਾ, ਕਾਸ਼ਮ ਖਾਨ, ਸੁਸ਼ਮਾ ਧੀਰ, ਰਵਿੰਦਰਪਾਲ ਸਿੰਘ, ਅਮੀਸ਼ਾ,ਆਦਿ ਸਟਾਫ਼ ਮੈਂਬਰ ਹਾਜ਼ਰ ਸਨ।



ਪਿੰਡ ਬਿਜਲੀ ਨੰਗਲ ਵਿੱਚ ਕਰਵਾਏ ਗਏ ਸਮਾਗਮ ਦੌਰਾਨ ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਪੰਜਾਬ ਦੇ ਸੂਬਾ ਆਗੂ ਅਤੇ ਦੋਆਬਾ ਪ੍ਰਧਾਨ ਬਾਈ ਨਛੱਤਰ ਸਿੰਘ, ਜਨਰਲ ਸਕੱਤਰ ਮਨਪ੍ਰੀਤ ਸਿੰਘ ਮੰਨਾ ਨੂੰ ਸਨਮਾਨਿਤ ਕਰਦੇ ਹੋਏ ਹੈਪੀ ਸਪੇਨ ਤੇ ਸਾਬਕਾ ਸਰਪੰਚ ਹਰਜੀਤ ਸਿੰਘ ਪੱਡਾ।
(ਫੋਟੋ ਤੇ ਵੇਰਵਾ : ਮਨਜੀਤ ਮਾਨ)